ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 43 | 29 October 2021 to 04 November 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਚੀਨ ਦੇ ਨਵਾਂ ਸੀਮਾ ਕਾਨੂੰਨ ਤੋਂ ਭਾਰਤ ਘਬਰਾਇਆ

## ਚੀਨ-ਭਾਰਤ ਸਰਹੱਦ ’ਤੇ ਤਣਾਅ ਵਧਣ ਦੀ ਸੰਭਾਵਨਾ ✪ ਚੀਨੀ ਅਧਿਕਾਰੀਆਂ ਅਨੁਸਾਰ ਭਾਰਤ ਨੇ ‘.ਗੈਰ-ਵਾਜਬ ਮੰਗਾਂ ’ਤੇ ਜ਼ੋਰ ਦਿੱਤਾ, ਜਿਸ ਨਾਲ ਗੱਲਬਾਤ ਟੁਟੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਚੀਨ ਦੀ ਇੱਕ ਵੱਡੀ ਵਿਧਾਨਿਕ ਇਕਾਈ, ਦਿ ਨੈਸ਼ਨਲ ਪੀਪਲਜ਼ ਕਾਂਗਰਸ (ਐਨਪੀਸੀ) ਸਟੈਂਡਿੰਗ ਕਮੇਟੀ ਨੇ ਇਸ ਦਾ ਪਹਿਲਾ ਕਾਨੂੰਨ ਪਾਸ ਕੀਤਾ ਹੈ।ਇਸ ਕਾਨੂੰਨ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਦੇਸ਼ ਦੀ 14 ਹੋਰ ਦੇਸ਼ਾਂ ਨਾਲ ਲੱਗਦੀ 22,000 ਕਿਲੋਮੀਟਰ ਵਾਲੀ ਸਰੱਹਦੀ ਜ਼ਮੀਨ ਨੂੰ ਸੁਰੱਖਿਅਤ ਰੱਖਿਆ ਜਾਵੇ। ਦਿ ਲੈਂਡ ਬਾਰਡਰ ਲਾਅ ਨੂੰ ‘ਸੀਮਾ ਸੁਰੱਖਿਆ ਨੂੰ ਕੰਟਰੋਲ ਕਰਨ, ਮਜ਼ਬੂਤ ਕਰਨ, ਸੁਰੱਖਿਅਤ ਰੱਖਣ ਅਤੇ ਸਥਿਰ ਰੱਖਣ’ ਲਈ ਬਣਾਇਆ ਗਿਆ ਹੈ, ਜੋ ਕਿ 1 ਜਨਵਰੀ 2022 ਤੋਂ ਲਾਗੂ ਹੋਵੇਗਾ।

ਇਹ ਕਾਨੂੰਨ ਚੀਨ ਦੀ ਫੌਜ ਨੂੰ ਸੀਮਾ ਸੁਰੱਖਿਆ, ਗੁਆਂਢੀ ਦੇਸ਼ਾਂ ਨਾਲ ਵਿਵਾਦ, ਨਾਕਾਬੰਦੀ ਦੀ ਇਜਾਜ਼ਤ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖ਼ਿਲਾਫ਼ ਪੁਲਿਸ ਕਾਰਵਾਈ ਲਈ ਜ਼ਿੰਮੇਵਾਰੀ ਨੂੰ ਰਸਮੀ ਰੂਪ ਦਿੰਦਾ ਹੈ।ਕਾਨੂੰਨ ਇਹ ਵੀ ਕਹਿੰਦਾ ਹੈ ਕਿ ਉਹ ਰਾਸ਼ਟਰੀ ਅਤੇ ਖੇਤਰੀ ਸਰਕਾਰਾਂ, ਸਰਹੱਦੀ ਨਦੀਆਂ, ਝੀਲਾਂ ਅਤੇ ਪਾਣੀ ਦੇ ਹੋਰ ਸਰੋਤਾਂ ਦੇ ਇਸਤੇਮਾਲ ਲਈ ਵੀ ਪ੍ਰਤੀਬੱਧ ਹਨ। ਚੀਨੀ ਮੀਡੀਆ ਨੇ ਇਹ ਕਹਿੰਦੇ ਹੋਏ ਨਵੇਂ ਕਾਨੂੰਨ ਦਾ ਪੂਰਾ ਸਮਰਥਨ ਕੀਤਾ ਹੈ ਕਿ ਇਹ ਕਾਨੂੰਨ, ਭਾਰਤ ਨਾਲ ਚੱਲ ਰਹੇ ਸੀਮਾ ਵਿਵਾਦ ਨੂੰ ਦੇਖਦਿਆਂ ਰਾਸ਼ਟਰੀ ਸੁਰੱਖਿਆ ਕਾਇਮ ਰੱਖਣ ਵਿੱਚ ਮਦਦ ਕਰੇਗਾ।

ਸਰਕਾਰੀ ਖ਼ਬਰ ਏਜੰਸੀ ਸ਼ਿਨਹੂਆ ਅਨੁਸਾਰ, 23 ਅਕਤੂਬਰ ਨੂੰ ਐਨਪੀਸੀ ਸਟੈਂਡਿੰਗ ਕਮੇਟੀ ਨੇ ਲੈਂਡ ਬਾਰਡਰ ਲਾਅ ਨੂੰ ਲਾਗੂ ਕਰਨ ਲਈ ਇਜਾਜ਼ਤ ਦਿੱਤੀ।ਇਹ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਦੇਸ਼ ‘ਖੇਤਰੀ ਅਖੰਡਤਾ ਅਤੇ ਜ਼ਮੀਨੀ ਸਰਹੱਦ ਦੀ ਸੁਰੱਖਿਆ ਨੂੰ ਸੁਰੱਖਿਅਤ ਕਰਨ ਲਈ ਦ੍ਰਿੜਤਾ ਨਾਲ ਪ੍ਰਭਾਵੀ ਉਪਾਅ ਕਰੇਗਾ ਅਤੇ ਖੇਤਰੀ ਪ੍ਰਭੂਸੱਤਾ ਅਤੇ ਜ਼ਮੀਨੀ ਸਰਹੱਦਾਂ ਨੂੰ ਕਮਜ਼ੋਰ ਕਰਨ ਵਾਲੇ ਕਿਸੇ ਵੀ ਕੰਮ ਨੂੰ ਰੋਕਣ ਅਤੇ ਉਨਾਂ ਦਾ ਮੁਕਾਬਲਾ ਕਰੇਗਾ।’

ਇਹ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣ ਵਾਲੇ ਅਧਿਕਾਰੀਆਂ ਨੂੰ ਆਗਿਆ ਦਿੰਦਾ ਹੈ ਕਿ ਉਹ ਅਜਿਹੇ ਲੋਕਾਂ ਖ਼ਿਲਾਫ਼ ਪੁਲਿਸ ਕਾਰਵਾਈ ਅਤੇ ਹਥਿਆਰਾਂ ਦਾ ਇਸਤੇਮਾਲ ਕਰ ਸਕਦੇ ਹਨ ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਸੀਮਾ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋਣ।ਇਸ ਤੋਂ ਇਲਾਵਾ ਕਿਸੇ ਵੀ ਤਰਾਂ ਦੇ ਸਰੀਰਕ ਹਮਲੇ ਕਰਨ ਦੀ ਕੋਸ਼ਿਸ਼ ਕਰਨ, ਕੈਦੀ ਬਣਾਉਣ ਦੀ ਕੋਸ਼ਿਸ਼ ਕਰਨ ਜਾਂ ਕਿਸੇ ਹੋਰ ਪ੍ਰਕਾਰ ਦੀ ਹਿੰਸਾ ਕਰਨ ਦੀ ਕੋਸ਼ਿਸ਼ ਕਰਨ ਜੋ ਕਿ ਲੋਕਾਂ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਵੇ।

**ਭਾਰਤ-ਚੀਨ ਤਣਾਅ**

ਜੂਨ 2020 ਵਿੱਚ ਗਲਵਾਨ ਘਾਟੀ ਵਿੱਚ



ਦੋਵੇਂ ਦੇਸ਼ਾਂ ਦੇ ਸੈਨਿਕਾਂ ਵਿਚਕਾਰ ਟਕਰਾ ਹੋਇਆ ਸੀ ਜਿਸ ਵਿੱਚ ਦੋਵਾਂ ਹੀ ਦੇਸ਼ਾਂ ਦੇ ਸੈਨਿਕ ਮਾਰੇ ਵੀ ਗਏ ਸਨ।ਇਸ ਦੇ ਨਾਲ ਹੀ, (ਸੂਬਾ) ਸਰਕਾਰ ਸੀਮਾ ਨੂੰ ਬੰਦ ਕਰਨ ਲਈ ਵੀ ਕਦਮ ਚੁੱਕ ਸਕਦੀ ਹੈ ਤਾਂ ਜੋ ਦੇਸ਼ ਦੀ ਪ੍ਰਭੂਸੱਤਾ ’ਤੇ ਕੋਈ ਖ਼ਤਰਾ ਨਾ ਆਵੇ।ਚੀਨੀ ਸਰਕਾਰ ਦੁਆਰਾ ਚਲਾਏ ਜਾਂਦੇ ਗਲੋਬਲ ਟਾਈਮਜ਼ ਨੇ ਕਿਹਾ ਕਿ ਇਸ ਕਾਨੂੰਨ ਦਾ ਮੁੱਖ ਉਦੇਸ਼, 17 ਮਹੀਨਿਆਂ ਤੋਂ ਭਾਰਤ ਨਾਲ ਚੱਲ ਰਹੇ ਸੀਮਾ ਵਿਵਾਦ ਨੂੰ ਦੇਖਦਿਆਂ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।

ਜੂਨ 2020 ਵਿੱਚ ਗਲਵਾਨ ਘਾਟੀ ਵਿੱਚ ਦੋਵੇਂ ਦੇਸ਼ਾਂ ਦੇ ਸੈਨਿਕਾਂ ਵਿਚਕਾਰ ਟਕਰਾ ਹੋਇਆ ਸੀ ਜਿਸ ਵਿੱਚ ਦੋਵਾਂ ਹੀ ਦੇਸ਼ਾਂ ਦੇ ਸੈਨਿਕ ਮਾਰੇ ਵੀ ਗਏ ਸਨ।ਉਸ ਤੋਂ ਬਾਅਦ ਹੀ ਦੋਵਾਂ ਪਾਸਿਓਂ ਸੀਮਾ ’ਤੇ ਸੈਨਿਕਾਂ ਦੀ ਸੰਖਿਆ ਵਧਾ ਦਿੱਤੀ ਗਈ ਸੀ।

ਚੀਨ ਦੀ ਸਰਹੱਦ 14 ਦੇਸ਼ਾਂ ਨਾਲ ਲੱਗਦੀ ਹੈ ਜਿਨਾਂ ਵਿੱਚ, ਅਫ਼ਗਾਨਿਸਤਾਨ, ਭੂਟਾਨ, ਭਾਰਤ, ਕਜ਼ਾਕਿਸਤਾਨ, ਕਿਰਗਿਜ਼ਤਾਨ, ਲਾਓਸ, ਮੰਗੋਲੀਆ, ਮਿਆਂਮਾਰ, ਨੇਪਾਲ, ਉੱਤਰੀ ਕੋਰੀਆ, ਪਾਕਿਸਤਾਨ, ਰੂਸ, ਤਜਾਕਿਸਤਾਨ ਅਤੇ ਵਿਯਤਨਾਮ ਸ਼ਾਮਲ ਹਨ। ਭਾਰਤ ਅਤੇ ਭੂਟਾਨ ਨਾਲ ਲੱਗਦੀ ਸਰਹੱਦ ਨੂੰ ਲੈ ਕੇ ਵਿਵਾਦ ਹੈ। 14 ਅਕਤੂਬਰ ਨੂੰ, ਚੀਨ ਨੇ ਭੂਟਾਨ ਨਾਲ ਇੱਕ ਤਿੰਨ-ਪੜਾਵੀ ਰੋਡਮੈਪ ਦੇ ਮੈਮੋਰੈਂਡਮ (ਸਮਝੌਤਾ ਪੱਤਰ) ‘ਤੇ ਹਸਤਾਖ਼ਰ ਕੀਤੇ ਹਨ ਤਾਂ ਜੋ ਸੀਮਾ ਵਿਵਾਦ ਬਾਰੇ ਗੱਲਬਾਤ ਕੀਤੀ ਜਾ ਸਕੇ। ਪਰ ਭਾਰਤ ਨਾਲ ਵਿਵਾਦ ਹਾਲੇ ਵੀ ਜਿਓਂ ਦਾ ਤਿਓਂ ਬਣਿਆ ਹੋਇਆ ਹੈ।ਪਿਛਲੀ ਵਾਰ ਦੋਵਾਂ ਦੇਸ਼ਾਂ ਦੇ ਫੌਜੀ ਕਮਾਂਡਰਾਂ ਨੇ ਮੁੱਦੇ ਨੂੰ ਸੁਲਝਾਉਣ ਲਈ ਆਖ਼ਰੀ ਗੱਲਬਾਤ 10 ਅਕਤੂਬਰ ਨੂੰ ਕੀਤੀ ਸੀ।

ਪਰ ਇਹ ਬੈਠਕ ਬੇਨਤੀਜਾ ਰਹੀ ਅਤੇ ਦੋਵੇਂ ਦੇਸ਼ਾਂ ਦੇ ਅਧਿਕਾਰੀ ਇੱਕ-ਦੂਜੇ ’ਤੇ ਇਲਜ਼ਾਮ ਲਗਾਉਂਦੇ ਰਹੇ। ਚੀਨੀ ਅਧਿਕਾਰੀਆਂ ਨੇ ਕਿਹਾ ਕਿ ਭਾਰਤ ਨੇ ‘.ਗੈਰ-ਵਾਜਬ ਅਤੇ ਬੇਮਤਲਬੀ ਮੰਗਾਂ ’ਤੇ ਜ਼ੋਰ ਦਿੱਤਾ, ਜਿਸ ਨਾਲ ਗੱਲਬਾਤ ਲਈ ਮੁਸ਼ਕਲਾਂ ਵਧੀਆਂ।’

ਭਾਰਤ ਨੇ ਵੀ ਇਹ ਕਹਿ ਕੇ ਜਵਾਬ ਦਿੱਤਾ ਕਿ ’ਚੀਨੀ ਪੱਖ ਸਹਿਮਤ ਨਹੀਂ ਸੀ ਅਤੇ ਕੋਈ ਅਗਾਂਹਵਧੂ ਪ੍ਰਸਤਾਵ ਨਹੀਂ ਦੇ ਸਕਦਾ ਸੀ।’

**ਕੀ ਹਨ ਪ੍ਰਤੀਕਿਰਿਆਵਾਂ ?**

ਚੀਨ ਦੇ ਨੈਸ਼ਨਲ ਡਿਫੈਂਸ ਅਖਬਾਰ ਦੁਆਰਾ ਚਲਾਏ ਜਾ ਰਹੇ ਬਾਇਡੂ ਸੋਸ਼ਲ ਮੀਡੀਆ ਅਕਾਉਂਟ, ਪੈਂਟੋ ਜੁਨਸ਼ੀ ਨੇ ਇੱਕ ਲੇਖ ਵਿੱਚ ਕਿਹਾ ਕਿ ਭਾਰਤ ਨੇ ਸੰਯੁਕਤ ਰਾਜ ਨਾਲ ਸਹਿਮਤ ਹੋ ਕੇ ‘ਅਵਸਰਵਾਦੀ ਅਤੇ ਜ਼ਬਰਦਸਤ ਨੀਤੀਆਂ’ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੇ ਲਗਾਤਾਰ ਚੀਨੀ ਸਰਹੱਦ ’ਤੇ ਸ਼ਾਂਤੀ ਨੂੰ ਭੰਗ ਕੀਤਾ।

**ਬਾਕੀ ਸਫ਼ਾ 28 ’ਤੇ**

# ਟਾਈਟਲਰ ਦੀ ਨਿਯੁਕਤੀ ’ਤੇ ਭਖਿਆ ਵਿਵਾਦ

## ✪ ਪੰਜਾਬ ਕਾਂਗਰਸ ਦੀਆਂ ਵਧੀਆਂ ਮੁਸ਼ਕਿਲਾਂ ✪ ਕਾਂਗਰਸ ਨੂੰ ਵਿਰੋਧੀ ਪਾਰਟੀਆਂ ਨੇ ਘੇਰਿਆ ✪ ਅਮਿਤ ਸ਼ਾਹ ਨਾਲ ਮੁਲਾਕਾਤ ਨਾ ਹੋਣ ਕਾਰਣ ਅਤੇ ਕੈਪਟਨ ਨਾਲ ਕੋਈ ਵਿਧਾਇਕ ਜਾਂ ਮੰਤਰੀ ਖੜ੍ਹਾ ਨਾ ਹੋਣ ਤੋਂ ਭਾਜਪਾ ਵੀ ਨਿਰਾਸ਼

**ਨਵੀਂ ਦਿੱਲੀ /ਏ.ਟੀ.ਨਿਊਜ਼:** ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਵਲੋਂ ਬੀਤੇ ਵੀਰਵਾਰ ਨੂੰ ਜਾਰੀ ਕੀਤੀ ਅਹੁਦੇਦਾਰਾਂ ਦੀ ਸੂਚੀ ਵਿਚ ਜਗਦੀਸ਼ ਟਾਈਟਲਰ ਦੇ ਨਾਂਅ ਨੇ ਪੰਜਾਬ ਕਾਂਗਰਸ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਕਰ ਦਿੱਤਾ ਹੈ ।ਦਿੱਲੀ ਕਤਲੇਆਮ ਵਿਚ ਸੱਜਣ ਕੁਮਾਰ ਤੋਂ ਬਾਅਦ ਦੂਜਾ ਵੱਡਾ ਨਾਂਅ ਜਗਦੀਸ਼ ਟਾਈਟਲਰ ਦਾ ਹੀ ਆਉਂਦਾ ਹੈ । ਹਾਲਾਂਕਿ ਸੀਬੀਆਈ ਵਲੋਂ ਟਾਈਟਲਰ ਮਾਮਲੇ ’ਚ 2007, 2009 ਅਤੇ 2014 ਵਿਚ ਕਲੋਜ਼ਰ ਰਿਪੋਰਟ ਵੀ ਦਾਇਰ ਕੀਤੀ ਗਈ ਪਰ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਰਿਪੋਰਟ ਖਾਰਜ ਕਰਦਿਆਂ ਪੜਤਾਲੀਆਂ ਏਜੰਸੀ ਨੂੰ ਜਾਂਚ ਜਾਰੀ ਰੱਖਣ ਨੂੰ ਕਿਹਾ ।ਟਾਈਟਲਰ ਜੋ ਕਿ 1984 ਦੇ ਸਿੱਖ ਕਤਲੇਆਮ ਦਾ ਦੋਸ਼ੀ ਹੈ, ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਵਿਚ ਵਿਸ਼ੇਸ਼ ’ਇਨਵਾਇਟੀ’ ਵਜੋਂ ਆਉਣ ’ਤੇ ਵਿਰੋਧੀ ਧਿਰਾਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਕਾਂਗਰਸ ਉਤੇ ਹਮਲਾਵਰ ਹੋ ਗਈਆਂ ਹਨ ।ਜਿਥੇ ਵਿਰੋਧੀ ਧਿਰ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਸਿੱਖ ਵਿਰੋਧੀ ਕਦਮ ਕਰਾਰ ਦਿੱਤਾ ਹੈ, ਉਥੇ ਕਾਂਗਰਸ ਨੇ ਇਸ ’ਤੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਟਾਈਟਲਰ ਨੂੰ ਕੋਈ ਨਵਾਂ ਅਹੁਦਾ ਨਹੀਂ ਦਿੱਤਾ ਗਿਆ, ਸਗੋਂ ਸਾਬਕਾ ਸੰਸਦ ਮੈਂਬਰ ਪਾਰਟੀ ’ਚ ਸਥਾਈ ਮੈਂਬਰ ਰਹਿੰਦੇ ਹਨ ।ਇਸ ਨੂੰ ਵੇਖਦਿਆਂ ਇਸ ਮਾਮਲੇ ’ਤੇ ਵਿਚਾਰ ਚਰਚਾ ਨਜਿਠਣ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਲਗਾਤਾਰ ਦੂਜੇ ਦਿਨ ਦਿੱਲੀ ਤਲਬ



ਕੀਤਾ ਗਿਆ ।ਜਾਣਕਾਰੀ ਮੁਤਾਬਿਕ ਚੰਨੀ ਨੇ ਦਿੱਲੀ ਵਿਖੇ ਅੰਬਿਕਾ ਸੋਨੀ, ਅਜੈ ਮਾਕਨ, ਪਵਨ ਬਸੰਤ ਅਤੇ ਕੇਐਲ. ਸ਼ਰਮਾ ਨਾਲ ਮੁਲਾਕਾਤ ਕੀਤੀ ।ਜਦਕਿ ਇਨ੍ਹਾਂ ਮੁਲਾਕਾਤਾਂ ਦੌਰਾਨ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਵੀ ਮੌਜੂਦ ਰਹੇ ।ਅੰਬਿਕਾ ਸੋਨੀ ਤੇ ਅਜੈ ਮਾਕਨ ਦੋਵੇਂ ਹੀ ਆਗੂ ਗਾਂਧੀ ਪਰਿਵਾਰ ਦੇ ਕਾਫੀ ਨਜ਼ਦੀਕ ਸਮਝੇ ਜਾਂਦੇ ਹਨ ।ਇੱਥੋਂ ਤੱਕ ਕਿ ਮੁੱਖ ਮੰਤਰੀ ਦੀ ਚੋਣ ਸਮੇਂ ਵੀ ਚੰਨੀ ਦਾ ਨਾਂਅ ਇਨ੍ਹਾਂ ਵਲੋਂ ਹੀ ਸੁਝਾਇਆ ਗਿਆ ਸੀ ।ਜਦਕਿ ਅਜੈ ਮਾਕਨ ਆਪ ਵੀ ਦਿੱਲੀ ਪ੍ਰਦੇਸ਼ ਦੇ ਵਿਸ਼ੇਸ਼ ’ਇਨਵਾਇਟੀ’ ਚੁਣੇ ਗਏ ਹਨ । ਪੰਜਾਬ ਵਿਚ ਚੋਣਾਂ ਲਈ ਸਮਾਂ ਭਾਵੇਂ ਘਟ ਰਿਹਾ ਹੈ ਪਰ ਪਾਰਟੀ ਤੇ ਸਰਕਾਰ ਦਰਮਿਆਨ ਤਾਲਮੇਲ ਦੀ ਘਾਟ ਕਾਰਨ ਸੂਬੇ ਵਿਚ ਪਾਰਟੀ ਦਾ ਜਥੇਬੰਦਕ ਢਾਂਚਾ ਵੀ ਗਠਿਤ ਨਹੀਂ ਹੋ ਸਕਿਆ ਅਤੇ ਨਾ ਹੀ ਪ੍ਰਦੇਸ਼ ਕਾਂਗਰਸ ਪ੍ਰਧਾਨ ਵਲੋਂ ਆਪਣਾ ਅਸਤੀਫ਼ਾ ਅਜੇ ਤੱਕ ਵਾਪਸ ਲਿਆ ਗਿਆ ਹੈ, ਜੋ ਕਿ ਪਾਰਟੀ ਲਈ ਹਾਸੋਹੀਣੀ ਸਥਿਤੀ ਬਣੀ ਹੋਈ ਹੈ ।

**ਪੰਜਾਬ ਕਾਂਗਰਸ ਵਿਚ ਖਿਚੋਤਾਣ**

ਪੰਜਾਬ ਕਾਂਗਰਸ ਦੇ ਜਿਹੜੇ ਨੇਤਾ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਉਣ ਲਈ ਇਕੱਠੇ ਸਨ, ਉਹ ਹੁਣ ਕਈ ਖੇਮਿਆਂ ਵਿਚ ਵੰਡੇ ਨਜ਼ਰ ਆਉਂਦੇ ਹਨ ਤੇ ਜਿਹੜੇ ਨੇਤਾ ਕੈਪਟਨ ਦੇ ਹਟਣ ਦੇ ਆਖ਼ਰੀ ਪਲ ਤੱਕ ਕੈਪਟਨ ਨਾਲ ਖੜ੍ਹੇ ਦਿਖਾਈ ਦੇ ਰਹੇ ਸਨ, ਉਨ੍ਹਾਂ ਵਿਚੋਂ ਬਹੁਤੇ ਹੁਣ ਨਵਜੋਤ ਸਿੱਧੂ ਦੀ ਛਤਰ-ਛਾਇਆ ਹੇਠ ਆ ਚੁੱਕੇ ਹਨ।

ਹਾਲ ਦੀ ਘੜੀ ਕੈਪਟਨ ਵਰਗਾ ਮਜ਼ਬੂਤ ਮੰਨਿਆ ਜਾਂਦਾ ਬੰਦਾ ਵੀ ਕਮਜ਼ੋਰ ਦਿਖ ਰਿਹਾ ਹੈ ।ਇਕ ਪਾਸੇ ਉਹ ਵੱਖਰੀ ਪਾਰਟੀ ਬਣਾਉਣ ਦਾ ਐਲਾਨ ਕਰ ਚੁੱਕਾ ਹੈ, ਦੂਜੇ ਪਾਸੇ ਕਾਂਗਰਸ ਤੋਂ ਅਸਤੀਫ਼ਾ ਦੇਣ ਦੀ ਬਜਾਏ ਇਹ ਚਾਹੁੰਦਾ ਹੈ ਕਿ ਕਾਂਗਰਸ ਹੀ

**ਬਾਕੀ ਸਫ਼ਾ 28 ’ਤੇ**

# ਕੈਨੇਡਾ ’ਚ ਦਸਤਾਰ ਨਾਲ ਜਾਨ ਬਚਾਉਣ ਵਾਲੇ 5 ਪੰਜਾਬੀ ਕਮਿਊਨਿਟੀ ਲੀਡਰਜ਼ ਦੇ ਐਵਾਰਡ ਨਾਲ ਸਨਮਾਨਿਤ



ਐਬਟਸਫੋਰਡ/ਏ.ਟੀ.ਨਿਊਜ਼ : ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਸਰੀ ਨਿਵਾਸੀ 5 ਪੰਜਾਬੀ ਨੌਜਵਾਨਾਂ ਗਗਨਦੀਪ ਸਿੰਘ, ਗੁਰਪ੍ਰੀਤ ਸਿੰਘ, ਅਰਵਿੰਦਰਜੀਤ ਸਿੰਘ, ਕੁਲਜਿੰਦਰ ਸਿੰਘ ਤੇ ਅਜੇ ਕੁਮਾਰ ਦਾ ਕਮਿਊਨਿਟੀ ਲੀਡਰਜ਼ ਐਵਾਰਡ ਨਾਲ ਸਨਮਾਨ ਕੀਤਾ ਹੈ । ਇਹ ਸਨਮਾਨ ਉਨਾਂ ਨੂੰ 20 ਸਾਲ ਦੇ 2 ਨੌਜਵਾਨਾਂ ਦੀ ਜਾਨ ਬਚਾਉਣ ਬਦਲੇ ਦਿੱਤਾ ਹੈ । ਇਨਾਂ ਪੰਜਾਂ ਨੌਜਵਾਨਾਂ ਨੂੰ ਕੈਨੇਡਾ ਪੁਲਿਸ ਦੇ ਵਿਸ਼ੇਸ਼ ਸਰਟੀਫ਼ਿਕੇਟ ਤੇ ਯੂਨੀਕ ਟੋਕਨ ਨਾਲ ਸਨਮਾਨਿਤ ਕੀਤਾ ਗਿਆ ਹੈ। ਘਟਨਾ ਬੀਤੀ 11 ਅਕਤੂਬਰ ਦੀ ਹੈ, ਜਦੋਂ ਮੈਪਲ ਰਿੱਜ ਦੇ ਗੋਲਡਨ ਈਅਰਜ਼ ਪ੍ਰੋਵਿੰਸ਼ਲ ਪਾਰਕ ਨੇੜੇ 2 ਨੌਜਵਾਨ ਡੂੰਘੀ ਥਾਂ ’ਤੇ ਫਸ ਗਏ ਜਿੱਥੇ ਪਾਣੀ ਦਾ ਵਹਾਅ ਬਹੁਤ ਤੇਜ਼ ਸੀ ਤੇ ਉਨਾਂ ਦੇ ਪਾਣੀ ਵਿਚ ਰੁੜ ਜਾਣ ਦਾ ਪੂਰਾ ਖ਼ਤਰਾ ਸੀ। ਇਸ ਦੌਰਾਨ ਗਗਨਦੀਪ ਸਿੰਘ, ਗੁਰਪ੍ਰੀਤ ਸਿੰਘ, ਅਰਵਿੰਦਰਜੀਤ ਸਿੰਘ, ਕੁਲਜਿੰਦਰ ਸਿੰਘ ਤੇ ਅਜੇ ਕੁਮਾਰ ਉੱਥੇ ਪਾਰਕ ਵਿਚ ਘੁੰਮ ਰਹੇ ਸਨ ਤਾਂ 2 ਕੁੜੀਆਂ ਨੇ ਉਨਾਂ ਨੂੰ ਇਸ ਘਟਨਾ ਬਾਰੇ ਦੱਸਿਆ । ਡੂੰਘਾ ਪਹਾੜੀ ਇਲਾਕਾ ਹੋਣ ਕਾਰਨ ਉੱਥੇ ਫ਼ੋਨ ਵੀ ਚੱਲ ਨਹੀਂ ਸੀ ਰਿਹਾ, ਤਾਂ 5 ਨੌਜਵਾਨਾਂ ਨੇ ਆਪਣੀਆਂ ਦਸਤਾਰਾਂ ਤੇ ਜੈਕਟਾਂ ਜੋੜ ਕੇ ਤਕਰੀਬਨ 33 ਫੁੱਟ ਲੰਮਾ ਰੱਸਾ ਬਣਾ ਲਿਆ ਤੇ ਕਾਫ਼ੀ ਜੱਦੋ-ਜਹਿਦ ਮਗਰੋਂ ਦੋਵਾਂ ਨੌਜਵਾਨਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਪੰਜਾਬੀ ਨੌਜਵਾਨਾਂ ਵਲੋਂ ਦਿਖਾਈ ਇਸ ਬਹਾਦਰੀ ਦੀ ਕੈਨੇਡਾ ਭਰ ਵਿਚ ਖ਼ੂਬ ਪ੍ਰਸੰਸਾ ਹੋ ਰਹੀ ਹੈ ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਵੈਕਸੀਨ ਲਾਜ਼ਮੀ ਕਰਨ ਦੇ ਵਿਰੋਧ ਵਿਚ ਨਿਊਯਾਰਕ 'ਚ ਵਿਸ਼ਾਲ ਰੈਲੀ ਕੱਢੀ

## ਕੋਵਿਡ ਟੀਕਾਕਰਨ ਦੀ ਬਜਾਏ ਵੱਡੀ ਤਾਦਾਦ ਵਿਚ ਕਾਮੇ ਨੌਕਰੀਆਂ ਛੱਡਣ ਲਈ ਤਿਆਰ : ਸਰਵੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕੋਵਿਡ-19 ਵੈਕਸੀਨ ਲਾਜ਼ਮੀ ਕਰਨ ਦੇ ਵਿਰੋਧ ਵਿਚ ਨਿਊਯਾਰਕ ਵਿਚ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਇਕ ਵਿਸ਼ਾਲ ਰੈਲੀ ਕੱਢੀ ਗਈ। ਮੁਲਾਜ਼ਮ ਮੇਅਰ ਦੀ ਸਰਕਾਰੀ ਰਿਹਾਇਸ਼ ਗਰੇਸੀ ਮੈਨਸ਼ਨ ਵਿਖੇ ਇਕੱਠੇ ਹੋਏ ਤੇ ਕੋਵਿਡ ਵੈਕਸੀਨ ਲਾਜ਼ਮੀ ਲਵਾਉਣ ਦਾ ਵਿਰੋਧ ਕੀਤਾ। ਪ੍ਰਦਰਸ਼ਕਾਰੀਆਂ ਨੇ ਵੈਕਸੀਨ ਟੀਕਾਕਰਣ ਵਿਰੁੱਧ ਨਾਅਰੇਬਾਜੀ ਕੀਤੀ। ਉਨਾਂ ਨੇ 'ਮਾਈ ਬੌਡੀ ਮਾਈ ਚੌਇਸ', ਨੈਚਰਲ ਇਮਊਨਿਟੀ' ਤੇ 'ਇਸ਼ੈਂਸ਼ੀਅਲ ਵਰਕਰਜ਼ ਆਰ ਨਾਟ ਡਿਸਪੋਜ਼ੇਬਲ ਹੀਰੋਜ਼' ਵਰਗੇ ਨਾਅਰੇ ਲਾ ਕੇ ਕੋਵਿਡ-19 ਟੀਕਾਕਰਨ ਦਾ ਵਿਰੋਧ ਕੀਤਾ। ਇਥੇ ਵਰਣਨਯੋਗ ਹੈ ਕਿ ਨਿਊਯਾਰਕ ਦੇ ਅੱਗ ਬੁਝਾਊ ਵਿਭਾਗ, ਪੁਲਿਸ ਵਿਭਾਗ ਤੇ ਸ਼ਹਿਰ ਵਿਚ ਕੰਮ ਕਰਦੇ ਹੋਰ ਮੁਲਾਜ਼ਮਾਂ ਨੂੰ ਸ਼ੁੱਕਰਵਾਰ ਸ਼ਾਮ 5 ਵਜੇ ਤੱਕ ਘੱਟੋ ਘੱਟ ਇਕ ਟੀਕਾ ਲੱਗੇ ਹੋਣ ਦਾ ਸਬੂਤ ਵਿਖਾਉਣ ਲਈ ਕਿਹਾ ਗਿਆ ਹੈ। ਇਸੇ ਦੌਰਾਨ ਮੁਲਾਜ਼ਮਾਂ ਨੇ ਕਿਹਾ ਹੈ ਕਿ ਉਹ ਕੋਵਿਡ-19 ਟੀਕੇ ਨਹੀਂ ਲਵਾਉਣਗੇ ਤੇ ਨੌਕਰੀਆਂ ਛੱਡ ਜਾਣਗੇ।



72% ਕਾਮੇ ਨੌਕਰੀਆਂ ਛੱਡਣ ਲਈ ਤਿਆਰ : ਕਾਰੋਬਾਰੀ ਅਦਾਰਿਆਂ ਵਿਚ ਕੰਮ ਕਰਦੇ ਵੱਡੀ ਤਾਦਾਦ ਵਿਚ ਕੋਵਿਡ ਟੀਕਾਕਰਨ ਨਾ ਕਰਵਾਉਣ ਵਾਲੇ ਕਾਮਿਆਂ ਦਾ ਕਹਿਣਾ ਹੈ ਕਿ ਜੇਕਰ ਉਨਾਂ ਦੇ ਮਾਲਕਾਂ ਨੇ ਕੋਵਿਡ-19 ਮਹਾਂਮਾਰੀ ਬਾਰੇ ਸੰਘੀ ਨਿਯਮਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਨੌਕਰੀਆਂ ਛੱਡ ਦੇਣਗੇ। ਕੈਸਰ ਫੈਮਿਲੀ ਫਾਊਂਡੇਸ਼ਨ ਜੋ ਸਿਹਤ ਮੁੱਦਿਆਂ ਨਾਲ ਜੁੜੀ ਇਕ ਵੱਡੀ ਸੰਸਥਾ ਹੈ, ਵੱਲੋਂ ਕਰਵਾਏ ਇਕ ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ ਕੋਵਿਡ-19 ਟੀਕਾਕਰਨ ਨਾ ਕਰਵਾਉਣ ਵਾਲੇ 72% ਕਾਮਿਆਂ ਨੇ ਕਿਹਾ ਹੈ ਕਿ ਜੇਕਰ ਉਨਾਂ ਦੇ ਮਾਲਕਾਂ ਨੇ ਕੋਵਿਡ ਵੈਕਸੀਨ ਜਰੂਰੀ ਲਵਾਉਣ ਲਈ ਕਿਹਾ ਤੇ ਟੈਸਟ ਕਰਵਾਉਣ ਦੀ ਪੇਸ਼ਕਸ਼ ਨਾ ਕੀਤੀ ਤਾਂ ਉਹ ਨੌਕਰੀਆਂ ਛੱਡ ਦੇਣਗੇ। 37% ਕਾਮਿਆਂ ਨੇ ਕਿਹਾ ਹੈ ਕਿ ਜੇਕਰ ਉਨਾਂ ਨੂੰ ਕੋਵਿਡ ਵੈਕਸੀਨ ਲਵਾਉਣ ਲਈ ਮਜਬੂਰ ਕੀਤਾ ਜਾਂ ਵੈਕਸੀਨ ਨਾ ਲਵਾਉਣ 'ਤੇ ਹਫਤਾਵਾਰੀ ਟੈਸਟ ਲਾਜਮੀ ਕਰ ਦਿੱਤਾ ਤਾਂ ਉਹ ਨੌਕਰੀਆਂ ਨੂੰ ਅਲਵਿਦਾ ਕਹਿ ਦੇਣਗੇ। ਜਿਕਰਯੋਗ ਹੈ ਕਿ ਬਾਈਡਨ ਪ੍ਰਸ਼ਾਸਨ ਨੇ ਕੋਵਿਡ-19 ਸਬੰਧੀ ਨਵੇਂ ਨਿਯਮ ਤਿਆਰ ਕੀਤੇ ਹਨ ਜਿਨਾਂ ਤਹਿਤ ਜੇਕਰ ਕਿਸੇ ਕਾਰੋਬਾਰੀ ਅਦਾਰੇ ਵਿਚ 100 ਜਾਂ ਇਸ ਤੋਂ ਵਧ ਮੁਲਾਜ਼ਮ ਕੰਮ ਕਰਦੇ ਹਨ ਤਾਂ ਉਸ ਨੂੰ ਆਪਣੇ ਸਾਰੇ ਮੁਲਾਜ਼ਮਾਂ ਦਾ ਟੀਕਾਕਰਨ ਕਰਵਾਉਣਾ ਲਾਜਮੀ ਹੋਵੇਗਾ ਤੇ ਜਿਹੜੇ ਮੁਲਾਜ਼ਮ ਟੀਕਾਕਰਨ ਨਹੀਂ ਕਰਵਾਉਣਗੇ ਉਨਾਂ ਨੂੰ ਹਫਤੇ ਵਿਚ ਦੋ ਵਾਰ ਕੋਰੋਨਾ ਟੈਸਟ ਕਰਵਾਉਣੇ ਪੈਣਗੇ। ਸਰਵੇ ਵਿਚ ਇਹ ਵੀ ਪਾਇਆ ਗਿਆ ਹੈ ਕਿ ਬਹੁਤ ਸਾਰੇ ਕਾਰੋਬਾਰੀ ਅਦਾਰਿਆਂ ਦੇ ਸਮੁੱਚੇ ਮੁਲਾਜ਼ਮ ਟੀਕਾਕਰਨ ਕਰਵਾਉਣ ਲਈ ਸਹਿਮਤ ਹੋਏ ਹਨ ਜਾਂ ਉਨਾਂ ਨੇ ਟੀਕਾਕਰਨ ਕਰਵਾ ਲਿਆ ਹੈ। ਯੁਨਈਇਟਡ ਏਅਰਲਾਈਨਜ਼ ਤੇ ਟਾਈਸਨ ਫੂਡਜ਼ ਜਿਨਾਂ ਨੇ ਟੀਕਾਕਰਨ ਲਾਜ਼ਮੀ ਕੀਤਾ ਹੈ, ਦੇ ਸਾਰੇ ਮੁਲਾਜ਼ਮ ਟੀਕਾਕਰਨ ਨਿਯਮਾਂ ਨੂੰ ਅਪਣਾਉਣ ਲਈ ਸਹਿਮਤ ਹੋਏ ਹਨ। ਕਾਰੋਬਾਰੀ ਅਦਾਰਿਆਂ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਟੀਕਾਕਰਨ ਦੇ ਵਿਰੋਧ ਵਿਚ ਮੁਲਾਜ਼ਮਾਂ ਵੱਲੋਂ ਨੌਕਰੀਆਂ ਛੱਡ ਦੇਣ ਕਾਰਨ ਵੱਡੀ ਪੱਧਰ ਉਪਰ ਮੁਲਾਜ਼ਮਾਂ ਦੀ ਘਾਟ ਪੈਦਾ ਹੋ ਜਾਵੇਗੀ ਜਿਸ ਕਾਰਨ ਸਪਲਾਈ ਪ੍ਰਭਾਵਿਤ ਹੋਵੇਗੀ ਜਿਸ ਦਾ ਸਿੱਧਾ ਅਸਰ ਕਾਰੋਬਾਰੀ ਅਦਾਰਿਆਂ ਉਪਰ ਹੀ ਪਵੇਗਾ।

# 2019 ਦੀ ਤੁਲਨਾ ਵਿੱਚ 2020 ਦੌਰਾਨ ਨ.ਫਰਤੀ ਅਪਰਾਧਾਂ ਵਿਚ ਹੋਇਆ ਭਾਰੀ ਵਾਧਾ-ਐਫ ਬੀ ਆਈ

## ਯਹੂਦੀਆਂ ਵਿਰੁੱਧ ਹਮਲਿਆਂ ਦੀ ਗਿਣਤੀ ਘਟੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-**ਪਿਛਲੇ ਸਾਲ 10 ਹਜ਼ਾਰ ਤੋਂ ਵੱਧ ਲੋਕ ਨਫਰਤੀ ਅਪਰਾਧ ਦਾ ਸ਼ਿਕਾਰ ਹੋਏ ਹਨ। ਇਹ ਖੁਲਾਸਾ ਐਫ ਬੀ ਆਈ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਕੀਤਾ ਹੈ। ਸਿਰ ਫਿਰੇ ਲੋਕਾਂ ਨੇ ਇਹ ਅਪਰਾਧ ਜਾਤ, ਨਸਲ, ਧਰਮ, ਲਿੰਗ ਜਾਂ ਅੰਗਹੀਣਤਾ ਨੂੰ ਆਧਾਰ ਬਣਾ ਕੇ ਕੀਤੇ ਹਨ ਜਿਸ ਕਾਰਨ ਨਿਰਦੋਸ਼ ਲੋਕਾਂ ਨੂੰ ਪੀੜਤ ਹੋਣਾ ਪਿਆ ਹੈ। ਰਿਪੋਰਟ ਅਨੁਸਾਰ ਪਿਛਲੇ ਸਾਲ 2020 ਦੌਰਾਨ 7700 ਤੋਂ ਵਧ ਨਫਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜੋ 2019 ਦੀ ਤੁਲਨਾ ਵਿਚ 450 ਜਿਆਦਾ ਹਨ। ਐਫ ਬੀ ਆਈ ਅਨੁਸਾਰ ਅਸਲ ਵਿਚ ਇਹ ਘਟਨਾਵਾਂ ਕਿਤੇ ਜਿਆਦਾ ਹਨ ਕਿਉਂਕਿ ਬਹੁਤ ਸਾਰੀਆਂ ਏਜੰਸੀਆਂ ਨੇ ਆਪਣੇ ਖੇਤਰ ਵਿਚ ਹੋਏ ਨਫਰਤੀ ਅਪਰਾਧਾਂ ਬਾਰੇ ਰਿਪੋਰਟ ਹੀ ਨਹੀਂ ਦਰਜ ਕਰਵਾਈ। 2008 ਤੋਂ ਬਾਅਦ ਪਹਿਲੀ ਵਾਰ 2020 ਦੌਰਾਨ ਸਭ ਤੋਂ ਵਧ ਨਫਰਤੀ ਘਟਨਾਵਾਂ 7783 ਦਰਜ ਹੋਈਆਂ। ਸ਼ਾਹਫਿਆਮ ਲੋਕਾਂ ਉਪਰ ਹਮਲਿਆਂ ਦੀਆਂ ਘਟਨਾਵਾਂ ਜੋ 2019 ਵਿਚ 1972 ਸਨ ਪਿਛਲੇ ਸਾਲ ਵਧ ਕੇ 2871 ਹੋ ਗਈਆਂ। ਏਸ਼ੀਆ ਮੂਲ ਦੇ ਲੋਕਾਂ ਵਿਰੁੱਧ ਪਿਛਲੇ ਸਾਲ 279 ਨਫਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜਿਨਾਂ ਦੀ 2019 ਵਿਚ ਗਿਣਤੀ 161 ਸੀ। ਯਹੂਦੀ ਲੋਕਾਂ ਵਿਰੁੱਧ ਨਫਰਤੀ ਹਮਲਿਆਂ ਦੀ ਗਿਣਤੀ ਘਟੀ ਹੈ। ਰਿਪੋਰਟ ਅਨੁਸਾਰ 2019 ਵਿਚ ਯਹੂਦੀਆਂ ਉਪਰ 963 ਹਮਲੇ ਹੋਏ ਸਨ ਜੋ 2020 ਵਿਚ ਘਟ ਕੇ 683 ਰਹਿ ਗਏ। ਜਾਤ, ਨਸਲ ਜਾਂ ਪਿਛੋਕੜ ਨੂੰ ਲੈ ਕੇ ਹੋਏ ਹਮਲਿਆਂ ਵਿਚ ਰਿਕਾਰਡ ਵਾਧਾ ਹੋਇਆ। 2020 ਵਿਚ ਜਾਤ, ਨਸਲ ਜਾਂ ਪਿਛੋਕੜ ਨੂੰ ਅਧਾਰ ਬਣਾਕੇ 8052 ਘਟਨਾਵਾਂ ਵਾਪਰੀਆਂ




ਜਦ ਕਿ 2019 ਵਿਚ ਇਹ ਗਿਣਤੀ 3954 ਸੀ। ਰਿਪੋਰਟ ਅਨਸਾਰ 61.8% ਪੀੜਤਾਂ ਨੂੰ ਉਨਾਂ ਦੀ ਜਾਤ ਜਾਂ ਨਸਲ ਕਾਰਨ ਨਿਸ਼ਾਨਾ ਬਣਾਇਆ ਗਿਆ। ਐਫ ਬੀ ਆਈ ਅਨੁਸਾਰ 2020 ਵਿਚ 20% ਘਟਨਾਵਾਂ ਲਿੰਗ ਨੂੰ ਆਧਾਰ ਬਣਾ ਕੇ ਵਾਪਰੀਆਂ ਜਦ ਕਿ 13.3% ਘਟਨਾਵਾਂ ਧਾਰਮਿੱਕ ਭੇਦਭਾਵ ਕਾਰਨ ਵਾਪਰੀਆਂ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਦੋਸ਼ੀਆਂ ਵਿਚ ਅਧਿਉਂ ਵਧ ਗੋਰੇ ਸ਼ਾਮਿਲ ਹਨ। ਇਸੇ ਦੌਰਾਨ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਨਫਰਤੀ ਅਪਰਾਧਾਂ ਨੂੰ ਰੋਕਣਾ ਨਿਆਂ ਵਿਭਾਗ ਦੀਆਂ ਉੱਚ ਤਰਜੀਹਾਂ ਵਿਚ ਸ਼ਾਮਿਲ ਹੈ। ਉਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਿਚ ਫੌਰੀ ਕਾਰਵਾਈ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨਾਂ ਕਿਹਾ ਕਿ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਸ਼ਾਹਫਿਆਮ ਲੋਕਾਂ ਤੇ ਅਫਰੀਕੀ ਮੂਲ ਦੇ ਅਮਰੀਕੀ ਲੋਕਾਂ ਵਿਰੁੱਧ ਨਫਰਤੀ ਅਪਰਾਧ ਵਧੇ ਹਨ। ਇਹ ਉਹ ਵਰਗ ਹਨ ਜਿਨਾਂ ਨੂੰ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸੇ ਤਰਾਂ ਏਸ਼ੀਅਨ ਮੂਲ ਦੇ ਲੋਕਾਂ ਵਿਰੁੱਧ ਵੀ ਨਫਰਤੀ ਅਪਰਾਧ ਵਧੇ ਹਨ। ਇਸ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਜੋ ਅਸੀਂ ਵੇਖਿਆ ਤੇ ਸੁਣਿਆ ਹੈ ਉਸ ਦੀ ਪੁਸ਼ਟੀ ਸਾਡੇ ਕੰਮ ਵਿਚ ਵੀ ਹੋਈ ਹੈ।

# ਨਿਊਜ਼ੀਲੈਂਡ ਵਿਚ ਪੰਜਾਬੀ ਸ਼ੈੱਫ ਤੋਂ ਪੁਲਿਸ ਅ.ਫਸਰ ਬਣਿਆ

**ਆਕਲੈਂਡ/ਏ.ਟੀ.ਨਿਊਜ਼:** ਅੰਮ੍ਰਿਤਸਰ ਦੇ ਜੰਮਪਲ ਤੇ 12ਵੀਂ ਤੱਕ ਦੀ ਪੜਾਈ ਮਗਰੋਂ ਨਿਊਜ਼ੀਲੈਂਡ ਪੁੱਜੇ ਜ਼ੋਰਾਵਰ ਸਿੰਘ ਇਕ ਕਾਮਯਾਬ ਸ਼ਖ਼ਸ ਵਜੋਂ ਜਾਣੇ ਜਾਂਦੇ ਹਨ। ਨਿਊਜ਼ੀਲੈਂਡ ਦੇ ਪੁਲਿਸ ਵਿਭਾਗ ਵਿਚ ਪੁਲਿਸ ਅਫ਼ਸਰ ਦੇ ਤੌਰ 'ਤੇ ਕੰਮ ਕਰਦੇ ਜ਼ੋਰਾਵਰ ਸਿੰਘ ਨੇ ਦੱਸਿਆ ਕਿ ਇਹ ਕਾਮਯਾਬੀ ਉਨਾਂ ਦੀ ਲਗਨ ਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਉਨਾਂ ਨੂੰ ਜ਼ਿੰਦਗੀ 'ਚ ਕਾਫ਼ੀ ਸੰਘਰਸ਼ ਕਰਨਾ ਪਿਆ। ਸਕੂਲ ਦੇ ਦਿਨਾਂ 'ਚ ਖੇਡਾਂ ਵੱਲ ਰੁਚੀ ਹੋਣ ਕਾਰਨ ਕਰਾਟੇ ਦੀ ਖੇਡ 'ਚ ਹਿੱਸਾ ਲੈਣਾ ਸ਼ੁਰੂ ਕੀਤਾ। ਪੰਜਵੀਂ ਜਮਾਤ ਵਿਚ ਪੜਨ ਦੌਰਾਨ ਹੀ ਬਲੈਕ ਬੈਲਟ ਹਾਸਲ ਕਰ ਲਈ। ਦੋ ਵਾਰ ਰਾਸ਼ਟਰੀ ਚੈਂਪੀਅਨ ਵੀ ਰਹੇ। ਫਾਈਨਲ ਮੈਚ ਦੌਰਾਨ ਬੁਰੀ ਤਰਾਂ ਜ਼ਖ਼ਮੀ ਹੋ ਗਏ ਤੇ ਪੀਜੀਆਈ ਦੇ ਡਾ. ਢਿੱਲੋਂ ਨੇ ਉਨਾਂ ਦੀ ਸਰਜਰੀ ਕੀਤੀ। ਸਰਜਰੀ ਮਗਰੋਂ ਵੀ ਖੇਡਾਂ ਵਿਚ ਰੁਚੀ ਘੱਟ ਨਾ ਹੋਈ ਤੇ ਅਭਿਆਸ ਜਾਰੀ ਰੱਖਿਆ।

11ਵੀਂ ਜਮਾਤ ਵਿਚ ਕਾਮਰਸ ਵਿਸ਼ੇ 'ਚ ਦਾਖ਼ਲਾ ਲੈਣਾ ਚਾਹਿਆ ਤਾਂ ਪ੍ਰਿੰਸੀਪਲ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਕ ਖਿਡਾਰੀ ਨੂੰ ਕਾਮਰਸ ਵਿਸ਼ੇ ਨਹੀਂ ਦਿੱਤੇ ਜਾ ਸਕਦੇ। ਇਸ ਨਾਲ ਸਕੂਲ ਦੇ ਨਤੀਜਿਆਂ 'ਤੇ ਅਸਰ ਪੈ ਸਕਦਾ ਹੈ। ਇਸ ਤੋਂ ਬਾਅਦ ਸਪਰਿੰਗਡੇਲ ਸਕੂਲ ਦੇ ਪ੍ਰਿੰਸੀਪਲ ਡਾ. ਸੰਧੂ ਨੇ ਉਨਾਂ ਨੂੰ ਦਾਖ਼ਲਾ ਦਿੱਤਾ। ਇੱਥੇ ਵੀ ਸਕੂਲ ਦੀ ਭੰਗੜਾ ਟੀਮ 'ਚ ਢੋਲੀ ਦੀ



ਭੂਮਿਕਾ ਬਾਖ਼ੂਬੀ ਨਿਭਾਈ। ਇਸ ਦੇ ਨਾਲ ਹੀ ਉਨਾਂ ਨੇ ਬਿਨਾਂ ਕਿਸੇ ਸਿਖਲਾਈ ਤੋਂ ਪੈਂਸਿਲ ਆਰਟ ਤੇ ਸੰਗੀਤ ਦੇ ਖੇਤਰ 'ਚ ਵੀ ਮੱਲਾਂ ਮਾਰੀਆਂ। 12ਵੀਂ 'ਚੋਂ 80 ਫ਼ੀਸਦੀ ਨੰਬਰਾਂ ਵਿਚ ਪਾਸ ਹੋਏ। ਇਸ ਤੋਂ ਬਾਅਦ ਨਿਊਜ਼ੀਲੈਂਡ ਸਕੂਲ ਆਫ ਕੁਲੀਨਰੀ ਆਰਟਸ ਕੇਰੀ ਕੇਰੀ, ਨਿਊਜ਼ੀਲੈਂਡ 'ਚ ਦਾਖ਼ਲਾ ਲੈ ਲਿਆ। ਇੱਥੇ ਜਾ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਇੱਥੇ ਕੁਲੀਨਰੀ ਆਰਟਸ ਦੇ ਖੁੱਲੇ ਮੁਕਾਬਲੇ 'ਚ ਗੋਲਡ ਮੈਡਲ ਜਿੱਤਿਆ। ਉਸੇ ਦੌਰਾਨ ਹੀ ਮਿਲੇਨੀਅਮ ਗਰੁੱਪ ਵੱਲੋਂ ਉਨਾਂ ਨੂੰ ਪੱਕੀ ਨੌਕਰੀ ਦੀ ਪੇਸ਼ਕਸ਼ ਹੋਈ। ਮਿਲੇਨੀਅਮ ਗਰੁੱਪ ਨਿਊਜ਼ੀਲੈਂਡ ਦੀ ਇਕ ਪ੍ਰਮੁੱਖ ਹੋਟਲ ਕਾਰੋਬਾਰ ਚੇਨ ਹੈ। ਇਸ ਦੌਰਾਨ ਉਨਾਂ ਨੇ ਪਾਹੀਆ, ਹੈਮਿਲਟਨ, ਕੁਈਨਜ਼ਟਾਊਨ ਤੇ ਆਕਲੈਂਡ ਸ਼ਹਿਰਾਂ ਵਿਚ ਸ਼ੈੱਫ ਦੇ ਤੌਰ 'ਤੇ ਕੰਮ ਕੀਤਾ। ਅੰਗਰੇਜ਼ੀ ਤੇ ਫਰੈਂਚ ਖਾਣੇ ਬਣਾਉਣ 'ਚ ਵੀ ਉਨਾਂ ਨੂੰ ਮੁਹਾਰਤ ਹਾਸਲ ਹੈ। ਪਿਛਲੇ ਸਾਲ ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਹੋਟਲ ਕਾਰੋਬਾਰ ਠੱਪ ਹੋ ਚੁੱਕੇ ਸਨ। ਇਸੇ ਦੌਰਾਨ ਪੁਲਿਸ ਅਫ਼ਸਰ ਦੀਆਂ ਭਰਤੀਆਂ ਲਈ ਹੋਏ ਮੁਕਾਬਲੇ 'ਚ ਉਨਾਂ ਨੇ ਅਪਲਾਈ ਕੀਤਾ। ਇਸ ਵਾਸਤੇ ਹੋਏ ਟੈਸਟ ਵਿਚੋਂ ਸਿਰਫ਼ 17 ਫ਼ੀਸਦੀ ਬਿਨੈਕਾਰ ਹੀ ਚੁਣੇ ਗਏ। ਉਨਾਂ ਵਿਚੋਂ ਇਕ ਜ਼ੋਰਾਵਰ ਸਿੰਘ ਵੀ ਸੀ। ਉਨਾਂ ਦੱਸਿਆ ਕਿ ਫਾਈਨਲ ਚੋਣ ਤੋਂ ਪਹਿਲਾਂ ਬਹੁਤ ਹੀ ਸਖ਼ਤ ਟ੍ਰੇਨਿੰਗ ਹੋਈ। ਹਾਲਾਂਕਿ ਕਰਾਟੇ ਖੇਡਣ ਦੌਰਾਨ ਲੱਗੀ ਸੱਟ ਦੇ ਬਾਵਜੂਦ ਪੁਲਿਸ ਟਰਾਇਲ 'ਚ 10 ਕਿਲੋਮੀਟਰ ਦੀ ਦੌੜ ਵਿਚ ਅੱਵਲ ਰਹੇ। ਜ਼ੋਰਾਵਰ ਸਿੰਘ ਅੱਜ ਗ੍ਰੈਜੂਏਸ਼ਨ ਪੂਰੀ ਕਰ ਚੁੱਕੇ ਹਨ ਤੇ ਇਸ ਵੇਲੇ ਉਹ ਸਾਊਥ ਆਕਲੈਂਡ ਦੇ ਪੁਲਿਸ ਸਟੇਸ਼ਨ 'ਚ ਪੁਲਿਸ ਅਫ਼ਸਰ ਹਨ। ਉਨਾਂ ਦੱਸਿਆ ਕਿ ਮਿਹਨਤ ਤੇ ਲਗਨ ਨਾਲ ਕੰਮ ਕਰੋ ਤਾਂ ਕੋਈ ਵੀ ਟੀਚਾ ਹਾਸਲ ਕਰਨਾ ਮੁਸ਼ਕਲ ਨਹੀਂ ਹੈ।

# ਟੈਕਸਾਸ ਵਿਚ 'ਡਰੈਗ ਦੌੜ' ਦੌਰਾਨ ਇਕ ਗੱਡੀ ਲੋਕਾਂ ਉਪਰ ਚੜੀ, ਦੋ ਬੱਚਿਆਂ ਦੀ ਮੌਤ, 8 ਹੋਰ ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕੇਰਵਿਲੇ, ਟੈਕਸਾਸ ਵਿਚ 'ਡਰੈਗ ਦੌੜ' ਵਿਚ ਹਿੱਸਾ ਲੈ ਰਹੀ ਇਕ ਗੱਡੀ ਦਾ ਨਿਯੰਤਰਣ ਵਿਗੜਣ ਕਾਰਨ ਦਰਸ਼ਕਾਂ ਉਪਰ ਜਾ ਚੜੀ ਜਿਸ ਕਾਰਨ 6 ਤੇ 8 ਸਾਲ ਦੇ ਦੋ ਲੜਕਿਆਂ ਦੀ ਮੌਤ ਹੋ ਗਈ ਤੇ 8 ਹੋਰ ਦਰਸ਼ਕ ਜਖਮੀ ਹੋ ਗਏ। ਜਖਮੀਆਂ ਵਿਚ ਇਕ 3 ਮਹੀਨੇ ਦੀ ਬੱਚੀ ਸਮੇਤ ਦੋ ਬੱਚੇ ਵੀ ਸ਼ਾਮਿਲ ਹਨ। ਇਹ ਜਾਣਕਾਰੀ ਪੁਲਿਸ ਵਿਭਾਗ ਵੱਲੋਂ ਦਿੱਤੀ ਗਈ ਹੈ। ਇਸ ਦੌੜ ਦਾ ਆਯੋਜਨ ਸੈਨ ਐਨਟੋਨੀਓ ਤੋਂ ਤਕਰੀਬਨ 70 ਮੀਲ ਦੂਰ ਕੇਰਵਿਲੇ-ਕੇਰ ਕਾਊਂਟੀ ਹਵਾਈ ਅੱਡੇ ਉਪਰ ਕੀਤਾ ਗਿਆ ਸੀ। ਇਸ ਦੌੜ ਦੀ ਅਯੋਜਕ 'ਫਲਾਇੰਗ ਡੀਜ਼ਲ ਪਰਫਾਰਮੈਂਸ' ਕੰਪਨੀ ਦੇ ਪ੍ਰਤੀਨਿਧ ਰੌਸ ਦੂਨਾਗਨ ਨੇ ਕਿਹਾ ਹੈ ਕਿ ਹਾਦਸੇ ਉਪਰੰਤ ਦੌੜ ਖਤਮ ਕਰ ਦਿੱਤੀ ਗਈ ਹੈ। ਇਸ ਦੌੜ ਦੇ ਜੇਤੂਆਂ ਨੂੰ ਕੁਲ 10,000 ਡਾਲਰ ਦੇ ਇਨਾਮ ਦਿੱਤੇ ਜਾਂਦੇ ਹਨ। ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।ਹਾਦਸੇ ਸਮੇਂ ਹਜ਼ਾਰਾਂ ਦਰਸ਼ਕ ਮੌਜੂਦ ਸਨ ਤੇ 150 ਦੇ ਆਸ ਪਾਸ ਗੱਡੀਆਂ ਦੌੜ ਵਿਚ ਹਿੱਸਾ ਲੈ ਰਹੀਆਂ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕੈਪਟਨ ਦੇ ਭਾਜਪਾ ਪੱਖੀ ਬਿਆਨਾਂ ਨਾਲ ਪੰਜਾਬ ਵਿਚ ਭਖੀ ਸਿਆਸਤ

## ✪ ਸਾਂਝ ਪਾਉਣ ਤੋਂ ਪਹਿਲਾਂ ਭਾਜਪਾ ਕਰਵਾਏਗੀ ਸਰਵੇ ✪ ਢੀਂਡਸਾ ਨੇ ਕਿਹਾ ਕਿ ਕੈਪਟਨ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਨਹੀਂ ਉਤਰੇ ✪ ਭਾਜਪਾ ਨੇ ‘ਨਵਾਂ ਪੰਜਾਬ-ਭਾਜਪਾ ਦੇ ਨਾਲ’ ਮੁਹਿੰਮ ਦਾ ਕੀਤਾ ਐਲਾਨ

**ਚੰਡੀਗੜ/ਏ.ਟੀ.ਨਿਊਜ਼ :** ਬੇਸ਼ੱਕ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਨਾਲ ਸੀਟਾਂ ਦੀ ਵੰਡ ਕਰਨ ਦਾ ਬਿਆਨ ਦੇ ਕੇ ਸਿਆਸੀ ਭੂਚਾਲ ਲਿਆ ਦਿੱਤਾ ਹੈ ਪਰ ਕੈਪਟਨ ਨਾਲ ਸਾਂਝ ਪਾਉਣ ਨੂੰ ਲੈ ਕੇ ਭਾਜਪਾ ਆਗੂ ਜੱਕੋਤੱਕੀ ਵਿਚ ਹਨ। ਕੋਈ ਵੀ ਆਗੂ ਇਸ ਮੁੱਦੇ ’ਤੇ ਖੁੱਲ ਕੇ ਗੱਲ ਕਰਨ ਨੂੰ ਤਿਆਰ ਨਹੀਂ ਹੈ। ਕੇਂਦਰੀ ਜਲ ਮੰਤਰੀ ਤੇ ਪੰਜਾਬ ਭਾਜਪਾ ਦੇ ਚੋਣ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨੇ ਕੈਪਟਨ ਨਾਲ ਸੀਟਾਂ ਦੀ ਵੰਡ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਸ ਦਾ ਜਵਾਬ ਕੈਪਟਨ ਅਮਰਿੰਦਰ ਸਿੰਘ ਦੇ ਸਕਦੇ ਹਨ ਪਰ ਨਾਲ ਹੀ ਉਨਾਂ ਕਿਹਾ ਕਿ ਗੱਠਜੋੜ ਜਾਂ ਸੀਟਾਂ ਦੀ ਵੰਡ ਦਾ ਫੈਸਲਾ ਪਾਰਟੀ ਹਾਈਕਮਾਂਡ ਨੇ ਕਰਨਾ ਹੈ।

ਸੂਤਰ ਦੱਸਦੇ ਹਨ ਕਿ ਭਾਜਪਾ ਆਗੂ ਕੈਪਟਨ ਨਾਲ ਸਾਂਝ ਪਾਉਣ ਦੇ ਮੁੱਦੇ ’ਤੇ ਜੱਕੋਤੱਕੀ ਵਿਚ ਹਨ। ਇਸ ਮੁੱਦੇ ’ਤੇ ਭਾਜਪਾ ਵੱਲੋਂ ਸਰਵੇ ਕਰਵਾਇਆ ਜਾਵੇਗਾ ਅਤੇ ਪਾਰਟੀ ਵਰਕਰਾਂ ਦੀ ਰਾਏ ਪੁੱਛੀ ਜਾਵੇਗੀ ਕਿ ਕੈਪਟਨ ਨਾਲ ਚੋਣ ਸਮਝੌਤਾ ਕਰਨ ਨਾਲ ਪਾਰਟੀ ਨੂੰ ਫਾਇਦਾ ਹੋਵੇਗਾ ਜਾਂ ਨਹੀਂ। ਪਾਰਟੀ ਆਗੂਆਂ ਨੂੰ ਡਰ ਹੈ ਕਿ ਭਾਜਪਾ ਚੋਣਾਂ ਵਿਚ ਭ੍ਰਿਸ਼ਟਾਚਾਰ, ਨਸ਼ੇ, ਮਾਫ਼ੀਆ ਰਾਜ ਨੂੰ ਮੁੱਦਾ ਬਣਾਉਣਾ ਚਾਹੁੰਦੀ ਹੈ ਪਰ ਕੈਪਟਨ ਨੇ ਸਾਢੇ ਚਾਰ ਸਾਲਾਂ ਵਿਚ ਇਨਾਂ ਮੁੱਦਿਆਂ ’ਤੇ ਕੋਈ ਖਾਸ ਕੰਮ ਨਹੀਂ ਕੀਤਾ। ਇਹ ਨਾ ਹੋਵੇ ਕਿ ਕਿਤੇ ਭਾਜਪਾ ਨੂੰ ਫ਼ਾਇਦਾ ਹੋਣ ਦੀ ਬਜਾਏ ਉਲਟਾ ਨੁਕਸਾਨ ਹੋ ਜਾਵੇ। ਭਾਜਪਾ ਦੇ ਸੀਨੀਅਰ ਆਗੂ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਇਸ ਮੁੱਦੇ ’ਤੇ ਸਰਵੇ ਕਰਵਾਏਗੀ, ਇਸ ਤੋਂ ਬਾਅਦ ਹੀ ਫੈਸਲਾ ਲਿਆ ਜਾਵੇਗਾ।

ਯਾਦ ਰਹੇ ਕਿ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਪਹਿਲਾਂ ਹੀ ਕੈਪਟਨ ਨਾਲ ਫਿਲਹਾਲ ਕਿਸੇ ਤਰਾਂ ਦਾ ਚੋਣ ਸਮਝੌਤਾ ਜਾਂ ਸੀਟਾਂ ਦੀ ਵੰਡ ਕਰਨ ਦੇ ਫੈਸਲੇ ਨੂੰ ਨਕਾਰ ਚੁੱਕੇ ਹਨ। ਢੀਂਡਸਾ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਕੈਪਟਨ ਆਪਣੇ ਕਾਰਜਕਾਲ ਦੌਰਾਨ ਬੇਅਦਬੀ, ਬਰਗਾੜੀ ਕਾਂਡ ਤੇ ਮਾਫ਼ੀਆ ਰਾਜ ਦੇ ਮੁੱਦੇ ’ਤੇ ਅਸਫ਼ਲ ਰਹੇ ਹਨ ਅਤੇ ਕਾਂਗਰਸ ਨੇ ਉਨਾਂ ਨੂੰ ਮੁੱਖ ਮੰਤਰੀ ਦੇ ਅਹੁੱਦੇ ਤੋਂ ਲਾਂਭੇ ਕੀਤਾ ਹੈ। ਢੀਂਡਸਾ ਨੇ ਕਿਹਾ ਕਿ ਕੈਪਟਨ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਨਹੀਂ ਉਤਰ ਸਕੇ।

**ਸ਼ਾਹ ਨੂੰ ਨਹੀਂ ਮਿਲ ਸਕੇ ਕੈਪਟਨ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਖੇਤੀ ਕਾਨੂੰਨਾਂ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹੋਣ ਵਾਲੀ ਤਜਵੀਜ਼ਤ ਮੀਟਿੰਗ ਮੁਲਤਵੀ ਹੋ ਗਈ ਹੈ। ਸਾਬਕਾ ਮੁੱਖ ਮੰਤਰੀ ਨੇੜਲੇ ਸੂਤਰ ਨੇ ਕਿਹਾ ਕਿ ਮੀਟਿੰਗ ਨੂੰ ਅੱਗੇ ਪਾਉਣਾ ਪਿਆ ਕਿਉਂਕਿ ਕੇਂਦਰੀ ਗ੍ਰਹਿ ਮੰਤਰੀ ਨੂੰ ਇਕ ਜ਼ਰੂਰੀ ਰੁਝੇਵੇਂ ਲਈ ਗੁਜਰਾਤ ਜਾਣਾ ਪੈ ਗਿਆ। ਸੂਤਰ ਨੇ ਕਿਹਾ ਕਿ ਦੋਵਾਂ ਆਗੂਆਂ ਦੀ ਮਿਲਣੀ ਦੌਰਾਨ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨ ਅੰਦੋਲਨ ਦੇ ਸੰਭਾਵੀ ਹੱਲ ਤਲਾਸ਼ਣ ਨੂੰ ਲੈ ਕੇ ਵਿਚਾਰ



ਚਰਚਾ ਹੋਣੀ ਸੀ। ਸਾਬਕਾ ਮੁੱਖ ਮੰਤਰੀ ਨੇ ਲੰਘੇ ਦਿਨ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਕਿਹਾ ਸੀ ਕਿ ਉਹ ਕੁਝ ਖੇਤੀ ਮਾਹਿਰਾਂ ਨੂੰ ਨਾਲ ਲੈ ਕੇ ਵੀਰਵਾਰ ਨੂੰ ਦਿੱਲੀ ਵਿੱਚ ਅਮਿਤ ਸ਼ਾਹ ਨੂੰ ਮਿਲਣਗੇ। ਉਂਜ ਉਹ ਸ਼ਾਹ ਨੂੰ ਪਹਿਲਾਂ ਤਿੰਨ ਵਾਰ ਮਿਲ ਚੁੱਕੇ ਹਨ।

**ਭਾਜਪਾ ਵੱਲੋਂ ‘ਨਵਾਂ ਪੰਜਾਬ-ਭਾਜਪਾ ਦੇ ਨਾਲ’ ਮੁਹਿੰਮ ਦਾ ਆਗਾਜ਼**

ਭਾਜਪਾ ਦੇ ਪੰਜਾਬ ਮਾਮਲਿਆਂ ਅਤੇ ਚੋਣ ਇੰਚਾਰਜ ਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਐਲਾਨ ਕੀਤਾ ਹੈ ਕਿ ਸੂਬੇ ਵਿੱਚ ਆਗਾਮੀ ਚੋਣਾਂ ਦੌਰਾਨ ਪਾਰਟੀ ਵਰਕਰ ‘ਨਵਾਂ ਪੰਜਾਬ-ਭਾਜਪਾ ਦੇ ਨਾਲ’ ਦੇ ਨਾਅਰੇ ਨਾਲ ਲੋਕਾਂ ਤੱਕ ਪਹੁੰਚ ਕਰਨਗੇ। ਉਨਾਂ ਕਿਹਾ ਕਿ ਭਾਜਪਾ ਮਾਫੀਆ ਰਾਜ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਪੰਜਾਬ ਨੂੰ ਖੁਸ਼ਹਾਲ ਬਣਾਉਣ ਦੇ ਸੰਕਲਪ ਨਾਲ ਚੋਣਾਂ ਵਿੱਚ ਉਤਰੇਗੀ। ਇਸ ਮੌਕੇ ਹਰਦੀਪ ਪੁਰੀ, ਮੀਨਾਕਸ਼ੀ ਲੇਖੀ ਤਰੁਣ ਚੁੱਘ, ਦੁਸ਼ਿਅੰਤ ਗੌਤਮ, ਵਿਨੋਦ ਚਾਵੜਾ, ਡਾ. ਨਰਿੰਦਰ ਸਿੰਘ, ਦਿਨੇਸ਼ ਕੁਮਾਰ, ਜੀਵਨ ਗੁਪਤਾ, ਡਾ. ਸੁਭਾਸ਼ ਸ਼ਰਮਾ, ਰਾਜੇਸ਼ ਬਾਘਾ, ਦਿਆਲ ਸਿੰਘ ਸੋਢੀ ਆਦਿ ਹਾਜ਼ਰ ਸਨ।

ਭਾਜਪਾ ਦੇ ਪੰਜਾਬ ਮਾਮਲਿਆਂ ਅਤੇ ਚੋਣ ਇੰਚਾਰਜ ਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਤੋਂ ਨਿਰਾਸ਼ ਪੰਜਾਬ ਦੇ ਲੋਕ ਭਾਜਪਾ ਵੱਲ ਆਸ ਨਾਲ ਵੇਖ ਰਹੇ ਹਨ। ਉਨਾਂ ਕਿਹਾ ਕਿ ਭਾਜਪਾ ਹਕੂਮਤ ਨੇ ਬੁਨਿਆਦੀ ਢਾਂਚੇ ਦੇ ਵੱਡੇ ਪ੍ਰਾਜੈਕਟ ਪੰਜਾਬ ਨੂੰ ਦਿੱਤੇ ਹਨ ਅਤੇ ਭਾਜਪਾ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ’ਤੇ ਚੋਣ ਲੜਨ ਲਈ ਪੂਰੀ ਤਰਾਂ ਤਿਆਰ ਹੈ। ਕੇਂਦਰ ਸਰਕਾਰ ਅਤੇ ਭਾਜਪਾ ਖੇਤੀ ਕਾਨੂੰਨਾਂ ਦੇ ਮੁੱਦੇ ਪ੍ਰਤੀ ਪੂਰੀ ਤਰਾਂ ਸੰਵੇਦਨਸ਼ੀਲ ਤੇ ਇਸ ਹੱਲ ਕਰਨ ਲਈ ਨਾਲ ਯਤਨਸ਼ੀਲ ਹਨ।

ਬੀਐੱਸਐੱਫ ਦੇ ਅਧਿਕਾਰ ’ਚ ਵਾਧੇ ਦੇ ਮੁੱਦੇ ’ਤੇ ਸ਼ੇਖਾਵਤ ਨੇ ਕਿਹਾ ਕਿ ਪੰਜਾਬ ’ਚ ਕਾਂਗਰਸ ਸਰਕਾਰ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਇਸ ਮੁੱਦੇ ’ਤੇ ਸਿਆਸਤ ਕੀਤੀ ਜਾ ਰਹੀ ਹੈ, ਜੋ ਕਿ ਨਿੰਦਣਯੋਗ ਹੈ। ਉਨਾਂ ਕਿਹਾ ਕਿ ਕੌਮੀ ਸੁਰੱਖਿਆ ਨਾਲ ਜੁੜੇ ਮੁੱਦਿਆਂ ’ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ ਪਰ ਪੰਜਾਬ ਦੇ ਅਸਲ ਮੁੱਦਿਆਂ ਜਿਵੇਂ ਕਿ ਡਰੱਗਜ਼, ਮਾਫੀਆ ਰਾਜ, ਬੇਅਦਬੀ ਦਾ ਇਨਸਾਫ਼, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਲੋਕ ਹਿੱਤਾਂ ਦੇ ਹੋਰ ਕਈ ਅਹਿਮ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਖੇਤੀ ਕਾਨੂੰਨਾਂ ਅਤੇ ਬੀਐੱਸਐੱਫ ਵਰਗੇ ਮੁੱਦਿਆਂ ’ਤੇ ਗੁੰਮਰਾਹ ਕੀਤਾ ਜਾ ਰਿਹਾ ਹੈ।

**ਭਾਜਪਾ ਦਫਤਰ ’ਚ ਸੁਖਮਨੀ ਸਾਹਿਬ ਦੇ ਪਾਠ ਕਰਾਏ**

ਭਾਜਪਾ ਦੇ ਸੂਬਾਈ ਦਫਤਰ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਦੇ ਸਬੰਧ ’ਚ ਸੂਬਾ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਿੱਚ ਸੁਖਮਨੀ ਸਾਹਿਬ ਦਾ ਪਾਠ ਅਤੇ ਸ਼ਬਦ ਕੀਰਤਨ ਕਰਵਾਇਆ। ਸਮਾਗਮ ਵਿਚ ਕਈ ਕੇਂਦਰੀ ਅਤੇ ਸੂਬਾਈ ਆਗੂ ਸ਼ਾਮਲ ਹੋਏ। ਪਾਰਟੀ ਆਗੂਆਂ ਅਤੇ ਵਰਕਰਾਂ ਨੇ ਸੂਬੇ ਵਿੱਚ ਸਦਭਾਵਨਾ, ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

# ਕਿਸਾਨਾਂ ਵੱਲੋਂ ਅਜੈ ਮਿਸ਼ਰਾ ਦੀ ਤੁਰੰਤ ਗ੍ਰਿ.ਫਤਾਰੀ ਲਈ ਮੁਜ਼ਾਹਰੇ

## ਸੁਪਰੀਮ ਕੋਰਟ ਯੋਗੀ ਸਰਕਾਰ ਦੀ ਢਿੱਲ-ਮੱਠ ਤੋਂ ਔਖੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ’ਤੇ ਹੁੰਗਾਰਾ ਭਰਦਿਆਂ, ਲਖੀਮਪੁਰ ਖੇੜੀ ਕਤਲੇਆਮ ਦੇ ਸੂਤਰਧਾਰ ਅਜੈ ਮਿਸ਼ਰਾ ਟੈਨੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਬਰਖਾਸਤ ਕਰਨ ਦੀ ਮੰਗ ਲਈ, ਪੂਰੇ ਭਾਰਤ ਵਿੱਚ ਸੈਂਕੜੇ ਥਾਵਾਂ ’ਤੇ ਰੋਸ ਪ੍ਰਦਰਸ਼ਨ ਕੀਤੇ ਗਏ। ਰੋਸ ਮਾਰਚ, ਮੋਟਰਸਾਈਕਲ ਰੈਲੀਆਂ, ਧਰਨੇ ਆਦਿ ਸਮੇਤ ਵੱਖ-ਵੱਖ ਰੂਪ ਧਾਰਨ ਕਰ ਗਏ। ਕਿਸਾਨਾਂ ਨੇ ਮੇਰਠ ਕੁਲੈਕਟੋਰੇਟ ਵਿੱਚ ਟਰੈਕਟਰਾਂ ਨਾਲ ਰੋਸ ਪ੍ਰਦਰਸ਼ਨ ਕੀਤਾ। ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਰਾਜਸਥਾਨ ਅਤੇ ਆਂਧਰਾ ਪ੍ਰਦੇਸ਼ ਤੋਂ ਰਿਪੋਰਟਾਂ ਆਈਆਂ ਹਨ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਦੇਸ਼ ਦੇ ਕਿਸਾਨਾਂ ਵੱਲੋਂ ਜੋ ਪੱਤਰ ਸਥਾਨਕ ਮੁੱਖ ਸਰਕਾਰੀ ਅਧਿਕਾਰੀਆਂ ਰਾਹੀਂ ਰਾਸ਼ਟਰਪਤੀ ਦੇ ਨਾਂ ਭੇਜਿਆ ਹੈ, ਦੀਆਂ ਮੰਗਾਂ ਵਿਚ ਅਜੈ



ਮਿਸ਼ਰਾ ਦੀ ਬਰਖ਼ਾਸਤਗੀ, 120ਬੀ ਧਾਰਾ ਹੇਠ ਗ੍ਰਿਫ਼ਤਾਰੀ ਤੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਐੱਸਆਈਟੀ ਵੱਲੋਂ ਜਾਂਚ ਕੀਤੇ ਜਾਣਾ ਸ਼ਾਮਲ ਹੈ। ਮੋਰਚੇ ਵੱਲੋਂ ਕਿਸਾਨਾਂ ਨੂੰ ਕੀਤੀ ਅਪੀਲ ’ਤੇ ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼) ਦੇ ਤਿਕੁਨੀਆ ਵਿਚ ਕਿਸਾਨ ਕਤਲੇਆਮ ਨਾਲ ਸਬੰਧਤ ਇਸ ਪੱਤਰ ਨੂੰ ਅਧਿਕਾਰੀਆਂ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਗਏ। ਕਿਸਾਨਾਂ ਵੱਲੋਂ ਥਾਂ-ਥਾਂ ਧਰਨੇ ਪ੍ਰਦਰਸ਼ਨ ਕੀਤੇ ਗਏ। ਪੱਤਰ ’ਚ ਜ਼ਿਕਰ ਕੀਤਾ ਗਿਆ ਹੈ ਕਿ, ਲਖੀਮਪੁਰ ਖੀਰੀ ਕਿਸਾਨ ਕਤਲੇਆਮ (3 ਅਕਤੂਬਰ 2021 ਦੀ ਘਟਨਾ, ਜਿਸ ਨੂੰ 3 ਹਫ਼ਤਿਆਂ ਤੋਂ ਵੱਧ ਸਮਾਂ ਬੀਤ ਚੁੱਕਾ ਹੈ) ਦੀ ਜਿਸ ਤਰਾਂ ਜਾਂਚ ਹੋ ਰਹੀ ਹੈ, ਉਸ ਨੂੰ ਪੂਰਾ ਦੇਸ਼ ਨਿਰਾਸ਼ਾ ਤੇ ਗੁੱਸੇ ਨਾਲ ਦੇਖ ਰਿਹਾ ਹੈ, ਸੁਪਰੀਮ ਕੋਰਟ ਨੇ ਵੀ ਇਸ ਬਾਰੇ ਪਹਿਲਾਂ ਕਈ ਟਿੱਪਣੀਆਂ ਕੀਤੀਆਂ ਹੈ। ਦੇਸ਼ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਦੀ ਘਾਟ ਤੋਂ ਹੈਰਾਨ ਹੈ, ਜਿੱਥੇ ਅਜੈ ਮਿਸ਼ਰਾ ਟੈਨੀ ਹੁਣ ਤੱਕ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਬਣੇ ਹੋਏ ਹਨ। ਲਖੀਮਪੁਰ ਖੇੜੀ ਕਤਲੇਆਮ ਦੀ ਤੀਜੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਦੀ ਖਿਚਾਈ ਕੀਤੀ।

# ਪੰਥ ’ਚੋਂ ਛੇਕੇ ਲੰਗਾਹ ਦੀ ਮੁਆਫੀ ਲਈ ਸਾਥੀਆਂ ਨੇ ਕੀਤੀ ਅਕਾਲ ਤਖ਼ਤ ਸਾਹਿਬ ’ਤੇ ਫ਼ਰਿਆਦ



**ਅੰਮ੍ਰਿਤਸਰ/ਏ.ਟੀ.ਨਿਊਜ਼:** ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਨੇੜਲੇ ਸਾਥੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਫਿਰ ਮਾਫ਼ੀ ਲਈ ਫਰਿਆਦ ਕੀਤੀ ਹੈ। ਅਕਾਲ ਤਖ਼ਤ ਪੁੱਜੇ ਲੰਗਾਹ ਦੇ ਸਾਥੀ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪਿਛਲੇ 190 ਦਿਨ ਤੋਂ ਲਗਾਤਾਰ ਤਖ਼ਤ ਸਾਹਿਬ ਦੇ ਸਨਮੁੱਖ ਗ਼ਲਤੀ ਦੀ ਮਾਫ਼ੀ ਲਈ ਫ਼ਰਿਆਦ ਲਾ ਰਹੇ ਹਾਂ। ਜਥੇਦਾਰ ਅਵਤਾਰ ਸਿੰਘ ਨੇ ਕਿਹਾ, ‘ਲੰਗਾਹ ਨੂੰ ਬਣਦੀ ਸਜ਼ਾ ਦੇ ਕੇ ਪੰਥ ਵਿਚ ਸ਼ਾਮਲ ਕੀਤਾ ਜਾਵੇ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲ ਕੇ ਬੇਨਤੀ ਕੀਤੀ ਹੈ ਕਿ ਦੀਵਾਲੀ ਮੌਕੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲੰਗਾਹ ਮਾਮਲੇ ’ਤੇ ਹਮਦਰਦੀ ਨਾਲ ਵਿਚਾਰ ਕੀਤੀ ਜਾਵੇ।’

# ਪੀਐੱਮ ਮੋਦੀ ਦੀ ਰੈਲੀ ’ਚ ਧਮਾਕੇ ਕਰਨ ਵਾਲੇ 9 ਜਿਹਾਦੀਆਂ ਨੂੰ ਹੋਵੇਗੀ ਸਜ਼ਾ, ਇਕ ਨੂੰ ਕੀਤਾ ਰਿਹਾਅ

## ਛੇ ਲੋਕ ਮਾਰੇ ਗਏ, 80 ਤੋਂ ਵੱਧ ਹੋਏ ਸੀ ਜ਼ਖਮੀ

**ਪਟਨਾ :** ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦੀ ਚੋਣ ਮੀਟਿੰਗ ਦੌਰਾਨ ਗਾਂਧੀ ਮੈਦਾਨ ਤੇ ਪਟਨਾ ਜੰਕਸ਼ਨ ਸਮੇਤ ਸ਼ਹਿਰ ਦੇ ਕਈ ਇਲਾਕਿਆਂ ਵਿਚ ਲੜੀਵਾਰ ਧਮਾਕੇ ਕਰਨ ਵਾਲੇ 9 ਜਿਹਾਦੀਆਂ ਨੂੰ ਐਨਆਈਏ ਦੀ ਵਿਸ਼ੇਸ਼ ਅਦਾਲਤ ਇਕ ਨਵੰਬਰ ਸਜ਼ਾ ਸੁਣਾਏਗੀ। ਅਦਾਲਤ ਨੇ ਇਸ ਮਾਮਲੇ ਦੇ ਇਕ ਦੋਸ਼ੀ ਫਕਰੂਦੀਨ ਨੂੰ ਰਿਹਾਅ ਕਰ ਦਿੱਤਾ ਹੈ। ਇਸ ਨਾਲ ਹੀ ਹੈਦਰ ਅਲੀ, ਨੁਮਾਨ ਅੰਸਾਰੀ, ਮਜੀਬੁੱਲਾ, ਉਮਰ ਸਿੱਦੀਕੀ, ਫਿਰੋਜ਼ ਅਸਲਮ, ਇਮਤਿਆਜ਼ ਆਲਮ ਸਮੇਤ 9 ਨੂੰ ਸਜ਼ਾ ਸੁਣਾਉਣ ਦੀ ਤਰੀਕ ਤੈਅ ਕੀਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਅੱਠ ਸਾਲ ਪਹਿਲਾਂ ਪਟਨਾ ਵਿਚ ਲੜੀਵਾਰ ਬੰਬ ਧਮਾਕੇ ਹੋਏ ਸਨ। ਇਹ ਉਦੋਂ ਵਾਪਰਿਆ ਜਦੋਂ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਤੇ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਕਰਨ ਤੋਂ ਬਾਅਦ ਪਟਨਾ ਦੇ ਗਾਂਧੀ ਮੈਦਾਨ ਵਿਚ ਹੁੰਕਾਰ ਰੈਲੀ ਨੂੰ ਸੰਬੋਧਨ ਕਰਨ ਆਏ ਸਨ।

ਅੱਠ ਸਾਲ ਪਹਿਲਾਂ ਪਟਨਾ ਦੇ ਇਤਿਹਾਸਕ ਗਾਂਧੀ ਮੈਦਾਨ ਵਿਚ ਮੋਦੀ ਦੀ ਹੁੰਕਾਰ ਰੈਲੀ ਵਿਚ ਲੜੀਵਾਰ ਧਮਾਕੇ ਹੋਏ ਸਨ। ਮੋਦੀ ਉਸ ਸਮੇਂ ਭਾਜਪਾ ਤੋਂ ਰਾਸ਼ਟਰੀ ਜਮਹੂਰੀ ਗਠਜੋੜ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਸਨ। ਇਸ ਤੋਂ ਇਲਾਵਾ ਪਟਨਾ ਜੰਕਸ਼ਨ ਦੇ ਪਲੇਟਫਾਰਮ ਨੰਬਰ 10 ’ਤੇ ਵੀ ਬੰਬ ਧਮਾਕਾ ਹੋਇਆ ਸੀ। ਇਨਾਂ ਧਮਾਕਿਆਂ ਵਿਚ ਛੇ ਲੋਕਾਂ ਦੀ ਮੌਤ ਹੋ ਗਈ ਸੀ। ਜਦਕਿ 80 ਤੋਂ ਵੱਧ ਲੋਕ ਜ਼ਖਮੀ ਹੋ ਗਏ। ਇਤਫਾਕਨ ਅੱਠ ਸਾਲ ਬਾਅਦ ਉਸੇ ਤਰੀਕ ਨੂੰ ਬੁੱਧਵਾਰ ਨੂੰ ਐਨਆਈਏ ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀਆਂ ਦੀ ਪਛਾਣ ਕਰ ਲਈ ਹੈ। ਇਸ ਮਾਮਲੇ ’ਚ ਅਦਾਲਤ ਵਿਚ ਹੁਣ ਤੱਕ 187 ਲੋਕਾਂ ਦੀ ਸੁਣਵਾਈ ਹੋ ਚੁੱਕੀ ਹੈ।

**ਸਾਰੇ ਮੁਲਜ਼ਮਾਂ ਨੂੰ ਬਿਊਰ ਜੇਲ ’ਚ ਰੱਖਿਆ**

ਇਸ ਮਹੀਨੇ ਦੀ 6 ਤਰੀਕ ਨੂੰ ਐਨਆਈਏ ਦੀ ਵਿਸ਼ੇਸ਼ ਅਦਾਲਤ ਨੇ ਅਦਾਲਤ ਵਿਚ ਬਚਾਅ ਪੱਖ ਅਤੇ ਇਸਤਗਾਸਾ ਦੁਆਰਾ ਦਿੱਤੀਆਂ ਲਿਖਤੀ ਦਲੀਲਾਂ ਤੋਂ ਬਾਅਦ ਫੈਸਲੇ ਦੀ ਤਰੀਕ 27 ਅਕਤੂਬਰ ਤੈਅ ਕੀਤੀ ਸੀ। ਇਸ ਮਾਮਲੇ ’ਚ ਦੋਵਾਂ ਧਿਰਾਂ ਦੀਆਂ ਦਲੀਲਾਂ ਪੂਰੀਆਂ ਹੋ ਚੁੱਕੀਆਂ ਹਨ। ਸਾਰੇ ਮੁਲਜ਼ਮਾਂ ਨੂੰ ਹੁਣੇ ਜਿਹੇ ਐਨਆਈਏ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਕ ਘੰਟੇ ਤੱਕ ਚੱਲੀ ਸੁਣਵਾਈ ਤੋਂ ਬਾਅਦ ਅਦਾਲਤ ਨੇ 9 ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ। 2014 ਵਿਚ ਮਾਮਲੇ ਦੀ ਜਾਂਚ ਕਰ ਰਹੀ ਐਨਆਈਏ ਟੀਮ ਨੇ ਮੁੱਖ ਮੁਲਜ਼ਮ ਰਾਂਚੀ ਨਿਵਾਸੀ ਇਮਤਿਆਜ਼ ਅੰਸਾਰੀ ਸਮੇਤ 10 ਖ਼ਿਲਾਫ਼ ਐਨਆਈਏ ਅਦਾਲਤ ’ਚ ਚਾਰਜਸ਼ੀਟ ਦਾਇਰ ਕੀਤੀ ਸੀ। ਸਾਰੇ ਮੁਲਜ਼ਮਾਂ ਨੂੰ ਬਿਊਰ ਜੇਲ ਵਿਚ ਸਖ਼ਤ ਸੁਰੱਖਿਆ ਹੇਠ ਰੱਖਿਆ ਗਿਆ ਹੈ।

**10 ਜਿਹਾਦੀ ਟਰਾਇਲ ਦਾ ਸਾਹਮਣਾ ਕਰ ਰਹੇ ਸਨ**

ਗਾਂਧੀ ਮੈਦਾਨ ਲੜੀਵਾਰ ਧਮਾਕੇ ਦੇ ਮਾਮਲੇ ਵਿਚ 27 ਅਕਤੂਬਰ 2013 ਨੂੰ ਪਟਨਾ ਦੇ ਗਾਂਧੀ ਮੈਦਾਨ ਪੁਲਿਸ ਸਟੇਸ਼ਨ ਵਿਚ ਐਫਆਈਆਰ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ 31 ਅਕਤੂਬਰ 2013 ਨੂੰ ਐਨਆਈਏ ਨੇ ਕੇਸ ਨੂੰ ਆਪਣੇ ਹੱਥ ਵਿਚ ਲੈ ਲਿਆ ਅਤੇ 1 ਨਵੰਬਰ ਨੂੰ ਦਿੱਲੀ ਐਨਆਈਏ ਥਾਣੇ ਵਿਚ ਦੁਬਾਰਾ ਇਸ ਦੀ ਐਫਆਈਆਰ ਦਰਜ ਕੀਤੀ ਗਈ। ਇਸ ਵਿਚ ਇਕ ਨਾਬਾਲਗ ਸਮੇਤ 12 ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਇਨਾਂ ਵਿਚੋਂ ਇਕ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਦੇ ਨਾਲ ਹੀ ਨਾਬਾਲਗ ਦੋਸ਼ੀ ਨੂੰ ਜੁਵੇਨਾਈਲ ਬੋਰਡ ਵੱਲੋਂ ਪਹਿਲਾਂ ਹੀ ਤਿੰਨ ਸਾਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

**ਇਸ ਤਰਾਂ ਸਿਲਸਿਲੇਵਾਰ ਹੋਏ ਧਮਾਕੇ**

ਪਹਿਲਾ ਧਮਾਕਾ : ਸਵੇਰੇ 9:30 ਵਜੇ: ਪਟਨਾ ਜੰਕਸ਼ਨ ਦੇ ਪਲੇਟਫਾਰਮ ਨੰਬਰ 10 ਦੇ ਟਾਇਲਟ ’ਚ।

ਦੂਜਾ ਧਮਾਕਾ : ਸਵੇਰੇ 11:40 ਵਜੇ: ਗਾਂਧੀ ਮੈਦਾਨ ਦੇ ਬਾਹਰ ਉਦਯੋਗ ਭਵਨ ਨੇੜੇ।

ਤੀਜਾ ਧਮਾਕਾ: ਦੁਪਹਿਰ 12:05 ਵਜੇ: ਗਾਂਧੀ ਮੈਦਾਨ ਦੇ ਬਾਹਰ, ਰੀਜੈਂਟ ਸਿਨੇਮਾ ਨੇੜੇ।

ਚੌਥਾ ਧਮਾਕਾ: 12:10 ਵਜੇ: ਗਾਂਧੀ ਮੈਦਾਨ ਵਿਚ ਬਾਪੂ ਦੀ ਪੁਰਾਣੀ ਮੂਰਤੀ ਨੇੜੇ।

ਪੰਜਵਾਂ ਧਮਾਕਾ : ਦੁਪਹਿਰ 12:15 ਵਜੇ: ਟਵਿਨ ਟਾਵਰ ਦੇ ਨੇੜੇ, ਗਾਂਧੀ ਮੈਦਾਨ ਦੇ ਦੱਖਣ ਵਿਚ।

ਛੇਵਾਂ ਧਮਾਕਾ : ਦੁਪਹਿਰ 12:20 ਵਜੇ: ਗਾਂਧੀ ਮੈਦਾਨ ਦੇ ਪੱਛਮੀ ਹਿੱਸੇ ’ਚ ਸਟੇਟ ਬੈਂਕ ਨੇੜੇ।

ਸੱਤਵਾਂ ਧਮਾਕਾ: 12:45 ਵਜੇ: ਗਾਂਧੀ ਮੈਦਾਨ ਦੇ ਬਾਹਰ ਚਿਲਡਰਨ ਪਾਰਕ ਨੇੜੇ।

27 ਅਕਤੂਬਰ 2013: ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਦੀ ਹੁੰਕਾਰ ਰੈਲੀ ’ਚ ਲੜੀਵਾਰ ਧਮਾਕੇ, ਅੱਠ ਮੌਤਾਂ, 80 ਤੋਂ ਵੱਧ ਜਖਮੀ

1 ਨਵੰਬਰ 2013: ਰਾਸਟਰੀ ਸੁਰੱਖਿਆ ਏਜੰਸੀ (ਐਨਆਈਏ) ਨੇ ਜਾਂਚ ਦੀ ਕਮਾਨ ਸੰਭਾਲੀ, ਦਿੱਲੀ ਦੇ ਐਨਆਈਏ ਥਾਣੇ ‘ਚ ਦਰਜ ਐਫਆਈਆਰ

06 ਅਕਤੂਬਰ 2021: ਪਟਨਾ ਦੀ ਐਨਆਈਏ ਅਦਾਲਤ ਵਿਚ ਬੰਬ ਧਮਾਕਿਆਂ ਦੀ ਸੁਣਵਾਈ ਪੂਰੀ।

# ਸਿੰਘੂ ਬਾਰਡਰ ਕੋਲ ਭਗਵੇਂ ਰਾਸ਼ਟਰਵਾਦੀਆਂ ਵਲੋਂ ਬੈਰੀਕੇਡ ਤੋੜਨ ਦੀ ਕੋਸ਼ਿਸ਼

## ✪ ਅਫਰਾਤਫਰੀ ਦਰਮਿਆਨ ਪੁਲਿਸ ਨੇ ਹਲਕੇ ਬਲ ਦੀ ਕੀਤੀ ਵਰਤੋਂ ✪ ਆਰਐੱਸਐੱਸ 'ਤੇ ਕਿਸਾਨ ਸੰਘਰਸ਼ ਤਾਰਪੀਡੋ ਕਰਨ ਦਾ ਦੋਸ਼

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸ਼ਾਮ ਸਿੰਘੂ ਬਾਰਡਰ 'ਤੇ ਸਥਿਤੀ ਉਸ ਵੇਲੇ ਤਣਾਅਪੂਰਨ ਹੋ ਗਈ ਜਦੋਂ ਨਿਹੰਗ ਸਿੰਘਾਂ ਵੱਲੋਂ ਕਤਲ ਕੀਤੇ ਗਏ ਲਖਬੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਮੁਆਵਜ਼ਾ ਤੇ ਇਨਸਾਫ ਦਿਵਾਉਣ ਦਾ ਡਰਾਮਾ ਰਚਨ ਵਾਲੀ ਸੰਘ ਪਰਿਵਾਰ ਦੀ ਹਮਾਇਤੀ ਜਥੇਬੰਦੀ ਹਿੰਦ ਮਜ਼ਦੂਰ ਕਿਸਾਨ ਕਮੇਟੀ ਵੱਲੋਂ ਦਿੱਲੀ ਦੇ ਸਿੰਘੂ ਬਾਰਡਰ ਵੱਲ ਕੂਚ ਕੀਤਾ ਗਿਆ। ਦਿੱਲੀ ਪੁਲਿਸ ਵੱਲੋਂ ਹਿੰਦ ਮਜ਼ਦੂਰ ਕਿਸਾਨ ਕਮੇਟੀ ਦੇ ਵਰਕਰਾਂ 'ਤੇ ਹਲਕਾ ਲਾਠੀਚਾਰਜ ਕੀਤਾ ਗਿਆ।ਦਿੱਲੀ ਪੁਲਿਸ ਦੇ ਇੱਕ ਸੂਤਰ ਨੇ ਦੱਸਿਆ ਕਿ ਅੱਜ ਕੁਝ ਲੋਕਾਂ ਨੇ ਸਿੰਘੂ ਸਰਹੱਦ ਨੇੜੇ ਬੈਰੀਕੇਡਿੰਗ ਤੋੜਨ ਦੀ ਕੋਸ਼ਿਸ਼ ਕੀਤੀ ਜਿੱਥੇ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਮੌਜੂਦ ਹਨ। ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ। ਘਟਨਾ ਵਾਲੀ ਥਾਂ 'ਤੇ ਪੁਲਿਸ ਅਧਿਕਾਰੀਆਂ ਵੱਲੋਂ ਹਲਕੀ ਤਾਕਤ ਦੀ ਵਰਤੋਂ ਕੀਤੀ ਗਈ ਹੈ।

ਹਿੰਦ ਮਜ਼ਦੂਰ ਕਿਸਾਨ ਸੰਮਤੀ ਦੇ ਕਾਰਕੁਨ ਹਾਲ ਹੀ ਵਿੱਚ ਨਿਹੰਗਾਂ ਵੱਲੋਂ ਲਖਬੀਰ ਸਿੰਘ ਦੇ ਕਤਲ 'ਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਸਿੰਘੂ ਸਰਹੱਦ 'ਤੇ ਪੁੱਜੇ ਸਨ। ਇਸ ਦੇ ਮੱਦੇਨਜ਼ਰ ਵੱਡੀ ਗਿਣਤੀ ਵਿੱਚ ਪੁਲਿਸ ਤਾਇਨਾਤ ਕੀਤੀ ਗਈ ਸੀ। ਜਥੇਬੰਦੀ ਨੇ ਮੰਗ ਕੀਤੀ ਹੈ ਕਿ ਲਖਬੀਰ ਸਿੰਘ ਦੇ ਪਰਿਵਾਰ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਪਿਛਲੇ ਦਿਨੀਂ ਲਖਬੀਰ ਸਿੰਘ ਦਾ ਸਿੰਘੂ ਬਾਰਡਰ 'ਤੇ ਬੇਅਦਬੀ ਕਾਰਣ ਨਿਹੰਗ ਸਿੰਘਾਂ ਨੇ ਕਤਲ ਕਰ ਦਿੱਤਾ ਗਿਆ ਸੀ ਅਤੇ ਉਸ ਦਾ ਹੱਥ ਵੱਢ ਕੇ ਲਾਸ਼ ਨੂੰ ਬੈਰੀਕੇਡ ਨਾਲ



ਲਟਕਾ ਦਿੱਤਾ ਗਿਆ ਸੀ। ਉਸ ਦੇ ਸਰੀਰ 'ਤੇ ਤੇਜ਼ਧਾਰ ਹਥਿਆਰ ਨਾਲ ਕਈ ਜ਼ਖ਼ਮ ਕੀਤੇ ਗਏ ਸਨ। ਨਿਹੰਗਾਂ ਦਾ ਦਾਅਵਾ ਹੈ ਕਿ ਪੰਜਾਬ ਦੇ ਤਰਨਤਾਰਨ ਦੇ ਰਹਿਣ ਵਾਲੇ ਲਖਬੀਰ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਦੀ ਬੇਅਦਬੀ ਕੀਤੀ ਸੀ, ਇਸ ਲਈ ਉਸ ਨੂੰ ਸਜ਼ਾ ਦਿੱਤੀ ਗਈ ਹੈ। ਇਸ ਮਾਮਲੇ ਵਿੱਚ ਕਈ ਮੁਲਜ਼ਮ ਆਤਮ ਸਮਰਪਣ ਕਰ ਚੁੱਕੇ ਹਨ। ਲਖਬੀਰ ਸਿੰਘ ਦੇ ਕਤਲ ਤੋਂ ਬਾਅਦ ਕਿਸਾਨ ਜਥੇਬੰਦੀਆਂ ਇਸ ਤੋਂ ਵੱਖ ਹੋ ਗਈਆਂ ਸਨ। ਕਿਸਾਨ ਜਥੇਬੰਦੀਆਂ ਨੇ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਅਸੀਂ ਕਿਸੇ ਵੀ ਤਰਾਂ ਦੀ ਜਾਂਚ ਲਈ ਤਿਆਰ ਹਾਂ। ਜ਼ਿਕਰਯੋਗ ਹੈ ਕਿ ਕਮੇਟੀ ਇਹ ਮੰਗ ਕਰ ਰਹੀ ਹੈ ਕਿ ਲਖਬੀਰ ਸਿੰਘ ਦੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਪਰਿਵਾਰ ਨੂੰ 50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਪੁਲਿਸ ਨੇ ਉਨਾਂ ਨੂੰ ਅੱਗੇ ਵਧਣ ਤੋਂ ਰੋਕਿਆ ਤੇ ਹਲਕਾ ਲਾਠੀਚਾਰਜ ਕੀਤਾ ਗਿਆ, ਜਿਸ ਕਾਰਨ ਸਥਿਤੀ ਤਣਾਅਪੂਰਨ ਹੋ ਗਈ। ਇਸ ਮੌਕੇ ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਾਨੂੰ ਇਨਸਾਫ ਨਹੀਂ ਮਿਲੇਗਾ ਅਸੀਂ ਇਥੇ ਹੀ ਧਰਨਾ ਦੇਵਾਂਗੇ।

**ਕਿਸਾਨਾਂ ਵਲੋਂ ਆਰਐੱਸਐੱਸ 'ਤੇ ਕਿਸਾਨ ਸੰਘਰਸ਼ ਤਾਰਪੀਡੋ ਕਰਨ ਦਾ ਦੋਸ਼**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਦੋਸ਼ ਲਾਇਆ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਚਲ ਰਹੇ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਭਾਜਪਾ ਅਤੇ ਆਰਐੱਸਐੱਸ ਵੱਲੋਂ ਕੋਝੇ ਯਤਨ ਕੀਤੇ ਜਾ ਰਹੇ ਹਨ, ਜਿਸ ਦੀ ਉੱਚ ਪੱਧਰੀ ਤੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ, ਗੁਰਬਚਨ ਸਿੰਘ ਚੱਬਾ, ਰਣਜੀਤ ਸਿੰਘ ਕਲੇਰਬਾਲਾ ਤੇ ਹੋਰਨਾਂ ਨੇ ਪੱਤਰਕਾਰ ਸੰਮੇਲਨ ਦੌਰਾਨ ਕਥਿਤ ਦੋਸ਼ ਲਾਇਆ ਕਿ ਮ੍ਰਿਤਕ ਲਖਬੀਰ ਸਿੰਘ ਦੇ ਪਰਿਵਾਰ ਨੂੰ ਮੁਆਵਜ਼ਾ ਤੇ ਨੌਕਰੀ ਦੇਣ ਦੀ ਮੰਗ ਦੀ ਆੜ ਹੇਠ ਸਿੰਘੂ ਬਾਰਡਰ ਮੋਰਚੇ 'ਤੇ ਬੈਠੇ ਕਿਸਾਨਾਂ 'ਤੇ ਹਮਲੇ ਦੀ ਕੋਸ਼ਿਸ਼ ਕੀਤੀ ਗਈ ਹੈ। ਉਨਾਂ ਦੋਸ਼ ਲਾਇਆ ਕਿ ਚੰਦਰ ਮੋਹਨ ਨਾਂ ਦਾ ਵਿਅਕਤੀ, ਜੋ ਖ਼ੁਦ ਨੂੰ ਹਿੰਦ ਮਜ਼ਦੂਰ ਕਿਸਾਨ ਸਮਿਤੀ ਦਾ ਆਗੂ ਦੱਸਦਾ ਹੈ, ਵੱਲੋਂ ਬੁੱਧਵਾਰ ਨੂੰ ਸਿੰਘੂ ਬਾਰਡਰ ਤੇ ਸ਼ਾਂਤਮਈ ਬੈਠੇ ਕਿਸਾਨਾਂ ਉੱਤੇ ਹਮਲਾ ਕਰਨ ਦਾ ਯਤਨ ਕੀਤਾ ਗਿਆ। ਉਨਾਂ ਦੱਸਿਆ ਕਿ ਆਰਐੱਸਐੱਸ ਅਤੇ ਭਾਜਪਾ ਨਾਲ ਸਬੰਧਤ ਇਹ ਵਿਅਕਤੀ ਉੱਤਰਾਖੰਡ ਅਤੇ ਯੂਪੀ ਨਾਲ ਸਬੰਧਤ ਲੱਗਪਗ ੨੦੦ ਸਮਰਥਕਾਂ ਨੂੰ ਲੈ ਕੇ ਧਰਨੇ ਵਾਲੇ ਸਥਾਨ 'ਤੇ ਜਬਰੀ ਦਾਖਲ ਹੋਇਆ। ਕਿਸਾਨ ਆਗੂਆਂ ਨੇ ਉਕਤ ਵਿਅਕਤੀ ਦੇ ਆਰਐੱਸਐੱਸ-ਭਾਜਪਾ ਨਾਲ ਸਬੰਧਤ ਹੋਣ ਦਾ ਦਾਅਵਾ ਕਰਦਿਆਂ, ਕੁਝ ਤਸਵੀਰਾਂ ਵੀ ਮੀਡੀਆ ਨੂੰ ਦਿਖਾਈਆਂ, ਜਿਨਾਂ ਵਿੱਚ ਉਹ ਕੇਂਦਰੀ ਖੇਤੀ ਮੰਤਰੀ ਤੇ ਹੋਰ ਭਾਜਪਾ ਤੇ ਆਰਐੱਸਐੱਸ ਆਗੂਆਂ ਨਾਲ ਦਿਖਾਈ ਦੇ ਰਿਹਾ ਹੈ। ਉਨਾਂ ਦੱਸਿਆ ਕਿ ਪਿਛਲੇ ਵਰੇ ੨੦ ਦਸੰਬਰ ਨੂੰ ਉਕਤ ਵਿਅਕਤੀ ਨੇ ਖੇਤੀ ਮੰਤਰੀ ਨੂੰ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਮੰਗ ਪੱਤਰ ਦਿੱਤਾ ਸੀ ਅਤੇ ਗਾਜ਼ੀਪੁਰ ਵਿੱਚ ਉਹ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਵੀ ਭੁਗਤਿਆ ਸੀ। ਮ੍ਰਿਤਕ ਲਖਬੀਰ ਸਿੰਘ ਦੇ ਪਰਿਵਾਰ ਨੂੰ ਨਿਆਂ ਦਿਵਾਉਣ ਦੀ ਆੜ ਹੇਠ ਕਿਸੇ ਸਾਜ਼ਿਸ਼ ਤਹਿਤ ਉਹ ਆਪਣੇ ਸਮਰਥਕਾਂ ਨਾਲ ਕਿਸਾਨ ਧਰਨੇ ਵਿੱਚ ਸ਼ਾਮਲ ਹੋਇਆ ਹੈ।

## ਨਿਹੰਗ ਸਿੰਘੂ ਤੋਂ ਨਹੀਂ ਜਾਣਗੇ



ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੇ ਸਿੰਘੂ ਬਾਰਡਰ ਦੇ ਚੱਲ ਰਹੇ ਮੋਰਚੇ 'ਚ ਲੰਘੇ ਦਿਨੀਂ ਹੋਏ ਲਖਬੀਰ ਸਿੰਘ ਦੇ ਹੋਏ ਕਤਲ ਮਗਰੋਂ ਬਣੇ ਹਾਲਾਤ 'ਤੇ ਚਰਚਾ ਲਈ ਨਿਹੰਗ ਜਥੇਬੰਦੀਆਂ ਨੇ ਚਰਚਾ ਕੀਤੀ ਹੈ। ਇਕੱਠ 'ਚ ਫ਼ੈਸਲਾ ਕੀਤਾ ਗਿਆ ਕਿ ਸਿੰਘੂ ਮੋਰਚੇ 'ਤੇ ਆਏ ਨਿਹੰਗ ਜਥੇ ਮੋਰਚੇ ਤੋਂ ਨਹੀਂ ਜਾਣਗੇ ਤੇ ਦੀਵਾਲੀ ਮਗਰੋਂ 15 ਦਿਨਾਂ ਦੇ ਅੰਦਰ-ਅੰਦਰ ਮਾਲਵੇ, ਮਾਝੇ ਤੇ ਦੋਆਬੇ 'ਚ ਗਿਆਰਾਂ-ਗਿਆਰਾਂ ਜਾਂ ਅੱਠ-ਅੱਠ ਦੀ ਗਿਣਤੀ ਵਿਚ ਨਿਹੰਗ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਭੇਜੇ ਜਾਣਗੇ। ਨਿਹੰਗ ਬਾਬਾ ਰਾਜਾ ਰਾਜ ਸਿੰਘ ਨੇ ਦੱਸਿਆ ਕਿ ਕਈ ਮੁਲਕਾਂ ਦੀ ਸੰਗਤ ਵੱਲੋਂ ਨਿਹੰਗਾਂ ਨੂੰ ਮੋਰਚੇ 'ਚ ਡਟੇ ਰਹਿਣ ਲਈ ਕਿਹਾ ਗਿਆ ਹੈ। ਨਿਹੰਗਾਂ ਨੇ ਕਿਹਾ ਕਿ ਪੰਜਾਬ ਵਿਚ ਥਾਂ-ਥਾਂ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਸ ਲਈ ਪਿੰਡ ਪੱਧਰ ਦੇ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦੇ ਢੁੱਕਵੇਂ ਪ੍ਰਬੰਧ ਦੇਖਣ ਲਈ ਪਹਿਲਾਂ ਬਾਬਾ ਚੜ੍ਹਤ ਸਿੰਘ, ਕੁਲਵਿੰਦਰ ਸਿੰਘ ਤੇ ਹੋਰ ਨਿਹੰਗ ਆਗੂਆਂ ਦੀ ਅਗਵਾਈ ਹੇਠ ਜਥੇ ਭੇਜੇ ਜਾਣਗੇ ਰਾਜਾ ਰਾਜ ਸਿੰਘ ਨੇ ਦੱਸਿਆ ਕਿ ਜੋ ਸੁਝਾਅ ਨਿਹੰਗ ਜਥੇਬੰਦੀਆਂ ਨੂੰ ਆਏ ਹਨ ਉਨਾਂ 'ਤੇ ਵਿਚਾਰ ਕਰਕੇ ਲਏ ਜਾਣ ਵਾਲੇ ਫ਼ੈਸਲੇ ਬਾਰੇ 28 ਅਕਤੂਬਰ ਸ਼ਾਮ ਨੂੰ ਦੱਸਿਆ ਜਾਵੇਗਾ। ਦੂਜੇ ਪਾਸੇ ਨਿਹੰਗ ਮੁਖੀ ਬਾਬਾ ਮਾਨ ਸਿੰਘ ਨੇ ਕਿਹਾ ਕਿ ਸਿੰਘੂ ਬਾਰਡਰ 'ਤੇ ਹੋਏ ਨਿਹੰਗਾਂ ਦੇ ਸਮਾਗਮ ਨਾਲ ਉਨਾਂ ਦਾ ਕੋਈ ਸਬੰਧ ਨਹੀਂ ਹੈ। ਉਨਾਂ ਕਿਹਾ ਕਿ ਬਾਬਾ ਅਮਨ ਸਿੰਘ ਗ੍ਰਿਫ਼ਤਾਰੀ ਦੇਣ ਲਈ ਤਿਆਰ ਹੈ।

# ਸਰਨਾ ਸਿਰਸਾ ਲਈ ਮੁਸੀਬਤ ਬਣੇ

## ✪ ਦਿੱਲੀ ਕਮੇਟੀ ਦੇ ਰੋਜ਼ਾਨਾ ਕੰਮਕਾਜ ਲਈ ਰਸੀਵਰ ਲਾਉਣ ਦੀ ਕੀਤੀ ਮੰਗ ✪ ਮਾਮਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੰਡਾਂ ਦੀ ਦੁਰਵਰਤੋਂ ਦਾ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਮਨਜਿੰਦਰ ਸਿੰਘ ਸਿਰਸਾ ਦੀਆਂ ਮੁਸ਼ਕਲਾਂ ਵਧਾਉਂਦੇ ਹੋਏ ਉਪ ਰਾਜਪਾਲ ਦਿੱਲੀ ਅਨਿਲ ਬੈਜਲ ਤੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਰੋਜ਼ਾਨਾ ਕੰਮਕਾਜ ਲਈ ਰਸੀਵਰ ਲਾਉਣ ਦੀ ਮੰਗ ਕੀਤੀ ਹੈ। ਸਰਨਾ ਨੇ ਕਿਹਾ ਕਿ ਹਾਲ ਹੀ ਹੋਈਆਂ ਡੀਐਸਜੀਐਮਸੀ ਚੋਣਾਂ ਵਿਚ ਸਿਰਸਾ ਨੇ ਨਿੱਜੀ ਸੀਟ ਗੁਆ ਹੈ।

ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਸਰਨਾ ਨੇ ਕਿਹਾ ਕਿ ਸਿਰਸਾ ਬਿਨਾਂ ਅਧਿਕਾਰਾਂ ਤੋਂ ਕਮੇਟੀ ਦੇ ਸਰੋਤਾਂ ਦੀ ਵਰਤੋਂ ਕਰਦੇ ਹੋਏ ਰੋਜ਼ਾਨਾ ਕੰਮ ਕਰ ਰਹੇ ਹਨ। ਜਿਸ 'ਤੇ ਰੋਕ ਲਾਉਣ ਦੇ ਨਾਲ ਰੋਜ਼ਾਨਾ ਦੇ ਕੰਮ-ਕਾਜ ਦੀ ਦੇਖ-ਰੇਖ ਲਈ ਰਿਸੀਵਰ ਨਿਯੁਕਤ ਕਰਨ ਦੀ ਅਪੀਲ ਕੀਤੀ ਹੈ। ਉਨਾਂ ਕਿਹਾ



ਕਿ ਸਿਰਸਾ ਪਹਿਲਾਂ ਹੀ ਅਦਾਲਤ ਵਿਚ ਆਪਣੀ ਅਯੋਗਤਾ ਨੂੰ ਚੁਣੌਤੀ ਦੇ ਚੁੱਕੇ ਹਨ ਤੇ ਡੀਐਸਜੀਐਮਸੀ ਦੇ ਪ੍ਰਧਾਨ ਦੇ ਅਹੁਦੇ 'ਤੇ ਕਾਬਜ਼ ਹਨ। ਸਰਨਾ ਨੇ ਦੋਸ਼ ਲਾਇਆ ਕਿ ਸਿਰਸਾ ਆਪਣੀ ਸਿਆਸੀ ਪਾਰਟੀ ਪ੍ਰਤੀ ਵਫ਼ਾਦਾਰੀ, ਆਪਣੇ ਅਤੇ ਆਪਣੀ ਪਾਰਟੀ ਦੇ ਮੈਂਬਰਾਂ ਦੇ ਨਿੱਜੀ ਤੇ ਸਿਆਸੀ ਹਿੱਤਾਂ ਲਈ ਆਪਣੀਆਂ ਸ਼ਕਤੀਆਂ ਤੇ ਗੁਰਦੁਆਰੇ ਦੇ ਸਾਧਨਾਂ ਦੀ ਦੁਰਵਰਤੋਂ ਕਰ ਰਹੇ ਹਨ। ਬੈਜਲ ਨੂੰ ਲਿਖੇ ਪੱਤਰ ਵਿਚ ਸਰਨਾ ਨੇ ਦੋਸ਼ ਲਾਇਆ, ਕਿ 'ਗੁਰਦੁਆਰੇ ਦੇ ਫੰਡਾਂ ਦੇ ਸ਼ੱਕੀ ਗਬਨ ਨੂੰ ਲੈ ਕੇ ਲੁਕਆਊਟ ਨੋਟਿਸ ਤੇ ਪੁਲਿਸ ਕੇਸਾਂ ਦਾ ਸਾਹਮਣਾ ਕਰਨ ਵਾਲਾ ਸਿਰਸਾ ਬਿਨਾਂ ਮਨਜ਼ੂਰੀ ਆਪਣੇ ਸਮਰਥਕਾਂ ਨਾਲ ਉੱਤਰ-ਪੂਰਬ, ਕਸ਼ਮੀਰ ਤੇ ਹੋਰ ਕਈ ਸਥਾਨਾਂ ਦੇ ਦੌਰੇ ਕਰ ਕੇ ਫੰਡਾਂ ਦੀ ਮਨਮਾਨੇ ਢੰਗ ਨਾਲ ਵਰਤੋਂ ਕਰ ਰਿਹਾ ਹੈ।

# ਕੈਨੇਡੀਅਨ ਕੁੜੀ ਦੇ ਚੱਕਰਾਂ 'ਚ ਫਸਿਆ ਗੱਭਰੂ

## ✪ ਕੈਨੇਡਾ ਜਾਣ ਦੇ ਨਾਮ 28 ਲੱਖ ਠੱਗੇ ✪ ਪੁਲਿਸ ਨੇ 3 ਜਨਾਨੀਆਂ ਅਤੇ ਇਕ ਵਿਅਕਤੀ ਸਮੇਤ 4 ਵਿਰੁੱਧ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ

**ਨੂਰਪੁਰਬੇਦੀ/ਏ.ਟੀ.ਨਿਊਜ਼ :** ਇਕ ਕੁੜੀ ਵੱਲੋਂ ਕੈਨੇਡਾ ਬੁਲਾਉਣ ਦਾ ਝਾਂਸਾ ਦੇ ਆਪਣੀ ਮਾਤਾ, ਭੈਣ ਅਤੇ ਭਰਾ ਨਾਲ ਮਿਲ ਕੇ ਰਚੀ ਸਾਜ਼ਿਸ਼ ਤਹਿਤ ਵਿਆਹ ਕਰਵਾਉਣ ਉਪਰੰਤ ਮੁੰਡੇ ਅਤੇ ਉਸਦੇ ਪਰਿਵਾਰ ਤੋਂ ਸਟੱਡੀ ਫੀਸ 'ਤੇ ਸਪਾਊਸ ਵੀਜ਼ੇ ਦੇ ਨਾਂ 'ਤੇ 28 ਲੱਖ ਰੁਪਏ ਠੱਗਣ ਦੇ ਦੋਸ਼ ਹੇਠ ਸਥਾਨਕ ਪੁਲਿਸ ਨੇ 3 ਜਨਾਨੀਆਂ ਅਤੇ ਇਕ ਵਿਅਕਤੀ ਸਮੇਤ 4 ਵਿਰੁੱਧ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਕਥਿਤ ਦੋਸ਼ੀਆਂ 'ਚੋਂ 2 ਕੈਨੇਡਾ ਹਨ ਜਦਕਿ 2 ਭਾਰਤ 'ਚ ਹੀ ਰਹਿ ਰਹੇ ਹਨ। ਉਕਤ ਮੁਕੱਦਮਾ ਜ਼ਿਲਾ ਪੁਲਿਸ ਮੁਖੀ ਰੂਪਨਗਰ ਵੱਲੋਂ ਸੌਂਪੀ ਸ਼ਿਕਾਇਤ ਦੀ ਐੱਸ. ਪੀ ਵੱਲੋਂ ਕੀਤੀ ਗਈ ਪੜਤਾਲ ਉਪਰੰਤ ਦਰਜ ਕੀਤਾ ਗਿਆ ਹੈ।

ਪੁਲਿਸ ਨੇ ਬਲਾਕ ਦੇ ਪਿੰਡ ਮਾਧੋਵਾਲ ਦੇ ਨੌਜਵਾਨ ਦੇ ਪਿਤਾ ਵੱਲੋਂ ਕੀਤੀ ਸ਼ਿਕਾਇਤ ਦੀ ਪੜਤਾਲ 'ਚ ਲਿਖਿਆ ਕਿ ਉਕਤ ਲੜਕਾ ਕੋਰੀਆ ਗਿਆ ਹੋਇਆ ਸੀ ਅਤੇ ਉਸਦੀ ਭੈਣ ਸਟੱਡੀ ਬੇਸ 'ਤੇ ਕੈਨੇਡਾ ਗਈ ਹੋਈ ਸੀ। ਕੈਨੇਡਾ 'ਚ ਪੜਾਈ ਕਰਦੇ ਸਮੇਂ ਉਸਦੀ ਭੈਣ ਦੀ ਦੋਸਤੀ ਕਿਸੇ ਲਵਨੀਤ ਕੌਰ ਅਟਵਾਲ ਨਾਂ ਦੀ ਕੁੜੀ ਨਾਲ ਹੋ ਗਈ। ਜਦੋਂ ਮੁੰਡੇ ਦੀ ਆਪਣੀ ਭੈਣ ਨਾਲ ਗੱਲ ਹੁੰਦੀ ਸੀ ਤਾਂ ਉਸਦੀ ਲਵਨੀਤ ਕੌਰ ਅਟਵਾਲ ਨਾਲ ਵੀ ਫੋਨ 'ਤੇ ਗੱਲਬਾਤ ਹੁੰਦੀ ਰਹਿੰਦੀ ਸੀ। ਲਵਨੀਤ ਕੌਰ ਨੂੰ ਜਦੋਂ ਇਹ ਪਤਾ ਲੱਗਾ ਕਿ ਲੜਕੇ ਦੇ ਪਰਿਵਾਰ ਦੀ ਮਾਲੀ ਹਾਲਤ ਚੰਗੀ ਹੈ ਤਾਂ ਲਵਨੀਤ ਨੇ ਆਪਣੀ ਸੋਚੀ ਸਮਝੀ ਚਾਲ ਨਾਲ ਉਸਦੀ ਭੈਣ ਰਾਹੀਂ ਫੋਨ 'ਤੇ ਮੁੰਡੇ ਨਾਲ ਗੱਲਬਾਤ ਕਰਕੇ ਉਸਨੂੰ ਆਪਣੇ ਜਾਲ 'ਚ ਫਸਾ ਲਿਆ ਅਤੇ ਆਪਣੀ ਮਾਤਾ, ਭਰਾ ਅਤੇ ਭੈਣ ਨਾਲ ਮਿਲੀਭੁਗਤ ਨਾਲ ਉਨਾਂ ਉਸ ਨੂੰ ਕੈਨੇਡਾ ਬੁਲਾਉਣ ਦਾ ਝਾਂਸਾ ਦੇ ਕੇ ਉਸ ਨਾਲ ਲਵਨੀਤ ਕੌਰ ਦਾ ਵਿਆਹ ਕਰਵਾਇਆ।

ਉਪਰੰਤ ਲਵਨੀਤ ਕੌਰ ਅਟਵਾਲ ਨੇ ਸਟੱਡੀ ਫੀਸ ਅਤੇ ਸਪਾਊਸ ਵੀਜ਼ਾ ਲਗਵਾਉਣ ਲਈ ਹੇਰਾਫੇਰੀ ਨਾਲ ਉਨਾਂ ਕੋਲੋਂ 28 ਲੱਖ ਰੁਪਏ ਲੈ ਲਏ ਅਤੇ ਮੁੰਡੇ ਨੂੰ ਕੈਨੇਡਾ ਨਹੀਂ ਬੁਲਾਇਆ ਅਤੇ ਦਰਖ਼ਾਸਤ ਕਰਤਾ ਧਿਰ ਨਾਲ ਕੁੜੀ ਦੀ ਮਾਤਾ ਸੁਖਜੀਤ ਕੌਰ ਅਟਵਾਲ ਵਲੋਂ ਸਾਢੇ 13 ਲੱਖ ਰੁਪਏ 'ਚ ਫੈਸਲਾ ਕਰ ਕੇ ਵੀ ਫੈਸਲੇ ਮੁਤਾਬਿਕ ਪੈਸੇ ਵਾਪਸ ਨਹੀਂ ਦਿੱਤੇ। ਪੁਲਿਸ ਨੇ ਪੜਤਾਲ 'ਚ ਲਿਖਿਆ ਕਿ ਕੁੜੀ ਦੀ ਮਾਤਾ ਸੁਖਜੀਤ ਕੌਰ ਅਟਵਾਲ ਨੇ ਆਪਸ 'ਚ ਮਿਲੀਭੁਗਤ ਕਰ ਕੇ ਸਾਜ਼ਿਸ਼ ਨਾਲ ਮੁੰਡੇ ਦੇ ਪਰਿਵਾਰ ਨਾਲ ਕੁੱਲ 28 ਲੱਖ ਰੁਪਏ ਦੀ ਠੱਗੀ ਮਾਰੀ ਹੈ ਜਿਸ ਸਬੰਧੀ ਉਕਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਨਾ ਬਣਦਾ ਹੈ।

ਸਥਾਨਕ ਪੁਲਿਸ ਨੇ ਡੀ.ਏ. ਲੀਗਲ ਦੀ ਰਿਪੋਰਟ ਉਪਰੰਤ ਕੁੜੀ ਲਵਨੀਤ ਕੌਰ, ਉਸਦੀ ਮਾਤਾ ਸੁਖਜੀਤ ਕੌਰ ਅਟਵਾਲ ਪਤਨੀ ਸਵ. ਹਰਬੰਸ ਸਿੰਘ ਅਟਵਾਲ, ਭਰਾ ਪਰਮਵੀਰ ਸਿੰਘ ਅਟਵਾਲ ਅਤੇ ਭੈਣ ਨਵਨੀਤ ਕੌਰ ਅਟਵਾਲ ਵਾਸੀਆਨ ਪਲਾਟ ਨੰਬਰ 507, ਨੇੜੇ ਮਾਰੂਤੀ ਸ਼ੋਅਰੂਮ ਨਾਕਾ ਰੋਡ ਫਲੋਰ, ਨਾਗਪੁਰ (ਮਹਾਰਾਸ਼ਟਰ) ਵਿਰੁੱਧ ਧੋਖਾਦੇਹੀ ਦੇ ਦੋਸ਼ਾਂ ਹੇਠ ਆਈ.ਪੀ.ਸੀ. ਦੀ ਧਾਰਾ 420, 406 ਅਤੇ 120-ਬੀ ਤਹਿਤ ਮਾਮਲਾ ਦਰਜ ਕੀਤਾ ਹੈ।

# ਟਿਕਰੀ ਮੋਰਚੇ ਨੇੜੇ ਟਿੱਪਰ ਵਲੋਂ ਟੱਕਰ ਮਾਰਨ ਕਾਰਨ ਤਿੰਨ ਕਿਸਾਨ ਔਰਤਾਂ ਦੀ ਮੌਤ

## ✪ ਪੁਲਿਸ ਵੱਲੋਂ ਡਰਾਈਵਰ ਗ੍ਰਿ.ਫਤਾਰ ✪ ਮਾਨਸਾ ਜ਼ਿਲੇ ਦੇ ਪਿੰਡ ਖੀਵਾ ਦਿਆਲੂ ਵਾਲਾ ਨਾਲ ਸਬੰਧਤ ਸਨ ਮ੍ਰਿਤਕ ਔਰਤਾਂ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਟਿਕਰੀ-ਬਹਾਦੁਰਗੜ ਸਰਹੱਦ ’ਤੇ ਬੀਤੇ ਵੀਰਵਾਰ ਨੂੰ ਤੜਕੇ ਟਿੱਪਰ ਨੇ ਤਿੰਨ ਕਿਸਾਨ ਔਰਤਾਂ ਅਮਰਜੀਤ ਕੌਰ, ਗੁਰਮੇਲ ਕੌਰ ਤੇ ਸੁਖਵਿੰਦਰ ਕੌਰ ਵਾਸੀ ਖੀਵਾ ਦਿਆਲੂ ਵਾਲਾ (ਮਾਨਸਾ) ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਨਾਂ ਦੀ ਮੌਕੇ ’ਤੇ ਮੌਤ ਹੋ ਗਈ। ਇਹ ਔਰਤਾਂ ਪ੍ਰਦਰਸ਼ਨ ਵਾਲੀ ਥਾਂ ’ਤੇ ਰੁਕੀਆਂ ਹੋਈਆਂ ਸਨ ਜਿੱਥੇ ਕਿਸਾਨ ਪਿਛਲੇ 11 ਮਹੀਨਿਆਂ ਤੋਂ ਵਿਵਾਦਤ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਡਟੇ ਹੋਏ ਹਨ। ਜਦੋਂ ਕਿ ਦੋ ਔਰਤਾਂ ਗੁਰਮੇਲ ਕੌਰ ਤੇ ਹਰਮੀਤ ਕੌਰ ਗੰਭੀਰ ਜ਼ਖ਼ਮੀ ਹੋ ਗਈਆਂ। ਇਹ ਸਾਰੀਆਂ ਔਰਤਾਂ ਸਵੇਰੇ ਛੇ ਵਜੇ ਦਿੱਲੀ ਮੋਰਚੇ ਤੋਂ ਪੰਜਾਬ ਵਾਪਸ ਆਉਣ ਲਈ ਝੱਜਰ ਪੁਲ ਦੇ ਥੱਲੇ ਰੇਲਵੇ ਸਟੇਸ਼ਨ ’ਤੇ ਪਹੁੰਚਣ ਲਈ ਸੜਕ ਦੇ ਡਿਵਾਈਡਰ ’ਤੇ ਬੈਠ ਕੇ ਆਟੋ ਰਿਕਸ਼ੇ ਦੀ ਉਡੀਕ ਕਰ ਰਹੀਆਂ ਸਨ।

**ਗੁਰਮੇਲ ਕੌਰ, ਸੁਖਵਿੰਦਰ ਕੌਰ, ਅਮਰਜੀਤ ਕੌਰ**

ਇਸ ਦੌਰਾਨ ਟਿੱਪਰ ਨੇ ਇਨਾਂ ਔਰਤਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਹਾਦਸੇ ਮਗਰੋਂ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਕਿਸਾਨਾਂ ਵਲੋਂ ਟਿੱਪਰ ਡਰਾਈਵਰ ਅਤੇ ਮਾਲਕ ਦੀ ਗ੍ਰਿਫ਼ਤਾਰੀ ਦੀ ਮੰਗ ਲਈ ਪਕੌੜਾ ਚੌਕ ਵਿੱਚ ਦੋ ਘੰਟੇ ਜਾਮ ਲਾਇਆ ਗਿਆ। ਇਸ ਤੋਂ ਬਾਅਦ ਪੁਲੀਸ ਪ੍ਰਸ਼ਾਸਨ ਨੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ। ਜ਼ਖ਼ਮੀ ਔਰਤਾਂ ਨੂੰ ਪੰਡਿਤ ਭਾਗਵਤ ਦਿਆਲ ਸ਼ਰਮਾ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਰੋਹਤਕ ਵਿੱਚ ਰੈਫਰ ਕੀਤਾ ਗਿਆ ਹੈ। ਇਹ ਸਾਰੀਆਂ ਔਰਤਾਂ 50 ਤੋਂ 55 ਸਾਲ ਦੀ ਉਮਰ ਦੀਆਂ ਸਨ।

**ਕਿਸਾਨ ਆਗੂਆਂ ਨੂੰ ਸਾਜ਼ਿਸ਼ ਦਾ ਸ਼ੱਕ**

ਕਿਸਾਨ ਆਗੂ ਬੂੱਕਣ ਸਿੰਘ ਸੱਦੋਵਾਲ ਅਤੇ ਮਨਜੀਤ ਸਿੰਘ ਘਰਾਚੋਂ ਨੇ ਕਿਹਾ ਕਿ ਹਾਦਸਾ ਹਰਿਆਣਾ ਦੀ ਖੱਟਰ ਸਰਕਾਰ ਦੀ ਗਿਣੀ-ਮਿਥੀ ਸਾਜ਼ਿਸ਼ ਜਾਪਦੀ ਹੈ। ਉਨਾਂ ਕਿਹਾ ਕਿ ਲਖੀਮਪੁਰ ਦੀ ਘਟਨਾ ਵੀ ਭਾਜਪਾ ਵੱਲੋਂ ਕਰਵਾਈ ਗਈ ਸੀ। ਬੁਲਾਰਿਆਂ ਵੱਲੋਂ ਇਸ ਘਟਨਾ ਦੀ ਪੜਤਾਲ ਕਰ ਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।

**ਚੰਨੀ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਿੱਲੀ ਦੇ ਟਿੱਕਰੀ ਬਾਰਡਰ ’ਤੇ ਪਕੌੜਾ ਚੌਕ ਵਿੱਚ ਤੇਜ਼ ਰਫ਼ਤਾਰ ਟਿੱਪਰ ਵੱਲੋਂ ਦਰੜੀਆਂ ਗਈਆਂ ਤਿੰਨ ਔਰਤਾਂ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨਾਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸੂਬਾ ਸਰਕਾਰ ਵੱਲੋਂ 5-5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਅਤੇ ਜ਼ਖ਼ਮੀ ਔਰਤਾਂ ਦਾ ਮੁਫ਼ਤ ਇਲਾਜ ਕਰਵਾਉਣ ਦਾ ਵੀ ਐਲਾਨ ਕੀਤਾ ਹੈ।

**ਬੇਰਹਿਮੀ ਤੇ ਨਫਰਤ ਨੇ ਦੇਸ਼ ਨੂੰ ਖੋਖਲਾ ਕੀਤਾ : ਰਾਹੁਲ**

ਹਰਿਆਣਾ ਦੇ ਟਿਕਰੀ ਬਾਰਡਰ ’ਤੇ ਟਿੱਪਰ ਦੀ ਟੱਕਰ ਕਾਰਨ ਮਰੀਆਂ ਤਿੰਨ ਕਿਸਾਨ ਔਰਤਾਂ ਸਬੰਧੀ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਅੰਨਦਾਤੇ ਨੂੰ ਦਰੜ ਦਿੱਤਾ ਗਿਆ ਅਤੇ ਇਸ ਬੇਰਹਿਮੀ ਤੇ ਨਫਰਤ ਨਾਲ ਦੇਸ਼ ਖੋਖਲਾ ਹੋ ਰਿਹਾ ਹੈ। ਗਾਂਧੀ ਨੇ ਇਹ ਗੱਲ ਟਵੀਟ ਰਾਹੀਂ ਆਖੀ।

**ਹਰ ਮੋਰਚੇ ਵਿਚ ਸ਼ਾਮਲ ਹੁੰਦੀਆਂ ਸਨ ਖੀਵਾ ਬੀਬੀਆਂ**

ਦਿੱਲੀ ਦੇ ਟਿੱਕਰੀ ਬਾਰਡਰ ’ਤੇ ਵਾਪਰੇ ਹਾਦਸੇ ਵਿੱਚ ਮਾਨਸਾ ਜ਼ਿਲੇ ਦੇ ਪਿੰਡ ਖੀਵਾ ਦਿਆਲੂਵਾਲਾ ਦੀਆਂ ਜਿਹੜੀਆਂ ਤਿੰਨ ਬੀਬੀਆਂ ਦੀ ਮੌਤ ਅਤੇ ਦੋ ਗੰਭੀਰ ਜਖ਼ਮੀ ਹੋ ਗਈਆਂ ਹਨ, ਉਹ ਕਿਸਾਨਾਂ ਦੇ ਹਰ ਸੰਘਰਸ਼ ਵਿਚ ਸ਼ਾਮਲ ਹੁੰਦੀਆਂ ਸਨ। ਉਹ ਅਕਸਰ ਦਿੱਲੀ ਅੰਦੋਲਨ ਜਾਂਦੀਆਂ-ਆਉਂਦੀਆਂ ਰਹਿੰਦੀਆਂ ਸਨ। ਇਨਾਂ ਬੀਬੀਆਂ ਨੇ ਇਲਾਕੇ ਦੀਆਂ ਸੈਂਕੜੇ ਔਰਤਾਂ ਦੀ ਦਿੱਲੀ ਦੇ ਕਿਸਾਨ ਅੰਦੋਲਨ ਵਿੱਚ ਹਾਜ਼ਰੀ ਲੁਆਈ। ਇਹ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨਾਲ ਜੁੜੀਆਂ ਹੋਈਆਂ ਸਨ ਤੇ ਇਸ ਜਥੇਬੰਦੀ ਦੇ ਹਰ ਅੰਦੋਲਨ ਵਿੱਚ ਮੂਹਰੇ ਹੋ ਕੇ ਲੜਾਈ ਲੜਦੀਆਂ ਸਨ। ਜਦੋਂ ਇਹ ਖਬਰ ਮਿਲੀ ਤਾਂ ਪਿੰਡ ਵਿੱਚ ਵਾਸੀ ਸੋਗ ਵਿੱਚ ਡੁੱਬ ਗਏ ਅਤੇ ਕਿਸੇ ਵੀ ਘਰ ਚੁੱਲਾ ਨਾ ਬਲਿਆ। ਸਰਪੰਚ ਘੁੱਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਅਜਿਹੀ ਇਹ ਪਹਿਲੀ ਘਟਨਾ ਹੈ ਪਰ ਉਨਾਂ ਨੂੰ ਇਨਾਂ ਮਾਈਆਂ ਦੇ ਸ਼ਹੀਦੀ ’ਤੇ ਮਾਣ ਹੈ। ਪਿੰਡ ਦੇ ਕਿਸਾਨ ਆਗੂ ਗੁਲਾਬ ਸਿੰਘ ਦਾ ਕਹਿਣਾ ਹੈ ਕਿ ਇਨਾਂ ਬੀਬੀਆਂ ਸ਼ਹੀਦੀ ਮਗਰੋਂ ਇਲਾਕੇ ਦੀਆਂ ਹੋਰਨਾਂ ਬੀਬੀਆਂ ਦਾ ਸੰਘਰਸ਼ ਵਿੱਚ ਕੁੱਦਣ ਲਈ ਹੌਸਲਾ ਵਧੇਗਾ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ, ਪੰਜਾਬ ਕਿਸਾਨ ਯੂਨੀਅਨ ਦੇ ਪ੍ਰੈਸ ਸਕੱਤਰ ਬਲਕਰਨ ਸਿੰਘ ਬੱਲੀ, ਐਡਵੋਕੇਟ ਗੁਰਲਾਭ ਸਿੰਘ



ਮਾਹਲ ਅਤੇ ਧੰਨਾ ਮੱਲ ਗੋਇਲ ਨੇ ਦੱਸਿਆ ਕਿ ਸ਼ਹੀਦ ਬੀਬੀ ਅਮਰਜੀਤ ਕੌਰ (65) ਦੇ ਪਤੀ ਹਰਜੀਤ ਸਿੰਘ ਦੀ 18 ਸਾਲ ਪਹਿਲਾਂ ਸੱਪ ਦੇ ਡੰਗਣ ਕਾਰਨ ਮੌਤ ਹੋ ਗਈ ਸੀ। ਉਨਾਂ ਦਾ ਇੱਕ ਲੜਕਾ ਹੈ, ਜਿਸ ਦਾ ਐਕਸੀਡੈਂਟ ਹੋਣ ਮਗਰੋਂ ਉਹ ਪੂਰੀ ਤਰਾਂ ਬੋਲ ਨਹੀਂ ਸਕਦਾ। ਉਨਾਂ ਦੀ ਇੱਕ ਬੇਟੀ ਲਖਵਿੰਦਰ ਕੌਰ ਹੈ ਜਿਸ ਦਾ ਆਗਾਮੀ 23 ਜਨਵਰੀ ਨੂੰ ਵਿਆਹ ਹੋਣਾ ਹੈ। ਪਰਿਵਾਰ ’ਤੇ 10 ਲੱਖ ਰੁਪਏ ਬੈਂਕ ਅਤੇ 20 ਲੱਖ ਰੁਪਏ ਦਾ ਪ੍ਰਾਈਵੇਟ ਕਰਜ਼ਾ ਹੈ ਅਤੇ ਪਰਿਵਾਰ ਕੋਲ ਸਿਰਫ 5 ਏਕੜ ਜ਼ਮੀਨ ਹੈ। ਬੀਬੀ ਸੁਖਵਿੰਦਰ ਕੌਰ (57) ਦਾ ਪਤੀ ਭਗਵਾਨ ਸਿੰਘ ਅਧਰੰਗ ਕਾਰਨ ਸਾਲ 2016 ਵਿਚ ਸਵਰਗਵਾਸ ਹੋ ਗਿਆ ਸੀ। ਉਸ ਦੇ ਘਰ ਇੱਕ ਲੜਕਾ, ਇੱਕ ਪੋਤਰਾ ਅਤੇ ਇੱਕ ਪੋਤਰੀ ਹੈ। ਇਸ ਪਰਿਵਾਰ ਕੋਲ ਸਿਰਫ 2 ਏਕੜ ਜ਼ਮੀਨ ਹੈ। ਇਸ ਪਰਿਵਾਰ ਸਿਰ 5 ਲੱਖ ਦਾ ਸਰਕਾਰੀ ਕਰਜ਼ਾ ਅਤੇ 10 ਲੱਖ ਰੁਪਏ ਪ੍ਰਾਈਵੇਟ ਵਿਅਕਤੀਆਂ ਦਾ ਕਰਜ਼ਾ ਹੈ। ਸ਼ਹੀਦ ਬੀਬੀ ਗੁਰਮੇਲ ਕੌਰ (62) ਪਤਨੀ ਭੋਲਾ ਸਿੰਘ ਕੋਲ ਇੱਕ ਲੜਕਾ ਹੈ ਅਤੇ ਇਸ ਪਰਿਵਾਰ ਕੋਲ 5 ਏਕੜ ਜ਼ਮੀਨ ਹੈ। 5 ਲੱਖ ਦੀ ਬੈਂਕ ਦੀ ਲਿਮਟ ਹੈ ਅਤੇ 20 ਲੱਖ ਰੁਪਏ ਦਾ ਪ੍ਰਾਈਵੇਟ ਕਰਜ਼ਾ ਹੈ। ਇਸ ਤੋਂ ਇਲਾਵਾ ਜ਼ਖ਼ਮੀਆਂ ਵਿੱਚ ਬੀਬੀ ਹਰਮੀਤ ਕੌਰ (60) ਪਤਨੀ ਗੁਰਤੇਜ ਸਿੰਘ ਹਨ ਕੋਲ ਇੱਕ ਲੜਕਾ ਤੇ ਇੱਕ ਲੜਕੀ ਹੈ ਤੇ ਪਰਿਵਾਰ ਕੋਲ 8 ਏਕੜ ਜ਼ਮੀਨ ਹੈ। ਪਰਿਵਾਰ ਦੇ ਸਿਰ 6 ਲੱਖ ਰੁਪਏ ਸਰਕਾਰੀ ਕਰਜ਼ਾ ਤੇ 10 ਲੱਖ ਰੁਪਏ ਪ੍ਰਾਈਵੇਟ ਕਰਜ਼ਾ ਹੈ। ਜ਼ਖਮੀ ਬੀਬੀ ਗੁਰਮੇਲ ਕੌਰ (65) ਪਤਨੀ ਮੇਹਰ ਸਿੰਘ ਕੋਲ 2 ਲੜਕੀਆਂ ਅਤੇ ਇੱਕ ਲੜਕਾ ਹੈ। ਇਸ ਪਰਿਵਾਰ ਕੋਲ ਸਾਢੇ 4 ਏਕੜ ਜ਼ਮੀਨ ਹੈ, 5 ਲੱਖ ਦਾ ਸਰਕਾਰੀ ਕਰਜ਼ਾ ਹੈ ਅਤੇ ਤਕਰੀਬਨ 18 ਲੱਖ ਰੁਪਏ ਪ੍ਰਾਈਵੇਟ ਕਰਜ਼ਾ ਹੈ।

**ਕਿਸਾਨ ਬੀਬੀਆਂ ਦੀ ਮੌਤ ’ਤੇ ਸ਼੍ਰੋਮਣੀ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ**

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦਿੱਲੀ ਟਿਕਰੀ ਸਰਹੱਦ ’ਤੇ ਤੇਜ਼ ਰਫ਼ਤਾਰ ਟਿੱਪਰ ਵੱਲੋਂ ਕੁਚਲੇ ਜਾਣ ਕਾਰਨ ਕਿਸਾਨੀ ਸੰਘਰਸ਼ ਵਿਚ ਬੈਠੀਆਂ ਤਿੰਨ ਔਰਤਾਂ ਦੀ ਮੌਤ ਤੇ ਹੋਰਨਾਂ ਦੇ ਜ਼ਖ਼ਮੀ ਹੋਣ ਦੀ ਵਾਪਰੀ ਘਟਨਾ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਾਰੀ ਬਿਆਨ ਵਿੱਚ ਉਨਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਆਪਣੀਆਂ ਮੰਗਾਂ ਖ਼ਾਤਰ ਲੰਮੇ ਸਮੇਂ ਤੋਂ ਦਿੱਲੀ ਦੇ ਬਾਰਡਰਾਂ ’ਤੇ ਬੈਠਾ ਹੈ, ਪਰ ਕੇਂਦਰ ਸਰਕਾਰ ਆਪਣੀ ਅੜੀ ਕਾਰਨ ਕਿਸਾਨੀ ਮਸਲਿਆਂ ਦਾ ਹੱਲ ਨਹੀਂ ਕਰ ਰਹੀ। ਉਨਾਂ ਕਿਹਾ ਕਿ ਇਸ ਕਿਸਾਨੀ ਸੰਘਰਸ਼ ਵਿੱਚ ਹੁਣ ਤੱਕ ਸੈਂਕੜੇ ਕਿਸਾਨ ਸ਼ਹੀਦ ਹੋ ਚੁੱਕੇ ਹਨ। ਉਨਾਂ ਕਿਹਾ ਕਿ ਅੱਜ ਵਾਪਰੀ ਘਟਨਾ ਅਤਿ ਦੁਖਦਾਈ ਹੈ, ਜਿਸ ਵਿੱਚ ਤਿੰਨ ਕਿਸਾਨ ਔਰਤਾਂ ਦੀ ਮੌਤ ਹੋਈ ਹੈ ਤੇ ਕੁਝ ਲੋਕ ਜ਼ਖ਼ਮੀ ਵੀ ਹੋਏ ਹਨ। ਉਨਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਦੇਸ਼ ਵਾਸੀ ਸੜਕਾਂ ’ਤੇ ਕਿਉਂ ਬੈਠੇ ਹਨ।



# ਪ੍ਰਵਾਸੀ ਭਾਰਤੀ ਦਰਸ਼ਨ ਸਿੰਘ ਰੱਖੜਾ ਨੂੰ ਦਿੱਲੀ ਹਵਾਈ ਅੱਡੇ ਤੋਂ ਵਾਪਸ ਮੋੜਨਾ ਨਿੰਦਾਯੋਗ

**ਰਜਿੰਦਰ ਸਿੰਘ ਪੁਰੇਵਾਲ**

ਸਾਬਕਾ ਅਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਵੱਡੇ ਭਰਾ ਤੇ ਉੱਘੇ ਪ੍ਰਵਾਸੀ ਭਾਰਤੀ ਦਰਸ਼ਨ ਸਿੰਘ ਧਾਲੀਵਾਲ ਰੱਖੜਾ ਨੂੰ  ਦਿੱਲੀ ਹਵਾਈ ਅੱਡੇ ਤੋਂ ਕਿਸਾਨੀ ਸੰਘਰਸ਼ ਦੀ ਮਦਦ ਕਰਨ ਕਾਰਨ ਅਮਰੀਕਾ ਵਾਪਸ ਮੋੜ ਦਿੱਤਾ ਗਿਆ ਹੈ, ਜਿਸ ਕਾਰਨ ਪੂਰੇ ਪੰਜਾਬ ਵਿਚ ਤੇ ਕਿਸਾਨਾਂ ਵਿਚ ਭਾਰੀ ਰੋਸ ਹੈ। ਦੱਸਣਯੋਗ ਹੈ ਕਿ ਜਦੋਂ ਤੋਂ ਕਿਸਾਨੀ ਸੰਘਰਸ਼ ਚੱਲਿਆ ਹੈ, ਉਦੋਂ ਤੋਂ ਹੀ ਸੂਬੇ ਦੇ ਕਰਤਾਰ ਸਿੰਘ ਧਾਲੀਵਾਲ ਟਰੱਸਟ ਨੇ ਦਿੱਲੀ ਵਿਖੇ ਬਕਾਇਦਾ ਤੌਰ ’ਤੇ ਕਿਸਾਨਾਂ ਲਈ ਲੰਗਰ ਤੇ ਰਹਿਣ ਬਸੇਰਿਆਂ ਦੇ ਵੱਡੇ ਪੱਧਰ ’ਤੇ ਪ੍ਰਬੰਧ ਕੀਤੇ ਹੋਏ ਹਨ । ਸੁਰਜੀਤ ਸਿੰਘ ਰੱਖੜਾ ਨੇ ਦੱਸਿਆ ਕਿ ਦਰਸ਼ਨ ਸਿੰਘ ਧਾਲੀਵਾਲ ਰੱਖੜਾ ਪਤਨੀ ਨਾਲ ਭਤੀਜੀ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਆ ਰਹੇ ਸਨ । ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਨਾਂ ਨੂੰ ਦਿੱਲੀ ਹਵਾਈ ਅੱਡੇ ’ਤੇ ਕਾਫ਼ੀ ਪਰੇਸ਼ਾਨ ਤੇ ਤੰਗ ਕੀਤਾ ਗਿਆ ਸੀ, ਪਰ ਦੋ ਤਿੰਨ ਘੰਟਿਆਂ ਦੀ ਖੱਜਲ-ਖ਼ੁਆਰੀ ਤੋਂ ਬਾਅਦ ਉਨਾਂ ਨੂੰ ਦਿੱਲੀ ਤੋਂ ਪੰਜਾਬ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਸੀ, ਪਰ ਇਸ ਵਾਰ ਅਜਿਹਾ ਨਹੀਂ ਕੀਤਾ ਗਿਆ।। ਇਸ ਦੇ ਰੋਸ ਵਜੋਂ ਸ. ਰੱਖੜਾ ਵਲੋਂ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਰੋਸ ਜਤਾਇਆ ਗਿਆ ਹੈ। ਉਨਾਂ ਆਖਿਆ ਕਿ ਕਿਹੜੇ ਦੇਸ਼ ਦੇ ਸੰਵਿਧਾਨ ਵਿਚ ਹੈ ਕਿ ਇਕ ਸ਼ਰੀਫ਼ ਤੇ ਲੋਕਾਂ ਦੀ ਸੇਵਾ ਕਰਨ ਵਾਲੀ ਸ਼ਖ਼ਸੀਅਤ ਨੂੰ ਦਿੱਲੀ ਹਵਾਈ ਅੱਡੇ ’ਤੇ 6 ਘੰਟੇ ਖੱਜਲ-ਖ਼ੁਆਰ ਕਰਨ ਤੋਂ ਬਾਅਦ ਵਾਪਸ ਅਮਰੀਕਾ ਭੇਜ ਦਿੱਤਾ ਜਾਵੇ । ਉਨਾਂ ਆਖਿਆ ਕਿ ਉਹ ਖ਼ੁਦ ਵੀ ਆਪਣੇ ਭਰਾ ਨੂੰ ਲੈਣ ਲਈ ਦਿੱਲੀ ਪੁੱਜੇ ਹੋਏ ਸਨ ਤੇ ਉਨਾਂ ਇਸ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਦੇ ਚੀਫ਼ ਸੈਕਟਰੀ, ਡੀਜੀਪੀ. ਤੇ ਵਿਦੇਸ਼ ਮੰਤਰਾਲੇ ਨਾਲ ਵੀ ਰਾਬਤਾ ਕਾਇਮ ਕੀਤਾ ਹੈ, ਪਰ ਮੋਦੀ ਸਰਕਾਰ ਦੀ ਸ਼ਹਿ ’ਤੇ ਕੋਈ ਸੁਣਵਾਈ ਨਹੀਂ ਹੋਈ ਤੇ ਉਨਾਂ ਦੇ ਭਰਾ ਨੂੰ ਵਾਪਸ ਭੇਜ ਦਿੱਤਾ ਗਿਆ। ਇਸ ਤੋਂ ਸਪੱਸ਼ਟ ਕਿ ਮੋਦੀ ਸਰਕਾਰ ਨੇ ਸਿੱਖਾਂ ਦੀ ਕਾਲੀ ਸੂਚੀ ਬਣਾਈ ਹੋਈ ਹੈ ਸਿਖਾਂ ਦੇ ਸੰਵਿਧਾਨਕ ਕਰਮ ਨੂੰ ਵੀ ਮੋਦੀ ਸਰਕਾਰ ਦੇਸ ਵਿਰੋਧੀ ਨੀਤੀ ਤਹਿਤ ਦੇਖ ਰਹੀ ਹੈ। ਇਹ ਘੱਟਗਿਣਤੀਆਂ ਪ੍ਰਤੀ ਘਟੀਆ ਨਜ਼ਰੀਆ ਹੈ। ਮੋਦੀ ਸਰਕਾਰ ਨੂੰ ਸਿਖਾਂ ਪ੍ਰਤੀ ਆਪਣੀ ਨੀਤੀ ਬਦਲਣੀ ਚਾਹੀਦੀ ਹੈ।

**ਬਜਰੰਗ ਦਲ ਦੀ ਗੁੰਡਾਗਰਦੀ, ‘ਆਸ਼ਰਮ’ ਵੈੱਬ ਸੀਰੀਜ਼ ਦੇ ਸੈੱਟ ਵਿਚ ਭੰਨਤੋੜ**

ਭੋਪਾਲ ਵਿਚ ਵੈਬ ਸੀਰੀਜ਼ ਆਸ਼ਰਮ ਦੇ ਤੀਸਰੇ ਸੀਜ਼ਨ ਦੀ ਸ਼ੂਟਿੰਗ ਦੌਰਾਨ ਬਜਰੰਗ ਦਲ ਦੇ ਕਾਰਕੁੰਨਾਂ ਵਲੋਂ ਸੈਟ ਦੀ ਭੰਨਤੋੜ ਕੀਤੀ ਗਈ ਅਤੇ ਇਸ ਦੇ ਨਿਰਮਾਤਾ ਨਿਰਦੇਸ਼ਕ ਪ੍ਰਕਾਸ਼ ਝਾਅ ’ਤੇ ਹਿੰਦੂਆਂ ਨੂੰ ਗਲਤ ਤਰੀਕੇ ਨਾਲ ਦਿਖਾਉਣ ਦਾ ਦੋਸ਼ ਲਗਾਉਂਦੇ ਹੋਏ ਸਿਹਾਈ ਸੁੱਟੀ ਗਈ ।ਇਸ ਦੇ ਨਾਲ ਹੀ ਮੱਧ ਪ੍ਰਦੇਸ਼ ਦੇ ਇਕ ਮੰਤਰੀ ਨੇ ਕਿਹਾ ਕਿ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨੂੰ ਸੀਰੀਜ਼ ਦੀ ਸੂਟਿੰਗ ਦੀ ਇਜਾਜ਼ਤ ਲੈਣ ਤੋਂ ਪਹਿਲਾਂ ਇਤਰਾਜ਼ਯੋਗ ਦ੍ਰਿਸ਼ਾਂ ਬਾਰੇ ਦੱਸਣਾ ਹੋਵੇਗਾ। ਇਸ ਦੌਰਾਨ ਹੋਏ ਪਥਰਾਅ ਵਿਚ ਦੋ ਬੱਸਾਂ ਦੇ ਸ਼ੀਸ਼ੇ ਵੀ ਟੁੱਟ ਗਏ ਅਤੇ ਬਜਰੰਗ ਦਲ ਨੇ ਧਮਕੀ ਦਿੱਤੀ ਹੈ ਕਿ ਉਹ ਵੈਬ-ਸੀਰੀਜ਼ ਦੀ ਸੂਟਿੰਗ ਨਹੀਂ ਹੋਣ ਦੇਣਗੇ। ਦੂਜੇ ਪਾਸੇ ਫਿਲਮ ਸੰਗਠਨ ਪ੍ਰਡਿਊਸਰਜ਼ ਗਿਲਡ ਆਫ ਇੰਡੀਆ ਅਤੇ ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਐਂਪਲਾਇਜ਼ (ਐਫ. ਡਬਲਯੂ. ਆਈ. ਸੀ. ਈ) ਨੇ ਇਸ ਘਟਨਾ ਦਾ ਨਿੰਦਾ ਕੀਤੀ ਹੈ ।

ਅਸਲ ਗੱਲ ਇਹ ਹੈ ਕਿ ਜਦੋਂ ਦੀ ਮੋਦੀ ਸਰਕਾਰ ਆਈ ਹੈ ਉਦੋਂ ਦੇ ਫਿਰਕੂ ਬਿਰਗੇਡ ਫਿਲਮੀ ਕਲਾਕਾਰਾਂ ਤੇ ਮੁਸਲਮਾਨਾਂ ਉਪਰ ਹਿੰਸਕ ਹਮਲਾ ਕਰ ਰਹੇ ਹਨ।ਇਨਾਂ ਨੂੰ ਨਾ ਕਾਨੂੰਨ ਦਾ ਡਰ ਹੈ ਨਾ ਸਰਕਾਰ ਦਾ।ਉਨਾਂ ਨੂੰ ਜਾਪਦਾ ਹੈ ਕਿ ਸਰਕਾਰ ਉਨਾਂ ਪਿਛੇ ਖਲੌਤੀ ਹੈ।ਇਹੀ ਕਾਰਨ ਕਿ ਫਿਰਕੂ ਲੋਕਾਂ ਕਾਰਨ ਭਾਰਤ ਵਿਚ ਦਹਿਸ਼ਤ ਦਾ ਮਾਹੌਲ ਬਣ ਚੁੱਕਾ ਹੈ।

**ਚੀਨ ਭਾਰਤ ਉਪਰ ਭਾਰੂ, ਚੀਨ ਨੇ ਹੁਣ ਪਾਸ ਕੀਤਾ ਨਵਾਂ ਕਾਨੂੰਨ**

ਭਾਰਤ ਨਾਲ ਪੂਰਬੀ ਲੱਦਾਖ ਅਤੇ ਪੂਰਬ ਉਤਰ ਦੇ ਸੂਬਿਆਂ ਵਿੰਚ ਮਹੀਨਿਆਂ ਤੋਂ ਬਰਕਰਾਰ ਸਰਹੱਦੀ ਵਿਵਾਦ ਵਿਚਕਾਰ ਚੀਨ ਨੇ ਜ਼ਮੀਨੀ ਵਿਵਾਦਾਂ ਨੂੰ ਮਜ਼ਬੂਤ ਅਤੇ ਕੰਟਰੋਲ ਕਰਨ ਲਈ ਇੱਕ ਨਵੀਂ ਭੂਮੀ ਸਰਹੱਦੀ ਕਾਨੂੰਨ ਪਾਸ ਕੀਤਾ ਹੈ। ਚੀਨੀ ਸੰਸਦ ਵਿੱਚ ਪਾਸ ਸਰਹੱਦੀ ਇਲਾਕਿਆਂ ਦੇ ਸੁਰੱਖਿਆ ਅਤੇ ਵਰਤੋਂ ਸਬੰਧੀ ਨਵੇਂ ਕਾਨੂੰਨ ਨਾਲ ਭਾਰਤ ਨਾਲ ਬੀਜਿੰਗ ਦੇ ਸਰਹੱਦੀ ਵਿਵਾਦ ’ਤੇ ਪ੍ਰਭਾਵ ਪੈ ਸਕਦਾ ਹੈ।

ਚੀਨੀ ਨਿਊਜ਼ ਏਜੰਸੀ ਸ਼ਿਨਹੂਆ ਮੁਤਾਬਕ, ਨੈਸ਼ਨਲ ਪੀਪਲਜ਼ ਕਾਂਗਰਸ (ਐਨਪੀਸੀ) ਦੀ ਸਥਾਈ ਸੰਮਤੀ ਦੇ ਮੈਂਬਰਾਂ ਨੇ ਬੀਤੇ ਸ਼ਨੀਵਾਰ ਨੂੰ ਸੰਸਦ ਦੀ ਖਤਮ ਹੋਈ ਬੈਠਕ ਦੌਰਾਨ ਇਸ ਕਾਨੂੰਨ ਨੂੰ ਮਨਜ਼ੂਰੀ ਦਿੱਤੀ। ਇਹ ਕਾਨੂੰਨ ਅਗਲੇ ਸਾਲ ਇੱਕ ਜਨਵਰੀ ਤੋਂ ਲਾਗੂ ਹੋਵੇਗਾ। ਇਸ ਮੁਤਾਬਕ, ‘ਪੀਪਲਜ਼ ਰਿਪਬਲਿਕ ਆਫ ਚਾਈਨਾ ਦੀ ਸੰਪ੍ਰਭੂਤਾ ਅਤੇ ਖੇਤਰੀ ਅਖੰਡਤਾ ਉਪਰ ਦ੍ਰਿੜ ਹੈ।’

ਸ਼ਿਨਹੂਆ ਮੁਤਾਬਕ, ਕਾਨੂੰਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ, ਆਰਥਿਕ ਅਤੇ ਸਾਮਜਿਕ ਵਿਕਾਸ ਵਿੱਚ ਮਦਦ ਦੇਣ, ਸਰਹੱਦੀ ਖੇਤਰਾਂ ਨੂੰ ਖੋਲਣ, ਅਜਿਹੇ ਖੇਤਰਾਂ ਵਿੱਚ ਜਨ ਸੇਵਾ ਅਤੇ ਬੁਨਿਆਦੀ ਢਾਂਚੇ ਨੂੰ ਵਧੀਆ ਬਣਾਉਣ, ਉਤਸ਼ਾਹਤ ਕਰਨ ਅਤੇ ਉਥੋਂ ਦੇ ਲੋਕਾਂ ਦੇ ਜੀਵਨ ਅਤੇ ਕੰਮਾਂ ਵਿੱਚ ਮਦਦ ਲਈ ਚੀਨ ਕਦਮ ਚੁਕ ਸਕਦਾ ਹੈ। ਉਥੇ ਸਰਹੱਦਾਂ ’ਤੇ ਰੱਖਿਆ, ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਪਰਸਪਰਤਾ ਨੂੰ ਉਤਸਾਹ.ਤ ਕਰਨ ਲਈ ਉਪਾਅ ਕਰ ਸਕਦਾ ਹੈ।

ਦੱਸ ਦਈਏ ਕਿ ਪਿਛਲੇ 17 ਮਹੀਨਿਆਂ ਤੋਂ ਭਾਰਤ-ਚੀਨ ਵਿਵਾਦ ਵਿੱਚ ਉਲਝੇ ਹਨ। ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿੱਚ 15 ਜੂਨ 2020 ਨੂੰ ਦੋਵੇਂ ਦੇਸ਼ਾਂ ਦੇ ਫੌਜੀਆਂ ਵਿੱਚ ਹੋਈ ਹਿੰਸਕ ਝੜਪ ਤੋਂ ਬਾਅਦ ਤੋਂ ਹੀ ਦੇਸ਼ਾਂ ਵਿਚਕਾਰ ਸਰਹੱਦੀ ਵਿਵਾਦ ਬਰਕਰਾਰ ਹੈ। ਇਸ ਝੜਕ ਵਿੱਚ ਭਾਰਤੀ ਫੌਜ ਦੇ ਲਗਭਗ 20 ਫੌਜੀ ਸ਼ਹੀਦ ਹੋ ਗਏ ਸਨ। ਨਵੇਂ ਕਾਨੂੰਨ ਵਿੱਚ ਕਿਹਾ ਗਿਆ ਹੈ ਕਿ ਬੀਜਿੰਗ ਨੇ ਆਪਣੇ 12 ਗੁਆਂਢੀਆਂ ਨਾਲ ਸਰਹੱਦੀ ਵਿਵਾਦ ਸੁਲਝਾ ਲਿਆ ਹੈ, ਪਰ ਭਾਰਤ ਅਤੇ ਭੂਟਾਨ ਨਾਲ ਉਸ ਦੇ ਹੁਣ ਤੱਕ ਸਰਹੱਦ ਸਬੰਧੀ ਸਮਝੌਤਿਆਂ ਨੂੰ ਆਖ਼ਰੀ ਰੂਪ ਨਹੀਂ ਦਿੱਤਾ ਗਿਆ ਹੈ। ਭਾਰਤ ਅਤੇ ਚੀਨ ਵਿਚਕਾਰ ਸਰਹੱਦ ਵਿਵਾਦ ਅਸਲ ਕੰਟਰੋਲ ਰੇਖਾ (ਐਲਏਸੀ) ’ਤੇ 3,488 ਕਿਲੋਮੀਟਰ ਦੇ ਖੇਤਰ ਵਿੱਚ ਹੈ, ਜਦਕਿ ਭੂਟਾਨ ਨਾਲ ਚੀਨ ਦਾ ਵਿਵਾਦ 400 ਕਿਲੋਮੀਟਰ ਦੀ ਸਰਹੱਦ ’ਤੇ ਹੈ। ਵਿਦੇਸ਼ ਸਕੱਤਰ ਹਰਸ਼ਵਰਧਨ ਸ਼੍ਰਿੰਗਲਾ ਨੇ ਪਿਛਲੇ ਹਫਤੇ ਕਿਹਾ ਸੀ ਕਿ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ ’ਤੇ ਘਟਨਾਕ੍ਰਮਾਂ ਨੇ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਨੂੰ ਗੰਭੀਰ ਰੂਪ ਨਾਲ ਪ੍ਰਭਾਵਤ ਕੀਤਾ ਹੈ ਅਤੇ ਜ਼ਾਹਿਰ ਤੌਰ ’ਤੇ ਇਸਦਾ ਵਿਆਪਕ ਰਿਸ਼ਤਿਆਂ ’ਤੇ ਵੀ ਅਸਰ ਪਵੇਗਾ। ਪਰ ਚੀਨ ਪ੍ਰਤੀ ਭਾਰਤ ਦੀ ਕਾਰਵਾਈ ਢਿੱਲੀ ਹੈ ਜਦਕਿ ਚੀਨ ਭਾਰਤ ਨਾਲ ਕੀਤੇ ਵਾਅਦਿਆਂ ਦੀ ਉਲੰਘਣਾ ਕਰ ਰਿਹਾ ਹੈ।

# ਕਾਰੋਬਾਰੀ ਧਾਲੀਵਾਲ ਨੂੰ ਦਿੱਲੀ ਹਵਾਈ ਅੱਡੇ ਤੋਂ ਵਾਪਸ ਅਮਰੀਕਾ ਭੇਜਣ ਦਾ ਮਾਮਲਾ

## ਜਥੇਦਾਰ ਹਰਪ੍ਰੀਤ ਸਿੰਘ ਤੇ ਵੱਡੇ ਬਾਦਲ ਮੋਦੀ ਸਰਕਾਰ ਤੋਂ ਔਖੇ

**ਤਲਵੰਡੀ ਸਾਬੋ/ਏ.ਟੀ.ਨਿਊਜ਼ :** ਧਾਲੀਵਾਲ ਨੂੰ 23 ਅਤੇ 24 ਅਕਤੂਬਰ ਦੀ ਦਰਮਿਆਨੀ ਰਾਤ ਨੂੰ ਆਈਜੀਆਈ ਹਵਾਈ ਅੱਡੇ ’ਤੇ ਅਧਿਕਾਰੀਆਂ ਨੇ ਇਹ ਕਹਿ ਕੇ ਮੋੜ ਦਿੱਤਾ ਸੀ ਕਿ ਅਜਿਹਾ ਉਨਾਂ ਵੱਲੋਂ ਦਿੱਲੀ ਦੇ ਬਾਰਡਰਾਂ ’ਤੇ ਸੰਘਰਸ਼ ਕਰ ਰਹੇ ਕਿਸਾਨਾਂ ਲਈ ਲੰਗਰ ਲਗਾਉਣ ਦੀ ਸਜ਼ਾ ਵਜੋਂ ਕੀਤਾ ਜਾ ਰਿਹਾ ਹੈ। ਇਸ ਕਾਰਵਾਈ ਨੂੰ ਗੁਰੂ ਸਾਹਿਬਾਨ ਵੱਲੋਂ ਸ਼ੁਰੂ ਕੀਤੀ ਪਵਿੱਤਰ ਲੰਗਰ ਪ੍ਰਥਾ ਦਾ ਅਪਮਾਨ ਕਰਾਰ ਦਿੰਦਿਆਂ ਜਥੇਦਾਰ ਅਕਾਲ ਤਖਤ ਸਾਹਿਬ ਨੇ ਪ੍ਰਧਾਨ ਮੰਤਰੀ ਨੂੰ ਇਹ ਅਪੀਲ ਵੀ ਕੀਤੀ ਕਿ ਉਹ ਇਸ ਕਾਰਵਾਈ ਨਾਲ ਦੇਸ਼ ਦੀ ਹੋਈ ਬਦਨਾਮੀ ਲਈ ਜ਼ਿੰਮੇਵਾਰ ਅਫਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਵੀ ਕਰਨ।

ਦਰਸ਼ਨ ਧਾਲੀਵਾਲ ਤੇ ਉਨਾਂ ਦੀ ਪਤਨੀ ਆਪਣੇ ਪਰਿਵਾਰ ਵਿਚ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਆ ਰਹੇ ਸਨ ਪਰ ਉਨਾਂ ਨੂੰ ਦੱਸਿਆ ਗਿਆ ਕਿ ਉਹ ਕਿਸਾਨਾਂ ਦੀ ਹਮਾਇਤ ਕਰਨ ਜਾਂ ਦੇਸ਼ ਵਿਚ ਦਾਖਲ ਹੋਣ ਵਿਚੋਂ ਇਕ ਨੂੰ ਚੁਣ ਲੈਣ। ਉਨਾਂ ਕਿਹਾ ਗਿਆ ਕਿ ਜੇਕਰ ਉਹ ਆਪਣੇ ਘਰ ਆਉਣਾ ਚਾਹੁੰਦੇ ਹਨ ਤਾਂ ਫਿਰ ਦਿੱਲੀ ਦੇ ਬਾਰਡਰਾਂ ’ਤੇ ਸੰਘਰਸ਼ ਕਰ ਰਹੇ ਕਿਸਾਨਾਂ ਲਈ ਲੰਗਰ ਲਗਾਉਣਾ ਬੰਦ ਕਰ ਦੇਣ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ  ਨੇ ਕਿਹਾ ਕਿ ਸਿਰਫ ਇਸ ਗੱਲ ਕਰਕੇ ਇਕ ਕਾਰੋਬਾਰੀ ਨੂੰ ਹਵਾਈ ਅੱਡੇ ਤੋਂ ਵਾਪਸ ਮੋੜ ਦੇਣਾ ਕਿ ਉਸ ਨੇ ਕਿਸਾਨ ਸੰਘਰਸ਼ ਦੀ ਆਰਥਿਕ ਮੱਦਦ ਕੀਤੀ ਸੀ, ਬਹੁਤ ਮੰਦਭਾਗਾ ਹੈ।

ਉਨਾਂ ਕਿਹਾ ਕਿ ਕਿਸਾਨ ਸੰਘਰਸ਼ ਦੀ ਕਿਸੇ ਕਿਸਮ ਦੀ ਮਦਦ ਕਰਨੀ ਕੋਈ ਕਾਨੂੰਨੀ ਜੁਰਮ ਨਹੀਂ ਹੈ, ਇਸ ਲਈ ਧਾਲੀਵਾਲ ਨੂੰ ਵਾਪਸ ਮੋੜਨਾ ਸਰਾਸਰ ਧੱਕਾ ਹੈ।

ਉਧਰ ਲੁਧਿਆਣਾ ਦੇ ਰਹਿਣ ਵਾਲੇ ਅਨਿਲ ਨਾਂ ਦੇ ਇਕ ਵਿਅਕਤੀ ਵੱਲੋਂ ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਦੇ ਮਸਲੇ ਦੀ ਵੀ ਸਿੰਘ ਸਾਹਿਬ ਨੇ ਨਿੰਦਾ ਕੀਤੀ ਹੈ। ਉਨਾਂ ਕਿਹਾ ਕਿ ਭਾਵੇਂ ਲੁਧਿਆਣਾ ਪੁਲਿਸ ਨੇ



ਅਨਿਲ ਨਾਮੀ ਵਿਅਕਤੀ ਖ਼ਿਲਾਫ ਮਾਮਲਾ ਤਾਂ ਦਰਜ ਕਰ ਲਿਆ ਹੈ ਪਰ ਅਜੇ ਤੱਕ ਉਸ ਨੂੰ ਗ੍ਰਿਫ਼ਤਾਰ ਨਾ ਕਰਨਾ ਸਵਾਲ ਖੜੇ ਕਰਦਾ ਹੈ।

**ਸਾਬਕਾ ਮੁੱਖ ਮੰਤਰੀ ਨੇ ਕਿਹਾ, ਸਦਭਾਵਨਾ ਵਜੋਂ ਉਨਾਂ ਨੂੰ ਸੱਦਾ ਦੇਣ ਮੋਦੀ**

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੰਦਰਾ ਗਾਂਧੀ ਨੈਸ਼ਨਲ ਏਅਰਪੋਰਟ ਅਥਾਰਟੀ ਵੱਲੋਂ ਦਰਸ਼ਨ ਸਿੰਘ ਧਾਲੀਵਾਲ ਨੂੰ ਵਾਪਸ ਅਮਰੀਕਾ ਭੇਜਣ ਦੀਆਂ ਰਿਪੋਰਟਾਂ ’ਤੇ ਪ੍ਰਤੀਕਰਮ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਨਿੱਜੀ ਤੇ ਪ੍ਰਭਾਵਸ਼ਾਲੀ ਤੌਰ ’ਤੇ ਦਖਲ ਦੇ ਕੇ ਹੋਏ ਅਨਿਆਂ ਨੂੰ ਖ਼ਤਮ ਕਰਵਾਉਣ ਦੀ ਅਪੀਲ ਕੀਤੀ ਹੈ।

ਬਾਦਲ ਨੇ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਕਿ ਉਹ ਦਰਸ਼ਨ ਸਿੰਘ ਧਾਲੀਵਾਲ ਨੂੰ ਸਦਭਾਵਨਾ ਦੇ ਕਦਮ ਵਜੋਂ ਨਿੱਜੀ ਤੌਰ ’ਤੇ ਸੱਦਾ ਦੇਣ ਤਾਂ ਜੋ ਐੱਨ ਆਰ ਆਈਜ਼ ਨੂੰ ਵੱਡਾ ਹਾਂ-ਪੱਖੀ ਸੰਕੇਤ ਮਿਲੇ।







# ਕੀ ਅਰੂਸਾ ਪੰਜਾਬ ਦਾ ਮੁੱਖ ਮਸਲਾ ਹੈ ?

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਮਾਈਨਿੰਗ, ਬੇਰੁਜ਼ਗਾਰੀ, ਪ੍ਰਦੂਸ਼ਣ ਪਾਣੀ ਕਰਕੇ ਕਿਸਾਨੀ ਤੇ ਪਸ਼ੂ ਧੰਨ ਨੂੰ ਲੱਗੇ ਕੈਂਸਰ ਰੋਗ, ਕਿਸਾਨੀ ਸੰਕਟ, ਸਨਅਤੀ ਸੰਕਟ ਕੋਈ ਮਸਲਾ ਨਹੀਂ। ਪੰਜਾਬ ਦੇ ਰਵਾਇਤੀ ਮੁੱਦੇ ਪੂਰੀ ਤਰਾਂ ਗਾਇਬ ਹਨ। ਚੰਡੀਗੜ ਪੰਜਾਬ ਨੂੰ ਮਿਲੇ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ ਅਤੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਕਿਧਰੇ ਵੀ ਸੁਣਾਈ ਨਹੀਂ ਦਿੱਤਾ। ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਮੁਤਾਬਕ ਪੰਜਾਬ ਵਿਚ 2013 ਦੌਰਾਨ ਜ਼ਮੀਨੀ ਪਾਣੀ ਦਾ ਦੋਹਣ 149 ਫੀਸਦ ਸੀ, ਜੋ 2018 ਖਤਮ ਹੋਣ ਤੱਕ 165 ਫੀਸਦ ਉੱਤੇ ਪਹੁੰਚ ਗਿਆ ਹੈ।

ਰਿਪੋਰਟ ਵਿਚ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ ਜੇਕਰ ਹਾਲਾਤ ਇਹੀ ਰਹੇ ਤਾਂ ਅਗਲੇ 25 ਸਾਲ ਵਿਚ ਪੰਜਾਬ ਵਿਚ 300 ਫੁੱਟ ਤੱਕ ਪਾਣੀ ਦੇ ਸਰੋਤ ਖਤਮ ਹੋ ਜਾਣਗੇ ਤੇ ਪੰਜਾਬ ਰੇਗਿਸਤਾਨ ਵਿਚ ਬਦਲ ਜਾਵੇਗਾ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਰਿਪੋਰਟਾਂ ਮੁਤਾਬਕ ਸੂਬੇ ਦੇ ਕਿਸੇ ਵੀ ਦਰਿਆ ਦਾ ਪਾਣੀ ਮਨੁੱਖ ਤੇ ਜੀਵ ਜੰਤੂਆਂ ਦੇ ਪੀਣਯੋਗ ਨਹੀਂ ਹੈ। ਇਹੀ ਨਹੀਂ ਲੁਧਿਆਣਾ, ਮੰਡੀ ਗੋਬਿੰਦਗੜ, ਜਲੰਧਰ , ਡੇਰਾ ਬੱਸੀ-ਲਾਲੜੂ ਅਤੇ ਹੋਰ ਸਨਅਤੀ ਸ਼ਹਿਰਾਂ ਦੀ ਹਵਾ ਦਾ ਪੱਧਰ ਬਹੁਤ ਥੱਲੇ ਡਿੱਗ ਗਿਆ ਹੈ। ਮਸਲਾ ਬਣ ਗਿਆ ਅਰੂਸਾ ਦਾ। ਕਾਂਗਰਸ ਉਥੇ ਖਲੋਤੀ ਹੈ ਜਿਥੇ ਬਾਦਲ ਸਰਕਾਰ ਖਲੋਤੀ ਸੀ। ਕੈਪਟਨ ਸਰਕਾਰ ਦੌਰਾਨ ਵੀ ਕੋਈ ਤਬਦੀਲੀ ਨਹੀਂ ਵਾਪਰੀ। ਕੈਪਟਨ ਨੂੰ ਮੁਖ ਮੰਤਰੀ ਹਟਾਏ ਜਾਣ ਬਾਅਦ ਉਹੀ ਨੀਤੀ ਹੈ।ਇਸ ਦਾ ਅਰਥ ਹੈ ਕਿ ਸਿਆਸੀ ਪਾਰਟੀਆਂ ਦਾ ਪੰਜਾਬ ਹੱਕੀ ਕੋਈ ਏਜੰਡਾ ਨਹੀਂ ਹੈ।

ਕਿਸਾਨ ਯੂਨੀਅਨਾਂ ਨੂੰ ਪੰਜਾਬ ਹੱਕੀ ਏਜੰਡਾ ਤਹਿ ਕਰਨਾ ਚਾਹੀਦਾ ਸੀ ਪਰ ਨਹੀਂ ਕਰ ਸਕੇ। ਹਾਲਾਂਕਿ ਲੋਕ ਉਨਾਂ ਵੱਲ ਦੇਖ ਰਹੇ ਹਨ। ਅੱਜ ਕੱਲ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਦੇ ਡਿਪਟੀ ਸੀਐੱਮ ਸੁਖਜਿੰਦਰ ਸਿੰਘ ਰੰਧਾਵਾ ਵਿਚਕਾਰ ਟਵਿੱਟਰ ਵਾਰ ਦਾ ਧੁਰਾ ਕੈਪਟਨ ਦੀ ਦੋਸਤ ਅਤੇ ਪਾਕਿਸਤਾਨ ਤੋਂ ਸਾਬਕਾ ਪੱਤਰਕਾਰ ਅਰੂਸਾ ਆਲਮ ਹਨ।

ਅਰੂਸਾ ਦੇ ਭਾਰਤ ਆਉਣ ਲਈ ਵੀਜ਼ਿਆਂ ਦੀ ਜਾਂਚ ਦਾ ਮਸਲਾ ਪਹਿਲਾਂ ਸੁਖਜਿੰਦਰ ਸਿੰਘ ਰੰਧਾਵਾ ਦੇ ਟਵਿੱਟਰ ਹੈਂਡਲ ਤੋਂ ਚੁੱਕਿਆ। ਬਾਅਦ ਵਿੱਚ ਰੰਧਾਵਾ ਇਸ ਗੱਲ ਤੋਂ ਮੁਕਰੇ ਕਿਹਾ ਕਿ ਇਸ ਬਾਰੇ ਜਾਂਚ ਕਰਵਾਉਣਾ ਸੂਬਾ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ।

ਦੂਸਰੇ ਪਾਸੇ ਕੈਪਟਨ ਨੇ ਰੰਧਾਵਾ ਦੇ ਬਿਆਨਾਂ ਦਾ ਕਰੜਾ ਨੋਟਿਸ ਲਿਆ ਅਤੇ ਇੱਕ ਤੋਂ ਬਾਅਦ ਇੱਕ ਕਈ ਟਵੀਟ ਉਨਾਂ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਦੇ ਟਵਿੱਟਰ ਹੈਂਡਲ ਤੋਂ ਕੀਤੇ ਗਏ। ਉਨਾਂ ਲਿਖਿਆ, 'ਘਬਰਾਇਆ ਹੋਇਆ ? ਸੁਖਜਿੰਦਰ ਸਿੰਘ ਇੰਨੇ ਸਾਲਾਂ ਵਿੱਚ ਤੁਸੀਂ ਕਦੇ ਕਿਸੇ ਮੁੱਦੇ ਉੱਪਰ ਮੈਨੂੰ ਘਬਰਾਇਆ ਦੇਖਿਆ ਹੈ ? ਸਗੋਂ



ਤੁਸੀਂ ਘਬਰਾਏ ਹੋਏ ਤੇ ਸ਼ਸ਼ੋਪੰਜ ਵਿੱਚ ਲੱਗ ਰਹੇ ਹੋ। ਤੁਸੀਂ ਅਰੂਸਾ ਆਲਮ ਦੀ ਜਾਂਚ ਬਾਰੇ (ਪਹਿਲਾਂ) ਆਪਣਾ ਮਨ ਕਿਉਂ ਨਹੀਂ ਬਣਾ ਲੈਂਦੇ ?' 'ਜਿੱਥੋਂ ਤੱਕ ਕਿ ਅਰੂਸਾ ਦੇ ਵੀਜ਼ੇ ਕਿਸ ਨੇ ਸਪਾਂਸਰ ਕੀਤੇ, ਬਿਨਾਂ ਸ਼ੱਕ ਮੈਂ ਕੀਤੇ, 16 ਸਾਲ ਲਈ। ਅਜਿਹੇ ਵੀਜ਼ਿਆਂ ਲਈ ਭਾਰਤੀ ਹਾਈ ਕਮਿਸ਼ਨ ਵੱਲੋਂ ਭਾਰਤੀ ਵਿਦੇਸ਼ ਮੰਤਰਾਲਾ ਨੂੰ ਲਿਖਿਆ ਜਾਂਦਾ ਹੈ, ਜੋ ਉਨਾਂ ਪ੍ਰਵਾਨਗੀ ਦੇਣ ਤੋਂ ਪਹਿਲਾਂ ਨੂੰ ਰਾਅ ਅਤੇ ਆਈਬੀ ਤੋਂ ਕਲੀਅਰ ਕਰਵਾਉਂਦਾ ਹੈ। ਇਸ ਮਾਮਲੇ ਵਿੱਚ ਵੀ ਹਰ ਵਾਰ ਇਹੀ ਹੋਇਆ ਹੈ।'

**ਦਰਪਣ ਝੂਠ ਨਹੀਂ ਬੋਲਦਾ**

ਸੁਆਲ ਇਹ ਹੈ ਕਿ ਅਰੂਸਾ ਕੌਣ ਹੈ ਤੇ ਪੰਜਾਬ ਦੇ ਏਜੰਡੇ ਤੇ ਪੰਜਾਬ ਦੀ ਹਸਤੀ ਨਾਲ ਕੀ ਸਬੰਧ ਹੈ। ਅਰੂਸਾ ਨੂੰ ਭਾਰਤ ਸਰਕਾਰ ਦੇਖੇ।ਸਾਡੇ ਪੰਜਾਬੀਆਂ ਤੇ ਪੰਜਾਬ ਦਾ ਮਸਲਾ ਹੈ ਜੋ ਪੰਜਾਬ ਉਜਾੜਿਆ ਹੈ, ਹਾਥੀ ਅਕਾਰ ਜਿੰਨਾ ਕਰਜਾ ਤਿੰਨ ਲੱਖ ਕਰੋੜ ਦਾ ਚੜਾਇਆ ਹੈ, ਕੌਣ ਜਿੰਮੇਵਾਰ ਹੈ ? ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿਛੇ ਕਾਲੀਆਂ ਤਾਕਤਾਂ ਕੌਣ ਹਨ ? ਇਸ ਗੱਲ ਦਾ ਜਵਾਬ ਨਾ ਬਾਦਲ ਦਲ ਕੋਲ ਹੈ ਨਾ ਕਾਂਗਰਸ ਕੋਲ। ਇਹ ਜਵਾਬ ਤਾਂ ਦੇਣਾ ਪਵੇਗਾ।

ਸੀਬੀਐੱਸਈ ਦਾ ਪੰਜਾਬੀ ਭਾਸ਼ਾ ਨਾਲ ਵਿਤਕਰਾ

ਸੀਬੀਐਸਈ ਦੇ ਮੁੱਖ ਵਿਸ਼ਿਆਂ ਵਿਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਕੱਢਣ ਦੇ ਫ਼ੈਸਲੇ ਨੂੰ ਲੈ ਕੇ ਪੰਜਾਬ ਵਿਚ ਖਾਸਾ ਵਿਵਾਦ ਛਿੜਿਆ ਹੋਇਆ ਹੈ, ਜਿਸ ਵਿਚ ਸੱਤਾਧਾਰੀ ਕਾਂਗਰਸ ਤੋਂ ਲੈ ਕੇ ਸਾਰੀਆਂ ਵਿਰੋਧੀ ਧਿਰਾਂ ਇਸ ਕਦਮ ਦੀ ਨਿਖੇਧੀ ਕਰ ਰਹੀਆਂ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਪੰਜਾਬੀ ਨੂੰ ਮੁੱਖ ਵਿਸ਼ਿਆਂ ਤੋਂ ਬਾਹਰ ਰੱਖਣ ਦਾ ਸਖ਼ਤ ਵਿਰੋਧ ਕਰਦਿਆਂ ਇਸ ਨੂੰ ਸੰਵਿਧਾਨ ਦੀ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਉਲਟ ਕਰਾਰ ਦਿੱਤਾ। ਉਨਾਂ ਟਵੀਟ ਕੀਤਾ ਕਿ ਆਪਣੀ ਮੂਲ ਭਾਸ਼ਾ ਸਿੱਖਣ ਵਿਚ ਇਹ ਫ਼ੈਸਲਾ ਪੰਜਾਬੀ ਨੌਜਵਾਨਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ । ਮੁੱਖ ਮੰਤਰੀ ਨੇ ਬੋਰਡ ਨੂੰ ਆਪਣਾ ਫ਼ੈਸਲਾ ਬਦਲਣ ਨੂੰ ਕਿਹਾ ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਆਖਿਆ ਕਿ ਉਹ 10ਵੀਂ ਤੇ 12ਵੀਂ ਕਲਾਸ ਦੀਆਂ ਸੀ.ਬੀ.ਐਸ.ਈ. ਦੀਆਂ ਪ੍ਰੀਖਿਆਵਾਂ ਦੇ ਮਾਮਲੇ ਵਿਚ ਪੰਜਾਬੀ ਦਾ ਦਰਜਾ ਘਟਾ ਕੇ ਮਾਈਨਰ ਕਰਨ ਅਤੇ ਅੱਧੇ ਸੂਬੇ ਨੂੰ ਕੇਂਦਰੀ ਬਲਾਂ ਦੇ ਕੰਟਰੋਲ ਹੇਠ ਲਿਆਉਣ ਦੇ ਮਾਮਲੇ ਵਿਚ ਵਿਤਕਰੇ ਦਾ ਮਸਲਾ ਕੇਂਦਰ ਕੋਲ ਜ਼ੋਰਦਾਰ ਢੰਗ ਨਾਲ ਚੁੱਕਣ । ਉਨਾਂ ਕਿਹਾ ਕਿ ਬਹੁਤ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਵਲੋਂ ਪੰਜਾਬ ਨਾਲ ਲਗਾਤਾਰ ਧੱਕਾ ਕੀਤੇ ਜਾਣ ਦੇ ਮਾਮਲੇ ਮੁੱਖ ਮੰਤਰੀ ਜ਼ੋਰਦਾਰ ਢੰਗ ਨਾਲ ਕੇਂਦਰ ਕੋਲ ਚੁੱਕਣ ਤੋਂ ਇਨਕਾਰੀ ਹਨ ।

ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਸੀਬੀਐੱਸਈ ਵੱਲੋਂ ਪੰਜਾਬੀ ਭਾਸ਼ਾ ਨੂੰ ਮੁੱਖ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਅਤੇ ਇਸ ਨੂੰ ਮੁੱਖ ਵਿਸ਼ਿਆਂ ਵਿੱਚੋਂ ਬਾਹਰ ਨਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬੀ ਅਲੱਗ ਵਿਸ਼ਾ ਨਹੀਂ ਹੈ, ਸਗੋਂ ਇਹ ਵਿਸ਼ਵ ਭਰ ਵਿੱਚ ਪੜੀ ਤੇ ਬੋਲੀ ਜਾਣ ਵਾਲੀ ਭਾਸ਼ਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਵਿੱਚ ਹੈ ਅਤੇ ਜੇਕਰ ਬੱਚਿਆਂ ਨੂੰ ਪੰਜਾਬੀ ਭਾਸ਼ਾ ਨੂੰ ਪੜਨ-ਲਿਖਣ ਦਾ ਗਿਆਨ ਨਹੀਂ ਹੋਵੇਗਾ ਤਾਂ ਉਹ ਆਪਣੇ ਧਰਮ ਨਾਲ ਕਿਵੇਂ ਜੁੜ ਸਕਣਗੇ। ਉਨਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਾਸ਼ਾਵਾਂ ਸਬੰਧੀ ਅਜਿਹੇ ਵਿਤਕਰੇ ਨੂੰ ਛੱਡ ਕੇ ਪੰਜਾਬੀ ਭਾਸ਼ਾ ਨੂੰ ਮੁੱਖ ਵਿਸ਼ਿਆਂ ਵਿੱਚ ਮੁੜ ਸ਼ਾਮਲ ਕੀਤਾ ਜਾਵੇ।

ਲੋਕ ਇਨਸਾਫ ਪਾਰਟੀ ਦੀ ਕੋਰ ਕਮੇਟੀ ਦੀ ਵਿਸ਼ੇਸ਼ ਮੀਟਿੰਗ ਪਾਰਟੀ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਸੀਬੀਐੱਸਈ ਵੱਲੋਂ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਮੁੱਖ ਵਿਸ਼ਿਆਂ ਵਿਚੋਂ ਬਾਹਰ ਕੱਢ ਕੇ ਹਿੰਦੀ ਅਤੇ ਅੰਗਰੇਜ਼ੀ ਨੂੰ ਮੁੱਖ ਵਿਸ਼ਿਆਂ ਵਿਚ ਰੱਖਣਾ ਪੰਜਾਬੀਆਂ ਨਾਲ ਵੱਡਾ ਧੱਕਾ ਹੈ ਅਤੇ ਪੰਜਾਬ ਦੇ ਲੋਕ ਇਸ ਨੂੰ ਕਦੇ ਬਰਦਾਸ਼ਤ ਨਹੀਂ ਕਰਨਗੇ। ਬੈਂਸ ਨੇ ਸੰਵਿਧਾਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਵਿਧਾਨ ਦੇ 8ਵੇਂ ਸ਼ਡਿਊਲ ਵਿਚ 22 ਭਾਸ਼ਾਵਾਂ ਹਨ ਤੇ ਹਿੰਦੀ ਵੀ ਉਨਾਂ ਵਿਚ ਸ਼ਾਮਲ ਹੈ ਤੇ ਇਨਾਂ ਸਾਰੀਆਂ ਭਾਸ਼ਾਵਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਫਿਰ ਸਵਾਲ ਇਹ ਉੱਠਦਾ ਹੈ ਕਿ ਜੇ ਬਾਕੀ ਦੀਆਂ 21 ਭਾਸ਼ਾਵਾਂ ਲਘੂ ਵਿਸ਼ਿਆਂ ਦੇ ਵਰਗ ਵਿਚ ਹਨ ਤਾਂ ਹਿੰਦੀ ਮੁੱਖ ਵਿਸ਼ਿਆਂ ਵਿਚ ਕਿਵੇਂ ਰੱਖੀ ਗਈ ਹੈ। ਉਨਾਂ ਕਿਹਾ ਕਿ ਸੀਬੀਐੱਸਈ ਬੋਰਡ ਦੇ ਇਸ ਤਾਨਾਸ਼ਾਹੀ ਫ਼ੈਸਲੇ ਤੋਂ ਇਹ ਸਿੱਧ ਹੁੰਦਾ ਹੈ ਕਿ ਭਾਸ਼ਾਵਾਂ ਦਾ ਵਰਗੀਕਰਨ ਕਰਨ ਪਿੱਛੇ ਬਹੁ-ਗਿਣਤੀਵਾਦੀ ਮਾਨਸਿਕਤਾ ਕੰਮ ਕਰ ਰਹੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਉਨਾਂ ਅਸਲ ਮੁੱਦਿਆਂ ਵੱਲ 'ਮੁੜਨਾ ਹੋਵੇਗਾ', ਜੋ ਹਰ ਪੰਜਾਬੀ ਤੇ ਭਵਿੱਖ ਦੀਆਂ ਪੀੜੀਆਂ ਨਾਲ ਜੁੜਿਆ ਹੋਇਆ ਹੈ। ਸਿੱਧੂ ਨੇ ਜ਼ੋਰ ਦੇ ਕੇ ਆਖਿਆ ਕਿ ਉਹ ਅਸਲ ਮੁੱਦਿਆਂ ਨੂੰ ਅਣਗੌਲਿਆਂ ਨਹੀਂ ਹੋਣ ਦੇਣਗੇ। ਦੂਸਰੇ ਪਾਸੇ ਇਸ ਵਿਵਾਦ ਦਰਮਿਆਨ ਸੀਬੀਐਸਈ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਵਿਸ਼ਿਆਂ ਦਾ ਵਰਗੀਕਰਨ ਪ੍ਰਸ਼ਾਸਨਿਕ ਆਧਾਰ 'ਤੇ ਕੀਤਾ ਗਿਆ ਹੈ । ਬੋਰਡ ਨੇ ਕਿਹਾ ਕਿ ਅਕਾਦਮਿਕ ਪੱਖੋਂ ਹਰ ਵਿਸ਼ਾ ਇਕ ਜਿਹੀ ਅਹਿਮੀਅਤ ਰੱਖਦਾ ਹੈ। ਪੰਜਾਬੀ ਖੇਤਰੀ ਭਾਸ਼ਾਵਾਂ ਵਿਚੋਂ ਇਕ ਹੈ। ਪ੍ਰੀਖਿਆਵਾਂ ਦੇ ਸੰਚਾਲਨ ਲਈ ਲੋੜੀਂਦੀਆਂ ਤਿਆਰੀਆਂ ਲਈ ਪ੍ਰਸ਼ਾਸਨਿਕ ਸੁਵਿਧਾ ਦੇ ਮਕਸਦ ਨਾਲ ਸਾਰੀਆਂ ਖੇਤਰੀ ਭਾਸ਼ਾਵਾਂ ਨੂੰ (ਮਾਈਨਰ ਕੈਟਾਗਰੀ) ਵਿਚ ਰੱਖਿਆ ਗਿਆ ਹੈ। ਬੋਰਡ ਮੁਤਾਬਿਕ ਜਿਨਾਂ ਵਿਸ਼ਿਆਂ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੁੰਦੀ ਹੈ, ਉਸ ਨੂੰ 'ਮਾਈਨਰ' ਵਿਸ਼ਾ ਮੰਨਿਆ ਜਾਂਦਾ ਹੈ।ਬੋਰਡ ਨੇ ਇਹ ਵੀ ਕਿਹਾ ਕਿ ਵਿਸ਼ਿਆਂ ਦਾ ਵਰਗੀਕਰਨ ਕਿਸੇ ਵੀ ਵਿਸ਼ੇ ਦੀ ਅਹਿਮੀਅਤ ਨੂੰ ਘਟਾਉਂਦਾ ਜਾਂ ਵਧਾਉਂਦਾ ਨਹੀਂ ਹੈ।

ਅਸਲ ਮਸਲਾ ਇਹ ਹੈ ਕਿ ਕੇਂਦਰ ਦੀ ਫਿਰਕੂ ਪਹੁੰਚ ਪੰਜਾਬੀ ਨੂੰ ਖਤਮ ਕਰਨਾ ਚਾਹੁੰਦੀ ਹੈ ਤਾਂ ਜੋ ਸਿੱਖ ਯੂਥ ਆਪਣੇ ਵਿਰਸੇ ਤੇ ਧਰਮ, ਗੁਰੂ ਗ੍ਰੰਥ ਸਾਹਿਬ ਤੋਂ ਟੁਟ ਜਾਵੇ ਤਾਂ ਹੀ ਪੰਜਾਬੀ ਨੂੰ ਸੀਬੀਐਸਈ ਨੇ ਮਾਈਨਰ ਵਿਸ਼ਾ ਬਣਾਇਆ ਹੈ। ਇਸ ਨਾਲ ਪੰਜਾਬੀ ਸਭਿਆਚਾਰ ਤੇ ਸਭਿਅਤਾ ਨੂੰ ਖੋਰਾ ਲੱਗੇਗਾ। ਇਹ ਵਿਦਿਅਕ ਏਜੰਡਾ ਭਾਰਤ ਦਾ ਹਿੰਦੂ ਕਰਨ ਹੈ।

**ਲਖਬੀਰ ਹੱਤਿਆ ਕਾਂਡ ਨੂੰ ਵਰਤਿਆ ਜਾ ਰਿਹਾ ਸਿੱਖਾਂ ਵਿਰੁਧ**

ਖੇਤੀ ਕਾਨੂੰਨ ਵਿਰੋਧੀ ਅੰਦੋਲਨ ਦੇ ਦੌਰਾਨ ਲਖਬੀਰ ਸਿੰਘ ਦੀ ਬੇਅਦਬੀ ਦੇ ਦੋਸ਼ ਵਿਚ ਹੱਤਿਆ ਦੇ ਮਾਮਲੇ 'ਚ ਕਥਿਤ ਦੋਸ਼ੀਆਂ ਦੀ ਪਛਾਣ ਕਰਨ ਲਈ ਐੱਸਆਈਟੀ ਨੇ ਹੁਣ ਨਵਾਂ ਡਰਾਮਾ ਰਚਿਆ ਹੈ।

ਬਾਕੀ ਸਫ਼ਾ 28 'ਤੇ

# ਪੰਜਾਬ ਦੀ ਸਿਆਸਤ ਵਿੱਚ ਘੁੰਮ ਰਿਹਾ ਅਰੂਸਾ ਆਲਮ ਦਾ ਚਿਹਰਾ ਤੇ ਸਾਡੀ ਪਿਛਾਖੜੀ ਮਾਨਸਿਕਤਾ

ਅਮਰਜੀਤ ਅਰਪਨ
੯੪੧੬੩ ੫੫੯੧੮

ਪਿਛਲੇ ਪੰਦਰਾਂ ਸਤਾਰਾਂ ਸਾਲਾਂ ਤੋਂ ਅਸੀਂ ਕੈਪਟਨ ਅਮਰਿੰਦਰ ਸਿੰਘ ਨਾਲ ਅਰੂਸਾ ਆਲਮ ਦਾ ਨਾਂ ਜੋੜ ਕੇ ਚੌਰਾਹਿਆਂ ਸੱਥਾਂ ਵਿੱਚ ਸੁਆਦ ਲੈ ਲੈ ਚੱਟਕਾਰੇ ਲੈਂਦੇ ਆ ਰਹੇ ਹਾਂ। ਕੈਪਟਨ ਅਮਰਿੰਦਰ ਸਿੰਘ ਦਾ ਪਿਛੋਕੜ ਰਾਜਾਸ਼ਾਹੀ ਪਰਿਵਾਰ 'ਚੋਂ ਹੈ ਤੇ ਕਾਫ਼ੀ ਪੜਿਆ ਲਿਖਿਆ ਵੀ ਹੈ, ਫੌਜ ਦੀ ਕਪਤਾਨੀ ਕਰਕੇ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮੀ ਨਾਲ ਵਿਚਰਦਾ ਆ ਰਿਹਾ ਹੈ। ਸੋਚ ਪੱਖੋਂ ਅਮਰਿੰਦਰ ਇਸ ਨੂੰ ਜ਼ਿਆਦਾ ਤਰਜ਼ੀਹ ਨਹੀਂ ਦੇ ਰਿਹਾ, ਇਹ ਉਨਾਂ ਦੀ ਉਚ ਵਰਗਾਂ ਦੀ ਸ਼ੈਲੀ ਦਾ ਹਿੱਸਾ ਹੈ।ਪਰ ਸਾਡੀ ਸੋਚ ਇਸ ਨੂੰ ਘਸੀਟ ਕੇ ਸੜਕਾਂ ਚੌਰਾਹਿਆਂ 'ਚ ਲਿਆ ਰਹੀ ਹੈ। ਸੋਸ਼ਲ ਮੀਡੀਆ 'ਤੇ ਧੂੜ ਪੁੱਟੀ ਜਾ ਰਹੀ ਹੈ।

ਰਾਜਨੀਤੀ ਦਾ ਸਬੰਧ ਰਾਜ ਦੀਆਂ ਨੀਤੀਆਂ ਨਾਲ ਹੁੰਦਾ ਹੈ ਕਿ ਸਟੇਟ ਦੇ ਮਸਲੇ ਕੀ ਨੇ ਤੇ ਇਹਨਾਂ ਦਾ ਹੱਲ ਕਿਵੇਂ ਕਰਨੈ ? ਹਰ ਸਟੇਟ ਦਾ ਆਪਣਾ ਜਿਉਗਰਾਫੀਆ ਹੈ,ਓਸ ਦੀਆਂ ਵੱਖਰੀਆਂ ਵੱਖਰੀਆਂ ਸਮੱਸਿਆਵਾਂ ਨੇ। ਮਸਲਾ ਸਟੇਟ ਗਵਰਨਸ ਦਾ ਹੋਣਾ ਚਾਹੀਦੈ, ਰੁਜ਼ਗਾਰ ਦਾ ਹੋਣਾ ਚਾਹੀਦੈ, ਸਿਹਤ, ਸਿਖਿਆ, ਸੜਕ, ਪਾਣੀ, ਅਨਾਜ ਦਾ ਹੋਣਾ ਚਾਹੀਦੈ, ਨਸ਼ਾ, ਮਾਫ਼ੀਆ, ਅਮਨ ਸ਼ਾਂਤੀ,ਰੂਲ ਆਫ ਲਾਅ ਦਾ ਹੋਣਾ ਚਾਹੀਦੈ। ਅਮਰਿੰਦਰ ਸਿੰਘ ਨੂੰ ਗੱਦੀਉਂ ਉਤਾਰਿਐ ਮੁੱਦਿਆਂ ਕਰਕੇ ਉਤਾਰਿਐ।.. ਹੁਣ ਫਿਰ ਮੁੱਦੇ ਕਿਹੜੇ ਖੂਹ ਵਿਚ ਸੁੱਟੇ ਜਾ ਰਹੇ ਨੇ ?.. ਨਵਜੋਤ ਸਿੱਧੂ ਦੁਆਰਾ ਸਿਰਜਿਆ 'ਸਿਸਟਮ ਸਿੰਘ' ਦਾ ਖੱਚਰ ਮੋਛਾ ਕਿੱਧਰ ਰੁੱਲ ਗਿਆ ?.. ਕਿੱਧਰ ਗਿਆ ਬੇਅਦਬੀ ਦਾ ਮਸਲਾ ? ਤੇ ਕਿੱਧਰ ਗਏ ਨਸ਼ੇ ?...ਸਾਰੀ ਬਹਿਸ ਹੁਣ ਅਰੂਸਾ ਆਲਮ ਤੇ ਕੇਂਦਰਿਤ ਹੋ ਗਈ। ਸਾਡੀ ਸਿਆਸਤ ਜਾ ਕਿਹੜੇ ਪਾਸੇ ਰਹੀ ਹੈ ।

ਸਿਆਸਤ ਵੀ ਬੜੀ ਚੀਜ਼ ਹੈ। ਉਹ ਸਾਡੇ ਸੁਹਜ ਸੁਆਦ, ਸਾਡੀ ਅਵਚੇਤਨੀ ਸੁਰ ਤੇ ਸਾਡੀ ਉਸਰੀ ਮਾਨਸਿਕ ਚੇਤਨਾ ਦੇ ਪੱਧਰ ਨਾਲ ਲੁਕਣਮੀਚੀ ਕਰ ਰਹੀ ਹੈ। ਇਹ ਸਾਡੀ ਸਮੂਹਿਕ ਅਵਚੇਤਨ ਤੇ ਹਿੱਟ ਕਰਕੇ ਸਾਡੀ ਸੋਚ ਨੂੰ ਪਰਾਹਿਤ ਕਰਦੀ ਹੈ। ਬੰਦੇ ਦਾ ਸਭ ਤੋਂ ਨਜ਼ਦੀਕੀ ਰਿਸ਼ਤਾ ਔਰਤ ਨਾਲ ਹੈ। ਤਰਾਸਦੀ ਇਹ ਹੈ ਕਿ ਸਾਡੀ ਸਮੂਹਿਕ ਚੇਤਨਾ ਪੜਨ ਲਿਖਣ ਦੇ ਬਾਵਜੂਦ ਵੀ ਔਰਤ ਨੂੰ ਉਹ ਦਰਜਾ ਨਹੀਂ ਦੇ ਸਕੀ ਜਿਹੜਾ ਇਕ ਸਾਥੀ ਦਾ ਹੁੰਦੈ, ਜਿਹੜਾ ਇਕ ਬਰਾਬਰੀ ਦਾ ਹੁੰਦੈ। ਵਿਹਾਰ ਵਿਚ, ਗੱਲਾਂ ਬਾਤਾਂ 'ਚ, ਨਿੱਜੀ ਜ਼ਿੰਦਗੀ ਵਿਚ ਇਕ ਦੋਸਤੀ ਦਾ ਸੰਕਲਪ ਨਹੀਂ ਉਸਾਰ ਸਕੇ, ਕਿ ਜਿੱਥੇ ਔਰਤ ਮਰਦ ਸਹਿਜ ਅਵਸਥਾ ਵਿਚ ਵਿਚਾਰਾਂ ਦੀ ਸਾਂਝ, ਰੁਚੀਆਂ ਦੀ ਸਾਂਝ, ਵਲਵਲਿਆਂ, ਜਜ਼ਬਿਆਂ ਤੇ ਸੋਹਜ ਪੱਖ ਦੀ ਕੁਦਰਤੀ ਵਿਰੋਧੀ ਕਸ਼ਿਸ਼ ਨੂੰ ਮਾਣਨ ਦੀ ਪੱਧਰ ਤੱਕ ਨਹੀਂ ਪਹੁੰਚ ਸਕੇ।ਏਸ ਕੁਦਰਤੀ ਪੱਖ ਦੀ ਅਣਹੋਂਦ ਕਾਰਨ ਇਕ ਦੋਗਲਾ ਓਢਣ ਉਸਾਰ ਕੇ ਵਿਰੋਧੀ ਸੈਕਸ ਦੇ ਚੱਠਕਾਰੇ ਤਾਂ ਲੈਂਦੇ ਹਾਂ, ਪਰ ਇਕ ਸ਼ਖ਼ਸੀਅਤ ਦੇ ਤੌਰ ਤੇ ਔਰਤ ਨੂੰ ਕਦੀ ਵੀ ਤਸਲੀਮ ਨਹੀਂ ਕੀਤਾ ਗਿਆ। ਔਰਤ ਮਰਦ ਦੇ ਰਿਸ਼ਤਿਆਂ ਦਾ ਵੱਡਾ ਅਣਸੁਖਾਵਾਂ ਸੰਕਟ ਏਸ ਦੇ ਇਰਦ ਗਿਰਦ ਕਿਤੇ ਪਿਆ ਹੈ। ਹਾਲ ਇਹ ਹੈ ਕਿ ਪੰਜਾਬ ਦੇ ਭਖਦੇ ਮਸਲੇ ਇਕ ਪਾਸੇ ਤੇ



ਅਰੂਸਾ ਆਲਮ ਦਾ ਬਿਰਤਾਂਤ ਦੂਜੇ ਪਾਸੇ। ਤੱਕੜੀ ਦੇ ਦੋਨਾਂ ਛਾਬਿਆਂ 'ਚ ਇਨਾਂ ਦੋਨਾਂ ਨੂੰ ਪਾਉ ਤਾਂ ਪੱਲੜਾ ਅਰੂਸਾ ਦਾ ਵੱਧ ਭਾਰਾ ਹੋਵੇਗਾ। ਇਹ ਸਾਡੀ ਮਾਨਸਿਕਤਾ ਦਾ ਦਵਾਲੀਆਪਣ ਹੈ, ਕਿ ਪੰਜਾਬ ਦੇ ਭਵਿੱਖ ਦਾ ਸੁਆਲ ਹੋਵੇ ਤੇ ਸਾਡੇ ਸੋਹਜ ਸੁਆਦ ਫਿਊਡਲ ਮਾਨਸਿਕਤਾ ਦੇ ਇਰਦ ਗਿਰਦ ਘੁੰਮ ਰਹੇ ਹੋਣ। ਅਸੀਂ ਖਲੋਤੇ ਕਿੱਥੇ ਹਾਂ ? ਇਸ ਵੇਲੇ ਸਭ ਸੰਵੇਦਨਸ਼ੀਲ ਪ੍ਰਾਣੀ ਮੱਥੇ ਤੇ ਹੱਥ ਮਾਰ ਰਹੇ ਹੋਣੇ ਨੇ ਕਿ ਇਹ ਹੋ ਕੀ ਰਿਹੈ ? ਹੁਣ ਮੁੱਦਿਆਂ ਤੋਂ ਹੱਟ ਕੇ ਚਿਹਰਿਆਂ ਤੇ ਆ ਗਏ ਕਿ ਕਿਹੜਾ ਚਿਹਰਾ ਕਿਵੇਂ ਬਦਨਾਮ ਕਰਕੇ ਕੁਰਸੀ ਡੁੱਕਣੀ ਹੈ।

ਅਰੂਸਾ ਆਲਮ ਇਕ ਔਰਤ ਹੈ, ਸਿਆਣੀ ਪਾਕਿਸਤਾਨ ਦੀ ਪੜੀ ਲਿਖੀ ਪੱਤਰਕਾਰ ਹੈ। ਕੀ ਅਸੀਂ ਸਾਰੇ ਪੰਜਾਬੀ ਇਕ ਔਰਤ ਦਾ ਚਰਿੱਤਰ ਹਨਨ ਨਹੀਂ ਕਰ ਰਹੇ ? ਸਾਨੂੰ ਕੀ ਹੱਕ ਹੈ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਝਾਕਣ ਦਾ। ਹੁਣ ਰਾਜਨੀਤੀ ਦਾ ਕੰਮ ਏਹੀ ਰਹਿ ਗਿਐ। ਕੀ ਅਰੂਸਾ ਦਾ ਚਰਿੱਤਰ ਹਨਨ ਕਰਕੇ ਕਿਤੇ ਅਸੀਂ ਆਪਣੀਆਂ ਔਰਤਾਂ ਪ੍ਰਤੀ ਆਪਣੀ ਸੋਚ ਨੂੰ ਸੌੜਾ ਤਾਂ ਨਹੀਂ ਕਰ ਰਹੇ ? ਕਿਤੇ ਇਹ ਤਾਂ ਨਹੀਂ ਕਿ ਸਾਡੀਆਂ ਔਰਤਾਂ ਜੋ ਨੌਕਰੀ ਜਾ ਰਹੀਆਂ ਨੇ, ਰਾਜਨੀਤੀ ਵਿਚ ਜਾ ਰਹੀਆਂ ਨੇ, ਲੇਖਿਕ ਨੇ, ਵੱਖ ਵੱਖ ਖੇਤਰਾਂ 'ਚ ਮੱਲਾਂ ਮਾਰ ਰਹੀਆਂ ਨੇ.. ਕਿਤੇ ਉਨਾਂ ਅੱਗੇ ਕੰਡੇ ਤਾਂ ਨਹੀਂ ਬੀਜ ਰਹੇ ?.. ਕਿਉਂ ਜੋ ਇਸ ਤਰਾਂ ਦੇ ਅਰੂਸਾ ਵਰਗੀਆਂ ਔਰਤਾਂ ਦੇ ਚਰਿੱਤਰ ਹਨਨ ਦੇ ਵਰਤਾਰੇ ਜੋ ਪੰਜਾਬ ਦੇ ਵੱਡੇ ਚਿਹਰੇ ਨਾਲ ਜੋੜ ਕੇ ਇਕ ਵੱਡਾ ਬਿਰਤਾਂਤ ਸਿਰਜਿਆ ਜਾ ਰਿਹਾ ਹੋਵੇ ਉਹ ਲਾਜ਼ਮੀ ਤੌਰ 'ਤੇ ਸਾਡੀ ਮਾਨਸਿਕਤਾ ਨੂੰ ਪਿੱਤਰਸੱਤਾਤਮਿਕਤਾ ਵਾਲੇ ਪਾਸੇ ਮੋੜਾ ਦੇਵੇਗਾ। ਇਹ ਪੱਖ ਸਾਡੀ ਪੰਜਾਬੀ ਔਰਤ ਵਾਸਤੇ ਭਵਿੱਖ ਵਿੱਚ ਡੂੰਘੇ ਸੰਕਟ ਪੈਦਾ ਕਰੇਗਾ। ਇਹ ਨਕਾਰਾਤਮਿਕ ਵਰਤਾਰੇ ਕਿਸੇ ਲੈਬਾਰਟਰੀ 'ਚੋਂ ਟੈਸਟ ਕਰਕੇ ਵਿਖਾਏ ਨਹੀਂ ਜਾ ਸਕਦੇ, ਇਹ ਤਾਂ ਜਿਹਨੀ ਤੌਰ 'ਤੇ ਲੰਮੇ ਦਾਅ ਤੇ ਪਿਛਲਖੋਰੀ ਪ੍ਰਭਾਵ ਪਾਉਂਦੇ ਨੇ।

ਸੋ ਕ੍ਰਿਪਾ ਸਹਿਤ ਬੇਨਤੀ ਕਿ ਅਰੂਸਾ ਨੂੰ ਛੱਡ ਕੇ ਅਸੀਂ ਸਾਰੇ ਪੰਜਾਬ ਅਜੰਡੇ ਵੱਲ ਜਲਦੀ ਮੋੜਾ ਘੱਤੀਏ, ਕਿਉਂ ਜੋ ਪੰਜਾਬ ਸਾਡੇ ਵੱਲ ਕਿਸੇ ਆਸ ਨਾਲ ਵੇਖ ਰਿਹਾ ਹੈ। ਆਉ, ਪੰਜਾਬ ਮੁੱਦਿਆਂ ਦੀ ਗੱਲ ਛੇੜੀਏ।



# VALLEY REAL ESTATE CENTER

Wishes you a very
Happy Bandhi Chorh Diwas
and Happy Diwali

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਪੰਜਾਬੀ ਭਾਸ਼ਾ ਨੂੰ ਛੁਟਿਆਉਣ ਲਈ ਕੇਂਦਰੀ ਸਿੱਖਿਆ ਬੋਰਡ ਨੇ ਕਿਹੜੇ ਮਾਪਦੰਡ ਵਰਤੇ




**ਬਘੇਲ ਸਿੰਘ ਪੱਤਰਕਾਰ**

**99142-58142**


ਪਿਛਲੇ ਦਿਨੀ ਕੇਂਦਰੀ ਸਿੱਖਿਆ ਬੋਰਡ ਦੇ ਪੰਜਾਬੀ ਭਾਸ਼ਾ ਦੇ ਸਬੰਧ ਵਿੱਚ ਆਏ ਨਵੇਂ ਫੈਸਲੇ ਨੇ ਪੰਜਾਬੀਆਂ ਨੂੰ ਬੇਹੱਦ ਨਿਰਾਸ ਕੀਤਾ ਹੈ। ਕੇਂਦਰੀ ਸਿੱਖਿਆ ਬੋਰਡ ਦਾ ਪੰਜਾਬੀ ਨੂੰ ਛੋਟੀਆਂ ਭਾਸ਼ਾਵਾਂ ਚ ਸ਼ਾਮਲ ਕਰਕੇ ਪੰਜਾਬੀ ਵਿਸ਼ੇ ਨੂੰ ਮੁੱਖ ਵਿਸ਼ਿਆਂ ਵਿੱਚੋਂ ਬਾਹਰ ਕਰਨ ਦਾ ਈਰਖਾਵਾਦੀ ਫੈਸਲਾ ਪੰਜਾਬੀ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਜਿਹੜੀ ਭਾਸ਼ਾ ਵਿੱਚ ਦੁਨੀਆ ਨੂੰ ਸੇਧ ਦੇਣ ਵਾਲੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੋਈ ਹੋਵੇ,ਅਤੇ ਜਿਹੜੀ ਭਾਸ਼ਾ ਦੁਨੀਆ ਦੀਆ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਦਸਵੇਂ ਸਥਾਨ ’ਤੇ ਗਿਣੀ ਜਾਂਦੀ ਹੋਵੇ, ਉਹਦੀ ਗਿਣਤੀ ਕੇਂਦਰ ਦਾ ਸਿੱਖਿਆ ਬੋਰਡ ਛੋਟੀਆਂ ਭਾਸ਼ਾਵਾਂ ਚ ਕਰਦਾ ਹੋਵੇ,ਤਾਂ ਜਿੱਥੇ ਇਹ ਕੇਂਦਰੀ ਸਿੱਖਿਆ ਬੋਰਡ ਦਾ ਆਪਣੇ ਆਪ ਵਿਚ ਹਾਸੋਹੀਣਾ ਫੈਸਲਾ ਹੈ, ਉੱਥੇ ਪੰਜਾਬੀਆਂ ਲਈ ਇਹ ਬੇਹੱਦ ਗੰਭੀਰ ਅਤੇ ਨਿਰਾਰ ਕਰਨ ਵਾਲਾ ਮਸਲਾ ਹੈ, ਕਿਉਂਕਿ ਇਹ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਲਈ ਪੁੱਟਿਆ ਗਿਆ ਮੁਢਲਾ ਕਦਮ ਹੈ। ਇਸ ਤੋਂ ਪਹਿਲਾਂ ਕੇਂਦਰ ਵੱਲੋਂ ਬਾਰਡਰ ਸਕਿਉਰਿਟੀ ਫੋਰਸ ਨੂੰ, ਪੰਜਾਬ ਦੇ ਲੋਕਾਂ ਦੇ ਬਿਸਤਰਿਆਂ ਤੱਕ ਜਾਣ ਦੀ ਖੁੱਲ ਦਿੱਤੀ ਜਾ ਚੁੱਕੀ ਹੈ। ਬਾਰਡਰ ਸਕਿਉਰਿਟੀ ਫੋਰਸ, ਜਿਸ ਦੀ ਜ਼ੁੰਮੇਵਾਰੀ ਉਹਦੇ ਨਾਮ ਤੋਂ ਹੀ ਅਸਾਨੀ ਨਾਲ ਸਮਝ ਆਉਣ ਵਾਲੀ ਹੈ ਕਿ ਇਸ ਕੇਂਦਰੀ ਫੋਰਸ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨੀ ਹੁੰਦੀ ਹੈ। ਦੇਸ਼ ਦੀਆਂ ਸਰਹੱਦਾਂ ਤੋਂ ਸਮਾਜ ਵਿਰੋਧੀ ਜਾਂ ਦੇਸ਼ ਵਿਰੋਧੀ ਅਨਸਰਾਂ ਨੂੰ ਆਰ ਪਾਰ ਨਾ ਹੋਣ ਦੇਵੇ, ਪ੍ਰੰਤੂ ਕੇਂਦਰ ਸਰਕਾਰ ਨੇ ਬੀ ਐਸ ਐਫ ਨੂੰ ਵਾਧੂ ਤਾਕਤਾਂ ਦਿੱਤੀਆਂ ਹੀ ਪੰਜਾਬ ਦੀ ਸੰਘੀ ਨੱਪਣ ਵਾਸਤੇ ਹਨ। ਬੀ ਐਸ ਐਫ ਵਾਲੇ ਫੈਸਲੇ ਤੋ ਕੁੱਝ ਦਿਨ ਬਾਅਦ ਹੀ ਪੰਜਾਬੀ ਭਾਸ਼ਾ ਤੇ ਮਾਰੂ ਹਮਲਾ ਕਰਨਾ ਦਰਸਾਉਂਦਾ ਹੈ ਕਿ ਕੇਂਦਰ ਦੀ ਨੀਅਤ ਪੰਜਾਬ ਪ੍ਰਤੀ ਬਦਨੀਅਤ ਹੋ ਚੁੱਕੀ ਹੈ।ਕੇਂਦਰੀ ਸਿੱਖਿਆ ਬੋਰਡ ਨੂੰ ਇਹ ਨਹੀ ਭੁੱਲਣਾ ਚਾਹੀਦਾ ਕਿ ਪੰਜਾਬੀ ਉਹ ਭਾਸ਼ਾ ਹੈ, ਜਿਹੜੀ ਸੰਸਾਰ ਦੇ ਵੱਡੇ ਮੁਲਕਾਂ ਵਿੱਚ ਵੀ ਦੂਜਾ ਤੀਜਾ ਸਥਾਨ ਗ੍ਰਿਹਣ ਕਰ ਚੁੱਕੀ ਹੈ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਵਰਗੇ ਵੱਡੇ ਮੁਲਕਾਂ ਵਿੱਚ ਪੰਜਾਬੀ ਨੂੰ ਸਤਿਕਾਰਯੋਗ ਸਥਾਨ ਹਾਸਲ ਹੈ, ਪਾਕਿਸਤਾਨ ਵਿੱਚ ਸਭ ਤੋ ਵੱਧ ਬੋਲੀ ਜਾਣ ਵਾਲੀ ਭਾਸ਼ਾ ਵੀ ਪੰਜਾਬੀ ਹੈ ਅਤੇ ਭਾਰਤ ਅੰਦਰ ਵੀ ਪੰਜਾਬ ਤੋ ਬਾਅਦ ਹਰਿਆਣਾ ਦਿੱਲੀ ਹਿਮਾਚਲ ਪ੍ਰਦੇਸ਼, ਰਾਜਸਥਾਨ ਆਦਿ ਸੂਬਿਆਂ ਵਿੱਚ ਵੀ ਵੱਡੀ ਗਿਣਤੀ ਪੰਜਾਬੀ ਵਸਦੇ ਹਨ, ਜਿੱਥੇ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ, ਫਿਰ ਕੇਂਦਰੀ ਬੋਰਡ ਨੇ ਕਿਹੜੇ ਮਾਪਦੰਡ ਵਰਤ ਕੇ ਪੰਜਾਬੀ ਨੂੰ ਛੋਟੀਆਂ ਭਾਸ਼ਾਵਾਂ ਵਿੱਚ ਸ਼ੁਮਾਰ ਕੀਤਾ ਹੈ ? ਇਹ ਸਵਾਲ ਜਵਾਬ ਦੀ ਮੰਗ ਕਰਦਾ ਹੈ।ਇਸ ਤੋਂ ਪਹਿਲਾਂ ਪੰਜਾਬ ਅੰਦਰ ਨਿੱਜੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਬੋਲੀ ਅਤੇ ਪੜਾਈ ਜਾਣੀ ਇਸ ਕਰਕੇ ਜਰੂਰੀ ਰੱਖੀ ਗਈ ਸੀ,ਕਿਉਂਕਿ ਜਿਹੜੇ ਸੂਬੇ ਦੀ ਸਰ ਜਮੀਨ ਤੇ ਨਿੱਜੀ ਸਕੂਲ ਖੋਹਲੇ ਗਏ ਹਨ, ਉਨਾਂ ਦੀ ਮਾਤ ਭਾਸ਼ਾ ਨੂੰ ਦਰ ਕਿਨਾਰ ਨਾ ਕਰਨ ਲਈ ਨਿਯਮ ਬਣੇ ਹੋਏ ਸਨ, ਪਰ ਕੇਂਦਰੀ ਬੋਰਡ ਦੇ ਇਸ ਨਾਦਰਸ਼ਾਹੀ ਫੈਸਲੇ ਨੇ ਜਿੱਥੇ ਸਾਰੇ ਕਾਇਦੇ ਕਨੂੰਨ ਖਤਮ ਕਰ ਦਿੱਤੇ ਹਨ,ਓਥੇ ਕੇਂਦਰੀ ਸਿੱਖਿਆ ਬੋਰਡ ਵੱਲੋਂ ਅਪਨਾਏ ਗਏ ਨਵੇਂ ਮਾਪਦੰਡ ਅਨੁਸਾਰ ਹੁਣ ਨਿੱਜੀ ਸਕੂਲਾਂ ਨੂੰ ਆਪਣੇ ਆਪ ਹੀ ਪੰਜਾਬੀ ਬੋਲਣ ਅਤੇ ਪੜਾਉਣ ਵਾਲੇ ਜਰੂਰੀ ਨਿਯਮਾਂ ਤੋਂ ਛੋਟ ਮਿਲ ਗਈ ਹੈ। ਜਿਹੜੇ ਸਕੂਲ ਪਹਿਲਾਂ ਹੀ ਨਿਯਮਾਂ ਨੂੰ ਛਿੱਕੇ ਟੰਗ ਕੇ ਪੰਜਾਬ ਦੀ ਧਰਤੀ ਤੇ ਸਥਾਪਤ ਹੋਣ ਦੇ ਬਾਵਜੂਦ ਵੀ ਪੰਜਾਬੀ ਨੂੰ ਬੋਲਣ ਅਤੇ ਪੜਨ ਪੜਾਉਣ ਤੋਂ ਇਨਕਾਰੀ ਸਨ, ਉਨਾਂ ਨੂੰ ਇਹ ਕੇਂਦਰੀ ਸਿੱਖਿਆ ਬੋਰਡ ਦਾ ਫੈਸਲਾ ਹੋਰ ਤਾਕਤ ਦੇਵੇਗਾ ਅਤੇ ਹੁਣ ਉਹ ਨਿੱਜੀ ਸਕੂਲ ਪੰਜਾਬੀਆਂ ਦੀ ਹਿੱਕ ’ਤੇ ਬੈਠ ਕੇ ਪੰਜਾਬੀ ਬੋਲੀ ਦਾ ਗਲ਼ਾ ਘੁੱਟਣਗੇ, ਕੋਈ ਕੁੱਝ ਨਹੀਂ ਕਰ ਸਕੇਗਾ। ਕੇਂਦਰ ਦਾ ਪੰਜਾਬੀ ਅਤੇ ਪੰਜਾਬੀ ਵਿਰੋਧੀ ਹਮਲਾ ਇਹ ਕੋਈ ਪਹਿਲਾ ਹਮਲਾ ਨਹੀ ਹੈ, ਬਲਕਿ ਇਸ ਤੋ ਪਹਿਲਾਂ ਜਦੋਂ ਤੋਂ ਮੁਲਕ ਅਜਾਦ ਹੋਇਆ ਹੈ, ਉਸ ਸਮੇਂ ਤੋ ਹੀ ਲਗਾਤਾਰ ਕੇਂਦਰੀ ਤਾਕਤਾਂ ਪੰਜਾਬ ਨੂੰ ਬਰਬਾਦ ਹੋਇਆਂ ਦੇਖਣ ਲਈ ਅੱਡੀ ਚੋਟੀ ਦਾ ਜੋਰ ਲਗਾ ਰਹੀਆਂ ਹਨ। ਪੰਜਾਬ ਦੇ ਪਾਣੀਆਂ ਦਾ ਖੋਹੇ ਜਾਣਾ, ਪੰਜਾਬ



ਦੇ ਪਾਣੀਆਂ ਤੋ ਤਿਆਰ ਹੁੰਦੀ ਸਸਤੀ ਬਿਜਲੀ ਦਾ ਖੋਹੇ ਜਾਣਾ ਅਤੇ ਇਸ ਦੇ ਬਦਲੇ ਵਿੱਚ ਪੰਜਾਬ ਨੂੰ ਕੋਇਲੇ ਨਾਲ ਚੱਲਣ ਵਾਲੇ ਥਰਮਲਾਂ ਤੋਂ ਬਿਜਲੀ ਤਿਆਰ ਕਰਨ ਲਈ ਮਜਬੂਰ ਕਰਨਾ, ਤਾਂ ਕਿ ਹਮੇਸ਼ਾ ਲਈ ਪੰਜਾਬ ਨੂੰ ਕੇਂਦਰ ਦਾ ਮੁਥਾਜ ਰੱਖਿਆ ਜਾ ਸਕੇ, ਪੰਜਾਬੀ ਸੂਬਾ ਬਣਾਉਣ ਸਮੇਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਜਾਣਬੁੱਝ ਕੇ ਪੰਜਾਬ ਤੋਂ ਬਾਹਰ ਰੱਖਣਾ, ਪੰਜਾਬ ਦੀ ਜੁਆਨੀ ਦੀ ਨਸਲਕੁਸ਼ੀ ਅਤੇ ਨਸ਼ਿਆਂ ਦੇ ਰਾਹ ਪਾਉਣ ਤੋਂ ਬਾਅਦ ਬਚਦੀ ਜਵਾਨੀ ਵਿਚ ਸਹਿਮ ਪੈਦਾ ਕਰਕੇ ਪੰਜਾਬ ਤੋਂ ਹਿਜਰਤ ਕਰਨ ਲਈ ਮਜਬੂਰ ਕਰਨਾ ਅਤੇ ਬਦਲੇ ਵਿੱਚ ਵੱਡੀ ਪੱਧਰ ’ਤੇ ਗੈਰ ਪੰਜਾਬੀਆਂ ਨੂੰ ਪੰਜਾਬ ਵਿਚ ਵਸਾਉਣਾ, ਇਹ ਸਾਰੀਆਂ ਘਟਨਾਵਾਂ ਦੀ ਕੜੀ ਮੌਜੂਦਾ ਪੰਜਾਬੀ ਵਿਰੋਧੀ ਅਤੇ ਪੰਜਾਬ ਵਿਰੋਧੀ ਕੜੀਆਂ ਨਾਲ ਜੁੜਦੀ ਹੈ ਜਿਨਾਂ ਨੂੰ ਸਮਝਣ ਦੀ ਲੋੜ ਹੈ ਕਿ ਕਿਸ ਤਰਾਂ ਚਰੋਕਣੇ ਸਮੇਂ ਤੋਂ ਹੀ ਪੰਜਾਬ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਕੇਂਦਰ ਵੱਲੋਂ ਆਰੰਭੀਆਂ ਹੋਈਆਂ ਹਨ, ਜਿਹੜੀਆਂ ਪੰਜਾਬੀਆਂ ਦੀ ਲਾਪ੍ਰਵਾਹੀ ਕਰਕੇ ਅੰਜਾਮ ਤੱਕ ਪੁੱਜਦੀਆਂ ਜਾਪਦੀਆਂ ਹਨ। ਕੇਂਦਰ ਸਰਕਾਰ ਦੀ ਇਸ ਸਾਜਿਸ਼ ਨੂੰ ਨਾ-ਕਾਮਯਾਬ ਕਰਨ ਲਈ ਪੱਤਰਕਾਰ, ਬੁੱਧੀਜੀਵੀ, ਅਧਿਆਪਨ ਦੇ ਕਿੱਤੇ ਨਾਲ ਜੁੜੇ ਲੋਕਾਂ ਤੋ ਇਲਾਵਾ ਸਾਰੀਆਂ ਰਾਜਨੀਤਕ ਪਾਰਟੀਆਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਇਕਮੱਤ ਹੋ ਕੇ ਕੇਂਦਰ ਦੇ ਪੰਜਾਬ ਵਿਰੋਧੀ ਫ਼ੈਸਲਿਆਂ ਨੂੰ ਬਦਲਣ ਲਈ ਸੰਘਰਸ਼ ਕਰਨ ਦੀ ਲੋੜ ਹੈ। ਖਾਸ ਕਰਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਆਗੂ ਇਹ ਪ੍ਰਣ ਕਰਨ ਕਿ ਉਹ ਪਹਿਲਾਂ ਪੰਜਾਬੀ ਹਨ ਤੇ ਪੰਜਾਬੀ ਦੀ ਰਾਖੀ ਕਰਨਾ ਉਹਨਾਂ ਦਾ ਮੁਢਲਾ ਫਰਜ ਹੈ, ਜੇਕਰ ਪੰਜਾਬੀ ਨਾ ਰਹੀ ਤਾਂ ਪੰਜਾਬੀਅਤ ਕਿੱਥੋਂ ਬਚ ਸਕੇਗੀ ਅਤੇ ਫਿਰ ਜਦੋਂ ਪੰਜਾਬੀ ਅਤੇ ਪੰਜਾਬੀਅਤ ਹੀ ਖਤਮ ਹੋ ਗਈਆਂ, ਫਿਰ ਪੰਜਾਬ ਦੀ ਹੋਂਦ ਵੀ ਅਪਣੇ ਆਪ ਖਤਮ ਹੋ ਜਾਵੇਗੀ, ਸੋ ਜਦੋਂ ਪੰਜਾਬ ਹੀ ਨਹੀ ਰਹੇਗਾ ਤਾਂ ਉਹਨਾਂ ਦੀ ਚੌਧਰ ਵੀ ਆਪਣੇ ਆਪ ਹੀ ਮਿੱਟੀ ਵਿੱਚ ਮਿਲ ਜਾਵੇਗੀ, ਇਸ ਲਈ ਸਮਾਂ ਰਹਿੰਦੇ ਇਮਾਨਦਾਰੀ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਪੂਰੀ ਤਾਕਤ ਨਾਲ ਡਟ ਜਾਣਾ ਚਾਹੀਦਾ ਹੈ। ਜਿਵੇਂ ਉੱਪਰ ਲਿਖਿਆਂ ਜਾ ਚੁੱਕਾ ਹੈ ਕਿ ਇਹ ਸਾਜਿਸ਼ਾਂ ਕੋਈ ਨਵੀਂਆਂ ਨਹੀ ਹਨ, ਇਸ ਲਈ ਪਹਿਲਾਂ ਹੋਈਆਂ ਉਹਨਾਂ ਮਰਦਮਸ਼ੁਮਾਰੀਆਂ ਨੂੰ ਵੀ ਅਜਿਹੇ ਹਮਲਿਆਂ ਲਈ ਅਧਾਰ ਬਣਾਇਆ ਗਿਆ ਹੋਵੇਗਾ, ਜਿਨਾਂ ਵਿੱਚ ਵੱਡੀ ਗਿਣਤੀ ਵਿੱਚ ਗੁਮਰਾਹ ਹੋਏ ਹਿੰਦੂ ਭਾਈਚਾਰੇ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਦੀ ਗੁਸਤਾਖੀ ਕੀਤੀ ਸੀ। ਲਿਹਾਜਾ ਵੱਡੀ ਗਿਣਤੀ ਦੀ ਸਹਿਰੀ ਅਬਾਦੀ ਪੰਜਾਬੀ ਨੂੰ ਤਿਲਾਂਜਲੀ ਦੇ ਕੇ ਹਿੰਦੀ ਨੂੰ ਅਪਣਾਅ ਚੁੱਕੀ ਹੈ, ਪਰ ਇਸ ਦੇ ਬਾਵਜੂਦ ਵੀ ਪੰਜਾਬੀ ਦਾ ਬੋਲਬਾਲਾ ਦੁਨੀਆ ਪੱਧਰ ’ਤੇ ਵਧਿਆ ਹੈ, ਪੰਜਾਬੀ ਬੋਲਣ ਵਾਲ਼ਿਆਂ ਦੀ ਗਿਣਤੀ ਵਿੱਚ ਇਜਾਫਾ ਹੋ ਰਿਹਾ ਹੈ, ਇਸ ਦੀ ਉਦਾਹਰਣ ਪਾਕਿਸਤਾਨ ਤੋ ਲਈ ਜਾ ਸਕਦੀ ਹੈ,ਜਿੱਥੇ ਪੰਜਾਬੀ ਬੋਲਣ ਵਾਲ਼ਿਆਂ ਦੀ ਵੱਡੀ ਗਿਣਤੀ ਹੈ। ਚੜਦੇ ਪੰਜਾਬ ਅੰਦਰ ਪੰਜਾਬੀ ਬੋਲੀ ਦਾ ਖਤਮ ਹੋਣਾ ਪੰਜਾਬ ਦੇ ਖਾਤਮੇ ਵੱਲ ਇਸ਼ਾਰਾ ਕਰਦਾ ਹੈ, ਇਸ ਲਈ ਪੰਜਾਬੀ ’ਤੇ ਹੋ ਰਹੇ ਤਾਬੜਤੋੜ ਹਮਲਿਆਂ ਨੂੰ ਰੋਕਣਾ ਹੋਵੇਗਾ। ਸੋ ਜੇਕਰ ਕੇਂਦਰ ਦੇ ਪੰਜਾਬ ਵਿਰੋਧੀ ਮਨਸੂਬਿਆਂ ਨੂੰ ਫੇਲ ਕਰਨਾ ਹੈ ਤਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦਰਦ ਰੱਖਣ ਵਾਲੇ ਸਮੁੱਚੇ ਲੋਕਾਂ ਨੂੰ ਧੜੇਬੰਦੀਆਂ ਤੋਂ ਉੱਪਰ ਉੱਠ ਕੇ, ਬਗੈਰ ਸਮਾਂ ਬਰਬਾਦ ਕੀਤਿਆਂ ਇੱਕਜੁੱਟ ਹੋ ਜਾਣਾ ਚਾਹੀਦਾ ਹੈ।

# ਪੰਜਾਬ ਨੂੰ ਦਰਪੇਸ਼ ਗੰਭੀਰ ਮਸਲਿਆਂ ਦਾ ਹੱਲ ਕੱਢੇ ਸਰਕਾਰ

**ਡਾ. ਸਰਬਜੀਤ ਸਿੰਘ**

ਪੰਜ ਦਰਿਆਵਾਂ ਦੀ ਧਰਤੀ ਜਿਸ ਨੂੰ ਪੰਜਾਬ ਕਿਹਾ ਜਾਂਦਾ ਸੀ, ਇਸ ਦੀ ਖੁਸ਼ਹਾਲੀ, ਇਸ ਦੀ ਚੜਦੀ ਕਲਾ ਅਤੇ ਇਸ ਖਿੱਤੇ ਦੀ ਪਛਾਣ ਬਾਰੇ ਇਤਿਹਾਸ ਗਵਾਹ ਹੈ ਕਿ ਪੰਜਾਬ ਗੁਰੂਆਂ ਦੇ ਨਾਂ ’ਤੇ ਵਸਦਾ ਰਿਹਾ ਹੈ। ਪੰਜਾਬ ਹਮੇਸ਼ਾ ਹੀ ਉਨਾਂ ਧਾੜਵੀਆਂ ਦੀ ਪਸੰਦ ਰਿਹਾ ਹੈ ਜੋ ਵਿਦੇਸ਼ੋਂ ਆਉਂਦੇ ਹੋਏ, ਇਸ ਖਿੱਤੇ ਵਿਚੋਂ ਲੰਘਦੇ ਸਨ। ਵਿਦੇਸ਼ੀ ਧਾੜਵੀ ਜਦੋਂ ਸਾਰਾ ਕੁਝ ਲੁੱਟ ਕੇ ਵਾਪਸ ਜਾ ਰਹੇ ਹੁੰਦੇ ਸਨ ਤਾਂ ਪੰਜਾਬ ਦੀ ਜ਼ਰਖੇਜ਼ ਧਰਤੀ ਅਤੇ ਇੱਥੋਂ ਦੇ ਵਸਨੀਕ ਹੀ ਉਨਾਂ ਦਾ ਮੁਕਾਬਲਾ ਕਰਕੇ ਆਪਣੇ ਦੇਸ਼ ਦੀ ਆਨ, ਬਾਨ ਅਤੇ ਸ਼ਾਨ ਦੀ ਰੱਖਿਆ ਕਰਦੇ ਨਜ਼ਰ ਆਉਂਦੇ ਸਨ। ਪੰਜਾਬ ਦੇ ਇਸ ਖਿੱਤੇ ਵਿਚ ਪੰਜਾਬੀਅਤ ਦਾ ਜੋ ਦਰਿਆ ਵਗਦਾ ਰਿਹਾ ਉਸ ਦੀ ਬਦੌਲਤ ਹੀ ਇਸ ਨੇ ਇਕ ਸਾਂਝੇ ਸੱਭਿਆਚਾਰ ਅਤੇ ਭਾਈਚਾਰੇ ਦੇ ਰੂਪ ਚ ਪੂਰੀ ਦੁਨੀਆ ਵਿਚ ਮਨੁੱਖਤਾ ਦੇ ਭਲੇ ਦੀ ਗੱਲ ਕਰਦੇ ਹੋਏ ਆਪਣੀ ਹੋਂਦ ਸਥਾਪਿਤ ਕੀਤੀ। ਜਿਸ ਖਿੱਤੇ ਦਾ ਅਜਿਹਾ ਗੌਰਵਸ਼ਾਲੀ ਤੇ ਪ੍ਰਭਾਵਸ਼ਾਲੀ ਇਤਿਹਾਸ ਹੋਵੇ ਅਤੇ ਆਧੁਨਿਕ ਸਥਿਤੀ ਵਿਚ ਉਸ ਦੇ ਵਾਰਸ ਇਸ ਖਿੱਤੇ ਨੂੰ ਛੱਡਣ ਲਈ ਮਜਬੂਰ ਹੋ ਜਾਣ ਤਾਂ ਕੁਝ ਪਹਿਲੂ ਜ਼ਰੂਰ ਹੋਣਗੇ, ਜਿਨਾਂ ਬਾਰੇ ਸਾਨੂੰ ਸੋਚਣਾ ਪਵੇਗਾ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਖਿੱਤੇ ਨੂੰ ਵੀ ਲੋਕਤੰਤਰਿਕ ਪ੍ਰਕਿਰਿਆ ਮਾਣਨ ਦਾ ਮਾਣ ਮਹਿਸੂਸ ਹੋਇਆ। ਪੰਜਾਬ ਨੇ ਆਪਣੀ ਮਿਹਨਤ ਸਦਕਾ, ਦੇਸ਼ ਦੇ ਸਿਰਕੱਢ ਸੂਬਿਆਂ ਵਿਚ ਆਪਣਾ ਸਥਾਨ ਬਣਾਇਆ ਤੇ ਸਾਰੇ ਦੇਸ਼ ਦਾ ਢਿੱਡ ਭਰਦੇ ਹੋਏ, ਅਨਾਜ ਦੀ ਕ੍ਰਾਂਤੀ ਲਿਆਂਦੀ। ਇਸ ਨੂੰ ਖੇਤੀ ਪ੍ਰਧਾਨ ਸੂਬਾ ਵੀ ਕਿਹਾ ਜਾਣ ਲੱਗ ਪਿਆ। ਇਕ ਪਾਸੇ ਸੂਬਾ ਜਿੱਥੇ ਆਪਣੇ ਬਾਹੂਬਲ ਨਾਲ ਵਿਦੇਸ਼ੀ ਧਾੜਵੀਆਂ ਦਾ ਡਟ ਕੇ ਮੁਕਾਬਲਾ ਕਰਦਾ ਰਿਹਾ, ਉੱਥੇ ਹੀ ਆਜ਼ਾਦੀ ਤੋਂ ਬਾਅਦ ਜਦੋਂ ਦੇਸ਼ ਨੇ ਵਿਕਾਸ ਦਾ ਰਸਤਾ ਫੜਿਆ ਤਾਂ ਇਸ ਸੂਬੇ ਨੇ ਪੂਰੇ ਦੇਸ਼ ਵਾਸੀਆਂ ਲਈ ਅਨਾਜ ਪੈਦਾ ਕਰਕੇ ਆਪਣੀ ਸਭ ਤੋਂ ਵੱਡੀ ਪਹਿਲ ਕਦਮੀ ਜ਼ਾਹਰ ਕੀਤੀ। ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚੋਂ ਪੰਜਾਬ ਦਾ ਨਾਂ ਸਿਰ ਚੜ ਕੇ ਬੋਲਦਾ ਰਿਹਾ ਅਤੇ ਫਿਰ ਹੌਲੀ-ਹੌਲੀ ਉਸ ਪੰਜਾਬ ਦੀ ਤਸਵੀਰ ਬਦਲ ਗਈ। ਕੀ ਇਨਾਂ ਪਹਿਲੂਆਂ ਪਿੱਛੇ ਲੋਕਤੰਤਰਿਕ ਤਰੀਕੇ ਨਾਲ ਚੱਲ ਰਹੀਆਂ ਸਰਕਾਰਾਂ ਜ਼ਿੰਮੇਵਾਰ ਨਹੀਂ ਹਨ ? ਮੌਜੂਦਾ ਸਥਿਤੀ ਦੀ ਗੱਲ ਕਰੀਏ ਤਾਂ ਜਿੱਥੇ ਪੰਜਾਬ ਅਤੇ ਪੰਜਾਬੀਅਤ ਨੂੰ ਕਈ ਸਮੱਸਿਆਵਾਂ ਵਿਸ਼ਵਵਿਆਪੀ ਰੂਪ ਵਿਚ ਦਰਪੇਸ਼ ਹੋ ਰਹੀਆਂ ਹਨ ਉੱਥੇ ਹੀ ਪੰਜਾਬ ਦੇ ਵਸਨੀਕਾਂ ਨੂੰ ਚੰਗੀ





ਸਿਹਤ, ਸਿੱਖਿਆ ਅਤੇ ਸੁਰੱਖਿਆ ਦੀਆਂ ਸਹੂਲਤਾਂ ਤੋਂ ਵਾਂਝੇ ਰਹਿ ਕੇ ਇਸ ਖਿੱਤੇ ਦੀ ਮਹਾਨ ਵਿਰਾਸਤ ਨੂੰ ਛੱਡ ਕੇ ਪਰਵਾਸ ਕਰਨਾ ਪੈ ਰਿਹਾ ਹੈ। ਸਿੱਖਿਆ ਦੀ ਗੱਲ ਕਰੀਏ ਤਾਂ ਅੱਜ ਪੰਜਾਬ ਸੂਬੇ ਵਿਚ ਸਿੱਖਿਆ ਦੇ ਉੱਪਰ ਨਿੱਜੀਕਰਨ ਦੀ ਤੂਤੀ ਬੋਲ ਰਹੀ ਹੈ। ਸੂਬੇ ਵਿਚ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀਆਂ ਸਰਕਾਰਾਂ ਨੇ ਜਿਵੇਂ ਇਨਾਂ ਨਿੱਜੀ ਸੰਸਥਾਵਾਂ ਅੱਗੇ ਆਤਮ ਸਮਰਪਣ ਕਰ ਦਿੱਤਾ ਹੋਵੇ। ਸਿੱਖਿਆ ਇਕ ਅਜਿਹਾ ਸੰਕਲਪ ਹੈ ਜੋ ਹਰੇਕ ਵਿਦਿਆਰਥੀ ਦਾ ਅਧਿਕਾਰ ਹੈ ਅਤੇ ਸਰਕਾਰ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਆਪਣੀ ਪਹਿਲਕਦਮੀ ਨਾਲ ਇਸ ਗੱਲ ਵੱਲ ਦੇਵੇ ਕਿ ਹਰੇਕ ਵਿਦਿਆਰਥੀ ਤੱਕ ਸਸਤੀ ਤੇ ਢੁੱਕਵੀਂ ਸਿੱਖਿਆ ਪਹੁੰਚੇ। ਪਿਛਲੇ ਸਮੇਂ ਤੋਂ ਲੈ ਕੇ ਹੁਣ ਤੱਕ ਦੇਖੋ ਕਿ ਸੂਬੇ ਅੰਦਰ ਸਰਕਾਰੀ ਕਾਲਜ ਅਤੇ ਸਰਕਾਰੀ ਯੂਨੀਵਰਸਿਟੀਆਂ ਦੀ ਜੋ ਹਾਲਤ ਹੋ ਗਈ ਹੈ ਉਹ ਜੱਗ ਜ਼ਾਹਰ ਹੈ। ਸੂਬੇ ਦੇ ਸਰਕਾਰੀ ਕਾਲਜਾਂ ਵਿਚ ਰੈਗੂਲਰ ਅਧਿਆਪਕਾਂ ਦੀ ਗਿਣਤੀ ਏਨੀ ਘਟ ਚੁੱਕੀ ਹੈ ਕਿ ਬਹੁਤ ਸਾਰੇ ਕਾਲਜਾਂ ਵਿਚ ਸਿਰਫ਼ ਇਕ ਹੀ ਰੈਗੂਲਰ ਅਧਿਆਪਕ ਰਹਿ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਪੜੇ-ਲਿਖੇ ਯੋਗ ਉਮੀਦਵਾਰਾਂ ਨੂੰ ਸਿਰਫ ਥੋੜੀ ਜਿਹੀ ਤਨਖ਼ਾਹ ਦੇ ਕੇ ਉਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਕ ਪਾਸੇ ਸੂਬੇ ਦੇ ਸਰਕਾਰੀ ਕਾਲਜਾਂ ਦੀ ਤਰਸਯੋਗ ਹਾਲਤ ਹੈ ਤੇ ਦੂਜੇ ਪਾਸੇ ਖੁੰਬਾਂ ਵਾਂਗੂੰ ਉੱਗ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਨਿੱਜੀ ਵਿੱਦਿਅਕ ਸੰਸਥਾਵਾਂ ਹਨ ਜਿਨਾਂ ਦੀਆਂ ਇਮਾਰਤਾਂ ਅਸਮਾਨ ਛੂਹ ਰਹੀਆਂ ਹਨ। ਕੀ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਆਪਣੀਆਂ ਡੁੱਬ ਰਹੀਆਂ ਵਿੱਦਿਅਕ ਸੰਸਥਾਵਾਂ ਨੂੰ ਸੰਭਾਲੇ ਅਤੇ ਪੜੇ-ਲਿਖੇ ਲੋਕਾਂ ਨੂੰ ਰੁਜ਼ਗਾਰ ਦੇ ਕੇ ਆਪਣੀ ਲੋਕਤੰਤਰਿਕ ਜ਼ਿੰਮੇਵਾਰੀ ਨਿਭਾਵੇ। ਵਧੀਆ ਸਿਹਤ ਸਹੂਲਤਾਂ ਹੋਣਾ ਕਿਸੇ ਵੀ ਸੂਬੇ ਲਈ ਮਾਣ ਵਾਲੀ ਗੱਲ ਹੁੰਦੀ ਹੈ। ਪੰਜਾਬ ਸੂਬੇ ਦੀ ਜੇਕਰ ਗੱਲ ਕਰੀਏ ਤਾਂ ਪਿਛਲੇ ਕਈ ਦਹਾਕਿਆਂ ਤੋਂ ਸਿਹਤ ਸਹੂਲਤਾਂ ਵਿਚ ਜੋ ਨਿਘਾਰ ਆਇਆ ਹੈ ਉਸ ਨੇ ਲੋਕਾਂ ਦਾ ਸਰਕਾਰੀ ਹਸਪਤਾਲਾਂ ਤੋਂ ਮੋਹ ਭੰਗ ਕਰ ਦਿੱਤਾ ਹੈ। ਕਈ ਦਹਾਕਿਆਂ ਤੋਂ ਸਰਕਾਰੀ ਹਸਪਤਾਲਾਂ ਦੀ ਨਿੱਘਰਦੀ ਹਾਲਤ ਅਤੇ ਮਾੜੀਆਂ ਸਿਹਤ ਸਹੂਲਤਾਂ ਨੇ ਪਤਾ ਨਹੀਂ ਕਿੰਨੀਆਂ ਜਾਨਾਂ ਖੋਹ ਲਈਆਂ ਹਨ। ਦੂਜੇ ਪਾਸੇ ਜਦੋਂ ਅਸੀਂ ਸਿਹਤ ਸਹੂਲਤਾਂ ਵਿਚ ਨਿੱਜੀਕਰਨ ਦੇਖਦੇ ਹਾਂ ਤਾਂ ਵੱਡੇ-ਵੱਡੇ ਹਸਪਤਾਲ ਪੰਜਾਬ ਅੰਦਰ ਖੁੱਲ ਚੁੱਕੇ ਹਨ। ਇਨਾਂ ਨਿੱਜੀ ਹਸਪਤਾਲਾਂ ਵਿਚ ਆਮ ਬੰਦੇ ਦੀ ਹੁੰਦੀ ਲੁੱਟ ਨੇ ਮਨੁੱਖੀ ਮਾਨਸਿਕਤਾ ਨੂੰ ਏਨੀ ਡੂੰਘੀ ਸੱਟ ਮਾਰੀ ਹੈ ਕਿ ਲੋਕਾਂ ਦਾ ਯਕੀਨ ਹਸਪਤਾਲਾਂ ਤੋਂ ਉੱਠ ਗਿਆ ਹੈ। ਕੋਰੋਨਾ ਕਾਲ ਵਿਚ ਜਿੱਥੇ ਸਰਕਾਰ ਸਿਰਫ਼ ਕਾਗਜ਼ੀ ਦਾਅਵੇ ਕਰਦੀ ਨਜ਼ਰ ਆਈ ਉੱਥੇ ਇਨਾਂ ਨਿੱਜੀ ਹਸਪਤਾਲਾਂ ਨੇ ਲੋਕਾਂ ਦਾ ਇਲਾਜ ਵੀ ਕੀਤਾ ਪਰ ਇਸ ਦੇ ਨਾਲ ਹੀ ਏਨਾ ਲੁੱਟਿਆ ਵੀ ਕਿ ਕਈ ਲੋਕ ਆਪਣੀ ਜਾਨ ਤਾਂ ਬਚਾ ਚੁੱਕੇ ਹਨ ਪਰ ਆਪਣੀ ਸਾਰੀ ਪੂੰਜੀ ਲੁਟਾ ਕੇ ਅੱਜ ਜਿਊਂਦੇ ਜੀ ਮਰ ਰਹੇ ਹਨ। ਕੀ ਸਰਕਾਰ ਦਾ ਕੰਮ ਸਿਰਫ਼ ਇਹੀ ਹੈ ਕਿ ਉਹ ਧੜਾਧੜ ਸੂਬੇ ਅੰਦਰ ਪ੍ਰਾਈਵੇਟ ਹਸਪਤਾਲ ਖੋਲਣ ਦੀ ਇਜਾਜ਼ਤ ਦੇਈ ਜਾਵੇ ਅਤੇ ਸਰਕਾਰੀ ਹਸਪਤਾਲਾਂ ਉੱਪਰ ਧਿਆਨ ਨਾ ਦੇ ਕੇ ਸਿੱਧੇ ਰੂਪ ਵਿਚ ਲੋਕਾਂ ਦੀ ਜ਼ਿੰਦਗੀ ਇਨਾਂ ਨਿੱਜੀ ਹੱਥਾਂ ਵਿਚ ਦੇ ਦੇਵੇ। ਤੀਜਾ ਵੱਡਾ ਮਸਲਾ ਕਿਸੇ ਵੀ ਸੂਬੇ ਅੰਦਰ ਸੁਰੱਖਿਆ ਦਾ ਹੁੰਦਾ ਹੈ। ਸੂਬੇ ਅੰਦਰ ਨਿੱਤ ਵਾਪਰ ਰਹੀਆਂ ਘਟਨਾਵਾਂ ਨੇ ਅੱਜ ਆਮ ਆਦਮੀ ਨੂੰ ਘਰ ਤੋਂ ਨਿਕਲਣ ਵੇਲੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਸੂਬੇ ਅੰਦਰ ਪੈਦਾ ਹੋ ਰਹੀ ਗੈਂਗਵਾਰ ਜਿਸ ਦੀਆਂ ਜੜਾਂ ਕਈ ਦਹਾਕੇ ਪਹਿਲਾਂ ਤੋਂ ਪੈਦਾ ਹੋ ਚੁੱਕੀਆਂ ਹਨ, ਨੇ ਪੂਰੇ ਸੂਬੇ ਦੇ ਨੱਕ ਵਿਚ ਦਮ ਕਰ ਰੱਖਿਆ ਹੈ। ਸੂਬੇ ਦਾ ਪੁਲਿਸ ਪ੍ਰਬੰਧ ਸੜਕਾਂ ’ਤੇ ਚਲਾਨਾਂ ਦੇ ਰੂਪ ਵਿਚ ਉਗਰਾਹੀ ਕਰਦਾ ਨਜ਼ਰ ਆ ਰਿਹਾ ਹੈ ਪਰ ਜੋ ਹਾਲਤ ਸੁਰੱਖਿਆ ਪੱਖ ਤੋਂ ਨਿੱਘਰ ਰਹੀ ਹੈ ਉਸ ਵੱਲ ਉਸ ਦੀ ਕੋਈ ਤਵੱਜੋ ਨਹੀਂ ਹੈ। ਸੂਬੇ ਅੰਦਰ ਨੌਜਵਾਨਾਂ ਦਾ ਪਰਵਾਸ ਹੋਣਾ, ਇਸ ਪਿੱਛੇ ਸੂਬੇ ਦੀ ਸੁਰੱਖਿਆ ਦੇ ਢੁੱਕਵੇਂ ਪ੍ਰਬੰਧਾਂ ਦਾ ਨਾ ਹੋਣਾ ਵੀ ਹੈ। ਅੱਜ ਬੱਚਿਆਂ ਦੇ ਮਾਪੇ ਚਿੰਤਤ ਹਨ ਕਿ ਜੇਕਰ ਉਨਾਂ ਦੇ ਬੱਚੇ ਇਸ ਖਿੱਤੇ ਵਿਚ ਰਹੇ ਤਾਂ ਉਨਾਂ ਦਾ ਭਵਿੱਖ ਕੀ ਹੋਵੇਗਾ। ਚੌਥਾ ਵੱਡਾ ਮਸਲਾ ਸੂਬੇ ਅੰਦਰ ਨਸ਼ੇ ਦਾ ਹੈ। ਨੌਜਵਾਨ ਇਕ ਪਾਸੇ ਆਪਣੀ ਮਿਹਨਤ ਕਰ ਰਿਹਾ ਹੈ ਅਤੇ ਪੂਰਾ ਜ਼ੋਰ ਲਾ ਕੇ ਪੜ-ਲਿਖ ਰਿਹਾ ਹੈ। ਵਿਦਿਆਰਥੀ ਜਦੋਂ ਪੜ-ਲਿਖ ਜਾਂਦਾ ਹੈ ਤਾਂ ਉਸ ਨੂੰ ਰੁਜ਼ਗਾਰ ਦੀ ਜ਼ਰੂਰਤ ਹੁੰਦੀ ਹੈ ਪਰ ਸਰਕਾਰਾਂ ਨੇ ਪਿਛਲੇ ਕਾਫੀ ਸਮੇਂ ਤੋਂ ਅਜਿਹਾ ਪ੍ਰਬੰਧ ਅਪਣਾ ਲਿਆ ਹੈ ਕਿ ਸੂਬੇ ਅੰਦਰ ਸਰਕਾਰੀ ਨੌਕਰੀਆਂ ਦੀ ਬਹੁਤ ਘਾਟ ਹੋ ਗਈ ਹੈ। ਵਿਦਿਆਰਥੀ ਪ੍ਰੇਸ਼ਾਨ ਹੋ ਕੇ ਕਈ ਵਾਰੀ ਜ਼ਿੰਦਗੀ ਵਿਚ ਗ਼ਲਤ ਫ਼ੈਸਲੇ ਲੈਂਦਾ ਹੋਇਆ, ਨਸ਼ੇ ਦਾ ਸਹਾਰਾ ਲੈ ਲੈਂਦਾ ਹੈ। ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੇ ਘਰਾਂ ਦੇ ਚਿਰਾਗ ਨਸ਼ੇ ਨੇ ਬੁਝਾ ਦਿੱਤੇ ਹਨ ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਸਮੇਂ ਦੀਆਂ ਸਰਕਾਰਾਂ ਬਹੁਤ ਵੱਡੇ-ਵੱਡੇ ਵਾਅਦੇ ਤੇ ਦਾਅਵੇ ਕਰਦੀਆਂ ਹਨ ਪਰ ਜਦੋਂ ਜ਼ਮੀਨੀ ਹਕੀਕਤ ਦੀ ਗੱਲ ਹੁੰਦੀ ਹੈ ਤਾਂ ਉਹ ਬਿਲਕੁਲ ਹੀ ਉਲਟ ਨਜ਼ਰ ਆਉਂਦੀ ਹੈ। ਇਹ ਕੁਝ ਉਹ ਮੁੱਦੇ ਹਨ ਜੋ ਪੰਜਾਬ ਦੀਆਂ ਸਰਕਾਰਾਂ ਪਿਛਲੇ ਕਈ ਸਾਲਾਂ ਤੋਂ ਹੱਲ ਕਰਨ ਦੀ ਕੋਸ਼ਿਸ਼ ਦੀ ਆੜ ਵਿਚ ਵੋਟਾਂ ਲੈਂਦੀਆਂ ਤੇ ਆਪਣੀਆਂ ਸਰਕਾਰਾਂ ਬਣਾਉਂਦੀਆਂ ਰਹੀਆਂ ਹਨ।

ਬਾਕੀ ਸਫ਼ਾ 28 ’ਤੇ

# ਕਾਂਗਰਸ ਦੇ ਮਹਾਂਰਥੀ ਸੋਨੀਆ ਗਾਂਧੀ ਤੇ ਪ੍ਰਿਯੰਕਾ ਦੀ ਨਵੀਂ ਨੀਤੀ ਅਤੇ ਸਿਆਸਤ

**ਰਸ਼ੀਦ ਕਿਦਵਈ**

ਅੰਦਰੂਨੀ ਉਥਲ ਪੁਥਲ ਅਤੇ ਬਦਮਗਜ਼ੀ ਤੋਂ ਬਾਅਦ ਸੋਨੀਆ, ਰਾਹੁਲ ਤੇ ਪ੍ਰਿਯੰਕਾ ਦੀ ਗਾਂਧੀ ਤਿੱਕੜੀ ਦੀ ਅਗਵਾਈ ਹੇਠ ਕਾਂਗਰਸ ਉੱਠ ਕੇ ਖੜੀ ਹੋਣ ਦੇ ਯੋਗ ਹੁੰਦੀ ਨਜ਼ਰ ਆ ਰਹੀ ਹੈ। 2022 ਵਿਚ ਪੰਜਾਬ, ਉਤਰਾਖੰਡ, ਉੱਤਰ ਪ੍ਰਦੇਸ਼, ਗੋਆ ਅਤੇ ਮਨੀਪੁਰ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਨਤੀਜਿਆਂ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ ਜਿਸ ਤੋਂ ਬਾਅਦ ਹੀ ਰਾਹੁਲ ਗਾਂਧੀ ਆਪਣੇ ਆਪ ਨੂੰ ਇਕ ਵਾਰ ਫਿਰ ਪਾਰਟੀ ਦੀ ਪ੍ਰਧਾਨਗੀ ਲਈ ਉਮੀਦਵਾਰ ਐਲਾਨ ਸਕਦੇ ਹਨ।

ਮਈ 2019 (ਜਦੋਂ ਰਾਹੁਲ ਗਾਂਧੀ ਨੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ 87ਵੇਂ ਪ੍ਰਧਾਨ ਵਜੋਂ ਅਸਤੀਫ਼ਾ ਦਿੱਤਾ ਸੀ) ਤੋਂ ਲੈ ਕੇ 16 ਅਕਤੂਬਰ 2021 (ਜਦੋਂ ਕਾਂਗਰਸ ਵਰਕਿੰਗ ਕਮੇਟੀ ਨੇ 2022-27 ਲਈ ਜਥੇਬੰਦਕ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕੀਤਾ ਹੈ) ਤੱਕ ਦਾ ਅਰਸਾ ਕਈ ਪੱਖਾਂ ਤੋਂ ਚੁਣੌਤੀ ਵਾਲਾ ਰਿਹਾ ਹੈ। ਇਸ ਦੌਰਾਨ ਕਾਂਗਰਸ ਦੀ ਚੁਣਾਵੀ ਕਾਰਗੁਜ਼ਾਰੀ ਲਗਾਤਾਰ ਡਾਵਾਂਡੋਲ ਰਹੀ ਹੈ। ਮੱਧ ਪ੍ਰਦੇਸ਼ ਵਿਚ ਕਾਂਗਰਸ ਸਰਕਾਰ ਦਾ ਡਿੱਗਣਾ, ਜਯੋਤਿਰਾਦਿਤਿਆ ਸਿੰਧੀਆ, ਸੁਸ਼ਮਿਤਾ ਦੇਵ, ਜਿਤਿਨ ਪ੍ਰਸ਼ਾਦ ਜਿਹੇ ਆਗੂਆਂ ਦੇ ਪਾਰਟੀ ਛੱਡ ਕੇ ਚਲੇ ਜਾਣਾ, ਵਿਚਾਰਧਾਰਕ ਭੰਬਲਭੂਸਾ, ਅੰਦਰੂਨੀ ਮੱਤਭੇਦ ਅਤੇ ਨਾਉਮੀਦੀ ਦੇ ਮਾਹੌਲ ਕਰ ਕੇ ਮੁਲਕ ਦੀ ਸਭ ਤੋਂ ਪੁਰਾਣੀ ਪਾਰਟੀ ਦੀ ਹਾਲਤ ਪਤਲੀ ਹੋ ਗਈ ਸੀ।

ਫਿਰ ਵੀ ਪਾਰਟੀ ਵਿਚ ਅਜਿਹਾ ਕੁਝ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ ਜੋ ਕਈ ਦਹਾਕੇ ਪਹਿਲਾਂ ਵਾਪਰਿਆ ਸੀ। ਜੇ 1967 ਵਿਚ ਰਾਮ ਮਨੋਹਰ ਲੋਹੀਆ ਦੇ ਅਸਰ, 1975 ਵਿਚ ਜੈਪ੍ਰਕਾਸ਼ ਨਰਾਇਣ ਦੇ ਅੰਦੋਲਨ ਅਤੇ ਪੀਵੀ ਨਰਸਿਮਾ ਰਾਓ-ਸੀਤਾਰਾਮ ਕੇਸਰੀ ਦੇ ਟਕਰਾਅ ਨਾਲ ਮੌਜੂਦਾ ਹਾਲਾਤ ਦੀ ਤੁਲਨਾ ਕਰਕੇ ਦੇਖਿਆ ਜਾਵੇ ਤਾਂ ਇਹ ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਨਾਕਾਮੀ ਹੀ ਗਿਣੀ ਜਾਵੇਗੀ ਜਿਸ ਕਰ ਕੇ 1969 ਵਿਚ ਕਾਂਗਰਸ (ਓ), 1974 ਵਿਚ ਕਾਂਗਰਸ (ਰੈਡੀ) ਅਤੇ ਕਾਂਗਰਸ (ਸ਼ਰਦ ਪਵਾਰ) ਅਤੇ 1995 ਵਿਚ ਕਾਂਗਰਸ (ਤਿਵਾੜੀ), 1996 ਵਿਚ ਮਾਧਵਰਾਓ ਸਿੰਧੀਆ ਦੀ ਅਗਵਾਈ ਹੇਠ ਮੱਧ ਪ੍ਰਦੇਸ਼ ਵਿਕਾਸ ਕਾਂਗਰਸ, 1996 ਵਿਚ ਕਰਨਾਟਕ ਵਿਕਾਸ ਪਾਰਟੀ (ਸਾਰੇਕੋਪਾ ਬੰਗਾਰੱਪਾ) ਅਤੇ 1994 ਵਿਚ ਤ੍ਰਿਣਮੂਲ ਕਾਂਗਰਸ ਦਾ ਗਠਨ ਹੋਇਆ ਸੀ। 2014 ਅਤੇ 2019 ਦੀਆਂ ਆਮ ਚੋਣਾਂ ਵਿਚ ਲੱਕ ਤੋੜਵੀਂ ਹਾਰ ਹੋਣ ਦੇ ਬਾਵਜੂਦ ਕਾਂਗਰਸੀਆਂ ਦੇ ਕਿਸੇ ਵੀ ਵੱਡੇ ਗਰੁੱਪ ਨੇ ਪਾਰਟੀ ਤੋੜਨ ਦੀ ਕੋਸ਼ਿਸ਼ ਨਹੀਂ ਕੀਤੀ।

15 ਅਗਸਤ 2021 ਤੋਂ ਬਾਅਦ ਜੀ-23 (ਨਾਰਾਜ਼ ਕਾਂਗਰਸੀ ਆਗੂਆਂ ਦੇ ਗਰੁੱਪ) ਨੇ ਕੁਝ ਖੰਭ ਖਿਲਾਰਨ ਦੀ ਕੋਸ਼ਿਸ਼ ਕੀਤੀ ਸੀ ਪਰ 16 ਅਕਤੂਬਰ 2021 ਨੂੰ ਜਿਵੇਂ ਸੋਨੀਆ ਗਾਂਧੀ ਨੇ ਖੁੱਲੇਆਮ ਚੁਣੌਤੀ ਦੇ ਕੇ ਨਾਰਾਜ਼ ਧੜੇ ਵਲੋਂ ਪਾਰਟੀ ਦੀ ਅਗਵਾਈ ਨੂੰ ਲੈ ਕੇ ਉਭਾਰੀ ਜਾ ਰਹੀ ਸ਼ਿਕਾਇਤ ਤੇ ਹੀ ਸਵਾਲੀਆ ਨਿਸ਼ਾਨ ਲਗਾ ਦਿੱਤਾ। ਜੀ-23 ਦੇ ਤਿੰਨ ਮੈਂਬਰਾਂ ਗੁਲਾਮ ਨਬੀ ਆਜ਼ਾਦ, ਆਨੰਦ ਸ਼ਰਮਾ ਅਤੇ ਮੁਕੁਲ ਵਾਸਨਿਕ ਨੂੰ ਬੁੜ ਬੁੜ ਕਰਦਿਆਂ ਸੁਣਿਆ ਗਿਆ ਸੀ ਪਰ ਇਸ ਨੂੰ ਕਿਸੇ ਵੀ ਪੱਖ ਤੋਂ ਬਗ਼ਾਵਤ ਨਹੀਂ ਆਖਿਆ ਜਾ ਸਕਦਾ। ਜੀ-23 ਅੰਦਰਲੇ ਕੁਝ ਪ੍ਰਮੁੱਖ ਆਗੂਆਂ ਨੇ ਜ਼ਾਤੀ ਤੌਰ 'ਤੇ ਆਖਿਆ ਕਿ



ਗਰੁੱਪ ਨੇ ਪਾਰਟੀ ਦੀਆਂ ਚੋਣਾਂ ਦਾ ਪ੍ਰੋਗਰਾਮ ਐਲਾਨ ਕਰਵਾ ਲਿਆ ਹੈ ਤੇ ਹੁਣ ਇਸ ਦਾ ਕੰਮ ਖ਼ਤਮ ਹੋ ਗਿਆ ਹੈ। ਉਂਝ, ਇਹ ਕਹਿਣਾ ਪਵੇਗਾ ਕਿ ਜੀ-23 ਪਹਿਲੇ ਦਿਨ ਤੋਂ ਹੀ ਇਕਜੁੱਟ ਨਹੀਂ ਸੀ ਤੇ ਅਸਲ ਵਿਚ ਇਹ ਕੁਝ ਅਜਿਹੇ ਸੀਨੀਅਰ ਕਾਂਗਰਸ ਆਗੂਆਂ ਦਾ ਸਮੂਹ ਸੀ ਜਿਨਾਂ ਦੇ ਆਪੋ-ਆਪਣੇ ਮਨੋਰਥ ਹਨ। ਇਨਾਂ ਵਿਚੋਂ ਕੁਝ ਕੁ ਆਗੂ ਤਾਂ ਪਾਰਟੀ ਦੀਆਂ ਕਮੇਟੀਆਂ ਵਿਚ ਨਾਮਜ਼ਦਗੀ ਹਾਸਲ ਕਰਨ ਵਿਚ ਕਾਮਯਾਬ ਹੋ ਗਏ ਹਨ ਜਦਕਿ ਕੁਝ ਅਜੇ ਵੀ ਨਾਰਾਜ਼ ਹੀ ਹਨ।

ਇਸ ਪ੍ਰਸੰਗ ਵਿਚ ਇਕ ਹੋਰ ਚੰਗੀ ਗੱਲ ਇਹ ਹੋਈ ਕਿ ਰਾਹੁਲ ਤੇ ਪ੍ਰਿਯੰਕਾ, ਦੋਵਾਂ ਵਿਚੋਂ ਹੋਣਹਾਰ ਅਗਵਾਈ ਦੇ ਸੰਕੇਤ ਮਿਲੇ ਹਨ। ਪ੍ਰਿਯੰਕਾ ਉੱਤਰ ਪ੍ਰਦੇਸ਼ ਦੇ ਰਣਖੇਤਰ ਵਿਚ ਕੁਝ ਹੱਦ ਤੱਕ ਜਨ ਮਾਨਸ ਤੇ ਜਗਾ ਬਣਾਉਣ ਵਿਚ ਕਾਮਯਾਬ ਰਹੀ ਹੈ। ਚਾਲੀ ਫ਼ੀਸਦ ਟਿਕਟਾਂ ਔਰਤਾਂ ਨੂੰ ਦੇਣ ਦਾ ਉਨਾਂ ਦੀ ਪੇਸ਼ਕਸ਼ ਦਿਲਚਸਪ ਅਤੇ ਮੌਲਿਕ ਜਾਪਦੀ ਹੈ। ਹਾਲਾਂਕਿ ਵੋਟਾਂ ਦੇ ਲਿੰਗ ਆਧਾਰਤ ਪੈਟਰਨਾਂ ਬਾਰੇ ਬਹੁਤੀ ਖੋਜ ਨਹੀਂ ਹੋਈ ਪਰ ਹਾਲੀਆ ਸਾਲਾਂ ਦੌਰਾਨ ਮਮਤਾ ਬੈਨਰਜੀ, ਨਰਿੰਦਰ ਮੋਦੀ ਅਤੇ ਅਰਵਿੰਦ ਕੇਜਰੀਵਾਲ ਮਹਿਲਾ ਵੋਟਰਾਂ ਦੇ ਚੋਖੇ ਹਿੱਸੇ ਨੂੰ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਹੋਏ ਹਨ।

ਵੱਡਾ ਸਵਾਲ ਇਹ ਹੈ ਕਿ ਕੀ ਪ੍ਰਿਯੰਕਾ ਗਾਂਧੀ ਆਪਣੇ ਅੰਦਰ ਆਪਣੀ ਦਾਦੀ ਇੰਦਰਾ ਗਾਂਧੀ ਵਰਗੀ ਕੋਈ ਚੰਗਿਆੜੀ ਦਿਖਾ ਸਕੇਗੀ ? ਇਸ ਤੋਂ ਵੀ ਅਹਿਮ ਸਵਾਲ ਇਹ ਹੈ ਕਿ ਕੀ ਉਹ ਉੱਤਰ ਪ੍ਰਦੇਸ਼ ਦੇ ਚੋਣ ਮੈਦਾਨ ਵਿਚ ਉਤਰਨ ਦਾ ਜੇਰਾ ਦਿਖਾ ਸਕੇਗੀ ? ਨਿੰਦਕਾਂ ਦੀ ਸੁਣੀ ਜਾਵੇ ਤਾਂ 2022 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਪ੍ਰਿਯੰਕਾ ਤੇ ਕਾਂਗਰਸ ਲਈ ਪਹਿਲਾਂ ਹੀ ਖਤਮ ਹੋ ਚੁੱਕੀਆਂ ਹਨ ਪਰ ਜੇ ਪਾਰਟੀ 25 ਸੀਟਾਂ ਜਿੱਤ ਜਾਂਦੀ ਜਾਂ 10 ਫ਼ੀਸਦ ਤੋਂ ਵੱਧ ਵੋਟਾਂ ਹਾਸਲ ਕਰ ਲੈਂਦੀ ਹੈ ਤਾਂ ਯਕੀਨਨ ਇਹ ਇਸ ਦੀ ਪ੍ਰਾਪਤੀ ਗਿਣੀ ਜਾਵੇਗੀ, ਜਿਵੇਂ ਅਕਸਰ ਕਿਹਾ ਜਾਂਦਾ ਹੈ ਕਿ ਦਿੱਲੀ ਦੀ ਸੱਤਾ ਦਾ ਰਸਤਾ ਲਖਨਊ ਵਿਚੋਂ ਲੰਘਦਾ ਹੈ। ਦੂਜੇ ਬੰਨੇ, ਰਾਹੁਲ ਦਾ ਧਿਆਨ ਵਿਚਾਰਧਾਰਾ ਦੇ ਮੁੱਦਿਆਂ ਤੇ ਲੱਗਿਆ ਹੋਇਆ ਹੈ। ਕਨੱਈਆ ਕੁਮਾਰ ਤੇ ਜਿਗਨੇਸ਼ ਮੇਵਾਨੀ ਜਿਹੇ ਨੌਜਵਾਨ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨਾ ਅਤੇ ਹਾਰਦਿਕ ਪਟੇਲ ਨੂੰ ਅਹਿਮੀਅਤ ਦੇਣ ਦੀ ਉਨਾਂ ਦੀ ਦਲੇਰਾਨਾ ਪਹਿਲਕਦਮੀ ਕੀਤੀ ਹੈ, ਕਿਉਂਕਿ ਉਨਾਂ ਦੀ ਨਜ਼ਰ ਮੱਧ ਵਰਗ ਵੋਟਰਾਂ ਤੋਂ ਪਾਰ ਜਾਂਦੀ ਹੈ। ਮੱਧ ਵਰਗ ਨੂੰ ਕਾਂਗਰਸ ਦੀ ਅਗਵਾਈ ਹੇਠ ਚਲਾਏ ਆਰਥਿਕ ਸੁਧਾਰਾਂ ਤੋਂ ਭਰਵਾਂ ਲਾਭ ਮਿਲਿਆ ਸੀ ਪਰ ਇਸ ਵੇਲੇ ਭਾਜਪਾ ਸੁਧਾਰਾਂ ਦੀ ਅਲੰਬਰਦਾਰ ਬਣੀ ਹੋਈ ਹੈ। ਰਾਹੁਲ ਗ਼ਰੀਬਾਂ, ਕਿਸਾਨਾਂ, ਦਿਹਾੜੀਦਾਰ ਮਜ਼ਦੂਰਾਂ ਅਤੇ ਸਮਾਜ ਦੇ ਹੋਰਨਾਂ ਮਹਿਰੂਮ ਤਬਕਿਆਂ ਦੇ ਹਿੱਤਾਂ ਦਾ ਪਹਿਰੇਦਾਰ ਬਣ ਕੇ ਸਾਹਮਣੇ ਆਉਣਾ ਚਾਹੁੰਦਾ ਹੈ। ਉਨਾਂ ਦੀ ਪਹੁੰਚ ਵਿਚ ਖੱਬੇਪੱਖੀ ਝੁਕਾਅ ਵਾਲੇ ਕੇਂਦਰਵਾਦੀ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ ਅਤੇ ਜਿਹੜੇ ਲੋਕ ਉਨਾਂ ਦੀ ਸੋਚ ਨੂੰ ਪ੍ਰਵਾਨ ਨਹੀਂ ਕਰ ਰਹੇ, ਉਨਾਂ ਨੂੰ ਬਾਹਰ ਜਾਣ ਦਾ ਰਸਤਾ ਦਿਖਾਇਆ ਜਾ ਰਿਹਾ ਹੈ।

ਕਾਂਗਰਸ ਦੇ ਹਾਲਾਤ ਤੇ ਲੰਮੇ ਸਮੇਂ ਤੋਂ ਨਜ਼ਰ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਇਹ ਗਣਿਤ ਸਰਲ ਹੈ। ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ, ਗੁਜਰਾਤ, ਉਤਰਾਖੰਡ, ਹਿਮਾਚਲ ਪ੍ਰਦੇਸ਼, ਗੋਆ, ਮਹਾਰਾਸ਼ਟਰ ਦੇ ਕੁਝ ਖੇਤਰਾਂ, ਉੜੀਸਾ, ਜੰਮੂ, ਪੰਜਾਬ ਆਦਿ ਵਿਚ ਲੋਕ ਸਭਾ ਦੀਆਂ 200 ਤੋਂ ਵੱਧ ਸੀਟਾਂ ਪੈਂਦੀਆਂ ਹਨ ਜਿੱਥੇ ਕਾਂਗਰਸ ਦਾ ਭਾਜਪਾ ਨਾਲ ਸਿੱਧਾ ਮੁਕਾਬਲਾ ਹੈ। ਇਸ ਵੇਲੇ ਇਨਾਂ ਖੇਤਰਾਂ ਵਿਚਲੀਆਂ ਕਰੀਬ 90 ਫ਼ੀਸਦ ਸੀਟਾਂ ਤੇ ਭਾਜਪਾ ਦਾ ਦਬਦਬਾ ਹੈ। ਜਿੰਨੀ ਦੇਰ ਤੱਕ ਤੱਕ ਕਾਂਗਰਸ ਇੱਥੇ ਭਾਜਪਾ ਦਾ ਬੋਲਬਾਲਾ ਘਟਾ ਕੇ 50-60 ਫ਼ੀਸਦ ਤੇ ਨਹੀਂ ਲੈ ਆਉਂਦੀ, ਓਨੀ ਦੇਰ ਤੱਕ ਉਸ ਦੇ ਮੁੜ ਸੁਰਜੀਤ ਹੋਣ ਦੇ ਆਸਾਰ ਮੱਧਮ ਹੀ ਰਹਿਣਗੇ।

ਇਸ ਖੇਤਰ ਤੋਂ ਬਾਹਰ ਕਾਂਗਰਸ ਨੂੰ ਤਿਕੋਨੇ ਜਾਂ ਬਹੁਕੋਨੇ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿਚ ਇਕ ਪਾਸੇ ਭਾਜਪਾ ਤੇ ਦੂਜੇ ਪਾਸੇ ਐੱਨਡੀਏ ਤੋਂ ਬਾਹਰਲੀਆਂ ਖੇਤਰੀ ਪਾਰਟੀਆਂ ਖੜੀਆਂ ਹੁੰਦੀਆਂ ਹਨ। ਗੱਠਜੋੜ ਦੀ ਰਣਨੀਤੀ ਦੀਆਂ ਆਪਣੀਆਂ ਮਜਬੂਰੀਆਂ ਹਨ ਕਿਉਂਕਿ ਰਾਜਨੀਤੀ ਵਿਚ ਕਮਜ਼ੋਰ ਸਥਿਤੀ ਤੇ ਖੜ ਕੇ ਮੰਗੀਆਂ ਜਾਂਦੀਆਂ ਸੀਟਾਂ ਕੋਈ ਨਹੀਂ ਦਿੰਦਾ।

ਕਾਂਗਰਸ ਲੀਡਰਸ਼ਿਪ ਦੇ ਪਾਰਟੀ ਦੇ ਮਜ਼ਬੂਤ ਖੇਤਰੀ ਆਗੂਆਂ ਨਾਲ ਕਸ਼ਮਕਸ਼ ਦੀ ਕਹਾਣੀ ਲਈ ਵੱਖਰੀ ਰਣਨੀਤੀ ਦੀ ਲੋੜ ਹੈ। ਸੰਖੇਪ ਵਿਚ ਗੱਲ ਇੰਨੀ ਹੈ ਕਿ ਰਾਹੁਲ ਤੇ ਪ੍ਰਿਯੰਕਾ ਦੇ ਮਨ ਵਿਚ ਪਾਰਟੀ ਦੇ ਸ਼ਾਸਨ ਵਾਲੇ ਸੂਬਿਆਂ ਵਿਚਲੇ ਮੁੱਖ ਮੰਤਰੀਆਂ ਅਤੇ ਜਿਨਾਂ ਸੂਬਿਆਂ ਵਿਚ ਚੋਣਾਂ ਹੋ ਰਹੀਆਂ ਹਨ, ਉਨਾਂ ਵਿਚ ਮੁੱਖ ਮੰਤਰੀ ਦੇ ਅਹੁਦੇ ਦੇ ਚਾਹਵਾਨਾਂ ਪ੍ਰਤੀ ਕੁਝ ਵੀ ਹੋਵੇ ਪਰ ਉਹ ਆਦਰ ਭਾਵ ਨਜ਼ਰ ਨਹੀਂ ਆਉਂਦਾ। ਕੈਪਟਨ ਅਮਰਿੰਦਰ ਸਿੰਘ ਨੂੰ ਤਜਰਬਾ ਖਾਸਾ ਮਹਿੰਗੇ ਭਾਅ ਪਿਆ ਹੈ ਤੇ ਉਹ ਭਾਜੀ ਮੋੜਨ ਦੇ ਰੌਂਅ ਵਿਚ ਹੈ ਹਾਲਾਂਕਿ ਉਮਰ ਤੇ ਸਿਆਸੀ ਰਸੂਖ ਦੇ ਪੱਖ ਉਸ ਦੇ ਹੱਕ ਵਿਚ ਨਹੀਂ ਜਾਪਦੇ। ਨਵਜੋਤ ਸਿੰਘ ਸਿੱਧੂ ਨੂੰ ਵੀ ਹੁਣ ਤੱਕ ਸਮਝ ਆ ਚੁੱਕੀ ਹੋਵੇਗੀ ਕਿ ਰਾਹੁਲ ਤੇ ਪ੍ਰਿਯੰਕਾ ਕਿਹੋ ਜਿਹੀ ਸਿਆਸਤ ਕਰਨਾ ਚਾਹ ਰਹੇ ਹਨ ਹਾਲਾਂਕਿ ਉਸ ਨੇ ਆਪਣੀ ਵੱਖਰੀ ਸੁਰ ਅਪਣਾ ਰੱਖੀ ਹੈ ਤੇ ਨਾਲ ਹੀ ਉਹ ਗਾਂਧੀ ਜੋੜੀ ਨਾਲ ਖੜੇ ਦਿਸਣਾ ਚਾਹੁੰਦੇ ਹਨ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਛੱਤੀਸਗੜ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੂੰ ਵੀ ਨਿੱਤ ਨਵੇਂ ਝਮੇਲੇ ਸਿੱਝਣੇ ਪੈ ਰਹੇ ਹਨ। ਹਰੀਸ਼ ਰਾਵਤ ਜਿਹੇ ਸੀਨੀਅਰ ਆਗੂ ਨੂੰ ਵੀ ਇਹ ਅਹਿਸਾਸ ਹੋਣ ਲੱਗ ਪਿਆ ਹੈ ਕਿ ਜੇ ਪਾਰਟੀ ਉਤਰਾਖੰਡ ਦੀਆਂ ਚੋਣਾਂ ਵਿਚ ਜਿੱਤ ਜਾਂਦੀ ਹੈ ਤਾਂ ਵੀ ਮੁੱਖ ਮੰਤਰੀ ਦੀ ਕੁਰਸੀ ਪਲੇਟ ਵਿਚ ਪਰੋਸ ਕੇ ਨਹੀਂ ਮਿਲਣ ਵਾਲੀ। ਜਿਵੇਂ ਯਸ਼ਪਾਲ ਆਰੀਆ ਦੀ ਕਾਂਗਰਸ ਵਿਚ ਵਾਪਸੀ ਹੀ ਕਾਫ਼ੀ ਨਹੀਂ ਸੀ, ਹਰੀਸ਼ ਰਾਵਤ ਦੇ ਵਿਰੋਧੀ ਗਿਣੇ ਜਾਂਦੇ ਹਰਕ ਸਿੰਘ ਰਾਵਤ ਅਤੇ ਸਾਕੇਤ ਬਹੁਗੁਣਾ ਦੀ ਵਾਪਸੀ ਹੋਣ ਦੇ ਕਿਆਸ ਲਾਏ ਜਾ ਰਹੇ ਹਨ।

### ਮਾਮਲਾ ਸਲਾਰਪੁਰ ਗੋਲੀ ਕਾਂਡ ਦਾ

## ਕੁਲਬੀਰ ਸਿੰਘ ਬੜਾ ਪਿੰਡ ਸਮੇਤ 9 ਨੂੰ ਉਮਰ ਕੈਦ

**ਜਲੰਧਰ/ਏ.ਟੀ.ਨਿਊਜ਼ :** ਵਧੀਕ ਜ਼ਿਲਾ ਅਤੇ ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਦੀ ਅਦਾਲਤ ਨੇ ਸਾਲ 2015 ਵਿਚ ਸਲਾਰਪੁਰ 'ਚ ਹੋਏ ਗੋਲੀ ਕਾਂਡ ਮਾਮਲੇ ਵਿਚ ਕਿਸਾਨ ਸਿੰਗਾਰਾ ਚੰਦ ਦੇ ਕਤਲ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਕੁਲਬੀਰ ਸਿੰਘ ਬੜਾ ਪਿੰਡ, ਪਾਲ ਰਾਮ, ਗੁਰਮੇਲ ਸਿੰਘ, ਮਨੋਹਰ ਸਿੰਘ, ਕਮਲਜੀਤ ਸਿੰਘ, ਮੋਤੀ ਲਾਲ, ਸੁਰਿੰਦਰ ਸਿੰਘ, ਹਰੀ ਰਾਮ ਉਰਫ ਬਿਸ਼ਨ ਦਾਸ, ਸੁਖਵਿੰਦਰ ਸਿੰਘ ਨੂੰ ਉਮਰ ਕੈਦ ਅਤੇ ਵੱਖ-ਵੱਖ ਧਾਰਾਵਾਂ ਹੇਠ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ ਹੈ। ਇਸ ਮਾਮਲੇ ਵਿਚ ਕੁਲਬੀਰ ਸਿੰਘ ਬੜਾ ਪਿੰਡ ਨੂੰ ਵੱਖ-ਵੱਖ ਧਾਰਾਵਾਂ ਹੇਠ 60 ਹਜ਼ਾਰ ਰੁਪਏ ਅਤੇ ਬਾਕੀਆਂ ਨੂੰ 20-20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ ਹੈ। ਜੁਰਮਾਨਾ ਨਾ ਦੇਣ 'ਤੇ ਦੋਸ਼ੀਆਂ ਨੂੰ 1 ਸਾਲ ਹੋਰ ਸਜ਼ਾ ਭੁਗਤਣੀ ਪਵੇਗੀ। ਦੋਸ਼ੀਆਂ ਖਿਲਾਫ਼ ਮਿਤੀ 5 ਨਵੰਬਰ 2015 ਨੂੰ ਥਾਣਾ ਸਦਰ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ। ਸ਼ਿਕਾਇਤ ਕਰਤਾ ਲਕਸ਼ਮਣ ਦਾਸ ਪੁੱਤਰ ਮੋਤੀ ਰਾਮ



ਵਾਸੀ ਸਲਾਰਪੁਰ ਨੇ ਸ਼ਿਕਾਇਤ ਵਿਚ ਕਿਹਾ ਸੀ ਕਿ ਉਸ ਦੀ ਪਤਨੀ ਊਸ਼ਾ ਰਾਣੀ ਪਿੰਡ ਦੀ ਸਰਪੰਚ ਹੈ ਤੇ ਉਕਤ ਦੋਸ਼ੀ ਉਨਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਆਏ ਸਨ ਤੇ ਘਟਨਾ ਵਾਲੇ ਦਿਨ ਇਹ ਸਾਰੇ ਉਨਾਂ ਦੇ ਘਰ ਆ ਕੇ ਝਗੜਾ ਕਰਨ ਲੱਗੇ। ਇਸ ਦੌਰਾਨ ਮਨੋਹਰ ਸਿੰਘ ਦੇ ਲਾਇਸੰਸ ਵਾਲੇ ਰਿਵਾਲਵਰ ਨਾਲ ਕੁਲਬੀਰ ਸਿੰਘ ਬੜਾ ਪਿੰਡ ਨੇ ਗੋਲੀ ਚਲਾ ਦਿੱਤੀ ਜੋ ਕਿ ਸ਼ਿੰਗਾਰਾ ਚੰਦ ਦੇ ਲੱਗੀ ਤੇ ਉਸ ਦੀ ਮੌਤ ਹੋ ਗਈ। ਇਸ ਦੌਰਾਨ ਥਾਣਾ ਸਦਰ ਦੀ ਪੁਲਿਸ ਵਲੋਂ ਬੜਾ ਪਿੰਡ ਸਮੇਤ ਕੁੱਲ 12 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਇਸ ਕੇਸ 'ਚ ਦੋ ਵਿਅਕਤੀਆਂ ਮਹਿੰਦਰ ਪਾਲ ਅਤੇ ਠਾਕੁਰ ਦਾਸ ਦੀ ਕੇਸ ਚਲਦੇ ਵਿਚਕਾਰ ਹੀ ਮੌਤ ਹੋ ਚੁੱਕੀ ਹੈ ਤੇ ਰੇਸ਼ਮ ਚੰਦ ਅਦਾਲਤ ਵਲੋਂ ਭਗੌੜਾ ਕਰਾਰ ਦਿੱਤਾ ਗਿਆ ਹੈ। ਇਸੇ ਮਾਮਲੇ ਵਿਚ ਹੀ ਦੂਜੀ ਧਿਰ ਦੇ ਵੀ ਵਿਅਕਤੀਆਂ ਖ਼ਿਲਾਫ਼ ਧਾਰਾ 326 ਦੇ ਤਹਿਤ ਕਰਾਸ ਮਾਮਲਾ ਦਰਜ ਕੀਤਾ ਗਿਆ ਸੀ ਤੇ ਉਨਾਂ ਦੇ ਪੰਜ ਵਿਅਕਤੀਆਂ ਲਕਸ਼ਮਨ, ਹਰਬਿਲਾਸ, ਨਰੇਸ਼, ਸੰਦੀਪ ਕਲੇਰ ਅਤੇ ਸੰਦੀਪ ਰਾਣੀ ਨੂੰ ਬੀਤੇ ਦਿਨੀਂ ਅਦਾਲਤ ਨੇ ਦੋਸ਼ ਸਾਬਤ ਨਾ ਹੋਣ 'ਤੇ ਬਰੀ ਕਰ ਦਿੱਤਾ ਗਿਆ ਸੀ। ਇਸ ਮਾਮਲੇ ਦੇ ਦੋਸ਼ੀ ਕੁਲਬੀਰ ਸਿੰਘ ਪਹਿਲਾਂ ਹੀ ਜੇਲ ਵਿਚ ਹਨ।

## ਪਾਸਪੋਰਟ ਇੰਡੈਕਸ 2021 ਵਿਚ ਕੁੱਲ 199 ਦੇਸ਼ਾਂ ਵਿਚ ਭਾਰਤ ਦਾ 90ਵਾਂ ਰੈਂਕ ਆਇਆ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦੁਨੀਆ ਦੇ ਤਾਕਤਵਰ ਪਾਸਪੋਰਟ ਰੈਂਕਿੰਗ ਵਿਚ ਪਿਛਲੇ 10 ਸਾਲਾਂ ਵਿਚ ਪਹਿਲੀ ਵਾਰ ਭਾਰਤ ਦੀ ਰੈਂਕਿੰਗ ਏਨੀ ਹੇਠਾਂ ਆ ਗਈ ਹੈ। ਅਸਲ ਵਿਚ ਹੇਨਲੇ ਪਾਸਪੋਰਟ ਇੰਡੈਕਸ 2021 'ਚ ਕੁੱਲ 199 ਦੇਸ਼ਾਂ ਵਿਚ ਭਾਰਤ ਦੀ 90ਵਾਂ ਰੈਂਕ ਆਇਆ ਹੈ। ਇਸ ਰੈਂਕ ਤੋਂ ਪਤਾ ਚੱਲਦਾ ਹੈ ਕਿ ਆਖ਼ਿਰ ਕਿਸ ਦੇਸ਼ ਦਾ ਪਾਸਪੋਰਟ ਕਿੰਨਾ ਤਾਕਤਵਰ ਹੈ। ਖਾਸ ਗੱਲ ਇਹ ਹੈ ਕਿ ਪਿਛਲੇ ਕੁਝ ਸਾਲਾਂ 'ਚ ਭਾਰਤ ਦੇ ਰੈਂਕ ਵਿਚ ਗਿਰਾਵਟ ਹੀ ਆਈ ਹੈ ਤੇ ਭਾਰਤ ਹੁਣ 90ਵੇਂ ਨੰਬਰ 'ਤੇ ਆ ਗਿਆ ਹੈ।

ਜੇਕਰ ਭਾਰਤ ਦੀ ਸਥਿਤੀ ਦੀ ਗੱਲ ਕਰੀਏ ਤਾਂ ਪਾਸਪੋਰਟ ਰੈਂਕਿੰਗ ਵਿਚ ਭਾਰਤ 2020 ਤੋਂ 6 ਸਥਾਨ ਹੇਠਾਂ ਆ ਕੇ 90ਵੇਂ ਨੰਬਰ 'ਤੇ ਪਹੁੰਚ ਗਿਆ ਹੈ ਤੇ 58 ਦੇਸ਼ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਫ੍ਰੀ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੰਦੇ ਹਨ। 2020 ਵਿਚ ਭਾਰਤ ਦਾ ਰੈਂਕ 84ਵਾਂ ਸੀ। ਹਾਲਾਂਕਿ ਉਦੋਂ ਤੋਂ ਦੁਨੀਆ ਦੇ 58 ਦੇਸ਼ ਭਾਰਤੀ ਨਾਗਰਿਕਾਂ ਨੂੰ ਬਿਨਾਂ ਵੀਜ਼ਾ ਦੇ ਐਂਟਰੀ ਦੇ ਰਹੇ ਸਨ। ਸਾਲ 2011 ਤੋਂ ਬਾਅਦ ਫਿਲਹਾਲ ਭਾਰਤ ਦੀ ਸਭ ਤੋਂ ਹੇਠਲਾ ਰੈਂਕ ਹੈ। ਸਾਲ 2011 ਤੋਂ 2021 ਦੇ ਵਿਚਕਾਰ ਦੇਖੀਏ ਤਾਂ 2013 ਵਿਚ ਭਾਰਤ ਦੀ ਰੈਂਕਿੰਗ ਸਭ ਤੋਂ ਹੇਠਾਂ ਸੀ। ਉਸ ਵੇਲੇ ਭਾਰਤ 199 ਦੇਸ਼ਾਂ ਵਿਚ 74ਵੇਂ ਨੰਬਰ 'ਤੇ ਸੀ।

ਤਾਕਤਵਰ ਪਾਸਪੋਰਟ ਵਾਲੇ ਦੇਸ਼ਾਂ ਦੀ ਇਸ ਲਿਸਟ ਵਿਚ ਪਹਿਲੇ ਨੰਬਰ 'ਤੇ ਜਪਾਨ ਅਤੇ ਸਿੰਗਾਪੁਰ ਹਨ। ਦੱਸ ਦੇਈਏ ਕਿ ਜਪਾਨ ਤੇ ਸਿੰਗਾਪੁਰ ਨੂੰ ਨਾਗਰਿਕਾਂ ਨੂੰ 192 ਦੇਸ਼ਾਂ ਵਿਚ ਬਿਨਾਂ ਵੀਜ਼ਾ ਜਾਣ ਦੀ ਇਜਾਜ਼ਤ ਹੈ। ਇਸ ਤੋਂ ਬਾਅਦ ਦੂਸਰੇ ਨੰਬਰ 'ਤੇ ਜਰਮਨੀ ਤੇ ਦੱਖਣੀ ਕੋਰੀਆ ਦੂਸਰੇ ਨੰਬਰ 'ਤੇ ਹਨ। ਤੀਸਰੇ ਨੰਬਰ 'ਤੇ ਫਿਨਲੈਂਡ, ਇਟਲੀ, ਸਪੇਨ, ਲਗਜ਼ਮਬਰਗ ਦਾ ਨਾਂ ਹੈ। ਚੌਥੇ ਨੰਬਰ 'ਤੇ ਆਸਟ੍ਰੇਲੀਆ ਤੇ ਡੈਨਮਾਰਕ ਹਨ। ਇਸ ਤੋਂ ਬਾਅਦ ਪੰਜਵੇਂ ਨੰਬਰ 'ਤੇ ਫਰਾਂਸ, ਆਇਰਲੈਂਡ, ਨੀਦਰਲੈਂਡਜ਼, ਪੁਰਤਗਾਲ ਹੈ। ਭਾਰਤ ਨੂੰ 58 ਦੇਸ਼ ਬਿਨਾਂ ਵੀਜ਼ਾ ਦੇ ਐਂਟਰੀ ਦੀ ਇਜਾਜ਼ਤ ਦਿੰਦੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

29 ਅਕਤੂਬਰ 2021 ਤੋਂ 04 ਨਵੰਬਰ 2021

# ਸ਼ਬਦਾਂ ਦੇ ਪਰਦੇ

ਮਨੁੱਖ ਆਪਣੀ ਗੱਲ ਨੂੰ ਦੂਜੇ ਤੱਕ ਅੱਪੜਦੀ ਕਰਨ ਲਈ ਵੱਖ-ਵੱਖ ਤਰੀਕੇ ਅਪਣਾਉਂਦਾ ਹੈ, ਜਿਸ ਵਿੱਚੋਂ ਸਭ ਤੋ ਵੱਧ ਬੋਲ ਕੇ ਹੀ ਉਹ ਆਪਣੀ ਗੱਲ ਦੂਜੇ ਕੋਲ ਕਰਦਾ ਹੈ। ਮੋਟੇ ਰੂਪ ਵਿੱਚ ਦੋ ਕਿਸਮ ਦੇ ਬੰਦੇ ਮੁੱਖ ਤੌਰ ’ਤੇ ਆਪਣੇ ਆਲੇ-ਦੁਆਲੇ ਵੱਖ-ਵੱਖ ਖੇਤਰਾਂ ਵਿੱਚ ਵਿਚਰਦੇ ਹਨ। ਪਹਿਲੇ ਜੋ ਰੂਹ, ਇਮਾਨਦਾਰੀ ਅਤੇ ਢਿੱਡੋਂ ਆਪਣੀ ਗੱਲ ਕਹਿ ਦਿੰਦੇ ਹਨ ਅਤੇ ਦੂਜੇ ਦਿਮਾਗ ਦੇ ਜ਼ੋਰ ਨਾਲ ਸ਼ਬਦਾਂ ਦੇ ਪਰਦੇ ਵਿਚ ਆਪਣੀ ਗੱਲ ਰੱਖਦੇ ਹਨ। ਇਮਾਨਦਾਰੀ ਅਤੇ ਰੂਹ ਤੋਂ ਬੋਲੀ ਗਈ ਗੱਲ ਆਪ ਮੁਹਾਰੇ ਆਪਣਾ ਅਸਰ ਛੱਡਦੀ ਹੈ ਅਤੇ ਸ਼ਬਦਾਂ ਦੇ ਪਰਦੇ ਕਰਕੇ ਦੱਸੀ ਜਾ ਰਹੀ ਗੱਲ ਨੂੰ ਕਿਸੇ ਖਾਸ ਮਕਸਦ ਅਤੇ ਅਸਰ ਲਈ ਤਿਆਰ ਕੀਤਾ ਜਾਂਦਾ ਹੈ। ਪਿਛਲੇ ਕੁਝ ਵਰਿਆਂ ਵਿਚ ਮਾਧਿਅਮਾਂ ਦੀ ਗਿਣਤੀ, ਕਹਿਣੀ ਅਤੇ ਕਰਨੀ ’ਚ ਵਿੱਥ ਅਤੇ ਗੱਲ ਕਰਨ ਦੀ ਸੌਖ ਵਧਣ ਕਰਕੇ ਮਨੁੱਖ ਆਪਣੀ ਗੱਲ ਨੂੰ ਕਾਹਲ ਅਤੇ ਬਿਨਾ ਸੋਚੇ ਵਿਚਾਰੇ ਕਹਿਣ ’ਚ ਲੱਗਾ ਹੋਇਆ ਹੈ। ਸਿਆਸਤ ਵਿੱਚ ਸ਼ਬਦਾਂ ਦੇ ਪਰਦੇ ਦੀ ਇੱਕ ਖਾਸ ਥਾਂ ਹੈ ਅਤੇ ਹੁਣ ਦੇ ਸਮੇਂ ਤਾਂ ਇਸ ਦਾ ਪੂਰਾ ਲਾਹਾ ਵੀ ਲਿਆ ਜਾ ਰਿਹਾ ਹੈ। ਕਹਿਣੀ ਅਤੇ ਕਰਨੀ ਦੀ ਵਿੱਥ ਦੇ ਨਾਲ ਨਾਲ ਅਸਲ ਮੁੱਦਿਆਂ ਨੂੰ ਵਿਸਾਰ ਕੇ ਹੋਰ ਫੋਕੇ ਮੁੱਦਿਆਂ ਨੂੰ ਉਭਾਰੀ ਰੱਖਣਾ ਵੀ ਸ਼ਬਦਾਂ ਦੇ ਪਰਦੇ ਤੋਂ ਹੀ ਸ਼ੁਰੂ ਹੁੰਦਾ ਹੈ, ਇਸ ਦਾ ਅਗਲਾ ਪੜਾਅ ਇਨਾਂ ਵਿਚੋਂ ਕੁਝ ਮੁੱਦਿਆਂ ਨੂੰ ਹੱਲ ਕਰ ਦੇਣਾ ਜਾਂ ਹੱਲ ਕਰਨ ਦੇ ਯਤਨ ਕਰਨ ਦਾ ਵਿਖਾਵਾ ਹੁੰਦਾ ਹੈ। ਇਸ ਦਾ ਅਸਰ ਅਸਲ ਬੁਨਿਆਦੀ ਮੁੱਦਿਆਂ ਤੋਂ ਧਿਆਨ ਪਾਸੇ ਕਰਨ ਵਿੱਚ ਸਹਾਈ ਹੁੰਦਾ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੀ ਸਿਆਸਤ ਦੇ ਮੁੱਦਿਆਂ ਨੂੰ ਵੇਖ ਕੇ ਇਹ ਗੱਲ ਸਹਿਜੇ ਸਮਝ ਵਿੱਚ ਆ ਸਕਦੀ ਹੈ। ਹੁਣ ਤਾਂ ਇਹ ਵਰਤਾਰਾ ਬਹੁਤ ਜ਼ੋਰ ਫੜ ਗਿਆ ਹੈ, ਵਿਰਲਿਆਂ ਨੂੰ ਛੱਡ ਬਾਕੀ ਸਭ ਸ਼ਬਦਾਂ ਦੇ ਪਰਦਿਆਂ ਨਾਲ ਆਪਣਾ ਪ੍ਰਭਾਵ ਛੱਡਣ ਦੇ ਯਤਨਾਂ ਵਿੱਚ ਲੱਗੇ ਹਨ ਅਤੇ ਅਸਲ ਮੁੱਦਿਆਂ ਦੀ ਥਾਂ ਫੋਕੇ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ ਜਿਸ ਕਰਕੇ ਆਵਾਜਾਈ ਬਹੁਤ ਜ਼ਿਆਦਾ ਹੈ ਅਤੇ ਪਰਖ ਦੇ ਗੇੜ ’ਚੋਂ ਲੰਘਾਉਣ ਲਈ ਸਰੋਤੇ ਬਹੁਤ ਥੋੜੇ ਹਨ। ਕੌਣ ਕੀ ਕਹਿ ਰਿਹਾ ਹੈ, ਕਿਉਂ ਕਹਿ ਰਿਹਾ ਹੈ ਅਤੇ ਕਿਵੇਂ ਕਹਿ ਰਿਹਾ ਹੈ ਇਸ ਦੇ ਵਿਚ ਉਤਰਨ ਲਈ ਵਕਤ, ਨਿਸ਼ਚਾ, ਵਿਸ਼ਵਾਸ਼, ਤਜ਼ਰਬਾ, ਅਵਸਥਾ ਅਤੇ ਜੋ ਬੁਨਿਆਦੀ ਨਾਪ ਤੋਲ ਸਾਡੇ ਸਨ, ਉਹ ਕਿਤੇ ਨਾ ਕਿਤੇ ਸਾਡੇ ਤੋਂ ਖੁੱਸੇ ਜ਼ਰੂਰ ਹਨ ਤਾਂਹੀ ਇਸ ਵਰਤਾਰੇ ਦੀ ਤਸਵੀਰ ਸਾਨੂੰ ਸਾਫ ਨਹੀਂ ਦਿਖ ਰਹੀ ਧੁੰਦਲੀ ਦਿਖ ਰਹੀ ਹੈ। ਇਸ ਧੁੰਦ ਵਿੱਚ ਕੌਣ ਨਜ਼ਦੀਕ ਹੈ ਅਤੇ ਕੌਣ ਨਜ਼ਦੀਕ ਹੋ ਕੇ ਵੀ ਦੂਰ ਹੈ ਇਹ ਉਲਝਣਤਾਣੀ ਵਿਚ ਬੰਦੇ ਦਿਨ ਪਰ ਦਿਨ ਘਿਰਦੇ ਜਾ ਰਹੇ ਹਨ।

ਆਪਣੇ ਆਪ ਨੂੰ ਹਰ ਪਾਸੇ ਤੋਂ ਘਿਰਿਆ ਮਹਿਸੂਸ ਕਰਨ ਕਰਕੇ ਅਸੀਂ ਇਸ ਦੇ ਹੱਲ ਵੱਲ ਨੂੰ ਭੱਜ ਰਹੇ ਹਾਂ। ਘਿਰੇ ਹੋਣਾ ਕੋਈ ਹਾਰ ਨਹੀਂ ਹੁੰਦੀ, ਘੇਰੇ ਦਾ ਹੱਲ ਲੱਭਣਾ ਵੀ ਕੋਈ ਗੁਨਾਹ ਨਹੀਂ, ਪਰ ਉਹਦੇ ਵਿਚ ਕਾਹਲ ਦੀਆਂ ਛੱਲਾਂ ਉੱਠਣੀਆਂ ਰਾਹ ਭਟਕਾਉਣ ’ਚ ਸਫਲ ਰਹਿੰਦੀਆਂ ਹਨ। ਅੱਜ ਸਾਨੂੰ ਹਰ ਪਾਸੇ ਤੋਂ ਦਿਸ਼ਾ ਦੇਣ ਦੀਆਂ ਅਵਾਜ਼ਾਂ ਪੈ ਰਹੀਆਂ ਹਨ, ਸਾਡੀ ਕਾਹਲ ਦੀ ਵੀ ਇਹੀ ਮੰਗ ਹੈ। ਤੇ ਜਦੋਂ ਇਮਾਨਦਾਰਾਂ ਦੀ ਮੰਗ ਅਤੇ ਬੇਈਮਾਨਾਂ ਦਾ ਦਾਅਵਾ ਇੱਕ ਹੋ ਜਾਵੇ ਤਾਂ ਸ਼ਬਦਾਂ ਦੀ ਪੁੱਠ ਚਾੜ ਕੇ ਭੇਜੇ ਬੋਲ ਆਮ ਬੰਦਿਆਂ ਦੀ ਤੋਰ ਨੂੰ ਕਿੰਨੀ ਛੇਤੀ ਮੋੜਾ ਦੇ ਦਿੰਦੇ ਹਨ ਇਹ ਅੰਦਾਜ਼ਾ ਲਾਉਣਾ ਕੋਈ ਬਹੁਤਾ ਔਖਾ ਨਹੀਂ। ਇਸ ਤਰਾਂ ਦੇ ਰੁਝਾਨ ਜਦੋਂ ਭਾਰੂ ਪੈਣ ਲੱਗ ਜਾਣ ਤਾਂ ਅਕਸਰ ਢਿੱਡੋਂ ਆਈਆਂ ਗੱਲਾਂ ਤੋਂ ਵੱਧ ਹੁੰਗਾਰਾ ਘੜ ਕੇ ਭੇਜੇ ਬੋਲਾਂ ਨੂੰ ਮਿਲਣ ਲੱਗ ਜਾਂਦਾ ਹੈ। ਕਿਉਂ ਜੋ ਬੰਦਾ ਆਪਣੇ ਆਪ ਦੀ ਸਹੀ ਪਹਿਚਾਣ ਤੋਂ ਦੂਰ ਹੁੰਦਾ ਹੈ ਇਸ ਕਰਕੇ ਉਹਦੀ ਕਸਵੱਟੀ ਸਹੀ ਨਿਤਾਰਾ ਨਹੀਂ ਕਰ ਪਾਉਂਦੀ। ਕੌਣ ਬੇਈਮਾਨ ? ਕੌਣ ਇਮਾਨਦਾਰ ? ਕੌਣ ਭੁਲੇਖੇ ਵਿਚ ? ਕੌਣ ਸਾਜਿਸ਼ੀ ? ਕੌਣ ਸਾਜਿਸ਼ ਦਾ ਸ਼ਿਕਾਰ ? ਇਹ ਤੰਦਾਂ ਦਿਨ ਪਰ ਦਿਨ ਉਲਝ ਰਹੀਆਂ ਹਨ ਕਿਉਂ ਕਿ ਢਿੱਡੋਂ ਆਈਆਂ ਗੱਲਾਂ ’ਤੇ ਸ਼ਬਦਾਂ ਦੇ ਪਰਦੇ ਵਿਚ ਨਿਕਲਦੇ ਬੋਲ ਭਾਰੂ ਪੈਂਦੇ ਜਾ ਰਹੇ ਹਨ। ਰਾਹ ਭੁੱਲੇ ਬੰਦੇ ਨੂੰ ਜਿਵੇਂ ਕੋਈ ਕਹਿ ਦਿੰਦਾ ਉਵੇਂ ਤੁਰੀ ਜਾਂਦਾ, ਹੋਰ ਕੋਈ ਚਾਰਾ ਨਹੀਂ ਹੁੰਦਾ। ਦਿੱਕਤ ਭੁੱਲ ਚੁੱਕੇ ਰਾਹ ਦੀ ਹੈ, ਦਿੱਕਤ ਘਿਰੇ ਹੋਣ ਦੀ ਨਹੀਂ। ਭੁੱਲੇ ਰਾਹ ਨੂੰ ਖੋਜਣਾ ਐਨਾ ਸੌਖਾ ਨਹੀਂ ਹੁੰਦਾ, ਉਹ ਅਜਿਹੀਆਂ ਕੁਰਬਾਨੀਆਂ ਦੀ ਮੰਗ ਕਰਦਾ ਹੈ ਜਿੰਨਾ ਦੀ ਕਈ ਵਾਰ ਹੋਰਾਂ ਨੂੰ ਭਿਣਕ ਤੱਕ ਨਹੀਂ ਪੈਂਦੀ ਅਤੇ ਸ਼ਾਇਦ ਇਸ ਤੋਂ ਵੀ ਕਿਤੇ ਵੱਧ ਔਖਾ ਹੈ ਭੁੱਲ ਚੁੱਕੇ ਰਾਹਾਂ ਨੂੰ ਲੱਭਣਾ ’ਤੇ ਉਨਾਂ ’ਤੇ ਚੱਲਣਾ। ਮਸ਼ਹੂਰੀ, ਰੌਲਾ, ਨਾਮ ਅਤੇ ਹੋਰ ਪਤਾ ਨਹੀਂ ਕੀ ਕੁਝ ਸ਼ਾਂਤ ਹੋ ਜਾਂਦਾ ਹੈ। ਪਰ ਹੁਣ ਪਾੜਾ ਇੰਨਾ ਵੱਧ ਗਿਆ ਹੈ ਕਿ ਚਹੁੰ ਪਾਸੇ ਬਸ ਨਾਮ ਅਤੇ ਮਸ਼ਹੂਰੀ ਦਾ ਹੀ ਸ਼ੋਰ ਹੈ, ਇਸ ਪਾੜੇ ਨੂੰ ਸਮਝੇ ਬਿਨਾਂ ਜੋ ਧੁੰਦਲੀ ਤਸਵੀਰ ਹੈ ਉਹ ਸਾਫ ਨਹੀਂ ਹੋਣੀ।

ਪੰਜਾਬ ਦੀ ਸਿਆਸਤ ਅਤੇ ਪੰਜਾਬ ਦੇ ਅਸਲ ਮੁੱਦਿਆਂ ਲਈ ਫ਼ਿਕਰਮੰਦ ਸਖਸ਼ੀਅਤਾਂ ਨੂੰ ਚਾਹੀਦਾ ਹੈ ਕਿ ਉਹ ਇਹ ਧੁੰਦਲੀ ਤਸਵੀਰ ਨੂੰ ਸਾਫ਼ ਕਰਨ ਲਈ ਯਤਨਸ਼ੀਲ ਹੋਣ। ਬੁਨਿਆਦੀ ਮੁੱਦਿਆਂ ਦੀ ਗੰਭੀਰਤਾ ਨੂੰ ਸਮਝਣ ਸਮਝਾਉਣ ਲਈ ਜੋ ਅਮਲ ਚਾਹੀਦੇ ਹਨ, ਉਨਾਂ ਵੱਲ ਨੂੰ ਪਰਤਣ ਦੇ ਯਤਨ ਹੋਣੇ ਚਾਹੀਦੇ ਹਨ। ਜਿਸ ਨੇ ਵਾਕਿਆ ਹੀ ਪੰਜਾਬ ਦੇ ਅਸਲ ਮੁੱਦਿਆਂ ਉੱਤੇ ਕੁਝ ਕਰਨਾ ਹੈ ਉਸ ਦਾ ਅਮਲ ਬਾਕੀ ਚੱਲ ਰਹੇ ਤੋਂ ਵੱਖਰਾ ਹੋਵੇਗਾ। ਸਾਨੂੰ ਆਪਣੀ ਕਾਹਲ ਨੂੰ ਵਿਸ਼ਰਾਮ ਦੇਣਾ ਪਵੇਗਾ, ਅਸਲ ਮੁੱਦਿਆਂ ਦੀ ਗੰਭੀਰਤਾ ਨੂੰ ਸਮਝਣਾ ਪਵੇਗਾ, ਫੋਕੇ ਮੁੱਦਿਆਂ ਤੋਂ ਪ੍ਰਭਾਵਿਤ ਹੋ ਕੇ ਉੱਥੇ ਊਰਜਾ ਲਾਉਣ ਦੇ ਅਮਲ ਨੂੰ ਵੀ ਰੋਕਣਾ ਪਵੇਗਾ ਅਤੇ ਸ਼ਬਦਾਂ ਦੇ ਪਰਦੇ ਕਰ ਕੇ ਭੇਜੇ ਜਾ ਰਹੇ ਬੋਲਾਂ ਨੂੰ ਪਰਖ ਦੇ ਗੇੜ ਵਿਚੋਂ ਲੰਘਾਉਣਾ ਪਵੇਗਾ। ਕੌਣ ਕੀ ਕਹਿ ਰਿਹਾ ਹੈ, ਕਿਉਂ ਕਹਿ ਰਿਹਾ ਹੈ ਅਤੇ ਕਿਵੇਂ ਕਹਿ ਰਿਹਾ ਹੈ, ਇਸ ਦੀ ਗਹਿਰਾਈ ਨੂੰ ਸਮਝਣ ਦੀ ਕਸਰਤ ਵਿੱਚ ਪੈਣਾ ਚਾਹੀਦਾ ਹੈ। ਨਹੀਂ ਤਾਂ ਇਹ ਖੇਡਾ ਇਸੇ ਤਰਾਂ ਨਿਰੰਤਰ ਚੱਲਦਾ ਅਤੇ ਫੈਲਦਾ ਰਹਿਣਾ ਹੈ, ਸ਼ਬਦਾਂ ਦੇ ਪਰਦੇ ਕਰਕੇ ਭੇਜੇ ਬੋਲਾਂ ਨੇ ਆਪਣਾ ਅਸਰ ਛੱਡਦੇ ਰਹਿਣਾ ਹੈ ਅਤੇ ਅਸੀਂ ਆਪਣੇ ਅਸਲ ਮੁੱਦਿਆਂ ਤੋਂ ਪਾਸੇ ਹੋ ਕੇ ਫੋਕੇ ਮੁੱਦਿਆਂ ਵਿੱਚ ਹੀ ਉਲਝਦੇ ਰਹਿ ਜਾਣਾ ਹੈ। ਗੁਰੂ ਭਲੀ ਕਰੇ।

# ਕੁਦਰਤ ਵਿਰੋਧੀ ਵਰਤਾਰੇ, ਸੰਸਰੀਕਰਨ ਦੀ ਹਵਸ





**ਗੁਰਬਚਨ ਸਿੰਘ ਦੇਸ ਪੰਜਾਬ**

**9815698451**

ਮੌਜੂਦਾ ਸੰਸਾਰ ਸਾਮਰਾਜੀ ਪ੍ਰਬੰਧ ਆਪਣੇ ਹੀ ਬੁਣੇ ਮਕੜਜਾਲ ਵਿਚ ਐਸਾ ਫਸਿਆ ਹੈ ਕਿ ਇਸ ਨੇ ਅਣਗਿਣਤ ਵਿਰੋਧਤਾਈਆਂ ਨੂੰ ਜਨਮ ਦਿਤਾ ਹੈ। ਇਨਾਂ ਵਿਰੋਧਤਾਈਆਂ ਵਿਚ ਇਸ ਵੇਲੇ ਸਭ ਤੋਂ ਮੁਖ ਵਿਰੋਧਤਾਈ ਕੁਦਰਤ ਅਤੇ ਸਾਮਰਾਜੀ ਪ੍ਰਬੰਧ ਵਿਚਕਾਰ ਹੈ। ਕੁਦਰਤ ਮਨੁੱਖੀ ਸਮਾਜ ਨੂੰ ਆਪਣੇ ਨੇਮਾਂ (ਹੁਕਮ) ਅਨੁਸਾਰ ਚਲਾਉਣਾ ਚਾਹੁੰਦੀ ਹੈ, ਜਦੋਂ ਕਿ ਸਾਮਰਾਜੀ ਪ੍ਰਬੰਧ ਕੁਦਰਤ ਨੂੰ ਆਪਣੇ ਮੁਨਾਫੇ ਦੀ ਹਵਸ ਅਨੁਸਾਰ ਢਾਲਣਾ ਚਾਹੁੰਦਾ ਹੈ। ਇਸ ਵੇਲੇ ਇਹ ਵਿਰੋਧਤਾਈ ਬਾਕੀ ਸਾਰੀਆਂ ਵਿਰੋਧਤਾਈਆਂ ਨੂੰ ਫੈਸਲਾਕੁੰਨ ਰੂਪ ਵਿਚ ਪ੍ਰਭਾਵਿਤ ਕਰ ਰਹੀ ਹੈ। ਵਾਤਾਵਰਣ ਦੀ ਹੋ ਰਹੀ ਤਬਾਹੀ ਅਤੇ ਫੈਲ ਰਹੀਆਂ ਭਿਆਨਕ ਬਿਮਾਰੀਆਂ ਦੇ ਰੂਪ ਵਿਚ ਕੁਦਰਤ ਵਾਰ ਵਾਰ ਮਨੁਖ ਜਾਤੀ ਨੂੰ ਚੇਤਾਵਨੀਆਂ ਦੇ ਰਹੀ ਹੈ ਕਿ ਜਾਂ ਤਾਂ ਮੇਰੇ ਨੇਮਾਂ ਅਨੁਸਾਰ ਚਲ ਅਤੇ ਜਾਂ ਫਿਰ ਵੱਡੀ ਭਾਰੀ ਤਬਾਹੀ ਲਈ ਤਿਆਰ ਹੋ ਜਾ। ਇਸ ਤਬਾਹੀ ਦੀਆਂ ਝਲਕਾਂ ਕਦੇ ਬੇਮੌਸਮੀ ਮੀਂਹ, ਕਦੇ ਜੰਗਲਾਂ ਨੂੰ ਲਗੀ ਭਿਆਨਕ ਅਗ ਅਤੇ ਕਦੇ ਕੋਰੋਨਾ ਵਾਇਰਸ ਵਰਗੀਆਂ ਫੈਲ ਰਹੀਆਂ ਮਹਾਂਮਾਰੀਆਂ ਦੇ ਰੂਪ ਵਿਚ ਪ੍ਰਗਟ ਹੋ ਰਹੀਆਂ ਹਨ।

ਦੂਜੀ ਮੁੱਖ ਵਿਰੋਧਤਾਈ ਨਿਘਰ ਰਹੇ ਅਮਰੀਕੀ ਸਾਮਰਾਜ ਅਤੇ ਚੜਤ ਵਿਚ ਆ ਰਹੇ ਚੀਨੀ ਸਮਾਜੀ ਸਾਮਰਾਜ ਵਿਚਕਾਰ ਹੈ। ਇਹ ਵਿਰੋਧਤਾਈ ਬਾਕੀ ਹੋਰਨਾਂ ਸਾਰੀਆਂ ਵਿਰੋਧਤਾਈਆਂ ਨੂੰ ਪ੍ਰਭਾਵਿਤ ਕਰ ਰਹੀ ਹੈ।

ਇਹੀ ਵਿਰੋਧਤਾਈ ਅੱਜ ਭਾਰਤ ਚੀਨ ਸਬੰਧਾਂ ਨੂੰ ਫੈਸਲਾਕੁੰਨ ਰੂਪ ਵਿਚ ਪ੍ਰਭਾਵਿਤ ਕਰ ਰਹੀ ਹੈ। ਜਿਵੇਂ ਜਿਵੇਂ ਮੋਦੀ ਸਰਕਾਰ ਅਮਰੀਕੀ ਸਾਮਰਾਜ ਦੇ ਨੇੜੇ ਜਾ ਰਹੀ ਹੈ, ਤਿਵੇਂ ਤਿਵੇਂ ਭਾਰਤ ਚੀਨ ਜੰਗ ਦਾ ਖਤਰਾ ਵਧਦਾ ਜਾ ਰਿਹਾ ਹੈ। ਫੌਜੀ ਯੁਧਨੀਤੀ ਬਾਰੇ ਅੰਗਰੇਜੀ ਵਿਚ ਨਿਕਲਦੀ ਮੈਗਜੀਨ ‘ਦ ਫੋਰਸ’ ਦੀ ਸਹਾਇਕ ਸੰਪਾਦਕ ਤੇ ‘ਆਈ ਐਮ ਏ ਬੋਰਨ ਮੁਸਲਿਮ’ ਦੀ ਲੇਖਕ ਗਜਾਲਾ ਵਹਾਬ ਦੇ ਕਥਨ ਅਨੁਸਾਰ ਮੋਦੀ-ਸ਼ਾਹ ਦੀ ਵਿਦੇਸ਼ ਨੀਤੀ ਦੋ ਨੁਕਤਿਆਂ ਉਤੇ ਖੜੀ ਹੈ 1. ਆਪਣੀ ਤਾਕਤ ਨੂੰ ਵਧਾ ਕੇ ਵੇਖਣ ਦੀ ਮਾਨਸਿਕਤਾ ਤੇ 2. ਪਾਕਿਸਤਾਨ ਪ੍ਰਤੀ ਡੂੰਘੀ ਨਫਰਤ। ਜਿਹੜੀ ਦੇਸ਼ ਅੰਦਰ ਮੁਸਲਮਾਨ ਵਿਰੋਧੀ ਨਫਰਤ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਤੇ ਸਰਹਦ ਪਾਰੋਂ ਆ ਰਹੀ ਦਹਿਸ਼ਤਗਰਦੀ ਦਾ ਹਊਆ ਖੜਾ ਕਰਦੀ ਹੈ। ਇਸੇ ਸੋਚ ਅਧੀਨ ਮੋਦੀ ਸ਼ਾਹ ਡੋਵਲ ਤ੍ਰਿਕੜੀ ਦੀ ਅਗਵਾਈ ਵਿਚ ਮਨੂੰਵਾਦੀ ਸਾਮਰਾਜੀ ਅਫਸਰਸ਼ਾਹੀ ਨੇ ਆਪਣੀ ਔਕਾਤ ਭੁਲ ਕੇ ਆਪਣੇ ਆਪ ਨੂੰ ਭਵਿਖ ਦੀ ਇਕ ਮਹਾਂਸ਼ਕਤੀ ਹੋਣ ਦਾ ਭਰਮ ਪਾਲ ਲਿਆ ਹੈ। ਇਸ ਭਰਮ ਅਧੀਨ ਚੀਨ ਨਾਲ ਮੁਕਾਬਲਾ ਕਰਨ ਦੀ ਬਿਰਤੀ ਪੈਦਾ ਹੋਈ ਹੈ। ਪਾਕਿਸਤਾਨ ਕੋਲੋਂ ਅਜ਼ਾਦ ਕਸ਼ਮੀਰ ਅਤੇ ਚੀਨ ਕੋਲੋਂ ਅਕਸਾਈਚਿੰਨ ਅਜ਼ਾਦ ਕਰਵਾਉਣ ਦੇ ਦਮਗਜੇ ਮਾਰੇ ਗਏ ਹਨ। ਪਰ ਅਫਗਾਨਿਸਤਾਨ ਵਿਚ ਤਾਲਿਬਾਨ ਦੀ ਹੋਈ ਜਿਤ ਨੇ ਮੋਦੀ-ਸ਼ਾਹ-ਡੋਵਲ ਦੀ ਮੁਸਲਿਮ ਵਿਰੋਧੀ ਰਾਜਨੀਤੀ ਦੇ ਸਾਰੇ ਰਾਹ ਬੰਦ ਕਰ ਦਿਤੇ ਹਨ। ਨਾ ਹੁਣ ਇਹ ਦੇਸ਼ ਵਿਚ ਪਹਿਲਾਂ ਵਾਂਗ ਖੁਲ ਕੇ ਮੁਸਲਿਮ ਵਿਰੋਧੀ ਰਾਜਨੀਤੀ ਕਰ ਸਕਦੀ ਹੈ ਅਤੇ ਨਾ ਹੀ ਖੁਲ ਕੇ ਪਾਕਿਸਤਾਨ ਵਿਰੋਧੀ ਪ੍ਰਚਾਰ ਕਰ ਸਕਦੀ ਹੈ। ਕਿਉਂਕਿ ਚੀਨ ਪਾਕਿਸਤਾਨ ਦਾ ਹੋਇਆ ਯੁਧਨੀਤਕ ਗਠਜੋੜ ਦੇਸ਼ ਦੀਆਂ ਸਰਹੱਦਾਂ ’ਤੇ ਬੈਠਾ ਹੈ।

ਤੀਜੀ ਵਿਰੋਧਤਾਈ ਸਾਮਰਾਜੀ ਖਪਤਕਾਰੀ ਸਭਿਆਚਾਰ ਅਤੇ ਇਸਲਾਮ ਵਿਚਕਾਰ ਹੈ। ਸਾਮਰਾਜੀ ਖਪਤਕਾਰੀ ਸਭਿਆਚਾਰ ਦੀ ਵਿਰੋਧਤਾਈ ਭਾਵੇਂ ਸਾਰੇ ਧਰਮਾਂ ਨਾਲ ਹੈ ਪਰ ਮੌਜੂਦਾ ਦੌਰ ਵਿਚ ਇਸਲਾਮ ਇਸ ਵਿਰੋਧਤਾਈ ਵਿਚ ਮੁੱਖ ਰੋਲ ਨਿਭਾਅ ਰਿਹਾ ਹੈ।

ਚੌਥੀ ਵਿਰੋਧਤਾਈ ਸਾਮਰਾਜੀ ਪੂੰਜੀ ਅਤੇ ਕਿਰਤ ਵਿਚਕਾਰ ਹੈ। ਪੂੰਜੀ ਵਧ ਤੋਂ ਵਧ ਮੁਨਾਫਾ ਹੜਪਣਾ ਚਾਹੁੰਦੀ ਹੈ ਜਦੋਂ ਕਿ ਕਿਰਤ, ਕਿਰਤੀ ਜਮਾਤ ਦੇ ਰੂਪ ਵਿਚ ਆਪਣੇ ਆਪ ਨੂੰ ਜਿਉਂਦੇ ਰਖਣ ਲਈ ਇਸ ਮੁਨਾਫੇ ਵਿਚੋਂ ਕੁਝ ਹਿਸਾ ਖੋਹਣ ਲਈ ਟਿਲ ਲਾ ਰਹੀ ਹੈ। ਅਨੇਕ ਅਡ ਅਡ ਕਿਸਮ ਦੇ ਕੌਮੀ ਘੇਰਿਆਂ ਵਿਚ ਬਝੇ ਸਾਮਰਾਜੀ ਆਪਣੀ ਹੋਂਦ ਬਚਾਉਣ ਅਤੇ ਮੁਕਾਬਲੇਬਾਜੀ ਵਿਚ ਆਪਣੇ ਹੋਰ ਪਸਾਰੇ ਲਈ ਅਰਬਾਂ ਲੋਕਾਂ ਦੀ ਗਰੀਬੀ ਦੀ ਕੀਮਤ ਉਤੇ ਖਰਬਾਂ ਰੁਪਏ ਖਤਰਨਾਕ ਹਥਿਆਰਾਂ ਉਤੇ ਖਰਚ ਕਰ ਰਹੇ ਹਨ।

ਅੱਜ ਮਨੁਖਤਾ ਤੀਜੀ ਸੰਸਾਰ ਸਾਮਰਾਜੀ ਜੰਗ ਦੇ ਦਹਾਨੇ ਉਤੇ ਖੜੀ ਹੈ। ਦੁਨੀਆਂ ਭਰ ਵਿਚ ਮੌਜੂਦਾ ਲਿਬਰਲ (ਅਖੌਤੀ ਜਮਹੂਰੀ) ਰਾਜ ਬਹੁਗਿਣਤੀ ਲੋਕਾਂ ਦੀ ਨਫਰਤ ਦਾ ਪਾਤਰ ਬਣੇ ਹੋਏ ਹਨ। ਇਸੇ ਕਰ ਕੇ ਰਾਜਸੀ ਆਗੂਆਂ ਦੀ ਸਾਖ ਮਿਟੀ ਵਿਚ ਮਿਲੀ ਹੋਈ ਹੈ। ਬੇਸ਼ਕ ਲੋਕਾਂ ਨੂੰ ਕੋਈ ਵੀ ਲੋਕ ਪਖੀ ਧਿਰ ਨਜਰ ਨਹੀਂ ਆ ਰਹੀ।

ਅੱਜ ਦੁਨੀਆਂ ਭਰ ਦੀਆਂ ਸਾਰੀਆਂ ਸਮਸਿਆਵਾਂ ਦੀ ਜੜ ਮਲਿਕ ਭਾਗੋਆਂ ਦੇ ਰੂਪ ਵਿਚ ਇਕ ਛੋਟੀ ਜਿਹੀ ਗਿਣਤੀ ਦੇ ਸਾਮਰਾਜੀਆਂ ਵਲੋਂ ਸੰਸਾਰ ਭਰ ਦੇ ਪੈਦਾਵਾਰੀ ਤੇ ਕੁਦਰਤੀ ਸਾਧਨਾਂ ਉਤੇ ਧਕੇ ਨਾਲ ਕੀਤਾ ਕਬਜਾ ਹੈ। ਇਕ ਪਾਸੇ ਇਕ ਫੀਸਦੀ ਮਲਿਕ ਭਾਗੋ ਹਨ ਅਤੇ ਦੂਜੇ ਪਾਸੇ 99 ਫੀਸਦੀ ਲੋਕ ਹਨ। ਇਸ ਨਜਾਇਜ਼ ਤੇ ਗੈਰ-ਕੁਦਰਤੀ ਕਬਜੇ ਨੇ ਕੁਲ ਆਲਮੀ ਸਮਾਜਾਂ ਵਿਚ ਉਥਲ ਪੁਥਲ ਮਚਾ ਰੱਖੀ ਹੈ। ਦੁਨੀਆਂ ਭਰ ਦੇ ਮਨੁਖੀ ਸਮਾਜ ਇਕ ਅਜੀਬ ਕਿਸਮ ਦੇ ਡਰ ਅਤੇ ਅਸੁਰੱਖਿਆ ਦੇ ਅਣਕਿਆਸੇ ਮਾਹੌਲ ਵਿਚੋਂ ਗੁਜਰ ਰਹੇ ਹਨ। ਇਸ ਸੰਤਾਪ ਨੂੰ ਹੰਢਾ ਰਹੇ ਬਹੁਗਿਣਤੀ ਲੋਕ ਨਾ ਸਿਰਫ ਸਰੀਰਕ ਤੌਰ ’ਤੇ ਸਗੋਂ ਮਾਨਸਿਕ ਤੌਰ ’ਤੇ ਵੀ ਰੋਗੀ ਬਣਦੇ ਜਾ ਰਹੇ ਹਨ। ਮਲਿਕ ਭਾਗੋਆਂ ਦੇ ਇਸ ਸਾਮਰਾਜੀ ਪ੍ਰਬੰਧ ਨੇ ਕਦੇ ਨਾ ਸੁਣੀ ਵੇਖੀ ਗਈ ਆਰਥਿਕ ਨਾਬਰਾਬਰੀ ਨੂੰ ਜਨਮ ਦਿਤਾ ਹੈ। ਇਕ ਪਾਸੇ ਅਰਬਾਂ ਲੋਕ ਭੁਖਮਰੀ ਤੇ ਗਰੀਬੀ ਦਾ ਸ਼ਿਕਾਰ ਹਨ ਅਤੇ ਦੂਜੇ ਪਾਸੇ ਅੰਬਾਨੀ-ਅਡਾਨੀ ਵਰਗੇ ਚੰਦ ਲੋਕਾਂ ਕੋਲ ਖਰਬਾਂ ਰੁਪਏ ਦੀ ਦੌਲਤ ਜਮਾਂ ਹੋ ਗਈ ਹੈ। ਅੰਨੇ ਬੋਲੇ ਹੱਥਾਂ ਵਿਚ ਆਈ ਇਸ ਬੇਹਿਸਾਬੀ ਦੌਲਤ ਨੇ ਸਮੁਚੇ ਮਨੁਖੀ, ਸਮਾਜੀ, ਪਰਿਵਾਰਕ ਅਤੇ ਆਰਥਿਕ ਰਿਸ਼ਤਿਆਂ ਵਿਚ ਹਲਚਲ ਮਚਾ ਦਿੱਤੀ ਹੈ। ਇਸ ਦਾ ਖਮਿਆਜਾ ਹਰੇਕ ਮਨੁਖ ਇਕਲਾਪੇ ਦੇ ਰੂਪ ਵਿਚ ਹੰਢਾ ਰਿਹਾ ਹੈ। ਪਰ ਇਹੀ ਅਣਕਿਆਸੀ ਨਾਬਰਾਬਰੀ ਸਾਮਰਾਜੀ ਪ੍ਰਬੰਧ ਦੀ ਮੌਤ ਦਾ ਕਾਰਨ ਬਣਨ ਜਾ ਰਹੀ ਹੈ।

# ਭਾਰਤ ਵਿਚੋਂ ਕਾਲੇਧਨ ਦੇ ਵਿਦੇਸ਼ ਜਾਣ ਦਾ ਸਿਲਸਿਲਾ

## ਰਿਪੋਰਟ ਅਨੁਸਾਰ 300 ਤੋਂ ਵੱਧ ਭਾਰਤੀਆਂ ਦੇ ਨਾਂ ਵੀ ਸ਼ਾਮਲ

**ਡਾ. ਜੈਅੰਤੀ ਲਾਲ ਭੰਡਾਰੀ**

**ਲੇਖਕ ਅਰਥ-ਸ਼ਾਸਤਰੀ ਹੈ**

ਇੰਟਰਨੈਸ਼ਨਲ ਕੰਸੋਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ ਦੁਆਰਾ ਹਾਲ ਹੀ ਵਿਚ ਪ੍ਰਕਾਸ਼ਿਤ ਪੈਂਡੋਰਾ ਪੇਪਰਜ਼ ਰਿਪੋਰਟ ਦੀ ਗੂੰਜ ਮੱਧਮ ਪੈਣ ਦਾ ਨਾਂ ਨਹੀਂ ਲੈ ਰਹੀ ਹੈ। ਇਹ ਰਿਪੋਰਟ ਲਗਭਗ 1.2 ਕਰੋੜ ਦਸਤਾਵੇਜ਼ਾਂ ਦੀ ਇਕ ਅਜਿਹੀ ਪੜਤਾਲ ਹੈ ਜਿਸ ਵਿਚ ਪਾਇਆ ਗਿਆ ਕਿ ਭਾਰਤ ਸਹਿਤ ਸਮੁੱਚੇ ਸੰਸਾਰ ਦੇ ਦੋ ਸੌ ਤੋਂ ਵੱਧ ਮੁਲਕਾਂ ਦੇ ਵੱਡੇ ਨੇਤਾਵਾਂ, ਅਰਬਪਤੀਆਂ ਅਤੇ ਮਸ਼ਹੂਰ ਹਸਤੀਆਂ ਨੇ ਵਿਦੇਸ਼ ਵਿਚ ਧਨ ਬਚਾਉਣ ਅਤੇ ਆਪਣੇ ਕਾਲੇਧਨ ਦੇ ਗੁਪਤ ਨਿਵੇਸ਼ ਲਈ ਕਿਸ ਤਰਾਂ ਟੈਕਸ ਪਨਾਹਗਾਹ ਦੇਸ਼ਾਂ ਬ੍ਰਿਟਿਸ਼ ਵਰਜਿਨ ਆਈਲੈਂਡ, ਸੇਸ਼ੇਲਜ਼, ਹਾਂਗਕਾਂਗ ਅਤੇ ਬੇਲੀਜ਼ ਆਦਿ ਵਿਚ ਲੁਕਾ ਕੇ ਸੁਰੱਖਿਅਤ ਕੀਤਾ ਹੋਇਆ ਹੈ।

ਇਸ ਰਿਪੋਰਟ ਵਿਚ 300 ਤੋਂ ਵੱਧ ਭਾਰਤੀਆਂ ਦੇ ਨਾਂ ਵੀ ਸ਼ਾਮਲ ਹਨ। ਗ਼ੌਰਤਲਬ ਹੈ ਕਿ 2017 ਵਿਚ ਪੈਰਾਡਾਈਜ਼ ਪੇਪਰਜ਼ ਤਹਿਤ 1.34 ਕਰੋੜ ਤੋਂ ਵੱਧ ਖ਼ੁਫ਼ੀਆ ਇਲੈਕਟ੍ਰਾਨਿਕ ਦਸਤਾਵੇਜ਼ਾਂ ਜ਼ਰੀਏ 70 ਲੱਖ ਲੋਨ ਸਮਝੌਤੇ, ਵਿੱਤੀ ਵੇਰਵੇ, ਈ-ਮੇਲ ਅਤੇ ਟਰੱਸਟ ਡੀਡ ਲੀਕ ਕੀਤੇ ਸਨ। ਇਨਾਂ ਵਿਚ 714 ਭਾਰਤੀਆਂ ਦੇ ਨਾਮ ਉਜਾਗਰ ਹੋਏ ਸਨ। ਇਸ ਤੋਂ ਪਹਿਲਾਂ 2016 ਵਿਚ ਪਨਾਮਾ ਪੇਪਰਜ਼ ਤਹਿਤ 1 ਕਰੋੜ 15 ਲੱਖ ਸੰਵੇਦਨਸ਼ੀਲ ਵਿੱਤੀ ਦਸਤਾਵੇਜ਼ ਲੀਕ ਹੋਏ ਸਨ। ਇਸ ਵਿਚ 500 ਭਾਰਤੀਆਂ ਦੇ ਨਾਂ ਸਾਹਮਣੇ ਆਏ ਸਨ। ਵੱਖ-ਵੱਖ ਫਾਈਲਾਂ ਦੱਸਦੀਆਂ ਹਨ ਕਿ ਕਿਵੇਂ ਕੁਝ ਸਮਰੱਥ ਲੋਕ ਆਪਣੀ ਸੰਪਤੀ ਲੁਕਾਉਣ ਲਈ ਟੈਕਸ ਹੈਵਨ ਦੇਸ਼ਾਂ ਵਿਚ ਸਥਿਤ ਸ਼ੈੱਲ ਕੰਪਨੀਆਂ ਦਾ ਇਸਤੇਮਾਲ ਕਰਦੇ ਹਨ। ਟੈਕਸ ਹੈਵਨ ਦੇਸ਼ ਉਹ ਹੁੰਦੇ ਹਨ ਜਿੱਥੇ ਨਕਲੀ ਕੰਪਨੀਆਂ ਬਣਾਉਣਾ ਆਸਾਨ ਹੁੰਦਾ ਹੈ ਅਤੇ ਬਹੁਤ ਘੱਟ ਟੈਕਸ ਜਾਂ ਸਿਫ਼ਰ ਟੈਕਸ ਲੱਗਦਾ ਹੈ। ਇਨਾਂ ਦੇਸ਼ਾਂ ਵਿਚ ਅਜਿਹੇ ਕਾਨੂੰਨ ਹੁੰਦੇ ਹਨ ਜਿਨਾਂ ਸਦਕਾ ਕੰਪਨੀ ਦੇ ਮਾਲਕ ਦੀ ਪਛਾਣ ਦਾ ਪਤਾ ਲਗਾ ਸਕਣਾ ਮੁਸ਼ਕਲ ਹੋ ਜਾਂਦਾ ਹੈ। ਕਾਲਾਧਨ ਉਹ ਧਨ ਹੁੰਦਾ ਹੈ ਜਿਸ ’ਤੇ ਆਮਦਨ ਕਰ ਦੀ ਦੇਣਦਾਰੀ ਹੁੰਦੀ ਹੈ ਪਰ ਉਸ ਦੀ ਜਾਣਕਾਰੀ ਸਰਕਾਰ ਨੂੰ ਨਹੀਂ ਦਿੱਤੀ ਜਾਂਦੀ।

ਕਾਲੇਧਨ ਦਾ ਸਰੋਤ ਕਾਨੂੰਨੀ ਅਤੇ ਗ਼ੈਰ-ਕਾਨੂੰਨੀ, ਕੋਈ ਵੀ ਹੋ ਸਕਦਾ ਹੈ। ਇਸ ਵਿਚ ਫ਼ਰਕ ਕੀਤਾ ਜਾਣਾ ਚਾਹੀਦਾ ਹੈ। ਟੈਕਸ ਬਚਾਉਣ ਲਈ ਵਿਦੇਸ਼ ਵਿਚ ਜਮਾ ਕੀਤੇ ਜਾਣ ਵਾਲੇ ਧਨ ਅਤੇ ਗ਼ਲਤ ਤਰੀਕੇ ਨਾਲ ਕਮਾਏ ਗਏ ਧਨ ਨੂੰ ਵਿਦੇਸ਼ ਵਿਚ ਰੱਖਣ ਦੇ ਮਾਮਲੇ ਵਿਚ ਵੀ ਫ਼ਰਕ ਕਰਨਾ ਜ਼ਰੂਰੀ ਹੈ। ਇਹ ਧਿਆਨ ਰਹੇ ਕਿ ਡਰੱਗ ਟਰੇਡ, ਨਾਜਾਇਜ਼ ਹਥਿਆਰਾਂ ਦਾ ਵਪਾਰ, ਜਬਰਨ ਵਸੂਲੀ ਦਾ ਪੈਸਾ, ਫਿਰੌਤੀ ਅਤੇ ਸਾਈਬਰ ਅਪਰਾਧ ਤੋਂ ਕਮਾਇਆ ਗਿਆ ਪੈਸਾ ਵੀ ਸ਼ੈੱਲ ਕੰਪਨੀਆਂ ਵਿਚ ਸੁਰੱਖਿਅਤ ਕਰ ਦਿੱਤਾ ਜਾਂਦਾ ਹੈ ਤਾਂ ਕਿ ਇਹ ਕਾਲਾਧਨ ਆਪਣੇ ਦੇਸ਼ ਵਿਚ ਸਫ਼ੇਦ ਧਨ ਵਿਚ ਬਦਲ ਜਾਵੇ।

ਵਿਕਾਸਸ਼ੀਲ ਮੁਲਕਾਂ ਤੋਂ ਬੇਈਮਾਨੀ ਦਾ ਪੈਸਾ ਬਾਹਰ ਜਾਣ ਦੀ ਰਫ਼ਤਾਰ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਸ ਦਾ ਵਿਕਾਸ ਉਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਇਹ ਸਮਾਜ ਲਈ ਹਾਨੀਕਾਰਕ ਹੈ। ਵਿਦੇਸ਼ ਵਿਚ ਖ਼ੁਫ਼ੀਆ ਤਰੀਕੇ ਨਾਲ ਧਨ ਲੁਕਾ ਕੇ ਰੱਖਣ ਦਾ ਸਿੱਧਾ ਅਸਰ ਆਮ ਆਦਮੀ ਦੀ ਭਲਾਈ ’ਤੇ ਪੈਂਦਾ ਹੈ। ਉਸ ਨੂੰ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਵਿਚ ਕਟੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਉਹ ਦੇਣੀਆਂ ਹੀ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਲਗਪਗ ਸਭ ਸਿਆਸੀ ਪਾਰਟੀਆਂ ਦਾ ਕਾਲੇਧਨ ਦੇ ਮੁੱਦੇ ਉਤੇ ਰੁਖ਼ ਇਕ ਸਮਾਨ ਹੈ। ਪੈਂਡੋਰਾ, ਪਨਾਮਾ ਅਤੇ ਪੈਰਾਡਾਈਜ਼ ਪੇਪਰਜ਼ ਲੀਕ ਵਰਗੇ ਮਾਮਲਿਆਂ ਵਿਚ ਕਈ ਮਸ਼ਹੂਰ ਭਾਰਤੀਆਂ ਦੇ ਨਾਮ ਉਜਾਗਰ ਹੋਣ ਨਾਲ ਕਾਲੇਧਨ ਨੂੰ ਦੇਸ਼ ਤੋਂ ਬਾਹਰ ਭੇਜੇ ਜਾਣ ਦੀ ਰਫ਼ਤਾਰ ਵਧ ਰਹੀ ਹੈ। ਭਾਰਤ ਵਿਚ ਕਾਲੇਧਨ ’ਤੇ ਬਹਿਸ ਦਹਾਕਿਆਂ ਪੁਰਾਣੀ ਹੈ। ਭਾਰਤੀਆਂ ਦੁਆਰਾ ਵਿਦੇਸ਼ੀ ਬੈਂਕਾਂ ਵਿਚ ਚੋਰੀ ਨਾਲ ਸਬੰਧਤ ਅਧਿਕਾਰਤ ਅੰਕੜੇ ਉਪਲਬਧ ਨਹੀਂ ਹਨ ਪਰ ਅਰਥ-ਸ਼ਾਸਤਰੀ ਆਰ. ਵੈਦਨਾਥਨ ਨੇ ਅਨੁਮਾਨ ਲਗਾਇਆ ਹੈ ਕਿ ਇਸ ਦੀ ਮਾਤਰਾ ਕਰੀਬ 72.8 ਲੱਖ ਕਰੋੜ ਰੁਪਏ ਹੈ। ਸਵਿੱਸ ਨੈਸ਼ਨਲ ਬੈਂਕ ਦੁਆਰਾ ਜਾਰੀ ਰਿਪੋਰਟ ਮੁਤਾਬਕ ਸਾਲ 2020 ਤੱਕ ਸਵਿੱਸ ਬੈਂਕਾਂ ਵਿਚ ਭਾਰਤੀ ਨਾਗਰਿਕਾਂ ਅਤੇ ਕੰਪਨੀਆਂ ਦਾ ਜਮਾ ਕਾਲਾਧਨ 20,700 ਕਰੋੜ ਰੁਪਏ ਤੋਂ ਜ਼ਿਆਦਾ ਹੈ। ਨੈਸ਼ਨਲ ਕੌਂਸਲ ਆਫ ਅਪਲਾਈਡ ਇਕਨੋਮਿਕ ਰਿਸਰਚ ਮੁਤਾਬਕ ਸਾਲ 1980 ਤੋਂ 2010 ਦਰਮਿਆਨ ਭਾਰਤ ਤੋਂ ਬਾਹਰ ਜਮਾ ਹੋਣ ਵਾਲਾ ਕਾਲਾਧਨ 384 ਅਰਬ ਡਾਲਰ ਤੋਂ ਲੈ ਕੇ 490 ਅਰਬ ਡਾਲਰ ਦੇ ਵਿਚਾਲੇ ਸੀ।

ਕਾਲੇਧਨ ਨਾਲ ਨਿਪਟਣ ਲਈ ਹੁਣ ਤੋਂ ਪਹਿਲਾਂ ਇਨਕਮ ਡਿਕਲੇਅਰੇਸ਼ਨ ਸਕੀਮ, ਵਲੰਟਰੀ ਡਿਸਕਲੋਜ਼ਰ ਸਕੀਮ, ਟੈਕਸ ਰੇਟ ਨੂੰ ਘੱਟ ਕਰਨਾ, 1991ਤੋਂ ਬਾਅਦ ਵਪਾਰ ’ਤੇ ਕੰਟਰੋਲ ਹਟਾਉਣਾ ਅਤੇ ਕਾਨੂੰਨਾਂ ਵਿਚ ਤਬਦੀਲੀ ਵਰਗੇ ਕਈ ਕਦਮ ਚੁੱਕੇ ਗਏ। ਹਾਲੀਆ ਸਾਲਾਂ ਵਿਚ ਅਜਿਹੇ ਵਿਧਾਨ ਬਣਾਏ ਗਏ ਜੋ ਟੈਕਸ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਆਗਿਆ ਦਿੰਦੇ ਹਨ ਕਿ ਕਰਦਾਤੇ ਟੈਕਸ ਚੋਰੀ ਨਾ ਕਰਨ।

ਇਸ ਵਿਚ ਆਪਣੇ ਗਾਹਕ ਨੂੰ ਜਾਣੋ (ਕੇਵਾਈਸੀ) ਦੀ ਵਿਵਸਥਾ ਜੋੜੀ ਗਈ ਜਿਸ ਵਿਚ ਕਿਸੇ ਵਿਸ਼ੇਸ਼ ਖੇਤਰ ਵਿਚ ਲੈਣ-ਦੇਣ ਕਰਨ ਵਾਲਿਆਂ ਨੂੰ ਆਪਣੀ ਪੂਰੀ ਪਛਾਣ ਦੱਸਣੀ ਹੁੰਦੀ ਹੈ ਤਾਂ ਕਿ ਦੂਜੇ ਕਾਰਜ-ਖੇਤਰਾਂ ਦੇ ਨਾਲ ਉਸ ਸੂਚਨਾ ਨੂੰ ਸਾਂਝਾ ਕੀਤਾ ਜਾ ਸਕੇ, ਫਿਰ ਵੀ ਕਾਲੇਧਨ ਵਿਚ ਵਾਧਾ ਅਤੇ ਦੇਸ਼ ਤੋਂ ਕਾਲੇਧਨ ਨੂੰ ਵਿਦੇਸ਼ ਭੇਜੇ ਜਾਣ ਦੇ ਰੁਝਾਨ ਵਿਚ ਕੋਈ ਕਮੀ ਨਹੀਂ ਆਈ ਹੈ। ਵਿਦੇਸ਼ੀ ਬੈਂਕਾਂ ਵਿਚ ਜਮਾ ਕਾਲੇਧਨ ਦੇ ਖਾਤਾਧਾਰਕਾਂ ਦੀ ਸੂਚੀ ਮਿਲਣ ਦੀ ਖ਼ਬਰ ਨੂੰ ਹੀ ਵੱਡੀ ਸਫਲਤਾ ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ। ਸਫਲਤਾ ਉਦੋਂ ਹੀ ਮੰਨੀ ਜਾਵੇਗੀ ਜਦ ਵਿਦੇਸ਼ਾਂ ਵਿਚ ਜਮਾ ਜ਼ਿਆਦਾਤਰ ਕਾਲਾਧਨ ਸਰਕਾਰੀ ਖਾਤਿਆਂ ਵਿਚ ਵਾਪਸ ਆ ਜਾਵੇਗਾ।

ਜਿਸ ਤਰਾਂ ਨਾਲ ਪਨਾਮਾ ਪੇਪਰਜ਼ ਅਤੇ ਪੈਰਾਡਾਈਜ਼ ਪੇਪਰਜ਼ ਦੇ ਭੇਤ ਖੁੱਲਣ ’ਤੇ ਕੇਂਦਰ ਸਰਕਾਰ ਨੇ ਦੇਸ਼ ਦੀਆਂ ਮਸ਼ਹੂਰ ਹਸਤੀਆਂ ਦੀਆਂ ਵਿਦੇਸ਼ ਵਿਚ ਗੁਪਤ ਵਿੱਤੀ ਸੰਪਤੀਆਂ ਨੂੰ ਉਜਾਗਰ ਕਰਨ ਲਈ ਬਹੁ-ਏਜੰਸੀ ਤਫ਼ਤੀਸ਼ ਕਰਵਾਉਣ ਦੇ ਹੁਕਮ ਦਿੱਤੇ ਸਨ, ਉਸੇ ਤਰਾਂ ਇਸ ਵਾਰ ਵੀ ਸਬੰਧਤ ਜਾਂਚ ਏਜੰਸੀਆਂ ਇਹ ਦੇਖਣਗੀਆਂ ਕਿ ਪੈਂਡੋਰਾ ਪੇਪਰਜ਼ ਵਿਚ ਜਿਨਾਂ ਦੇ ਨਾਮ ਆਏ ਹਨ, ਉਨਾਂ ਦੁਆਰਾ ਦਾਖ਼ਲ ਕੀਤੇ ਗਏ ਟੈਕਸ ਰਿਟਰਨ ਵਿਦੇਸ਼ ਵਿਚ ਉਨਾਂ ਦੀ ਸੰਪਤੀ ਨਾਲ ਮੇਲ ਖਾਂਦੇ ਹਨ ਜਾਂ ਨਹੀਂ ਅਤੇ ਇਹ ਵੀ ਨਿਰਧਾਰਤ ਕੀਤਾ ਜਾਵੇਗਾ ਕਿ ਇਸ ਵਿਚ ਫੇਮਾ ਦੀ ਉਲੰਘਣਾ ਤਾਂ ਨਹੀਂ ਕੀਤੀ ਗਈ? ਪੈਂਡੋਰਾ ਪੇਪਰਜ਼ ਲੀਕ ਮਾਮਲੇ ਵਿਚ ਜਾਂਚ ਦਾ ਤਾਲਮੇਲ ਰੁਟੀਨ ਨਹੀਂ ਰਹਿਣਾ ਚਾਹੀਦਾ। ਇਹ ਮਾਮਲੇ ਕਿਉਂਕਿ ਰਸੂਖਦਾਰ ਸਮਾਜਿਕ ਅਤੇ ਵਿੱਤੀ ਵਰਗ ਨਾਲ ਸਬੰਧ ਰੱਖਦੇ ਹਨ, ਇਸ ਲਈ ਜਾਂਚ-ਪੜਤਾਲ ਸਬੰਧੀ ਕਾਰਵਾਈ ਕਠੋਰ ਹੋਣੀ ਚਾਹੀਦੀ ਹੈ। ਵਿਦੇਸ਼ ਵਿਚ ਨਿਵੇਸ਼ ਸਬੰਧੀ ਮਾਪਦੰਡਾਂ ਨੂੰ ਤੋੜਨ ਵਾਲਿਆਂ ਲਈ ਕਠੋਰ ਕਾਨੂੰਨ ਬਣਾਏ ਜਾਣੇ ਹੋਣਗੇ। ਇਹ ਵੀ ਜ਼ਰੂਰੀ ਹੈ ਕਿ ਦੇਸ਼ ਵਿਚ ਕਾਲੇਧਨ ’ਤੇ ਕਾਬੂ ਪਾਉਣ ਲਈ ਭ੍ਰਿਸ਼ਟਾਚਾਰ ਨੂੰ ਹਰ ਹਾਲਤ ਵਿਚ ਨੱਥ ਪਾਉਣੀ ਹੋਵੇਗੀ। ਕਾਬਿਲੇਗੌਰ ਹੈ ਕਿ ਅੱਜ ਦੇ ਮੌਜੂਦਾ ਦੌਰ ਵਿਚ ਭਾਰਤ ਨੂੰ ਭ੍ਰਿਸ਼ਟਾਚਾਰ ਘੁਣ ਵਾਂਗ ਖਾ ਰਿਹਾ ਹੈ। ਇਸ ਕਾਰਨ ਦੇਸ਼ ਦੀ ਤਰੱਕੀ ਦੀ ਰਫ਼ਤਾਰ ਮੱਠੀ ਪੈ ਰਹੀ ਹੈ। ਇਸ ਤੋਂ ਆਮ ਤੇ ਖ਼ਾਸ, ਸਾਰੇ ਪਰੇਸ਼ਾਨ ਹਨ ਪਰ ਤ੍ਰਾਸਦੀ ਇਹ ਹੈ ਕਿ ਇਸ ਦੀਆਂ ਜੜਾਂ ਇੰਨੀਆਂ ਜ਼ਿਆਦਾ ਡੂੰਘੀਆਂ ਹਨ ਕਿ ਇਸ ਨੂੰ ਜੜੋਂ ਪੁੱਟ ਸਕਣਾ ਖਾਲਾ ਜੀ ਦਾ ਵਾੜਾ ਨਹੀਂ ਹੈ।

ਟਰਾਂਸਪੇਰੈਂਸੀ ਇੰਟਰਨੈਸ਼ਨਲ ਦੁਆਰਾ ਪ੍ਰਕਾਸ਼ਿਤ ਕੁਰੱਪਸ਼ਨ ਇੰਡੈਕਸ 2020 ਵਿਚ 180 ਦੇਸ਼ਾਂ ਦੀ ਰੈਂਕਿੰਗ ਵਿਚ ਭਾਰਤ 86ਵੇਂ ਨੰਬਰ ’ਤੇ ਹੈ। ਸੀਪੀਆਈ ਰੈਂਕਿੰਗ ਵਿਚ ਭਾਰਤ ਸੰਨ 2019 ਵਿਚ 80ਵੇਂ ਸਥਾਨ ’ਤੇ ਸੀ। ਭ੍ਰਿਸ਼ਟਚਾਰ, ਕਾਲੇਧਨ ਅਤੇ ਵਿਦੇਸ਼ੀ ਬੈਂਕਾਂ ਵਿਚ ਚੋਰੀ-ਛੁਪੇ ਧਨ ਜਮਾ ਕੀਤੇ ਜਾਣ ਦੇ ਰੁਝਾਨ ’ਤੇ ਕਾਬੂ ਪਾਉਣ ਲਈ ਲੰਬਾ ਪੈਂਡਾ ਤੈਅ ਕਰਨਾ ਜ਼ਰੂਰੀ ਹੈ। ਭਾਰਤ ਵਿਚ ਕਿਉਂਕਿ ਭ੍ਰਿਸ਼ਟਾਚਾਰ ਅਤੇ ਕਾਲੇਧਨ ’ਤੇ ਕਾਬੂ ਪਾਉਣ ਵਿਚ ਸਭ ਤੋਂ ਵੱਡੀ ਚੁਣੌਤੀ ਸਿਆਸੀ ਫੰਡਿੰਗ ਤੋਂ ਹੈ, ਇਸ ਲਈ ਰਾਜਨੀਤਕ ਪਾਰਟੀਆਂ ਦੀ ਫੰਡਿੰਗ ਵਿਚ ਕਾਲੇਧਨ ਦੇ ਇਸਤੇਮਾਲ ਨੂੰ ਰੋਕਣ ਲਈ ਕਠੋਰ ਕਦਮ ਚੁੱਕੇ ਜਾਣੇ ਹੋਣਗੇ।

ਹੁਣ ਭ੍ਰਿਸ਼ਟਾਚਾਰ ’ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਨੌਕਰਸ਼ਾਹੀ ਵਿਚ ਸੁਧਾਰ, ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ, ਅਦਾਲਤਾਂ ਵਿਚ ਉਕਤ ਮਾਮਲਿਆਂ ਦੇ ਤੇਜ਼ੀ ਨਾਲ ਨਬੇੜੇ, ਪ੍ਰਸ਼ਾਸਕੀ ਮਾਮਲਿਆਂ ਵਿਚ ਪਾਰਦਰਸ਼ਿਤਾ ਸਹਿਤ ਭ੍ਰਿਸ਼ਟਾਚਾਰ ਦੂਰ ਕਰਨ ਅਤੇ ਕਾਲੇਧਨ ’ਤੇ ਕਾਬੂ ਪਾਉਣ ਦੇ ਵੱਖ-ਵੱਖ ਠੋਸ ਉਪਾਵਾਂ ਦੇ ਰਸਤੇ ’ਤੇ ਅੱਗੇ ਵਧਣਾ ਹੋਵੇਗਾ।

ਪੈਂਡੋਰਾ ਪੇਪਰਜ਼ ਵੱਲੋਂ ਕੀਤਾ ਗਿਆ ਪਰਦਾਫਾਸ਼ ਕੁੱਲ ਲੋਕਾਈ ਵਿਚ ਟੈਕਸ ਚੋਰੀ ਦੀਆਂ ਪਨਾਹਗਾਹਾਂ ਦੇ ਹਨੇਰੇ ਵਿਚ ਜਮਾਂ ਧਨ ਦੇ ਅਪਾਰ ਭੰਡਾਰ ਦਾ ਇਕ ਹੈਰਾਨ-ਪ੍ਰੇਸ਼ਾਨ ਕਰਨ ਵਾਲਾ ਅਤੇ ਮਹੱਤਵਪੂਰਨ ਪੜਾਅ ਹੈ। ਅਜਿਹੇ ਵਿਚ ਹੁਣ ਦੁਨੀਆ ਦੀਆਂ ਮਸ਼ਹੂਰ ਹਸਤੀਆਂ ਦੁਆਰਾ ਟੈਕਸ ਹੈਵਨ ਮੁਲਕਾਂ ਵਿਚ ਗੁਪਤ ਸੰਪਤੀਆਂ ਦੇ ਵਿਸ਼ਵ ਪੱਧਰੀ ਟੈਕਸ ਚੋਰੀ ਦੇ ਟਿਕਾਣਿਆਂ ਨੂੰ ਸਮਾਪਤ ਕਰਨ ਲਈ ਅੱਗੇ ਵਧਣਾ ਹੋਵੇਗਾ।



# ਸਿਆਸੀ ਪਾਰਟੀਆਂ ਜਾਂ ਪ੍ਰਾਈਵੇਟ ਲਿਮਟਿਡ ਕੰਪਨੀਆਂ



**ਗੁਰਮੀਤ ਸਿੰਘ ਪਲਾਹੀ**
9815802070

ਭਾਰਤ ਦੀਆਂ ਲਗਭਗ ਸਾਰੀਆਂ ਸਿਆਸੀ ਧਿਰਾਂ ਵਿੱਚ ਅੰਦਰੂਨੀ ਲੋਕਤੰਤਰ ਲਗਭਗ ਸਿਫ਼ਰ ਦੇ ਬਰਾਬਰ ਹੁੰਦਾ ਜਾ ਰਿਹਾ ਹੈ। ਇਹ ਭਾਰਤੀ ਲੋਕਤੰਤਰ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਸਮੇਂ ਬਹੁਤੀਆਂ ਸਿਆਸੀ ਪਾਰਟੀਆਂ ਪ੍ਰਾਈਵੇਟ ਲਿਮਟਿਡ ਕੰਪਨੀਆਂ ਦੀ ਤਰਾਂ ਕੰਮ ਕਰਨ ਲੱਗ ਗਈਆਂ ਹਨ। ਲਗਭਗ ਸਾਰੀਆਂ ਪਾਰਟੀਆਂ ਵਿੱਚ ਉਪਰਲੇ ਦੋ ਜਾਂ ਤਿੰਨ 'ਮੈਂਬਰ ਚੌਧਰੀ' ਪੂਰੀ ਪਾਰਟੀ ਨੂੰ ਕੰਟਰੋਲ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਨਾਲ ਆਪਣੇ ਆਪਹੁਦਰੇਪਨ ਦਾ ਸਿੱਕਾ ਅਤੇ ਧੌਂਸ ਜਮਾਉਂਦੇ ਹਨ।

ਕਾਂਗਰਸ ਵਿੱਚ ਸੋਨੀਆ ਗਾਂਧੀ, ਰਾਹੁਲ, ਪ੍ਰਿਯੰਕਾ (ਮਾਂ, ਪੁੱਤ, ਧੀ) ਦਾ ਗਲਬਾ ਹੈ। ਭਾਜਪਾ ਵਿੱਚ ਨਰੇਂਦਰ ਮੋਦੀ, ਅਮਿਤ ਸ਼ਾਹ ਕਿਸੇ ਹੋਰ ਨੂੰ ਖੰਘਣ ਨਹੀਂ ਦੇਂਦੇ। ਖੇਤਰੀ ਪਾਰਟੀਆਂ ਵਿੱਚ ਬਾਦਲ ਅਕਾਲੀ ਦਲ ਬਾਦਲ (ਪਿਓ, ਪੁੱਤਰ-ਨੂੰਹ) ਕਾਬਜ਼ ਹਨ। ਹਰਿਆਣਾ ਵਿੱਚ ਚੌਟਾਲਿਆਂ ਦੀ ਪਾਰਟੀ ਲੋਕਦਲ ਉੱਤੇ ਚੌਟਾਲਾ ਅਤੇ ਪੁੱਤਰ ਜ਼ੋਰਾਵਰ ਹਨ। ਬਸਪਾ ਵਿੱਚ ਮਾਇਆਵਤੀ ਕਿਸੇ ਨੂੰ ਕੁਸਕਣ ਨਹੀਂ ਦਿੰਦੀ। ਯੂ.ਪੀ. ਵਿੱਚ ਸਮਾਜਵਾਦੀ ਪਾਰਟੀ ਵਿੱਚ ਮੁਲਾਇਮ ਸਿੰਘ ਯਾਦਵ ਅਤੇ ਉਸਦਾ ਪੁੱਤਰ ਰਾਜ ਕਰਦੇ ਹਨ। ਲਾਲੂ ਪ੍ਰਸ਼ਾਦ ਯਾਦਵ ਬਿਹਾਰ ਵਿੱਚ ਆਪਣੀ ਪਤਨੀ ਅਤੇ ਪੁੱਤਰਾਂ ਤੋਂ ਅੱਗੇ ਕਿਸੇ ਨੂੰ ਨੇੜੇ ਨਹੀਂ ਆਉਣ ਦੇਂਦੇ। ਕੇਜਰੀਵਾਲ ਆਮ ਆਦਮੀ ਪਾਰਟੀ ਦਾ ਸਰਬੋ-ਸਰਬਾ ਹੈ। ਗੱਲ ਇਹ ਹੈ ਕਿ ਦੇਸ਼ ਦੇ ਉੱਤਰ, ਦੱਖਣ, ਪੂਰਬ, ਪੱਛਮ ਵਿੱਚ ਜਿੰਨੀਆਂ ਵੀ ਖੇਤਰੀ ਜਾਂ ਇਲਾਕਾਈ ਪਾਰਟੀਆਂ ਜਾਂ ਇੱਥੋਂ ਤੱਕ ਕਿ ਬਹੁਤੀਆਂ ਰਾਸ਼ਟਰੀ ਪਾਰਟੀਆਂ ਵਿੱਚ ਪਾਰਟੀ ਪ੍ਰਧਾਨ ਦੀ ਚੋਣ ਲਈ ਸੰਵਿਧਾਨ ਅਨੁਸਾਰ ਚੋਣ ਨਹੀਂ ਕੀਤੀ ਜਾਂਦੀ ਜਾਂ ਚੋਣ ਲਗਾਤਾਰ ਲਮਕਾਈ ਜਾਂਦੀ ਹੈ।

ਦੇਸ਼ ਦੀ ਬਹੁ ਚਰਚਿਤ ਸਿਆਸੀ ਪਾਰਟੀ ਕਾਂਗਰਸ, ਜਿਸ ਨੇ ਕਈ ਦਹਾਕੇ ਦੇਸ਼ ਉਤੇ ਰਾਜ ਕੀਤਾ, ਕੀ ਕਾਂਗਰਸ ਪ੍ਰਧਾਨ, ਪਿਛਲੇ 15-20 ਸਾਲ ਵਿੱਚ ਅਸਲ ਵਿੱਚ ਉਵੇਂ ਹੀ ਨਿਯੁਕਤ ਹੋਇਆ, ਜਿਵੇਂ ਅਮਰੀਕਾ ਅਤੇ ਬਰਤਾਨੀਆ ਆਦਿ ਲੋਕਤੰਤਰਿਕ ਦੇਸ਼ਾਂ ਵਿੱਚ ਸ਼ੁੱਧ ਚੋਣਾਂ ਅਧਾਰਿਤ ਨਿਯੁਕਤ ਹੁੰਦਾ ਹੈ। ਸਾਲ 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਹੁਲ ਗਾਂਧੀ ਨੇ ਕਾਂਗਰਸ ਦੇ ਪ੍ਰਧਾਨ ਦੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸਦੇ ਬਾਅਦ ਉਸ ਅਹੁਦੇ ਨੂੰ ਭਰਨ ਲਈ ਕੋਈ ਚੋਣ ਹੋਈ ? ਬਿਲਕੁਲ ਵੀ ਨਹੀਂ। ਰਾਹੁਲ ਦੀ ਮਾਤਾ ਅਤੇ ਪਿਛਲੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਦੋਬਾਰਾ ਪ੍ਰਧਾਨਗੀ ਮੋਰਚਾ ਸੰਭਾਲ ਲਿਆ। ਅਰਥਾਤ ਕਾਂਗਰਸ-ਪ੍ਰਧਾਨ ਘੁੰਮ ਫਿਰ ਕੇ ਫਿਰ ਉਸੇ ਪਰਿਵਾਰ ਵਿੱਚੋਂ ਆ ਗਿਆ। ਪਾਰਟੀ ਦੇ ਜਿਨਾਂ 23 ਧੁਰੰਤਰ ਨੇਤਾਵਾਂ ਨੇ ਪੱਕਾ ਕਾਂਗਰਸ ਪ੍ਰਧਾਨ ਲਈ ਚੋਣ ਕਰਨ ਦੀ ਆਵਾਜ਼ ਉਠਾਈ, ਉਨਾਂ ਨੂੰ ਨੁਕਰੇ ਲਗਾ ਦਿੱਤਾ ਗਿਆ। ਡੇਢ ਸਾਲ ਦੇ ਅਰਸੇ ਤੋਂ ਬਾਅਦ ਕਾਂਗਰਸ ਕਾਰਜਕਰਨੀ ਦੀ ਬੈਠਕ ਵਿੱਚ 2022 ਸਤੰਬਰ ਵਿੱਚ ਪਾਰਟੀ ਪ੍ਰਧਾਨ ਦੀ ਚੋਣ ਕਰਾਉਣ ਦਾ ਐਲਾਨ ਕੀਤਾ ਗਿਆ।

ਕਾਂਗਰਸ ਪਾਰਟੀ ਦੇਸ਼ ਵਿੱਚ ਇੱਕ ਮਾਤਰ ਵਿਰੋਧੀ ਪਾਰਟੀ ਹੈ, ਜੋ ਸੱਚਮੁੱਚ ਅਖਿਲ ਭਾਰਤੀ ਪਾਰਟੀ ਹੈ। ਕਾਂਗਰਸ ਪਾਰਟੀ ਦੀ ਹਾਲਤ ਭਾਵੇਂ ਪੂਰੇ ਦੇਸ਼ ਵਿੱਚ ਕਾਫ਼ੀ ਕਮਜ਼ੋਰ ਹੋ ਗਈ ਹੈ, ਪਰ ਇਸਦੇ ਬਾਵਜੂਦ ਵੀ ਸ਼ਾਇਦ ਹੀ ਦੇਸ਼ ਦਾ ਕੋਈ ਜ਼ਿਲਾ ਹੋਵੇ ਜਿੱਥੇ ਕਾਂਗਰਸ ਦੇ ਵਰਕਰ ਨਾ ਮਿਲਣ। ਲੇਕਿਨ ਇਹ ਵੀ ਸਚਾਈ ਹੈ ਕਿ ਕਾਂਗਰਸ ਦੇ ਵਰਕਰ ਜਾਂ ਰਹਿੰਦੇ ਖੂੰਹਦੇ ਨਾਮਵਰ ਨੇਤਾ ਹੋਰ ਸਿਆਸੀ ਪਾਰਟੀਆਂ ਵਿੱਚ ਸ਼ਾਮਲ ਹੁੰਦੇ ਜਾ ਰਹੇ ਹਨ। ਇਹੀ ਪ੍ਰਕਿਰਿਆ ਜੇਕਰ ਦੇਸ਼ ਵਿੱਚ ਜਾਰੀ ਰਹੀ ਤਾਂ ਅਗਲੇ ਪੰਜ ਸੱਤ ਸਾਲਾਂ ਵਿੱਚ ਚੀਨ ਅਤੇ ਰੂਸ ਦੀ ਤਰਾਂ ਭਾਰਤ ਵਿੱਚ ਵੀ ਇੱਕ ਨੇਤਾ, ਇੱਕ ਨਾਹਰਾ ਅਤੇ ਇੱਕ ਪਾਰਟੀ ਅਰਥਾਤ ਭਾਜਪਾ ਦਾ ਪੱਕਾ ਰਾਜ ਹੋ ਜਾਏਗਾ, ਜਿਹੜੀ ਬਿਨਾਂ ਝਿਜਕ, ਬਿਨਾਂ ਰੁਕਾਵਟ ਆਪਣਾ ਹਿੰਦੂਤਵ ਦਾ ਅਜੰਡਾ ਲਾਗੂ ਕਰ ਲਵੇਗੀ, ਜੋ ਕਦਾਚਿਤ ਵੀ ਦੇਸ਼ ਹਿਤ ਵਿੱਚ ਨਹੀਂ ਹੋਏਗਾ।

ਪਿਛਲੇ ਸਾਲਾਂ ਵਿੱਚ ਇਸ ਅਖਿਲ ਭਾਰਤੀ ਸਿਆਸੀ ਪਾਰਟੀ ਕਾਂਗਰਸ ਦਾ ਬੁਰੀ ਤਰਾਂ ਨਾਲ ਸਫਾਇਆ ਹੋਇਆ ਹੈ। ਕਾਂਗਰਸ ਦੀਆਂ ਕਰਨਾਟਕ ਅਤੇ ਪਾਂਡੀਚੇਰੀ ਵਿੱਚ ਸਰਕਾਰਾਂ ਡਿੱਗ ਗਈਆਂ। ਪੱਛਮੀ ਬੰਗਾਲ ਵਿੱਚ ਕਾਂਗਰਸ ਦੇ ਪੱਲੇ ਕੁਝ ਨਾ ਰਿਹਾ। ਮੱਧ ਪ੍ਰਦੇਸ਼ ਵਿੱਚ ਚਲਦੀ ਚਲਦੀ ਕਾਂਗਰਸ ਦੀ ਸਰਕਾਰ ਡੇਗ ਦਿੱਤੀ ਗਈ। ਪੰਜਾਬ, ਰਾਜਸਥਾਨ ਅਤੇ ਛੱਤੀਸਗੜ ਵਿੱਚ ਕਾਂਗਰਸ ਪਾਰਟੀ ਅੰਦਰੂਨੀ ਦੰਗਲ ਕਾਰਨ ਲਗਾਤਾਰ ਸੁਰਖੀਆਂ ਵਿੱਚ ਹੈ। ਪੰਜਾਬ ਵਿੱਚ ਤਾਂ ਕਾਂਗਰਸ ਹਾਈਕਮਾਂਡ ਨੇ ਇਹੋ ਜਿਹਾ ਕਾਟੋ-ਕਲੇਸ਼ ਆਪਣੀ ਧੌਂਸ ਜਮਾਉਣ ਖਾਤਰ ਪਾਇਆ ਹੋਇਆ ਹੈ ਕਿ ਇਹ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿੱਚੋਂ ਬੇਇਜ਼ਤ ਕਰਕੇ ਬਾਹਰ ਤੋਰ ਦਿੱਤਾ ਗਿਆ। ਹਾਲਾਤ ਹੁਣ ਨਵਜੋਤ ਸਿੰਘ ਸਿੱਧੂ ਦੇ ਵੀ ਕਾਂਗਰਸ ਵਿੱਚੋਂ ਰੁਖ਼ਸਤ ਕਰਨ ਦੇ ਬਣੇ ਹੋਏ ਹਨ। ਇਸ ਸਭ ਕੁਝ ਦਾ ਫ਼ਾਇਦਾ ਕੀ ਹੋ ਰਿਹਾ ਹੈ ?

ਕਾਂਗਰਸ ਜਿਹੜੀ ਦੇਸ਼ ਵਿੱਚ ਵਿਰੋਧੀ ਪਾਰਟੀ ਦੇ ਤੌਰ 'ਤੇ ਜਾਣੀ ਜਾਂਦੀ ਹੈ, ਪਰ ਉਸਦੀ ਆਵਾਜ਼ ਕਿਧਰੇ ਵੀ ਸੁਣਾਈ ਨਹੀਂ ਦਿੰਦੀ। ਭਾਜਪਾ ਦੀ ਸਰਕਾਰ ਨੂੰ ਕਿਸੇ ਦਮਦਾਰ ਵਿਰੋਧ ਦਾ ਸਾਹਮਣਾ ਹੀ ਨਹੀਂ ਕਰਨਾ ਪੈ ਰਿਹਾ ਹਾਲਾਂਕਿ ਕੁਝ ਇਹੋ ਜਿਹੇ ਮੁੱਦੇ ਹਨ, ਜਿਨਾਂ ਉੱਤੇ ਵਿਰੋਧੀ ਧਿਰ ਵੱਡੀ ਲੋਕ ਆਵਾਜ਼ ਖੜੀ ਕਰ ਸਕਦੀ ਹੈ। ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ ਮੁੱਦਾ ਇੱਕ ਹੈ। ਪੈਟਰੋਲੀਅਮ ਪਦਾਰਥਾਂ ਸਮੇਤ ਰਸੋਈ ਗੈਸ ਦਾ ਮੁੱਦਾ ਦੂਜਾ ਹੈ। ਜੰਮੂ ਕਸ਼ਮੀਰ ਵਿੱਚ ਹੋਈ ਘੱਟ ਗਿਣਤੀਆਂ ਦੀ ਹੱਤਿਆ ਅਤੇ ਵਿਦੇਸ਼ ਨੀਤੀਆਂ ਦੇ ਮਾਮਲਿਆਂ 'ਤੇ ਤਿੱਖੇ ਸਵਾਲ ਚੁੱਕੇ ਜਾ ਸਕਦੇ ਹਨ। ਇਹ ਮਸਲੇ ਕਾਂਗਰਸ ਨੂੰ ਆਉਣ ਵਾਲੀਆਂ ਯੂ.ਪੀ., ਪੰਜਾਬ ਅਤੇ ਹੋਰ ਵਿਧਾਨ ਸਭਾ ਚੋਣਾਂ ਵਿੱਚ ਵੱਡਾ ਫਾਇਦਾ ਦੇ ਸਕਦੇ ਹਨ। ਜੇਕਰ ਕਾਂਗਰਸ ਦੇ ਵਰਕਰਾਂ ਅਤੇ ਛੋਟੇ ਨੇਤਾਵਾਂ ਤੋਂ ਕਾਂਗਰਸ ਦੀ ਵਿਧਾਨ ਸਭਾ ਚੋਣਾਂ ਵਿੱਚੋਂ ਸਫ਼ਲਤਾ ਬਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਉਹ ਚੁੱਪ ਰਹਿਣਾ ਪਸੰਦ ਕਰਦੇ ਹਨ, ਕਿਉਂਕਿ ਕਾਂਗਰਸ ਵਿੱਚ ਵੀ ਬਾਕੀ ਪਾਰਟੀਆਂ ਵਾਂਗਰ 'ਜੀ-ਹਜ਼ੂਰੀ' ਨੇਤਾਵਾਂ, ਵਰਕਰਾਂ ਦੀ ਹੀ ਪੁੱਛ ਪ੍ਰਤੀਤ ਹੈ। ਉਹ ਜਿਹੜੇ ਸੋਨੀਆ ਗਾਂਧੀ, ਰਾਹੁਲ ਗਾਂਧੀ ਜਾਂ ਪ੍ਰਿਯੰਕਾ ਵਾਡਰਾ ਦੀ ਚਾਪਲੂਸੀ ਕਰਦੇ ਹਨ, ਉਹੀ 'ਚੌਧਰੀ' ਬਣਦੇ ਹਨ।

ਇਹ ਹਾਲ ਇਕੱਲਾ ਇਸ ਰਾਸ਼ਟਰੀ ਪਾਰਟੀ ਕਾਂਗਰਸ ਦਾ ਹੀ ਨਹੀਂ ਹੈ। ਬਾਦਲ ਅਕਾਲੀ ਦਲ ਦੇ ਮਾਲਕ 'ਬਾਦਲ ਪਰਿਵਾਰ' ਦਾ ਮੁੱਖ ਅਹੁਦੇਦਾਰ ਸੁਖਬੀਰ ਸਿੰਘ ਬਾਦਲ, ਜਿਸ ਨੂੰ ਵੀ ਚਾਹੁੰਦਾ ਹੈ, ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਵੰਡੀ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ (ਬ) ਦੀ ਪਾਰਲੀਮਾਨੀ ਬੋਰਡ ਵਿੱਚ, ਜਾਂ ਟਿਕਟਾਂ ਵੰਡਣ ਵਾਲੇ ਬੋਰਡ ਦੀ ਮੀਟਿੰਗ ਵਿੱਚ ਕੋਈ ਇਸ ਬਾਰੇ ਫ਼ੈਸਲੇ ਨਹੀਂ ਹੋਏ। ਕੋਈ ਸੰਵਿਧਾਨ ਅਨੁਸਾਰ ਪ੍ਰਧਾਨਗੀ ਚੋਣ ਨਹੀਂ। ਜਿੱਥੇ ਪ੍ਰਧਾਨ ਜੀ ਗਏ, ਚੰਗਾ ਇਕੱਠ ਵੇਖਿਆ, ਪਾਰਟੀ ਟਿਕਟ ਦਾ ਐਲਾਨ ਕਰ ਦਿੱਤਾ। ਹਾਲਾਂਕਿ ਪਾਰਟੀ ਸੰਵਿਧਾਨ ਅਨੁਸਾਰ ਪਾਰਟੀ ਪ੍ਰਧਾਨ ਦੀ ਚੋਣ ਅਕਾਲੀ ਦਲ (ਬਾਦਲ) ਵਲੋਂ ਵੀ ਕਦੇ ਨਹੀਂ ਕੀਤੀ ਗਈ ਅਤੇ ਪਾਰਟੀ ਦੇ ਦੋ ਸੰਵਿਧਾਨ ਹੋਣ ਦਾ ਮੁਆਮਲਾ ਹੁਸ਼ਿਆਰਪੁਰ ਦੀ ਇੱਕ ਮਾਨਯੋਗ ਅਦਾਲਤ ਵਿੱਚ ਚੱਲ ਰਿਹਾ ਹੈ।

ਇਹੋ ਜਿਹਾ ਹਾਲ ਹੀ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦਾ ਹੈ, ਜਿਹੜੀ ਨਿੱਤ ਸੂਬਿਆਂ, ਜ਼ਿਲਿਆਂ ਦੇ ਪ੍ਰਧਾਨ ਆਪਣੀ ਮਰਜ਼ੀ ਨਾਲ ਬਦਲਦੀ ਹੈ। ਜਿਸ ਪਾਰਟੀ ਨਾਲ ਵੀ ਚਾਹੇ, ਜਦੋਂ ਵੀ ਚਾਹੇ, ਗੱਠਜੋੜ ਕਰ ਸਕਦੀ ਹੈ ਜਾਂ ਤੋੜ ਸਕਦੀ ਹੈ ਅਤੇ ਸਥਾਨਕ ਪਾਰਟੀ ਵਰਕਰਾਂ ਤੋਂ ਇਸ ਸਬੰਧੀ ਕੋਈ ਰਾਏ ਨਹੀਂ ਲਈ ਜਾਂਦੀ। ਪੰਜਾਬ ਇਸਦੀ ਇੱਕ ਉਦਾਹਰਨ ਹੈ, ਜਿੱਥੇ ਬਾਦਲ ਅਕਾਲੀ ਦਲ ਅਤੇ ਬਸਪਾ ਗੱਠਜੋੜ ਹੋਇਆ ਅਤੇ ਸੀਟਾਂ ਦੀ ਵੰਡ ਵਿੱਚ ਕਿਸੇ ਨੇਤਾ ਨੂੰ ਪੁੱਛੇ ਬਿਨਾਂ ਉਹ ਸੀਟਾਂ ਵੀ ਅਕਾਲੀ ਦਲ (ਬਾਦਲ) ਲਈ ਛੱਡ ਦਿੱਤੀਆਂ ਗਈਆਂ, ਜਿਹੜੀਆਂ ਉੱਤੇ ਬਸਪਾ ਵਰਕਰ ਜ਼ੋਰ ਲਗਾ ਕੇ ਬਾਦਲ ਦਲ ਨਾਲ ਰਲਕੇ ਚੋਣ ਜਿੱਤ ਸਕਦੇ ਸਨ।

ਇਹੋ ਜਿਹਾ ਹਾਲ ਹੀ ਲਗਭਗ ਸਾਰਿਆਂ ਇਲਾਕਾਈ ਪਾਰਟੀਆਂ ਦਾ ਹੈ, ਜਿਨਾਂ ਦੇ ਉਪਰਲੇ ਨੇਤਾ ਦੀ ਮਰਜ਼ੀ ਨਾਲ ਹੀ ਚੋਣ ਗੱਠਜੋੜ ਹੁੰਦੇ ਹਨ, ਪਾਰਟੀਆਂ ਦੀਆਂ ਅੰਦਰੂਨੀ ਚੋਣਾਂ ਹੁੰਦੀਆਂ ਹਨ ਜਾਂ ਫਿਰ ਵਿਧਾਨ ਸਭਾ , ਲੋਕ ਸਭਾ, ਰਾਜ ਸਭਾ ਦੀਆਂ ਟਿਕਟਾਂ 'ਆਪਣਿਆਂ' ਦੇ ਪੱਲੇ ਪਾਈਆਂ ਜਾਂਦੀਆਂ ਹਨ। ਇਹ ਨਿੱਜੀ ਜਾਂ ਪਰਿਵਾਰਿਕ ਪਾਰਟੀਆਂ ਕਿਸੇ ਮੁੱਦੇ ਜਾਂ ਸਿਆਣਪ ਨੂੰ ਪਹਿਲ ਨਹੀਂ ਦਿੰਦੀਆਂ, ਚੋਣਾਂ ਵਿੱਚ ਜਿੱਤੇ ਜਾਣ ਵਾਲੇ ਉਮੀਦਵਾਰ, ਜੋ ਉਨਾਂ ਦਾ ਵਫ਼ਾਦਾਰ ਹੋਵੇ ਅਤੇ ਰਹੇ, ਉੱਤੇ ਹੀ ਮਿਹਰਬਾਨ ਹੁੰਦੀਆਂ ਹਨ। ਭਾਵੇਂ ਉਸ ਉੱਤੇ ਦਰਜਨਾਂ ਭਰ ਅਪਰਾਧਿਕ ਮਾਮਲੇ ਹੀ ਦਰਜ ਕਿਉਂ ਨਾ ਹੋਣ ?

ਸਾਲ 2014 ਵਿੱਚ ਤਾਂ ਕਾਂਗਰਸ ਨੂੰ ਹਰਾਉਣ ਲਈ ਧਮਾਕੇਦਾਰ ਕਾਰਨਾਮੇ ਸਾਹਮਣੇ ਆਏ, ਜਦੋਂ ਚੋਣਾਂ ਦੇ ਮਾਹਿਰ ਪ੍ਰਸ਼ਾਂਤ ਭੂਸ਼ਨ ਦੀਆਂ ਸੇਵਾਵਾਂ ਭਾਜਪਾ ਨੇ ਲਈਆਂ। ਇਸ ਸਲਾਹਕਾਰ ਨੇ ਚੋਣ ਮੁਹਿੰਮ ਨੂੰ ਪ੍ਰਾਈਵੇਟ ਲਿਮਟਿਡ ਕੰਪਨੀਆਂ ਵਾਂਗਰ ਚਲਾਇਆ, ਭਾਜਪਾ ਦੀ ਝੋਲੀ ਜਿੱਤ ਪਾਈ ਅਤੇ ਕਾਰਪੋਰੇਟਾਂ ਦਾ ਸਿੱਧਾ ਦਖ਼ਲ ਚੋਣ ਮੁਹਿੰਮ ਟੀ ਵੀ ਚੈਨਲਾਂ, ਇਲੈਕਟ੍ਰੋਨਿਕ ਮੀਡੀਆਂ ਉੱਤੇ ਕਰਵਾਇਆ।

ਪ੍ਰਸ਼ਾਂਤ ਭੂਸ਼ਨ ਦੀਆਂ ਸੇਵਾਵਾਂ ਫਿਰ ਪੰਜਾਬ ਵਿੱਚ ਕਾਂਗਰਸ ਅਤੇ ਬੰਗਾਲ ਵਿੱਚ ਤ੍ਰਿਮੂਲ ਕਾਂਗਰਸ ਨੇ ਲਈਆਂ। ਉਹ ਤ੍ਰਿਮੂਲ ਕਾਂਗਰਸ ਜਿਸਦੀ ਪ੍ਰਬੰਧਕ ਮਮਤਾ ਬੈਨਰਜੀ ਹੈ ਅਤੇ ਜਿਹੜੀ ਦਿੱਲੀ ਦੇ ਕੇਜਰੀਵਾਲ ਵਾਂਗਰ ਹੁਣ ਆਪਣੇ 'ਖੰਭ' ਪੂਰੇ ਦੇਸ਼ ਵਿੱਚ ਫੈਲਾਉਣ ਦੇ ਖ਼ੁਆਬ, (ਦੇਸ਼ ਦੀ ਸਭ ਤੋਂ ਤਾਕਤਵਰ ਪਾਰਟੀ ਭਾਜਪਾ ਨੂੰ ਉਵੇਂ ਹੀ ਹਰਾਉਣ ਵਾਂਗਰ ਜਿਵੇਂ ਕੇਜਰੀਵਾਲ ਨੇ ਦਿੱਲੀ ਵਿੱਚ ਭਾਜਪਾ ਨੂੰ ਹਰਾਇਆ ਸੀ) ਵੇਖਣ ਲੱਗ ਪਈ ਹੈ। ਪਰ ਇਹ ਦੋਵੇਂ ਸਿਆਸੀ ਧਿਰਾਂ ਤ੍ਰਿਮੂਲ ਕਾਂਗਰਸ ਅਤੇ ਕੇਜਰੀਵਾਲ ਦੀ 'ਆਪ' ਵੀ ਪ੍ਰਾਈਵੇਟ ਲਿਮਟਿਡ ਕੰਪਨੀ ਵਾਂਗ ਹੀ ਕੰਮ ਕਰ ਰਹੀਆਂ ਹਨ। ਜੇਕਰ 'ਆਪ' ਦਾ ਨੇਤਾ ਕੇਜਰੀਵਾਲ 2017 ਵਿਧਾਨ ਸਭਾ ਚੋਣਾਂ ਵਿੱਚ ਲੋਕਤੰਤਰਿਕ ਢੰਗ ਨਾਲ ਕੰਮ ਕਰਦਾ, ਇੱਥੋਂ ਦੇ ਵਰਕਰਾਂ ਤੇ ਨੇਤਾਵਾਂ ਦੀ ਇੱਛਾ ਅਨੁਸਾਰ ਕੰਮ ਕਰਦਾ ਤਾਂ ਪੰਜਾਬ ਵਿੱਚ ਵਿਰੋਧੀ ਧਿਰ ਹੀ ਨਹੀਂ, ਸਗੋਂ ਹਾਕਮ ਧਿਰ ਬਣਦਾ। ਪਿਛਲੀਆਂ ਗਲਤੀਆਂ ਤੋਂ ਨਾ ਸਿੱਖਦਿਆਂ, ਹੁਣ ਵੀ ਉਹ ਪੰਜਾਬ ਵਿੱਚ ਆਪਣੀ 'ਲਿਮਟਿਡ ਕੰਪਨੀ' ਵਾਂਗਰ ਹੀ ਪਾਰਟੀ ਨੂੰ ਚਲਾ ਰਿਹਾ ਹੈ।

ਭਾਰਤ ਵਿੱਚ ਵੰਸ਼ਵਾਦ ਕਾਫੀ ਪੁਰਾਣਾ ਹੈ। ਇੱਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਹੁਣ ਤੱਕ ਵੰਸ਼ਵਾਦ ਦੀ ਰਾਜਨੀਤੀ ਕਰਨ ਵਾਲੇ 57 ਪਰਿਵਾਰ ਹਨ, ਜਿਨਾਂ ਵਿੱਚ ਸਭ ਤੋਂ ਪਹਿਲਾ ਅਤੇ ਸਭ ਤੋਂ ਪੁਰਾਣਾ ਪਰਿਵਾਰ ਨਹਿਰੂ-ਗਾਂਧੀ ਪਰਿਵਾਰ ਹੈ। ਇਸ ਪਰਿਵਾਰ ਵਿੱਚ ਇੰਦਰਾ ਗਾਂਧੀ, ਅਰੁਨ ਨਹਿਰੂ, ਕਮਲਾ ਨਹਿਰੂ, ਮੋਤੀ ਲਾਲ ਨਹਿਰੂ ਵਿਜੈ ਲਕਸ਼ਮੀ ਪੰਡਿਤ ਹਨ। ਸ਼ੇਖ ਅਬਦੁਲਾ, ਉਸਦਾ ਪੁੱਤਰ ਫਰੂਕ ਅਬਦੁਲਾ ਅਤੇ ਫਰੂਕ ਅਬਦੁਲਾ ਦਾ ਪੁੱਤਰ ਉਮਰ ਅਬਦੁਲਾ ਕਸਮੀਰ ਦੇ ਨੇਤਾ ਹਨ। ਕਾਂਗਰਸ ਦੇ ਗਾਂਧੀ ਪਰਿਵਾਰ ਦੀ ਤਰਾਂ ਉੜੀਸਾ ਵਿੱਚ ਬੀਜੂ ਪਟਨਾਇਕ, ਨਵੀਨ ਪਟਨਾਇਕ, ਮਹਾਂਰਾਸ਼ਟਰ ਸ਼ਿਵ ਸੈਨਾ ਦੇ ਸੰਸਥਾਪਕ ਬਾਲ ਠਾਕਰੇ, ਉਨਾਂ ਦੇ ਬੇਟੇ ਉਦਭਵ ਠਾਕਰੇ, ਅਦਿਤਯ ਠਾਕਰੇ, ਦੱਖਣੀ ਭਾਰਤ ਦੇ ਨੇਤਾ ਕਰੁਨਾਨਿਧੀ ਤੇ ਉਹਨਾਂ ਦੇ ਬੇਟੇ, ਭਾਜਪਾ ਦੇ ਰਾਜਨਾਥ ਸਿੰਘ, ਛੱਤੀਸਗੜ ਦੇ ਮੁੱਖਮੰਤਰੀ ਰਮਨ ਸਿੰਘ, ਹਿਮਾਚਲ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੇ ਪੁੱਤਰ, ਯਸ਼ਵੰਤ ਸਿਨਹਾ ਦੇ ਬੇਟੇ, ਪ੍ਰਮੋਦ ਮਹਾਜਨ ਦੀ ਬੇਟੀ ਪੂਨਮ ਮਹਾਜਨ ਹੋਰ ਉਦਾਹਰਨਾਂ ਹਨ।

ਅਸਲ ਵਿੱਚ ਲਗਭਗ ਸਾਰੀਆਂ ਪਾਰਟੀਆਂ ਵਿੱਚ ਇਨਾਂ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਨੂੰ ਪ੍ਰਾਈਵੇਟ ਲਿਮਟਿਡ ਪਾਰਟੀਆਂ ਵਿੱਚ ਬਦਲ ਦਿੱਤਾ ਹੈ। ਪਾਰਟੀਆਂ ਉੱਤੇ ਇਨਾਂ ਪਰਿਵਾਰਾਂ ਦਾ ਸ਼ਿਕੰਜਾ ਇੰਨਾ ਕੱਸਿਆ ਹੋਇਆ ਹੈ ਕਿ ਦੂਸਰਿਆਂ ਨੂੰ ਅੱਗੇ ਵਧਣ ਦੇ ਮੌਕੇ ਹੀ ਨਹੀਂ ਮਿਲਦੇ। ਵੰਸ਼ਵਾਦ ਇਕੱਲੀ ਕਾਂਗਰਸ ਵਿੱਚ ਹੀ ਨਹੀਂ ਪਸਰਿਆ ਹੋਇਆ, ਇਹ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਸਾਰੀਆਂ ਪਾਰਟੀਆਂ ਵਿੱਚ ਫੈਲਿਆ ਹੋਇਆ ਹੈ, ਪਰ ਇਸਦੀ ਸ਼ੁਰੂਆਤ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ। ਪਰ ਹੁਣ ਤਾਂ ਪਾਰਟੀਆਂ ਵਿੱਚ ਵੰਸ਼ਵਾਦ ਦਾ ਰਿਵਾਜ਼ ਹੋਰ ਵੀ ਵਧ ਗਿਆ ਹੈ ਅਤੇ ਇਸ ਰਿਵਾਜ਼ ਨੂੰ ਅੱਗੇ ਵਧਣ ਤੋਂ ਕੋਈ ਰੋਕ ਨਹੀਂ ਸਕਦਾ, ਕਿਉਂਕਿ ਇਸ ਨੂੰ ਭਾਰਤ ਵਿੱਚ ਬੁਰਾ ਨਹੀਂ ਮੰਨਿਆ ਜਾਂਦਾ ਅਤੇ ਇਸ ਲਈ ਹਰ ਮੈਦਾਨ ਵਿੱਚ ਇੱਕ ਪੀੜੀ ਦੇ ਬਾਅਦ ਦੂਜੀ ਪੀੜੀ ਉਸੇ ਮੈਦਾਨ ਵਿੱਚ ਆ ਜਾਂਦੀ ਹੈ ਜਾਂ ਲਿਆਂਦੀ ਜਾਂਦੀ ਹੈ।

ਭਾਰਤ ਵਿੱਚ ਵੰਸ਼ਵਾਦ ਦੀ ਰਾਜਨੀਤੀ ਦਾ ਅੰਤ ਕਦੋਂ ਹੋਏਗਾ, ਇਹ ਸਵਾਲ ਲਗਾਤਾਰ ਉਠਾਇਆ ਜਾਂਦਾ ਹੈ, ਕਿਉਂਕਿ ਆਮ ਤੌਰ 'ਤੇ ਵੰਸ਼ਵਾਦ ਅਤੇ ਸਿਆਸੀ ਪਾਰਟੀ ਨੂੰ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਤਰਾਂ ਚਲਾਉਣਾ ਲੋਕਤੰਤਰ ਦੀ ਹੱਤਿਆ ਮੰਨਿਆ ਜਾਂਦਾ ਹੈ। ਅਸਲ ਵਿੱਚ ਵੰਸ਼ਵਾਦ ਦੀ ਰਾਜਨੀਤੀ ਜੋ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਜਨਮ ਦਾਤਾ ਹੈ, ਦਾ ਲੋਕਤੰਤਰ ਵਿੱਚ ਕੋਈ ਮਹੱਤਵ ਨਹੀਂ ਹੈ। ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਕਹੇ ਜਾਣ ਵਾਲੇ ਭਾਰਤ ਨੂੰ ਜੇਕਰ ਇਸ ਕੋਹੜ ਤੋਂ ਬਚਾਉਣਾ ਹੈ ਤਾਂ ਦੇਸ਼ ਦੀਆਂ ਲੋਕਤੰਤਰਕ ਕਦਰਾਂ-ਕੀਮਤਾਂ ਦੇ ਧਾਰਨੀ ਲੋਕਾਂ ਨੂੰ ਇੱਕ ਪਲੇਟਫਾਰਮ ਉੱਤੇ ਖੜੋਕੇ ਉਵੇਂ ਹੀ ਤਿੱਖੀ ਆਵਾਜ਼ ਬੁਲੰਦ ਕਰਨੀ ਹੋਵੇਗੀ, ਜਿਵੇਂ ਮੌਜੂਦਾ ਕਿਸਾਨ ਅੰਦੋਲਨ, ਜੋ ਦਿੱਲੀ ਦੀਆਂ ਬਰੂਹਾਂ ਉੱਤੇ ਪਿਛਲੇ ਲਗਭਗ 10 ਮਹੀਨਿਆਂ ਤੋਂ ਚੱਲ ਰਿਹਾ ਹੈ, ਅਤੇ ਜਿਸ ਨੂੰ ਦੇਸ਼ ਦੀ ਅਜ਼ਾਦੀ ਦੀ ਤੀਜੀ ਲੜਾਈ ਜੋ ਅਸਲ ਵਿਚ ਕਾਰਪੋਰੇਟਾਂ ਤੇ ਉਨਾਂ ਦੇ ਝੋਲੀ ਚੁੱਕ ਹਾਕਮਾਂ ਦੇ ਵਿਰੁੱਧ ਹੈ, ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਕੇਂਦਰ ਸਰਕਾਰ ਅਤੇ ਬੀਜੇਪੀ ਦਾ ਕਿਸਾਨਾਂ ਪ੍ਰਤੀ ਵਤੀਰਾ ਨਫ਼ਰਤ ਵਾਲਾ

**ਸੁੱਚਾ ਸਿੰਘ ਗਿੱਲ**
**ਮੋ. ੯੮੫੫੦-੮੨੯੫੧**

ਲਖੀਮਪੁਰ ਖੀਰੀ ਵਿਚ ਹਾਕਮ ਪਾਰਟੀ ਦੇ ਕਾਰਾਂ ਦੇ ਕਾਫ਼ਲੇ ਵੱਲੋਂ ਕਿਸਾਨ ਅੰਦੋਲਨਕਾਰੀਆਂ ਨੂੰ ਕੁਚਲਣ ਦੀ ਘਟਨਾ ਨੇ ਮੁਲਕ ਵਿਚ ਜਮਹੂਰੀਅਤ ਲਈ ਨਵੀਂ ਚੁਣੌਤੀ ਅਤੇ ਬਹਿਸ ਸ਼ੁਰੂ ਕਰ ਦਿੱਤੀ ਹੈ। ਇਹ ਬਹਿਸ ਮੌਜੂਦਾ ਸਮੇਂ ਵਿਚ ਲੋਕਾਂ ਦੇ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨ ਅਤੇ ਸਰਕਾਰ ਨਾਲੋਂ ਵਖਰੇ ਖਿਆਲ ਜਾਂ ਮਤਭੇਦ ਰੱਖਣ ਦੇ ਹੱਕ ਬਾਰੇ ਹੈ। ਮੁਲਕ ਦਾ ਸੰਵਿਧਾਨ ਆਮ ਸ਼ਹਿਰੀਆਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਹੱਕ ਦਿੰਦਾ ਹੈ। ਇਹ ਸੰਵਿਧਾਨ ਸਰਕਾਰ ਨਾਲੋਂ ਲੋਕਾਂ ਨੂੰ ਵੱਖਰੇ ਖਿਆਲ ਰੱਖਣ ਅਤੇ ਉਨਾਂ ਨੂੰ ਪਰਗਟ ਦਾ ਅਧਿਕਾਰ ਵੀ ਦਿੰਦਾ ਹੈ। ਲਖੀਮਪੁਰ ਖੀਰੀ ਦੀ ਘਟਨਾ ਤੋਂ ਪਹਿਲਾਂ ਅਤੇ ਬਾਅਦ ਦੀਆਂ ਘਟਨਾਵਾਂ ਨੇ ਆਮ ਸ਼ਹਿਰੀਆਂ, ਖਾਸ ਕਰਕੇ ਕਿਸਾਨਾਂ ਦੇ ਅਧਿਕਾਰ ਖਤਮ ਕਰਨ ਦਾ ਖ਼ਦਸ਼ਾ ਪੈਦਾ ਕਰ ਦਿੱਤਾ ਹੈ।

ਕਰਨਾਲ ਵਿਚ ਸ਼ਾਂਤਮਈ ਕਿਸਾਨ ਅੰਦੋਲਨ ਦੌਰਾਨ ਇੱਕ ਅਫਸਰ ਵੱਲੋਂ ਪੁਲੀਸ ਨੂੰ ਕਿਸਾਨਾਂ ਦੇ ਸਿਰਾਂ ਤੇ ਡਾਂਗਾਂ ਮਾਰਨ ਦਾ ਹੁਕਮ ਦੇਣਾ ਅਤੇ ਹਰਿਆਣਾ ਸਰਕਾਰ ਵਲੋਂ ਉਸ ਅਫਸਰ ਦੀ ਤਰਫਦਾਰੀ ਕਰਨਾ ਸੰਕੇਤ ਦਿੰਦਾ ਹੈ ਕਿ ਸਰਕਾਰ ਸ਼ਾਂਤਮਈ ਪ੍ਰਦਰਸ਼ਨ ਸਹਿਣ ਲਈ ਤਿਆਰ ਨਹੀਂ ਹੈ। ਇਸ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਵਲੋਂ ਆਪਣੀ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਇਹ ਕਹਿਣਾ ਕਿ ਹਰ ਪਿੰਡ ਵਿਚ ਕਿਸਾਨ ਅੰਦੋਲਨ ਨਾਲ ਨਜਿੱਠਣ ਲਈ ਲੱਠਮਾਰਾਂ ਦੀਆਂ ਟੀਮਾਂ ਤਿਆਰ ਕੀਤੀਆਂ ਜਾਣ, ਇਸ ਨਾਲ ਉਨਾਂ ਵਰਕਰਾਂ ਦਾ ਸਿਆਸੀ ਵਕਾਰ ਵਧੇਗਾ ਅਤੇ ਉਹ ਲੀਡਰੀ ਦੀ ਇਕ ਹੋਰ ਪੌੜੀ ਵਿਚ ਉਪਰ ਜਾਣਗੇ, ਇਹ ਸ਼ਾਂਤਮਈ ਅੰਦੋਲਨਕਾਰੀਆਂ ਵਿਰੁਧ ਹਾਕਮ ਪਾਰਟੀ ਵੱਲੋਂ ਹਿੰਸਾ ਉਕਸਾਉਣ ਵਾਲਾ ਨਜ਼ਰੀਆ ਪੇਸ਼ ਕਰਦਾ ਹੈ। ਇਸ ਦੇ ਵਿਰੋਧ ਵਿਚ ਕਿਸਾਨਾਂ ਦੇ ਦਬਾਅ ਕਾਰਨ ਭਾਵੇਂ ਮੁੱਖ ਮੰਤਰੀ ਨੇ ਇਸ ਬਿਆਨ ਤੋਂ ਕਿਨਾਰਾ ਕਰ ਲਿਆ ਸੀ ਪਰ ਇਹ ਬਿਆਨ ਹਾਕਮ ਪਾਰਟੀ ਦੇ ਸ਼ਾਂਤਮਈ ਅੰਦੋਲਨਕਾਰੀਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਦਾ ਹੈ। ਇਸੇ ਤਰਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਵਲੋਂ ਲਖੀਮਪੁਰ ਖੀਰੀ ਦੀ ਘਟਨਾ ਤੋਂ ਪਹਿਲਾਂ ਕਿਸਾਨ ਅੰਦੋਲਨ ਵਿਰੁੱਧ ਪਬਲਿਕ ਜਲਸੇ ਵਿਚ ਇਸ ਨੂੰ ਹਿੰਸਾ ਕਰਕੇ ਇੱਕਦਮ ਖਤਮ ਕਰਨ ਦੀ ਧਮਕੀ ਦਿੱਤੀ ਸੀ। ਲਖੀਮਪੁਰ ਖੀਰੀ ਦੀ ਬਹੁਤ ਭਿਆਨਕ ਅਤੇ ਦਿਲ ਕੰਬਾਊ ਘਟਨਾ ਵਿਚ ਸ਼ਾਮਲ ਅਜੈ ਮਿਸ਼ਰਾ ਦੇ ਪੁੱਤ ਦਾ ਨਾਮ ਸਾਹਮਣੇ ਆਇਆ ਹੈ ਅਤੇ ਇਸ ਕੇਸ ਵਿਚ ਉਸ ਦੀ ਗ੍ਰਿਫਤਾਰੀ ਵੀ ਹੋਈ ਹੈ। ਇਸ ਘਟਨਾ ਨੇ ਸਾਰੇ ਮੁਲਕ ਵਿਚ ਰੋਸ ਪੈਦਾ ਕੀਤਾ। ਯੂਪੀ ਸਰਕਾਰ ਦੇ ਵਤੀਰੇ ਤੋਂ ਦੁਖੀ ਹੋ ਕੇ ਸੁਪਰੀਮ ਕੋਰਟ ਨੇ ਇਸ ਕੇਸ ਵਿਚ ਦਖ਼ਲ ਦਿੱਤਾ ਅਤੇ ਸਰਕਾਰ ਦੇ ਢਿੱਲੇ ਰਵੱਈਏ ਤੇ ਖਿਚਾਈ ਵੀ ਕੀਤੀ ਹੈ। ਇਸ ਘਟਨਾ ਤੋਂ ਬਾਅਦ ਸਿੰਘੂ ਬਾਰਡਰ ਤੇ ਲਖਬੀਰ ਸਿੰਘ ਦੇ ਕਤਲ ਦੀ ਜੋ ਕਹਾਣੀ ਸਾਹਮਣੇ ਆਈ ਹੈ, ਉਸ ਵਿਚ ਹਾਕਮ ਪਾਰਟੀ ਦੇ ਲੀਡਰਾਂ ਦੇ ਨਾਮ ਇਸ ਕਤਲ ਕੇਸ ਨਾਲ ਜੁੜੇ ਨਿਹੰਗਾਂ ਦੇ ਮੁਖੀ ਨਾਲ ਨੇੜਤਾ ਬਾਰੇ ਜੱਗ ਜ਼ਾਹਰ ਹੋ ਚੁੱਕੇ ਹਨ। ਇਸ ਰਾਹੀਂ ਬੀਜੇਪੀ ਲੀਡਰਾਂ ਨੇ ਕਿਸਾਨ ਅੰਦੋਲਨ ਨੂੰ ਹਿੰਸਕ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਸ ਪਾਰਟੀ ਦੇ ਲੀਡਰਾਂ ਅਤੇ ਕੇਂਦਰੀ ਖੇਤੀ ਮੰਤਰੀ ਦੀਆਂ ਫੋਟੋਆਂ ਨਿਹੰਗਾਂ ਦੇ ਗਰੁੱਪ ਨਾਲ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈਆਂ ਤਾਂ ਉਹ ਬਿਲਕੁਲ ਚੁੱਪ ਧਾਰ ਗਏ।



ਸਿਰੇ ਦੀ ਗੱਲ ਇਹ ਕਿ ਜਦੋਂ ਹਾਕਮ ਕਿਸਾਨ ਅੰਦੋਲਨ ਦਾ ਅਕਸ ਵਿਗਾੜਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ ਅਤੇ ਇਸ ਨੂੰ ਖਦੇੜਨ ਵਾਸਤੇ ਧਮਕੀਆਂ ਦੇ ਰਹੇ ਹਨ, ਇਸ ਪਾਰਟੀ ਦੇ ਸੀਨੀਅਰ ਆਗੂ ਚੁੱਪ ਸਨ। ਜੇ ਵਿਰੋਧੀ ਪਾਰਟੀਆਂ ਕਿਸਾਨਾਂ ਦੀ ਹਮਾਇਤ ਕਰਦੀਆਂ ਹਨ ਤਾਂ ਉਨਾਂ ਨੂੰ ਮੁਲਕ ਵਿਰੋਧੀ ਹੋਣ ਦਾ ਬਿੱਲਾ ਲਗਾ ਦਿੱਤਾ ਜਾਂਦਾ ਹੈ ਅਤੇ ਵਾਰਦਾਤ ਵਾਲੀ ਜਗਾ 'ਤੇ ਜਾਣ ਤੋਂ ਰੋਕਿਆ ਜਾਂਦਾ ਹੈ।

ਕੇਂਦਰੀ ਸਰਕਾਰ ਅਤੇ ਬੀਜੇਪੀ ਦਾ ਕਿਸਾਨਾਂ ਪ੍ਰਤੀ ਵਤੀਰਾ ਨਫ਼ਰਤ ਵਾਲਾ ਹੈ। ਕਿਸਾਨਾਂ ਖਿਲਾਫ ਹਿੰਸਾ ਭੜਕਾਉਣ ਅਤੇ ਅੰਦੋਲਨਕਾਰੀਆਂ ਤੇ ਕੀਤੀ ਗਈ ਹਿੰਸਾ ਬਾਰੇ ਸਰਕਾਰ ਜਾਂ ਹਾਕਮ ਪਾਰਟੀ ਵੱਲੋਂ ਪਛਤਾਵੇ ਦਾ ਪ੍ਰਗਟਾਵਾ ਤੱਕ ਨਹੀਂ ਕੀਤਾ ਜਾ ਰਿਹਾ। ਹਾਕਮ ਪਾਰਟੀ ਅਤੇ ਸਰਕਾਰ ਦਾ ਹੰਕਾਰ ਤੇ ਬੇਫਿਕਰੀ ਇਨਾਂ ਦੇ ਅੰਦੋਲਨਕਾਰੀਆਂ ਨਾਲ ਨਜਿੱਠਣ ਦੀ ਨੀਤੀ ਨੂੰ ਜ਼ਾਹਿਰ ਕਰਦੇ ਹਨ। ਇਸ ਦੇ ਤਿੰਨ ਪੱਖ ਹਨ। ਪਹਿਲਾ, ਅੰਦੋਲਨਕਾਰੀਆਂ ਪ੍ਰਤੀ ਸਰਕਾਰ ਅਤੇ ਹਾਕਮ ਪਾਰਟੀ ਦੀ ਸਮਝ ਹੈ ਕਿ ਹਿੰਸਾ ਦੇ ਸ਼ਿਕਾਰ ਅੰਦੋਲਨ ਵਿਚ ਸ਼ਾਮਲ ਵਿਅਕਤੀ ਉਪਰ ਹਿੰਸਾ ਜਾਇਜ਼ ਹੈ ਅਤੇ ਉਨਾਂ ਨਾਲ ਇਹੋ ਹੋਣਾ ਚਾਹੀਦਾ ਹੈ। ਉਨਾਂ ਦਾ ਸਰਕਾਰ ਖਿਲਾਫ਼ ਲੰਮੇ ਸਮੇਂ ਤੱਕ ਚਲਾਇਆ ਅੰਦੋਲਨ ਗ਼ਲਤ ਹੈ ਅਤੇ ਐਸੇ ਸ਼ਾਂਤਮਈ ਅੰਦੋਲਨਕਾਰੀਆਂ ਖਿਲਾਫ ਹਿੰਸਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਦੂਜਾ, ਅੰਦੋਲਨਕਾਰੀਆਂ ਖਿਲਾਫ ਹਿੰਸਾ ਦਾ ਸੁਭਾਅ ਬਹੁਤ ਪ੍ਰਤੱਖ ਅਤੇ ਬੇਰਹਿਮੀ ਵਾਲਾ ਹੈ। ਇਸ ਦੀ ਨਿਸ਼ਾਨਦੇਹੀ ਪੁਰਾਤਨ ਜਗੀਰੂ ਮਾਨਸਿਕਤਾ ਤੋਂ ਲਗਾਈ ਜਾ ਸਕਦੀ ਹੈ ਜਿਸ ਅਨੁਸਾਰ ਕਿਸੇ ਵੀ ਵਿਰੋਧ ਨੂੰ ਬੇਰਹਿਮੀ ਨਾਲ ਕੁਚਲਿਆ ਜਾਂਦਾ ਹੈ। ਇਸ ਹਿੰਸਾ ਦਾ ਤੀਜਾ ਪਹਿਲੂ ਇਹ ਹੈ ਕਿ ਅੰਦੋਲਨਕਾਰੀਆਂ ਵਿਚ ਡਰ ਦੀ ਭਾਵਨਾ ਪੈਦਾ ਕਰਕੇ ਮਿਸਾਲ ਪੈਦਾ ਕਰਨਾ ਤਾਂ ਕਿ ਅੱਗੇ ਤੋਂ ਉਹ ਯਾਦ ਰਖਣ ਕਿ ਮੁੜ ਅੰਦੋਲਨ ਕਰਨ ਤੇ ਇਹੀ ਹਸ਼ਰ ਹੋਵੇਗਾ।

ਇਹ ਵਰਤਾਰਾ ਦਰਸਾਉਂਦਾ ਹੈ ਕਿ ਹਾਕਮ ਪਾਰਟੀ ਦੇ ਮੈਂਬਰਾਂ ਅਤੇ ਕਾਰਕੁਨਾਂ ਵਿਚ ਕਿਸਾਨ ਅੰਦੋਲਨ ਨੂੰ ਲੈ ਕੇ ਬਹੁਤ ਨਿਰਾਸ਼ਾ, ਮਾਯੂਸੀ ਅਤੇ ਨਫ਼ਰਤ ਹਨ। ਇਹ ਕਿਸਾਨ ਅੰਦੋਲਨ ਖਿਲਾਫ ਨਫ਼ਰਤ ਫੈਲਾਉਣ ਤੋਂ ਲੈ ਕੇ ਅੰਦੋਲਨਕਾਰੀਆਂ ਨੂੰ ਤਰਾਂ ਤਰਾਂ ਦੇ ਨਾਵਾਂ ਨਾਲ ਸੰਬੋਧਿਤ ਹੋਣ (ਜਿਵੇਂ ਦੇਸ਼ ਵਿਰੋਧੀ, ਖਾਲਿਸਤਾਨੀ, ਪਰਜੀਵੀ, ਵੱਖਵਾਦੀ ਆਦਿ) ਤੋਂ ਜ਼ਾਹਿਰ ਹੈ। ਇਸ ਤੋਂ ਇਲਾਵਾ 26 ਜਨਵਰੀ ਦੀ ਘਟਨਾ ਤੋਂ ਬਾਅਦ ਗਾਜ਼ੀਪੁਰ ਬਾਰਡਰ ਤੇ ਧਰਨਾ ਚੁਕਵਾਉਣ ਲਈ ਬੀਜੇਪੀ ਵਿਧਾਇਕ ਦੀ ਅਗਵਾਈ ਵਿਚ ਪਾਰਟੀ ਵਰਕਰਾਂ ਵਲੋਂ ਧਾਵਾ ਬੋਲਣਾ, ਸਿੰਘੂ ਬਾਰਡਰ ਤੇ ਲੋਕਲ ਵਾਸੀਆਂ ਨੂੰ ਕਿਸਾਨਾਂ ਖਿਲਾਫ ਉਕਸਾ ਕੇ ਧਰਨਾਕਾਰੀਆਂ ਤੇ ਪਥਰਾਓ ਕਰਵਾਉਣਾ, ਕਰਨਾਲ ਵਿਚ ਸ਼ਾਂਤਮਈ ਅੰਦੋਲਨਕਾਰੀਆਂ ਤੇ ਲਾਠੀਚਾਰਜ ਕਰਕੇ ਇੱਕ ਕਿਸਾਨ ਨੂੰ ਜਾਨੋਂ ਮਾਰਨ ਦੇਣਾ ਅਤੇ ਲਖੀਮਪੁਰ ਖੀਰੀ ਵਿਚ ਅੰਦੋਲਨਕਾਰੀਆਂ ਨੂੰ ਕੁਚਲਣਾ ਆਦਿ ਸ਼ਾਮਿਲ ਹਨ। ਅੰਦੋਲਨਕਾਰੀਆਂ ਖਿਲਾਫ ਭੜਕਾਊ ਭਾਸ਼ਣ ਤੇ ਲਗਾਤਾਰ ਬਿਆਨਬਾਜ਼ੀ, ਸੋਸ਼ਲ ਮੀਡੀਆ ਤੇ ਟੈਲੀਵਿਜ਼ਨ ਵਿਚ ਭੰਡੀ ਪ੍ਰਚਾਰ, ਅੰਦੋਲਨਕਾਰੀਆਂ ਖਿਲਾਫ ਸਾਜਿਸ਼ਾਂ ਕਰਕੇ ਅੰਦੋਲਨ ਨੂੰ ਸ਼ਾਂਤਮਈ ਪ੍ਰਦਰਸ਼ਨ ਤੋਂ ਹਿੰਸਾ ਵਲ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੀ ਤਾਜ਼ੀ ਮਿਸਾਲ ਨਿਹੰਗਾਂ ਦੇ ਇਕ ਗਰੁੱਪ ਵਲੋਂ ਸਿੰਘੂ ਬਾਰਡਰ ਤੇ ਹੋਏ ਕਤਲ ਨੂੰ ਗਲਤ ਰੰਗਤ ਦੇਣੀ ਅਤੇ ਸਾਜਿਸ਼ ਦੇ ਬੇਨਕਾਬ ਹੋਣ ਤੇ ਚੁੱਪ ਧਾਰ ਲੈਣਾ ਹੈ। ਇਨਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਅੰਦੋਲਨ ਦਾ ਗਿਆਰਾਂ ਮਹੀਨਿਆਂ ਤੋਂ ਜਾਰੀ ਰਹਿਣਾ ਅਤੇ ਅੰਦੋਲਨ ਨੂੰ ਆਮ ਲੋਕਾਂ ਦੀ ਵਧ ਰਹੀ ਹਮਾਇਤ ਤੇ ਹਮਦਰਦੀ ਹਾਕਮਾਂ ਨੂੰ ਅੰਦਰੋਂ-ਅੰਦਰ ਖਾ ਰਹੀ ਹੈ ਅਤੇ ਹਾਕਮ ਪਾਰਟੀ ਦੇ ਕਾਰਕੁਨਾਂ ਤੇ ਵਰਕਰਾਂ ਵਿਚ ਨਿਰਾਸ਼ਾ ਪੈਦਾ ਕਰ ਰਹੀ ਹੈ। ਇਸ ਦਾ ਪ੍ਰਗਟਾਵਾ ਇਨਾਂ ਦੀਆਂ ਕਰਤੂਤਾਂ ਰਾਹੀਂ ਹੋ ਰਿਹਾ ਹੈ।

ਉਪਰੋਕਤ ਘਟਨਾਵਾਂ ਸਰਕਾਰ ਅਤੇ ਹਾਕਮ ਪਾਰਟੀ ਦੀ ਜਮਹੂਰੀਅਤ ਬਾਰੇ ਵਚਨਬੱਧਤਾ ਦਾ ਪਰਦਾਫਾਸ਼ ਕਰਦੀਆਂ ਹਨ। ਮੁਲਕ ਵਿਚ ਇਸ ਸਮੇਂ ਵਧ ਰਹੀ ਬੇਰੁਜ਼ਗਾਰੀ ਅਤੇ ਕੀਮਤਾਂ ਵਿਚ ਬੇਹਿਸਾਬ ਵਾਧੇ ਨੇ ਵੀ ਹਾਕਮ ਪਾਰਟੀ ਦੇ ਜੁਮਲਿਆਂ ਨੂੰ ਬੇਅਸਰ ਤੇ ਬੇਨਕਾਬ ਕਰ ਦਿੱਤਾ ਹੈ। ਇਸ ਕਰਕੇ ਸਰਕਾਰ ਹਰ ਵਿਰੋਧ ਮਸਲਨ ਵੱਲ ਤੁਰੀ ਹੋਈ ਹੈ। ਇਸ ਵਰਤਾਰੇ ਨਾਲ ਮੁਲਕ ਵਿਚ ਜਮਹੂਰੀਅਤ ਨੂੰ ਖ਼ਤਰਾ ਵਧ ਗਿਆ ਹੈ। ਇਹ ਸਰਕਾਰ ਸ਼ਾਂਤਮਈ ਪ੍ਰਦਰਸ਼ਨਾਂ ਅਤੇ ਵਿਚਾਰਾਂ ਦੇ ਮਤਭੇਦ ਰੱਖਣ ਨੂੰ ਸਹਿਣ ਨਹੀਂ ਕਰ ਰਹੀ। ਵਿਰੋਧੀਆਂ ਖਿਲਾਫ਼ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਉਨਾਂ ਉਪਰ ਗੈਰ ਕਾਨੂੰਨੀ ਕੇਸ ਦਰਜ ਕੀਤੇ ਜਾ ਰਹੇ ਹਨ। ਇਸ ਹਾਲਾਤ ਵਿਚ ਲੋਕਾਂ ਦੇ ਜਮਹੂਰੀ ਹੱਕਾਂ ਤੇ ਸ਼ਹਿਰੀ ਅਜ਼ਾਦੀਆਂ ਨੂੰ ਬਚਾਉਣਾ ਦੇਸ਼ ਹਿੱਤ ਹੈ। **ਬਾਕੀ ਸਫ਼ਾ 28 'ਤੇ**

# ਧਰਮ ਤੇ ਕਿਸਾਨੀ ਨੂੰ ਬਚਾਉਣ ਲਈ ਖ਼ਾਲਸੇ ਨੇ ਸੰਭਾਲਿਆ ਮੋਰਚਾ



**ਸਰਬਜੀਤ ਕੌਰ ਸਰਬ**

ਬੀਤੇ ਦਿਨੀਂ ਜਿੰਨੀਆਂ ਵੀ ਘਟਨਾਵਾਂ ਕਿਸਾਨੀ ਸੰਘਰਸ਼ ਵਿਚ ਵਾਪਰੀਆਂ ਹਨ, ਉਹ ਸਾਰੀਆਂ ਇਕ ਗੱਲ ਸਿੱਧ ਕਰਦੀਆਂ ਹਨ ਕਿ ਭਾਰਤੀ ਹਕੂਮਤ ਕਿਸਾਨੀ ਸੰਘਰਸ਼ ਨੂੰ ਖਤਮ ਕਰਨ ਦੇ ਲਈ ਕਿਸੇ ਵੀ ਹੱਦ ਤਕ ਜਾ ਸਕਦੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਹੁਕਮਰਾਨ ਤਾਨਾਸ਼ਾਹੀ ਦੀ ਗੱਲ ਕਰਦੇ ਹਨ ਤਾਂ ਸਭ ਤੋਂ ਪਹਿਲਾਂ ਆਮ ਲੋਕਾਂ ਵਿੱਚ ਆਪਸੀ ਫੁੱਟ ਪੈਦਾ ਕਰਵਾਉਂਦੇ ਹਨ । ਜੇਕਰ ਉਨਾਂ ਦੀ ਇਹ ਚਾਲ ਕਾਮਯਾਬ ਹੋ ਜਾਂਦੀ ਹੈ ਤਾਂ ਲੋਕ ਆਪਸ ਵਿੱਚ ਲੜ ਕੇ ਆਪਣੇ ਅਸਲ ਮੁੱਦਿਆਂ ਤੋਂ ਭਟਕ ਜਾਂਦੇ ਹਨ। ਇੱਥੇ ਕਲਗੀਧਰ ਪਾਤਸ਼ਾਹ ਦੀਆਂ ਲਾਡਲੀਆਂ ਫੌਜਾਂ ਦੇ ਅੱਗੇ ਉਨਾਂ ਦੀ ਇਹ ਫੁੱਟ ਪਾਓ ਦੀ ਨੀਤੀ ਨਾਕਾਮਯਾਬ ਹੋ ਗਈ ਸੀ । ਬੇਸ਼ੱਕ ਧਰਮ ਦੇ ਨਾਮ ਉਤੇ ਬਹੁਤ ਜ਼ਿਆਦਾ ਬਵਾਲ ਉੱਠਿਆ, ਨਿਹੰਗ ਸਿੰਘਾਂ ਵਿੱਚ ਆਪਸੀ ਮਨ ਮੁਟਾਵ ਸਾਹਮਣੇ ਆਏ ਪਰ ਇਹ ਸਭ ਕੁਝ ਵਾਪਰਨ ਦੇ ਬਾਵਜੂਦ ਵੀ ਕਿਸਾਨੀ ਸੰਘਰਸ਼ ਆਪਣਾ ਸਫ਼ਰ ਤੈਅ ਕਰਦਾ ਰਿਹਾ ਹੈ । ਭਾਰਤੀ ਹਕੂਮਤ ਦੀ ਅਸਲ ਨੀਤੀ ਇਹ ਹੀ ਸੀ ਕਿ ਜੇਕਰ ਨਿਹੰਗ ਸਿੰਘਾਂ ਦੀਆਂ ਫੌਜਾਂ ਨੂੰ ਵਾਪਸ ਭੇਜ ਦਿੱਤਾ ਜਾਵੇ ਤਦ ਕਿਸਾਨੀ ਸੰਘਰਸ਼ ਵਿੱਚ ਬੈਠੇ ਉਨਾਂ ਨਿਹੱਥਿਆਂ ਮਜ਼ਲੂਮਾਂ ਉੱਤੇ ਜਬਰ ਜ਼ੁਲਮ ਕਰ ਕੇ ਉਨਾਂ ਨੂੰ ਉੱਥੋਂ ਖਦੇੜ ਦਿੱਤਾ ਜਾਵੇਗਾ। ਖ਼ਾਲਸਾ ਫ਼ੌਜ ਇਸ ਸਮੇਂ ਭਾਰਤੀ ਹਕੂਮਤ ਅਤੇ ਕਿਸਾਨੀ ਅੰਦੋਲਨ ਦੇ ਵਿਚਕਾਰ ਇੱਕ ਮਜ਼ਬੂਤ ਢਾਲ ਬਣ ਕੇ ਖੜੀ ਹੋਈ ਹੈ ਤੇ ਇਸ ਢਾਲ ਨੂੰ ਪਾਰ ਕਰ ਕੇ ਹੀ ਸਰਕਾਰ ਕਿਸਾਨੀ ਅੰਦੋਲਨ ਨੂੰ ਢਾਹ ਲਾ ਸਕਦੀ ਹੈ। ਕਿਉਂਕਿ ਇੱਥੇ ਸਭ ਤੋਂ ਪਹਿਲਾਂ ਸਰਕਾਰ ਨੂੰ ਖ਼ਾਲਸਾ ਫੌਜ ਨਾਲ ਮੁਕਾਬਲਾ ਕਰਨਾ ਪਵੇਗਾ ਜੇਕਰ ਉਹ ਕਿਸਾਨੀ ਸੰਘਰਸ਼ ਨੂੰ ਜਬਰਨ ਉਠਾਉਣ ਦੀ ਕੋਸ਼ਿਸ਼ ਕਰਦੀ ਹੈ। ਸਰਕਾਰ ਦੀ ਇਹ ਰਣਨੀਤੀ ਬਿਲਕੁਲ ਫੇਲ ਹੋ ਗਈ ਹੈ । ਗੁਰੂ ਮਹਾਰਾਜ ਦੀਆਂ ਇਨਾਂ ਲਾਡਲੀਆਂ ਚੱਕਰਵਰਤੀ ਫੌਜਾਂ ਨੇ ਇਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਕਿ ਮਜ਼ਲੂਮਾਂ ਦੀ ਰੱਖਿਆ ਖ਼ਾਲਸਾ ਫ਼ੌਜ ਤੋਂ ਇਲਾਵਾ ਕੋਈ ਹੋਰ ਨਹੀਂ ਕਰ ਸਕਦਾ ਹੈ । ਜੇਕਰ ਦੇਸ਼ ਦੀ ਫੌਜ ਦੀ ਗੱਲ ਕਰੀਏ ਤਾਂ ਉਹ ਵੀ ਸਰਕਾਰ ਦੇ ਘੇਰੇ ਵਿੱਚ ਹੋਣ ਕਰਕੇ ਮਜ਼ਲੂਮਾਂ ਦੀ ਰੱਖਿਆ ਕੇਵਲ ਇਕ ਹੱਦ ਤੱਕ ਕਰ ਸਕਦੀ ਹੈ ਪਰ ਖ਼ਾਲਸਾ ਫ਼ੌਜ ਜੋ ਕੇਵਲ ਆਮ ਲੋਕਾਂ ਦੇ ਹੱਕਾਂ ਦੀ ਰਾਖੀ ਦੇ ਲਈ ਬਣੀ ਹੋਈ ਹੈ। ਮਜ਼ਬੂਰ ਲੋਕ ਕਿਸੇ ਵੀ ਧਰਮ ਜਾ ਜਾਤੀ ਨਾਲ ਸਬੰਧਤ ਹੋਣ, ਪਰ ਖ਼ਾਲਸੇ ਦੇ ਲਈ ਇਹ ਕੇਵਲ ਅਕਾਲ ਪੁਰਖ ਦੁਆਰਾ ਬਣਾਏ ਇਨਸਾਨ ਹਨ ।

ਅਕਾਲ ਪੁਰਖੁ ਤੱਕ ਪੁੱਜਣ ਲਈ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਣਾ ਪੈਣਾ ਹੈ। ਇਸ ਇਲਮ ਨੂੰ ਪਾਉਣ ਦੇ ਲਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਹੋ ਰਹੀਆਂ ਬੇਅਦਬੀਆਂ ਨੂੰ ਠੱਲ ਪਾਉਣ ਦੇ ਲਈ ਖ਼ਾਲਸਾ ਫ਼ੌਜ ਨੇ ਮੋਰਚਾ ਸੰਭਾਲ ਲਿਆ ਹੈ । ਪੰਜਾਬ ਵਿੱਚ ਲੰਬੇ ਸਮੇਂ ਤੋਂ ਹੋ ਰਹੀਆਂ ਇਨਾਂ ਬੇਅਦਬੀਆਂ ਨੇ ਗੁਰੂ ਨੂੰ ਪਿਆਰ ਕਰਨ ਵਾਲੀਆਂ ਰੂਹਾਂ ਵਿੱਚ ਰੋਸ ਦੀ ਲਹਿਰ ਨੂੰ ਉਜਾਗਰ ਕਰ ਦਿੱਤਾ ਸੀ । ਇਨਾਂ ਬੇਅਦਬੀਆਂ ਨੂੰ ਰੋਕਣ ਦੇ ਲਈ ਪੰਥ ਦੀਆਂ ਉੱਚ ਸ਼ਖ਼ਸੀਅਤਾਂ ਨੇ ਵੀ ਕੋਈ ਠੋਸ ਕਾਰਜ ਨਹੀਂ ਕੀਤਾ । ਦਿਨ ਪ੍ਰਤੀ ਦਿਨ ਹੋ ਰਹੀਆਂ ਇਨਾਂ ਬੇਅਦਬੀਆਂ ਦੀ ਚਿਣਗ ਖ਼ਾਲਸੇ ਦੀ ਜਨਮ ਭੂਮੀ ਉੱਤੇ ਵੀ ਪੈ ਗਈ ਸੀ ਪਰ ਜਦੋਂ ਉੱਥੇ ਵੀ ਇਨਾਂ ਪੰਥਕ ਅਤੇ ਧਰਮ ਪ੍ਰਚਾਰ ਕਮੇਟੀਆਂ ਨੇ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ ਤਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੁਆਰਾ ਸਾਜਿਆ ਖ਼ਾਲਸਾ ਅੱਗੇ ਆ ਗਿਆ ਤੇ ਐਲਾਨ ਕਰ ਦਿੱਤਾ ਕਿ ਬੇਅਦਬੀ ਕਰਨ ਵਾਲੇ ਨੂੰ ਉਸੇ ਸਮੇਂ ਸੋਧਾਂ ਲਾਇਆ ਜਾਵੇਗਾ। ਜਦੋਂ ਕੁਝ ਦਿਨਾਂ ਬਾਅਦ ਸਿੰਘੂ ਬਾਰਡਰ ਦੇ ਉੱਤੇ ਪਵਿੱਤਰ ਸ਼ਬਦ ਦੀ ਬੇਅਦਬੀ ਹੁੰਦੀ ਹੈ ਤਦ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਦੁਆਰਾ ਉਸੇ ਸਮੇਂ ਬੇਅਦਬੀ ਕਰਨ ਵਾਲੇ ਬੰਦੇ ਦਾ ਸੋਧਾ ਲਾਇਆ ਗਿਆ। ਜਦੋਂ



ਨਿਹੰਗ ਸਿੰਘਾਂ ਨੇ ਇਹ ਸੋਧਾ ਲਾ ਦਿੱਤਾ ਫਿਰ ਇਸ ਉੱਤੇ ਵੀ ਰਾਜਨੀਤਕ ਸਿਆਸਤ ਵੱਧ ਚੜ ਕੇ ਹੋਈ । ਧਰਮ ਦੇ ਪ੍ਰਚਾਰਕਾਂ ਦੁਆਰਾ ਇਨਸਾਨੀਅਤ ਦੀ ਦੁਹਾਈ ਦੇ ਕੇ ਤਰਾਂ ਤਰਾਂ ਦੀਆਂ ਗੱਲਾਂ ਕੀਤੀਆਂ ਗਈਆਂ ਸਨ। ਜਿਨਾਂ ਲੋਕਾਂ ਨੇ ਇਸ ਸੋਧੇ ਨੂੰ ਕਤਲ ਦਾ ਨਾਮ ਦਿੱਤਾ, ਉਨਾਂ ਲੋਕਾਂ ਨੇ ਆਪਣੀ ਮਾਨਸਿਕਤਾ ਨੂੰ ਬਿਆਨ ਕਰ ਦਿੱਤਾ ਕਿ ਉਹ ਸ਼ਬਦ ਨੂੰ ਗੁਰੂ ਨਹੀਂ ਮੰਨਦੇ। ਧਰਮ ਗ੍ਰੰਥ ਉਨਾਂ ਲਈ ਇਕ ਰਾਜਨੀਤਕ ਸਿਆਸਤ ਖੇਡਣ ਦਾ ਜ਼ਰੀਆ ਹੈ । ਅਸੀਂ ਸਭ ਜਾਣਦੇ ਹਾਂ ਕਿ ਇਸ ਸਮੇਂ ਧਰਮ ਦੇ ਨਾਮ ਉੱਤੇ ਸਿਆਸਤ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਸ ਸਿਆਸਤ ਨੂੰ ਖੇਡਣ ਵਾਲੇ ਕੇਵਲ ਰਾਜਨੀਤੀ ਦਾ ਹਿੱਸਾ ਹੀ ਨਹੀਂ ਸਗੋਂ ਧਰਮ ਦੇ ਉੱਚ ਅਹੁਦੇਦਾਰ ਵੀ ਹਨ ਜਿਨਾਂ ਨੇ ਅੱਜ ਤੱਕ ਬੇਅਦਬੀ ਦਾ ਇਨਸਾਫ ਨਹੀਂ ਦਿਵਾਇਆ ਹੈ ।

ਹੁਣ ਜਦੋਂ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਕਿਸਾਨੀ ਤੇ ਧਰਮ ਦੇ ਮੋਰਚੇ ਨੂੰ ਸੰਭਾਲ ਲਿਆ ਹੈ ਤਾਂ ਧਰਮ ਦੇ ਨਾਮ ਉੱਤੇ ਰਾਜਨੀਤਕ ਸਿਆਸਤ ਖੇਡਣ ਵਾਲੇ ਤਰਾਂ ਤਰਾਂ ਦੀਆਂ ਗੱਲਾਂ ਵੀ ਕਰਨਗੇ ਪਰ ਖ਼ਾਲਸਾ ਫ਼ੌਜ ਕੇਵਲ ਤੇ ਕੇਵਲ ਗੁਰੂ ਨੂੰ ਸਮਰਪਿਤ ਹੈ । ਦੁਨਿਆਵੀ ਮੋਹ ਮਾਇਆ ਤੋਂ ਦੂਰ ਉਹ ਕੇਵਲ ਧਰਮ ਦੀ ਰੱਖਿਆ ਅਤੇ ਮਜ਼ਲੂਮਾਂ ਦੇ ਹੱਕਾਂ ਦੀ ਰੱਖਿਆ ਦੇ ਲਈ ਜਿਊਂਦੀ ਹੈ । ਨਿਹੰਗ ਸਿੰਘਾਂ ਵੱਲੋਂ ਜੋ ਵੀ ਜ਼ਿੰਮੇਵਾਰੀ ਬੇਅਦਬੀਆਂ ਨੂੰ ਰੋਕਣ ਦੇ ਲਈ ਅਤੇ ਕਿਸਾਨੀ ਸੰਘਰਸ਼ ਨੂੰ ਅੱਗੇ ਤੋਰਨ ਦੇ ਲਈ ਚੁੱਕੀ ਗਈ ਹੈ। ਉਸ ਦਾ ਦੇਸ਼ ਵਿਦੇਸ਼ਾਂ ਵਿਚ ਵੱਸਦੇ ਸਿੱਖ ਕੌਮ ਦੇ ਨੁਮਾਇੰਦਿਆਂ ਨੇ ਅਤੇ ਭਾਰਤ ਦੀਆਂ ਸਿੱਖ ਜਥੇਬੰਦੀਆਂ ਨੇ ਪੂਰਾ ਸਮਰਥਨ ਕੀਤਾ ਹੈ । ਜਿਸ ਦੇ ਚਲਦੇ ਨਿਹੰਗ ਸਿੰਘਾਂ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਉਹ ਕਿਸੇ ਵੀ ਸਮੇਂ ਗੁਰੂਘਰਾਂ ਵਿੱਚ ਜਾ ਕੇ ਪੁੱਛ ਪੜਤਾਲ ਕਰ ਸਕਦੇ ਹਨ ਤੇ ਜੇਕਰ ਉਨਾਂ ਨੂੰ ਲੱਗਿਆ ਕਿ ਗੁਰੂ ਮਹਾਰਾਜ ਜੀ ਦਾ ਸਰੂਪ ਇਸ ਜਗਾ ਸੁਰੱਖਿਅਤ ਨਹੀਂ ਹੈ ਤਾਂ ਉਹ ਉਸ ਸਰੂਪ ਨੂੰ ਆਪਣੇ ਨਾਲ ਲੈ ਜਾ ਸਕਦੇ ਹਨ । ਗੁਰੂਘਰਾਂ ਵਿੱਚ ਬਣੀਆਂ ਹੋਈਆਂ ਕਮੇਟੀਆਂ ਅਤੇ ਉੱਥੋਂ ਦੇ ਗ੍ਰੰਥੀ ਸਿੰਘਾਂ ਕੋਲੋਂ ਕਦੇ ਵੀ ਨਿਹੰਗ ਸਿੰਘ ਪੁੱਛ ਪੜਤਾਲ ਕਰ ਸਕਦੇ ਹਨ। ਗੁਰੂ ਦੀ ਲਾਡਲੀ ਫੌਜ ਵੱਲੋਂ ਜਾਰੀ ਕੀਤਾ ਇਹ ਐਲਾਨ ਬੇਅਦਬੀ ਨੂੰ ਠੱਲ ਹੀ ਨਹੀਂ ਪਵੇਗਾ ਸਗੋਂ ਜੋ ਅਵੇਸਲਾਪਣ ਸਿੱਖੀ ਵਿੱਚ ਆ ਗਿਆ ਹੈ ਉਹ ਵੀ ਦੂਰ ਹੋਵੇਗਾ । ਨਿਹੰਗ ਸਿੰਘਾਂ ਦੇ ਇਸ ਫੈਸਲੇ ਨੇ ਸਿੱਖ ਕੌਮ ਵਿੱਚ ਮੁੜ ਤੋਂ ਖ਼ਾਲਸਾ ਰਾਜ ਦੀ ਸਥਾਪਨਾ ਦਾ ਮੁੱਢ ਬੰਨ ਦਿੱਤਾ ਹੈ । ਆਉਣ ਵਾਲੇ ਸਮੇਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਸਮੇਂ ਤੋਂ ਚੱਲੀ ਆ ਰਹੀ ਪੁਰਾਤਨ ਮਰਿਆਦਾ ਇੱਕ ਵਾਰ ਫੇਰ ਸਿੱਖ ਕੌਮ ਨੂੰ ਇਕ ਕਰ ਦੇਵੇਗੀ । ਪੰਥ ਪ੍ਰਚਾਰਕਾਂ ਵੱਲੋਂ ਵਿਆਖਿਆਵਾਂ ਦੀਆਂ ਜੋ ਕੰਧਾਂ ਉਸਾਰੀਆਂ ਗਈਆਂ ਹਨ ਉਨਾਂ ਨੂੰ ਵੀ ਖ਼ਾਲਸਾ ਫ਼ੌਜ ਦੁਆਰਾ ਇੱਕ ਨਾ ਇੱਕ ਦਿਨ ਢਹਿ ਢੇਰੀ ਕਰ ਦਿੱਤਾ ਜਾਵੇਗਾ ਤੇ ਉਸ ਦੀ ਜਗਾ ਇਕ ਸੱਚ ਦੀ ਵਿਆਖਿਆ ਹੋਵੇਗੀ ਅਤੇ ਅਕਾਲ ਦਾ ਦੀਦਾਰ ਹੋਵੇਗਾ। ਵਿਆਖਿਆ ਦੀ ਇਹ ਕੰਧ ਉਸ ਅਕਾਲ ਪੁਰਖ ਨੂੰ ਓਹਲੇ ਕਰਦੀ ਹੈ ਜੋ ਸੱਚ ਅਤੇ ਅਪਰੰਪਾਰ ਹੈ, ਜਿਸ ਵਿਚ ਇਹ ਸਾਰਾ ਬ੍ਰਹਿਮੰਡ ਸਮਾਇਆ ਹੋਇਆ ਹੈ।



# ਸਿਹਤ ਸੰਭਾਲ




# ਕੋਧਰੇ ਦੀ ਰੋਟੀ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

**ਫੋਨ ਨੰ: 0175-2216783**

ਗੁਰੂ ਨਾਨਕ ਸਾਹਿਬ ਦੇ ਜ਼ਿਕਰ ਦੇ ਨਾਲ ਕੋਧਰੇ ਦਾ ਜ਼ਿਕਰ ਡੂੰਘਾ ਜੁੜਿਆ ਹੋਇਆ ਹੈ। ਕੋਧਰਾ ਹਜ਼ਾਰਾਂ ਸਾਲ ਪੁਰਾਣਾ ਅੰਨ ਹੈ ਜਿਹੜਾ ਅਫਰੀਕਾ ਤੇ ਭਾਰਤੀ ਉਪ ਮਹਾਂਦੀਪ ਵਿਚ ਕਾਫੀ ਮਾਤਰਾ ਵਿਚ ਵਰਤਿਆ ਜਾਂਦਾ ਸੀ। ਇਹ ਸੋਕੇ ਜਾਂ ਘੱਟ ਪਾਣੀ ਵਾਲੀ ਥਾਂ ਉੱਤੇ ਬਹੁਤ ਵਧੀਆ ਉੱਗਦਾ ਹੈ। ਪਾਣੀ ਦੀ ਲੋੜ ਬਹੁਤ ਘੱਟ ਹੋਣ ਸਦਕਾ ਇਸ ਦੀ ਵਰਤੋਂ ਕਾਫੀ ਸਦੀਆਂ ਤੱਕ ਹੁੰਦੀ ਰਹੀ। ਉਦੋਂ ਇਸ ਦੇ ਗੁਣਾਂ ਬਾਰੇ ਬਹੁਤਾ ਗਿਆਨ ਨਹੀਂ ਸੀ ਕਿ ਕਿਵੇਂ ਸਿਰਫ਼ ਇਸ ਨੂੰ ਖਾਣ ਨਾਲ ਹੀ ਅੰਤੜੀਆਂ, ਦਿਲ ਤੇ ਦਿਮਾਗ਼ ਤੰਦਰੁਸਤ ਰੱਖਿਆ ਜਾ ਸਕਦਾ ਹੈ। ਫਾਈਬਰ ਭਰਪੂਰ, ਲੋਹ ਕਣਾਂ ਤੇ ਐਂਟੀਆਕਸੀਡੈਂਟ ਨਾਲ ਲੱਦਿਆ ਕੋਧਰਾ ਨਾ ਸਿਰਫ਼ ਇਨਸਾਨਾਂ ਬਲਕਿ ਜਾਨਵਰਾਂ ਨੂੰ ਵੀ ਤੰਦਰੁਸਤ ਰੱਖਦਾ ਹੈ। ਕੋਧਰੇ ਵਿਚ ਫਾਸਫੋਰਸ ਬਾਕੀ ਸਾਰੇ ਅੰਨਾਂ ਨਾਲੋਂ ਘੱਟ ਹੁੰਦਾ ਹੈ ਪਰ ਐਂਟੀਆਕਸੀਡੈਂਟ ਵਜੋਂ ਨੰਬਰ ਵੰਨ ਪਹੁੰਚ ਚੁੱਕਿਆ ਹੈ।

ਇਸ ਅੰਨ ਬਾਰੇ ਜਦੋਂ ਖੋਜ ਆਰੰਭੀ ਤਾਂ ਇਸ ਦੇ ਫਾਇਦੇ ਵੇਖਦਿਆਂ ਖੋਜੀਆਂ ਨੇ ਕੋਧਰੇ ਨੂੰ ਇਨਸਾਨੀ ਨਸਲ ਅਗਾਂਹ ਤੋਰੀ ਰੱਖਣ ਵਿਚ ਸਹਾਈ ਮੰਨ ਲਿਆ ਕਿਉਂਕਿ ਹਜ਼ਾਰਾਂ ਸਾਲਾਂ ਤੋਂ ਬੀਮਾਰੀਆਂ ਤੋਂ ਬਚਾ ਕੇ ਕੋਧਰਾ ਹੀ ਲੰਮੀ ਜ਼ਿੰਦਗੀ ਪ੍ਰਦਾਨ ਕਰਦਾ ਰਿਹਾ ਹੈ।

ਖੋਜਾਂ ਰਾਹੀਂ ਸਾਬਤ ਹੋਏ ਤੱਥ ਕਿ ਕੋਧਰਾ ਖਾਣ ਨਾਲ ਜਿਹੜੇ ਰੋਗਾਂ ਤੋਂ ਬਚਾਓ ਹੁੰਦਾ ਹੈ, ਉਹ ਹਨ :-

- ਦਮਾ
- ਮਿਗਰੇਨ
- ਬਲੱਡ ਪ੍ਰੈਸ਼ਰ
- ਸ਼ੱਕਰ ਰੋਗ
- ਸ਼ੱਕਰ ਰੋਗ ਨਾਲ ਪੈਂਦੇ ਦਿਲ ਉੱਤੇ ਅਸਰ
- ਨਾੜੀਆਂ ਅੰਦਰ ਝੁੱਪੇ ਜੰਮਣੇ
- ਹਾਰਟ ਅਟੈਕ
- ਪਿੱਤੇ ਦੀ ਪਥਰੀ
- ਇਨਸੂਲਿਨ ਦੇ ਅਸਰ ਨੂੰ ਵਧਾਉਣਾ
- ਸਟਰੋਕ/ਪਾਸਾ ਮਾਰੇ ਜਾਣ ਤੋਂ ਬਚਾਓ
- ਮੋਟਾਪਾ
- ਛਾਤੀ ਦਾ ਕੈਂਸਰ
- ਜਵਾਨੀ ਵਿਚ ਮੌਤ

ਇਹ ਸਾਰੇ ਗੁਣ ਵੇਖਦੇ ਕੋਧਰੇ ਨੂੰ ਸਿਰਫ਼ ਅੰਨ ਕਹਿਣ ਦੀ ਥਾਂ 'ਨਿਊਟਰਾਸਿਊਟਿਕਲ' ਜਾਂ 'ਸੰਤੁਲਿਤ ਅੰਨ' ਕਿਹਾ ਜਾਣ ਲੱਗ ਪਿਆ ਹੈ।

ਕਦੇ ਗਰੀਬਾਂ ਦੀ ਰੋਟੀ ਮੰਨੇ ਜਾਣ ਵਾਲੇ ਕੋਧਰੇ ਬਾਰੇ ਏਨੀ ਜਾਣਕਾਰੀ ਮਿਲਣ ਬਾਅਦ 'ਫੂਡ ਪ੍ਰੋਸੈੱਸਿੰਗ' ਕੰਪਨੀਆਂ ਨੂੰ ਝੱਲ ਪੈ ਗਿਆ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਇਸ ਦੇ ਬਿਸਕੁਟ, ਰਸ, ਦਲੀਆ, ਉਪਮਾ, ਡੋਸਾ, ਕੇਸਰੀ, ਹਲਵਾ, ਪਾਪੜ, ਪਕੌੜੇ, ਕੇਕ, ਕਾਂਜੀ, ਪੌਂਗਲ, ਚੌਲ, ਪੁਲਾਓ, ਪੁੱਟੂ, ਇਡਲੀ, ਮੁਕੱਕੂ, ਪੁਡਿੰਗ, ਵੜਾ, ਅਡਾਈ, ਮਠਿਆਈ, ਗੱਲ ਕੀ ਹਰ ਕਿਸਮ ਦਾ ਸਮਾਨ ਬਣਾ ਕੇ ਧੜਾਧੜ ਬਜ਼ਾਰ ਵਿਚ ਅੱਠ ਗੁਣਾ ਭਾਅ ਵਧਾ ਕੇ ਵੇਚਿਆ ਜਾਣ ਲੱਗ ਪਿਆ ਹੈ।

ਇਹ ਸਮਾਨ ਬਹੁਤ ਮਹਿੰਗਾ ਹੋਣ ਕਾਰਨ ਗਰੀਬਾਂ ਦੇ ਵਸ ਤੋਂ ਬਾਹਰ ਹੋ ਗਿਆ ਹੈ। ਹੈ ਨਾ ਕਮਾਲ, ਜਾਨਵਰਾਂ ਅੱਗੇ ਚਾਰੇ ਵਾਂਗ ਆਪੇ ਉੱਗੀ ਕੁਦਰਤੀ ਮੁਫ਼ਤ ਚੀਜ਼ ਤੇ ਅਤਿ ਦੇ ਗਰੀਬਾਂ ਲਈ ਢਿੱਡ ਭਰਨ ਦਾ ਜ਼ਰੀਆ ਹੁਣ ਉਨਾਂ ਤੋਂ ਖੋਹ ਕੇ ਕੰਪਨੀਆਂ ਨੇ 'ਮਾਡਰਨ ਫੂਡ' ਦੇ ਨਾਂ ਹੇਠ ਕੋਧਰੇ ਨੂੰ ਚਮਤਕਾਰੀ ਬਣਾ ਕੇ ਖ਼ੂਬਸੂਰਤ ਡੱਬਿਆਂ ਵਿਚ ਬੰਦ ਕਰ ਦਿੱਤਾ ਹੈ।

ਗ਼ਰੀਬ ਵਿਚਾਰੇ ਸਦੀਆਂ ਤੋਂ ਮੁਫ਼ਤ ਕੋਧਰਾ ਖਾਣ ਦੀ ਥਾਂ ਹੁਣ ਕਣਕ ਚੌਲ ਦੇ ਚੱਕਰਵਿਊ ਵਿਚ ਫਸਾ ਦਿੱਤੇ ਗਏ ਹਨ।

ਕਣਕ ਚੌਲ ਦੇ ਚੱਕਰ ਵਿਚ ਫਸਣ ਤੋਂ ਪਹਿਲਾਂ ਜਿਹੜੀ ਬੀਮਾਰੀ ਦਿਸਦੀ ਹੀ ਨਹੀਂ ਸੀ, ਉਸੇ ਕਣਕ ਦੀ ਐਲਰਜੀ ਵਾਲੇ ਮਰੀਜ਼ਾਂ ਲਈ ਕੋਧਰਾ ਬੇਸ਼ਕੀਮਤੀ ਸੁਗ਼ਾਤ ਹੈ।

ਕੋਧਰੇ ਦੇ ਕਈ ਨਾਂ ਹਨ-ਗਾਂ ਦਾ ਘਾਹ, ਚੌਲਾਂ ਵਿਚਲਾ ਘਾਹ, ਪਾਸਪਾਲਮ, ਭਾਰਤੀ ਕਰਾਊਨ ਗਰਾਸ, ਡਿੱਚ ਅੰਨ, ਕੋਡੋ, ਕੋਡੋਨ, ਹਰਕਾ, ਕੋਡੇਨ, ਵਾਰਾਗੂ, ਅਰਿਕੇਲੂ, ਅਰਿਕਾ ਆਦਿ। ਗੁਜਰਾਤ, ਕਰਨਾਟਕ, ਮੱਧ ਪ੍ਰਦੇਸ਼ ਤੇ ਤਾਮਿਲਨਾਡੂ ਵਿਚ ਇਸ ਵੇਲੇ ਇਹ ਬਹੁਤ ਬੀਜਿਆ ਜਾ ਰਿਹਾ ਹੈ ਤੇ ਕਿਸਾਨਾਂ ਵੱਲੋਂ ਰੱਜ ਕੇ ਕਮਾਈ ਕੀਤੀ ਜਾ ਰਹੀ ਹੈ। ਭਾਰਤ ਤੋਂ ਇਲਾਵਾ ਪਾਕਿਸਤਾਨ, ਫਿਲੀਪੀਨਜ਼, ਇੰਡੋਨੇਸ਼ੀਆ, ਵੀਅਤਨਾਮ, ਥਾਈਲੈਂਡ ਤੇ ਅਫਰੀਕਾ ਵਿਚ ਵੀ ਕੋਧਰਾ ਬੀਜਿਆ ਤੇ ਵਰਤਿਆ ਜਾਂਦਾ ਹੈ।

ਕੋਧਰੇ (ਪਾਲਪਾਲਮ) ਦੀਆਂ 400 ਕਿਸਮਾਂ ਮੌਜੂਦ ਹਨ ਜਿਨਾਂ ਵਿੱਚੋਂ ਕੁੱਝ ਸਾਰਾ ਸਾਲ ਬੀਜੀਆਂ ਜਾਂਦੀਆਂ ਹਨ ਤੇ ਸੋਕੇ ਦੌਰਾਨ ਜਾਂ ਘੱਟ ਪਾਣੀ ਵਿਚ ਵੀ ਵਧੀਆ ਫਸਲ ਉੱਗ ਪੈਂਦੀ ਹੈ।

ਕੋਧਰੇ ਵਿਚ ਚੌਲਾਂ ਤੇ ਕਣਕ ਨਾਲੋਂ ਪ੍ਰੋਟੀਨ, ਫਾਈਬਰ ਤੇ ਮਿਨਰਲ ਕਿਤੇ ਵੱਧ ਹਨ।

| | ਕੋਧਰਾ | ਚੌਲ | ਕਣਕ |
|---|---|---|---|
| ਫਾਈਬਰ | 9 ਫੀਸਦੀ | 0.2 ਫੀਸਦੀ | 1.2 ਫੀਸਦੀ |

ਇਸ ਤੋਂ ਇਲਾਵਾ ਕੋਧਰੇ ਵਿਚ-ਕਾਰਬੋਹਾਈਡਰੇਟ 66.6 ਫੀਸਦੀ, 8 ਫੀਸਦੀ ਪ੍ਰੋਟੀਨ, 353 ਕਿਲੋ ਕੈਲਰੀਆਂ ਪ੍ਰਤੀ 100 ਗ੍ਰਾਮ, 1.4 ਫੀਸਦੀ ਥਿੰਦਾ, 2.6 ਫੀਸਦੀ ਮਿਨਰਲ ਤੱਤ ਹੁੰਦੇ ਹਨ।

ਕੋਧਰੇ ਵਿਚ ਬਾਕੀ ਹਰ ਕਿਸਮ ਦੇ ਅੰਨ ਨਾਲੋਂ ਘੱਟ ਫਾਸਫੋਰਸ ਹੁੰਦਾ ਹੈ ਪਰ ਵਿਟਾਮਿਨ ਸੀ ਤੇ ਈ ਲੋੜ ਮੁਤਾਬਕ ਕਾਫ਼ੀ ਹਨ। ਇਸ ਤੋਂ ਇਲਾਵਾ ਪੌਲੀਫਿਨੋਲ, ਐਂਟੀਆਕਸੀਡੈਂਟ, ਟੈਨਿਨ, ਫਾਈਟਿਕ ਏਸਿਡ, ਲੋਹ ਕਣ, ਕੈਲਸ਼ੀਅਮ ਤੇ ਜ਼ਿੰਕ ਵੀ ਹਨ।

ਪ੍ਰੋਸੈੱਸਿੰਗ ਨਾਲ ਕੋਧਰੇ ਵਿਚ ਕੀ ਵਾਪਰਦਾ ਹੈ ?

ਭਾਵੇਂ ਕੋਧਰੇ ਨੂੰ ਵਪਾਰੀਆਂ ਨੇ ਵੱਟਕ ਦਾ ਜ਼ਰੀਆ ਬਣਾ ਕੇ ਖ਼ਰਬਾਂ ਕਮਾ ਲਏ ਹਨ, ਪਰ ਇਸ ਨਾਲ ਨੁਕਸਾਨ ਨਾ ਸਿਰਫ਼ ਕੋਧਰੇ ਦਾ, ਬਲਕਿ ਲੋਕਾਂ ਦੀ ਸਿਹਤ ਦਾ ਵੀ ਹੋਇਆ ਹੈ।

ਜਦੋਂ ਆਮ ਘਰਾਂ ਵਿਚ ਰੋਟੀ ਬਣਾਉਣ ਲੱਗਿਆਂ ਕੋਧਰੇ ਦਾ ਆਟਾ ਪਾਣੀ ਵਿਚ ਭਿਉਂ ਕੇ ਗੁੰਨਿਆ ਜਾਂਦਾ ਹੈ ਤਾਂ ਇਸ ਵਿਚਲੇ ਟੈਨਿਨ ਤੇ ਫਾਈਟੇਟ ਘਟ ਜਾਂਦੇ ਹਨ ਜਿਨਾਂ ਨਾਲ ਅਮਾਈਨੋ ਏਸਿਡ ਤੇ ਮਿਨਰਲ ਤੱਕ ਕਦਰਤੀ ਤਰੀਕੇ ਸੌਖਿਆਂ ਹਜ਼ਮ ਹੋ ਜਾਂਦੇ ਹਨ। ਇਸੇ ਹੀ ਤਰਾਂ ਪ੍ਰੋਟੀਨ ਤੇ ਸਟਾਰਚ ਵੀ ਨਰਮ ਪੈ ਕੇ ਸੌਖਿਆਂ ਹਜ਼ਮ ਹੋ ਜਾਂਦੇ ਹਨ।

ਪ੍ਰੋਸੈੱਸਿੰਗ ਕਰਨ ਲੱਗਿਆਂ ਭਾਵੇਂ ਕੋਧਰੇ ਦੇ ਦਾਣਿਆਂ ਦੀ ਬਾਹਰੀ ਪਰਤ ਲਾਹ ਦਿੱਤੀ ਜਾਵੇ, ਛਾਣਬੂਰਾ ਅਲੱਗ ਕਰ ਦਿੱਤਾ ਜਾਵੇ, ਮਸ਼ੀਨਾਂ ਅੰਦਰ ਬਹੁਤ ਤੇਜ਼ ਤਾਪਮਾਨ 'ਤੇ ਉਬਾਲ ਜਾਂ ਭੁੰਨ ਦਿੱਤਾ ਜਾਵੇ, ਪਾਲਿਸ਼ ਕੀਤਾ ਜਾਵੇ, ਜਾਂ ਕੋਈ ਵੀ ਹੋਰ ਤਰੀਕਾ ਅਪਣਾਇਆ ਜਾਵੇ ਤਾਂ ਇਸ ਅੰਦਰਲੇ ਲਾਭਕਾਰੀ ਤੱਤ ਖ਼ਤਮ ਹੀ ਹੋ ਜਾਂਦੇ ਹਨ। ਐਂਟੀਆਕਸੀਡੈਂਟ, ਫਾਈਫੇਟ, ਫਾਈਟਿਨ ਆਦਿ ਤਾਂ ਲਗਭਗ 53 ਫੀਸਦੀ ਤਕ ਜ਼ਾਇਆ ਹੋ ਜਾਂਦੇ ਹਨ। ਇਸੇ ਹੀ ਤਰਾਂ ਸ਼ੱਕਰ ਰੋਗੀਆਂ ਨੇ ਜੋ ਫ਼ਾਇਦਾ ਕੋਧਰੇ ਨੂੰ ਖਾ ਕੇ ਲੈਣਾ ਹੁੰਦਾ ਹੈ, ਉਹ ਲਗਭਗ ਇਕ ਚੌਥਾਈ ਹੀ ਰਹਿ ਜਾਂਦਾ ਹੈ।

ਅੰਤੜੀਆਂ ਲਈ ਸੁਖਾਵੇਂ ਸਟਾਰਚ ਦਾ ਵੀ ਨਾਸ ਵੱਜ ਜਾਂਦਾ ਹੈ। ਜ਼ਰੂਰੀ ਅਮਾਈਨੋ ਏਸਿਡ ਵੀ ਖ਼ਤਮ ਹੋ ਜਾਂਦੇ ਹਨ।

ਇਸੇ ਲਈ ਕੋਧਰੇ ਦੇ ਦਾਣੇ ਨੂੰ ਪੀਹ ਕੇ ਛਾਣਬੂਰੇ ਸਮੇਤ ਆਟਾ ਗੁੰਨ ਕੇ ਰੋਟੀ ਬਣਾਉਣੀ ਜਾਂ ਦਲੀਆ ਬਣਾ ਕੇ ਖਾਣਾ ਹੀ ਠੀਕ ਰਹਿੰਦਾ ਹੈ। ਮਹਿੰਗੇ ਡੱਬਾ ਬੰਦ ਕਧਰੇ ਦੀਆਂ ਬਣੀਆਂ ਚੀਜ਼ਾਂ ਵਿੱਚੋਂ ਕੁੱਝ ਵੀ ਹਾਸਲ ਨਹੀਂ ਹੁੰਦਾ।

ਜਾਨਵਰਾਂ ਲਈ :-

ਕਮਾਲ ਤਾਂ ਇਹ ਵੇਖੋ ਕਿ ਅਫਰੀਕਾ ਵਿਚ ਮੱਝਾਂ, ਗਾਵਾਂ, ਘੋੜਿਆਂ, ਭੇਡਾਂ, ਬਕਰੀਆਂ, ਸੂਰ, ਕੁਕੜੀਆਂ ਆਦਿ ਨੂੰ ਵੀ ਕੋਧਰੇ ਦਾ ਬੂਟਾ ਤੇ ਦਾਣੇ ਖਵਾਏ ਗਏ ਤਾਂ ਉਹ ਵੀ ਘੱਟ ਬੀਮਾਰ ਹੋਏ।

ਕੋਧਰੇ ਵਿਚ ਰਲਿਆ ਜ਼ਹਿਰ :-

ਕੋਧਰੇ ਦੀ ਰੋਟੀ ਨਾਲ ਦਾਲ ਖਾ ਲਈ ਜਾਵੇ ਤਾਂ ਇਹ ਮੀਟ ਜਿੰਨੀ ਤਗੜੀ ਤਾਕਤ ਦੇ ਦਿੰਦੀ ਹੈ। ਪਰ, ਕੰਪਨੀਆਂ ਨਿਜੀ ਫ਼ਾਇਦੇ ਲਈ ਵੱਡੀ ਪੱਧਰ ਉੱਤੇ ਕੋਧਰਾ ਬੀਜ ਕੇ, ਝਾੜ ਇਕੱਠਾ ਕਰ ਕੇ ਜਦੋਂ ਬੰਦ ਗੋਦਾਮਾਂ ਵਿਚ ਧਰ ਦਿੰਦੀਆਂ ਹਨ ਤਾਂ ਇੱਕ ਕਿਸਮ ਦੀ ਉੱਲੀ ਇਸ ਨੂੰ ਲੱਗ ਜਾਂਦੀ ਹੈ। ਇਸ ਉੱਲੀ ਦੀਆਂ ਕਿਸਮਾਂ ਹਨ-ਐਸਪਰਜਿਲਸ ਫਲੇਵਸ, ਐਸਪਰਜਿਲਸ ਟੈਮਾਰਾਈ ਅਤੇ ਫੋਮੋਪਸਿਸ ਪੈਸਪੈਲੀ। ਇਹ ਉੱਲੀ ਵਾਲਾ ਕੋਧਰਾ ਜੇ ਖਾ ਲਿਆ ਜਾਵੇ ਤਾਂ ਬੰਦੇ ਜਾਂ ਜਾਨਵਰ ਦੀ ਮੌਤ ਤੱਕ ਵੀ ਹੋ ਸਕਦੀ ਹੈ।

ਘੱਟ ਮਾਤਰਾ ਵਿਚ ਖਾਧਾ ਜ਼ਹਿਰੀਲਾ ਕੋਧਰਾ ਵੀ ਇਨਸਾਨੀ ਸਰੀਰ ਦਾ ਨਾਸ ਮਾਰ ਸਕਦਾ ਹੈ। ਸਿੱਧਾ ਤੁਰਿਆ ਨਾ ਜਾਣਾ, ਪੱਠੇ ਸਹੀ ਤਰੀਕੇ ਨਾ ਹਿਲਾ ਸਕਣੇ, ਗੱਲ ਸਮਝ ਨਾ ਆਉਣੀ, ਘਬਰਾਹਟ, ਢਹਿੰਦੀ ਕਲਾ, ਨਸਾਂ ਖਿੱਚੀਆਂ ਜਾਣੀਆਂ, ਪੱਠੇ ਸੁੰਗੜ ਜਾਣੇ, ਜੀਅ ਕੱਚਾ ਹੋਣਾ, ਉਲਟੀਆਂ, ਬੇਹੋਸ਼ੀ, ਆਦਿ ਹੋ ਸਕਦੇ ਹਨ। ਇਹ ਸਾਰਾ ਕੁੱਝ ਜ਼ਹਿਰ (ਸਾਈਕਲੋ ਪਾਇਓਜ਼ੋਨਿਕ ਏਸਿਡ) ਬਣਨ ਸਦਕਾ ਹੁੰਦਾ ਹੈ।

**ਘਰ ਵਿਚ ਕੋਧਰਾ ਕਿਵੇਂ ਵਰਤੀਏ :-**

ਜੇ ਰੋਟੀ ਬਣਾ ਕੇ ਨਹੀਂ ਖਾਣੀ ਤਾਂ ਘਰ ਵਿਚ ਹੀ ਪਾਪੜ, ਇਡਲੀ, ਕਟਲੇਟ, ਡੋਸਾ, ਕੇਕ, ਬਿਸਕੁਟ, ਰਸਮ ਦਲੀਆ, ਸੂਪ, ਲੱਡੂ, ਆਦਿ ਬਣਾ ਕੇ ਖਾਧੇ ਜਾ ਸਕਦੇ ਹਨ। ਕੋਧਰੇ ਦਾ ਆਟਾ, ਕਾਲੇ ਛੋਲਿਆਂ ਦਾ ਆਟਾ, ਸੋਡੀਅਮ ਬਾਈਕਾਰਬੋਨੇਟ, ਧਨੀਆ ਪਾਊਡਰ, ਲੂਣ ਪਾ ਕੇ

**ਬਾਕੀ ਸਫ਼ਾ 29 'ਤੇ**

# 50 ਤੋਂ ਬਾਅਦ ਸਿਹਤਮੰਦ ਕਿਵੇਂ ਰਹੀਏ

ਭਾਰਤੀ ਔਰਤਾਂ ਅਕਸਰ 50 ਸਾਲ ਦੀ ਉਮਰ ਤੋਂ ਬਾਅਦ ਖ਼ੁਦ ਨੂੰ ਬਜ਼ੁਰਗਾਂ ਦੇ ਵਰਗ ਵਿਚ ਰੱਖਣ ਲਗਦੀਆਂ ਹਨ। ਉਨਾਂ ਦੀ ਸੋਚ ਉਨਾਂ ਨੂੰ ਜ਼ਿਆਦਾ ਬੁੱਢਾ ਬਣਾ ਦਿੰਦੀ ਹੈ। ਜੇਕਰ ਅਸੀਂ ਇਸ ਉਮਰ ਤੱਕ ਪਹੁੰਚਦਿਆਂ ਹੀ ਆਪਣੀ ਸਿਹਤ, ਆਪਣੀ ਦਿੱਖ 'ਤੇ ਧਿਆਨ ਦੇਈਏ ਤਾਂ ਅਸੀਂ ਵੀ ਸਿਹਤਮੰਦ ਅਤੇ ਸੁੰਦਰ ਨਜ਼ਰ ਆ ਸਕਦੇ ਹਾਂ।

ਕਰਾਓ ਜ਼ਰੂਰੀ ਟੈਸਟ :

* 50 ਸਾਲ ਤੱਕ ਪਹੁੰਚਦੇ ਪਹੁੰਚਦੇ ਸਾਡੀਆਂ ਹੱਡੀਆਂ ਦੀ ਘਣਤਾ ਘੱਟ ਹੋ ਜਾਂਦੀ ਹੈ ਅਤੇ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ ਜੋ ਆਰਥਰਾਈਟਸ ਦੀ ਪਛਾਣ ਹੈ। ਇਸ ਲਈ ਹਰ ਦੋ ਸਾਲ ਵਿਚ ਬੋਨ ਘਣਤਾ ਟੈਸਟ ਕਰਵਾਉਂਦੇ ਰਹਿਣਾ ਚਾਹੀਦਾ ਤਾਂ ਕਿ ਸਮਾਂ ਰਹਿੰਦਿਆਂ ਇਲਾਜ ਕਰਵਾ ਕੇ ਅਸੀਂ ਆਪਣੀਆਂ ਹੱਡੀਆਂ ਨੂੰ ਬਚਾ ਸਕੀਏ।
* ਪੇਸ਼ਾਬ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇੰਫੈਕਸ਼ਨ ਹੋਣ 'ਤੇ ਕਲਚਰ ਚੈੱਕ ਕਰਵਾਓ ਤਾਂ ਕਿ ਕੋਈ ਵੀ ਇੰਫੈਕਸ਼ਨ ਹੋਵੇ ਤਾਂ ਪਤਾ ਲੱਗ ਸਕੇ। ਲੰਮੇ ਸਮੇਂ ਤੱਕ ਇੰਫੈਕਸ਼ਨ ਰਹਿਣ ਨਾਲ ਕਿਡਨੀ ਪ੍ਰਭਾਵਿਤ ਹੋਣ ਦਾ ਖ਼ਤਰਾ ਰਹਿੰਦਾ ਹੈ।
* ਪੈਲਵਿਕ ਅਲਟਰਾਸਾਊਂਡ ਸਾਲ ਵਿਚ ਦੋ ਵਾਰ ਕਰਵਾਉਣਾ ਚਾਹੀਦਾ ਹੈ ਤਾਂ ਕਿ ਬੱਚੇਦਾਨੀ ਵਿਚ ਹੋਣ ਵਾਲੇ ਟਿਊਮਰ ਦਾ ਪਤਾ ਲਗ ਸਕੇ।
* ਛਾਤੀ ਦਾ ਅਲਟਰਾਸਾਊਂਡ ਵੀ ਦੋ ਸਾਲ ਵਿਚ ਇਕ ਵਾਰ ਕਰਵਾਉਣਾ ਚਾਹੀਦਾ ਹੈ ਤਾਂ ਕਿ ਛਾਤੀ ਕੈਂਸਰ ਦੇ ਖ਼ਤਰੇ ਦਾ ਸਮਾਂ ਰਹਿੰਦਿਆਂ ਪਤਾ ਲਗ ਸਕੇ।
* ਇਸ ਤੋਂ ਇਲਾਵਾ ਵਿਟਾਮਿਨ ਡੀ, ਅੱਖ, ਦੰਦ, ਕੰਨ, ਤਣਾਅ, ਡਿਮੇਸ਼ੀਆ ਆਦਿ ਟੈਸਟ ਵੀ ਕਰਵਾਉਂਦੇ ਰਹਿਣਾ ਚਾਹੀਦਾ ਹੈ।
* ਬੀ.ਪੀ., ਬਲੱਡ ਪ੍ਰੈਸ਼ਰ ਤੇ ਕੋਲੈਸਟ੍ਰੋਲ ਦੀ ਜਾਂਚ ਵੀ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਕਰੋ ਲਗਾਤਾਰ ਕਸਰਤ : ਇਸ ਉਮਰ ਤੱਕ ਪਹੁੰਚਦੇ-ਪਹੁੰਚਦੇ ਕਈ ਵਾਰ ਫੈਟ ਸਰੀਰ ਦੇ ਕਿਸੇ ਵਿਸ਼ੇਸ਼ ਹਿੱਸੇ ਵਿਚ ਇਕੱਠੀ ਹੋ ਜਾਂਦੀ ਹੈ। ਕਸਰਤ ਕਰਦੇ ਸਮੇਂ ਉਸ ਹਿੱਸੇ ਵਲ ਜ਼ਰੂਰ ਧਿਆਨ ਦਿੰਦੇ ਹੋਏ ਕਰੋ ਤਾਂ ਕਿ ਉਸ ਹਿੱਸੇ ਦੇ ਫੈਟਸ ਘੱਟ ਹੋ ਜਾਣ।

ਹਲਕੇ-ਫੁਲਕੇ ਯੋਗ ਆਸਣ ਜਾਂ ਕਸਰਤ ਰੋਜ਼ ਕਰਦੇ ਰਹੋ ਤਾਂ ਕਿ ਸਰੀਰ ਵਿਚ ਲਚਕ ਬਣੀ ਰਹੇ। ਜੇਕਰ ਐਨਰਜੀ ਪੱਧਰ ਉੱਚਾ ਹੈ ਤਾਂ ਜਿਮ ਟ੍ਰਾਈ ਕਰ ਸਕਦੇ ਹੋ। ਉਂਝ ਬ੍ਰਿਸਕ ਵਾਕ, ਜਾਗਿੰਗ, ਸਵਿਮਿੰਗ ਜਾਂ ਕੋਈ ਮਨਪਸੰਦ ਖੇਡ ਚੁਣ ਸਕਦੇ ਹੋ।

ਕੋਈ ਵੀ ਕਸਰਤ ਲਗਾਤਾਰ ਕਰਨ ਤੋਂ ਪਹਿਲਾਂ ਆਪਣੇ ਸਰੀਰ ਦੀ ਸਥਿਤੀ ਨੂੰ ਧਿਆਨ ਵਿਚ ਜ਼ਰੂਰ ਰੱਖੋ। ਹਰ ਸਰੀਰ ਦੀ ਸਥਿਤੀ ਵੱਖਰੀ ਹੁੰਦੀ ਹੈ। ਆਪਣੀ ਚਰਬੀ ਨੂੰ ਘਟਾਉਣ ਲਈ ਹਰ ਮਹੀਨੇ ਕਸਰਤ ਦੇ ਢੰਗ ਵਿਚ ਥੋੜਾ ਬਦਲਾਅ ਕਰਦੇ ਰਹੋ।

ਸੰਤੁਲਿਤ ਭੋਜਨ ਜ਼ਰੂਰੀ : ਖ਼ੁਰਾਕ ਮਾਹਿਰ ਅਨੁਸਾਰ ਇਸ ਉਮਰ ਵਿਚ ਵੀ ਪ੍ਰੋਟੀਨ, ਕੈਲਸ਼ੀਅਮ, ਆਇਰਨ ਅਤੇ ਵਿਟਾਮਿਨ ਦੀ ਜ਼ਰੂਰਤ ਰਹਿੰਦੀ ਹੈ ਪਰ ਇਨਾਂ ਦਾ ਸੰਤੁਲਿਤ ਮਾਤਰਾ ਵਿਚ ਲੈਣਾ ਹੀ ਸਰੀਰ ਲਈ ਠੀਕ ਹੁੰਦਾ ਹੈ। ਜੇਕਰ ਅਸੀਂ ਖ਼ੁਰਾਕ ਮਾਹਿਰ ਤੋਂ ਆਪਣੀ ਭੋਜਨ ਸੂਚੀ ਬਣਵਾ ਲਈਏ ਅਤੇ ਉਸ 'ਤੇ ਅਮਲ ਕਰੀਏ ਤਾਂ ਸਿਹਤਮੰਦ ਰਹਿ ਸਕਦੇ ਹਾਂ। ਉਂਝ ਆਮ ਤੌਰ 'ਤੇ ਪਾਲਕ, ਦੁੱਧ, ਟਮਾਟਰ, ਫਲ, ਅੰਡੇ, ਨਿੰਬੂ, ਆਂਵਲਾ, ਚੁਕੰਦਰ, ਦਲੀਆ, ਸੁੱਕੇ ਮੇਵੇ ਖਾਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਸਰੀਰ ਨੂੰ ਸਹੀ ਖ਼ੁਰਾਕ ਮਿਲਦੀ ਰਹੇ।

# ਬੁਖਾਰ ਵਿਚ ਸਹੀ ਇਲਾਜ ਜ਼ਰੂਰੀ

ਬੁਖਾਰ ਤੇਜ਼ ਹੋਵੇ ਤਾਂ ਲਾਪ੍ਰਵਾਹੀ ਵਰਤਣੀ ਵੀ ਠੀਕ ਨਹੀਂ ਹੁੰਦੀ। ਵਾਇਰਲ ਬੁਖਾਰ ਹੋਣ 'ਤੇ ਕਮਜ਼ੋਰ ਲੋਕਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਕਮਜ਼ੋਰ ਰੋਗ ਰੋਕੂ ਪ੍ਰਣਾਲੀ ਕਾਰਨ ਬੱਚੇ, ਬਜ਼ੁਰਗ ਛੇਤੀ ਹੀ ਬਿਮਾਰ ਪੈ ਜਾਂਦੇ ਹਨ। ਛੋਟੇ ਬੱਚਿਆਂ ਦੇ ਹੱਥ-ਪੈਰ ਬੁਖਾਰ ਹੋਣ 'ਤੇ ਠੰਢੇ ਰਹਿੰਦੇ ਹਨ ਪਰ ਪੇਟ ਅਤੇ ਮੱਥਾ ਗਰਮ ਹੁੰਦਾ ਹੈ। ਉਨਾਂ ਦਾ ਹਮੇਸ਼ਾ ਪੇਟ ਅਤੇ ਮੱਥਾ ਛੂਹ ਕੇ ਦੇਖੋ ਅਤੇ ਉਨਾਂ ਨੂੰ ਥਰਮਾਮੀਟਰ ਲਗਾਓ। ਵਾਇਰਲ ਬੁਖਾਰ ਅਕਸਰ ਤਿੰਨ, ਪੰਜ, ਸੱਤ ਦਿਨ ਤੱਕ ਰਹਿੰਦਾ ਹੈ। ਖਾਂਸੀ ਅਤੇ ਗਲਾ ਜ਼ਿਆਦਾ ਦਿਨ ਤੱਕ ਖ਼ਰਾਬ ਰਹਿੰਦਾ ਹੈ।

**ਕੀ ਕਰੀਏ**

* 100 ਡਿਗਰੀ ਬੁਖਾਰ ਹੋਣ 'ਤੇ ਸਾਨੂੰ ਦਵਾਈ ਜ਼ਰੂਰ ਲੈਣੀ ਚਾਹੀਦੀ ਹੈ। ਇਸ ਤੋਂ ਘੱਟ ਬੁਖਾਰ ਹੋਣ 'ਤੇ ਦਵਾਈ ਨਾ ਲਓ ਪਰ ਬੱਚਿਆਂ ਅਤੇ ਬਜ਼ੁਰਗਾਂ ਨੂੰ ਦਵਾਈ ਦੇਣੀ ਚਾਹੀਦੀ ਹੈ। ਜੇ ਬੁਖਾਰ ਵਧ ਜਾਏ ਜਾਂ ਦੋ-ਤਿੰਨ ਦਿਨ ਤੱਕ ਬੁਖਾਰ ਰਹੇ ਤਾਂ ਡਾਕਟਰ ਕੋਲ ਤੁਰੰਤ ਜਾਣਾ ਚਾਹੀਦਾ ਹੈ।
* 102 ਡਿਗਰੀ ਬੁਖਾਰ ਹੋਵੇ ਅਤੇ ਲੱਛਣ ਸਾਧਾਰਨ ਹੋਣ ਤਾਂ ਘਰੇ ਹੀ ਮਰੀਜ਼ ਦੀ ਦੇਖਭਾਲ ਕਰਨੀ ਚਾਹੀਦੀ ਹੈ। ਸਰੀਰ 'ਤੇ ਸਾਧਾਰਨ ਪਾਣੀ ਦੀਆਂ ਪੱਟੀਆਂ ਉਦੋਂ ਤੱਕ ਰੱਖਦੇ ਰਹੋ ਜਦੋਂ ਤੱਕ ਤਾਮਪਾਨ ਘੱਟ ਨਾ ਹੋ ਜਾਏ।
* ਪੈਰਾਸੀਟਾਮੋਲ ਬੁਖਾਰ ਘੱਟ ਕਰਨ ਦੀ ਸਭ ਤੋਂ ਸੁਰੱਖਿਅਤ ਦਵਾਈ ਹੈ। ਇਹ ਤੁਸੀਂ ਮਰੀਜ਼ ਨੂੰ ਹਰ ਛੇ ਘੰਟੇ ਬਾਅਦ ਦੇ ਸਕਦੇ ਹੋ। ਹੋਰ ਕੋਈ ਵੀ ਦਵਾਈ ਡਾਕਟਰ ਦੀ ਸਲਾਹ ਤੋਂ ਬਿਨਾਂ ਨਾ ਦਿਓ।
* ਬੱਚਿਆਂ ਨੂੰ ਦਵਾਈ ਦੀ ਮਾਤਰਾ ਉਨਾਂ ਦੀ ਉਮਰ ਅਤੇ ਵਜ਼ਨ ਅਨੁਸਾਰ ਹੀ ਦੇਣੀ ਚਾਹੀਦੀ ਹੈ।
* ਵਾਇਰਲ ਬੁਖਾਰ ਵਾਲੇ ਮਰੀਜ਼ਾਂ ਨੂੰ ਪੂਰਾ ਆਰਾਮ ਕਰਨ ਦਿਓ। ਉਸ ਤੋਂ ਥੋੜੀ ਦੂਰੀ ਬਣਾ ਕੇ ਰੱਖੋ ਤਾਂ ਕਿ ਉਸ ਦੇ ਵਾਇਰਸ ਨਾਲ ਕੋਈ ਹੋਰ ਪੀੜਤ ਨਾ ਹੋ ਸਕੇ।
* ਬੱਚਾ ਜੇ ਬੁਖਾਰ ਨਾਲ ਪੀੜਤ ਹੈ ਅਤੇ ਬੁਖਾਰ ਘਟ ਰਿਹਾ ਹੈ, ਉਸ ਨੂੰ ਸਕੂਲ ਨਾ ਭੇਜੋ।

ਕਦੋਂ ਜਾਈਏ ਡਾਕਟਰ ਕੋਲ

ਘੱਟ ਜਾਂ ਜ਼ਿਆਦਾ ਬੁਖਾਰ ਵਿਚ, ਉਲਟੀ, ਦਸਤ, ਚੱਕਰ, ਸਿਰ, ਅੱਖਾਂ, ਸਰੀਰ ਵਿਚ ਦਰਦ ਹੋਵੇ ਤਾਂ ਤੁਰੰਤ ਡਾਕਟਰ ਕੋਲ ਜਾਣਾ ਚਾਹੀਦਾ ਹੈ।

# ਮਾਮਲਾ ਬੀਐੱਸਐੱਫ ਦੀ ਦਖਲਅੰਦਾਜ਼ੀ ਦੇ ਮੁੱਦੇ ਦਾ

## ✪ ਪੰਜਾਬ ਦੀਆਂ ਸਿਆਸੀ ਧਿਰਾਂ ਵਲੋਂ ਮੋਦੀ ਸਰਕਾਰ ਦਾ ਵਿਰੋਧ ✪ ਸਰਬ-ਪਾਰਟੀ ਮੀਟਿੰਗ ਵਿਚ ਕੇਂਦਰੀ ਨੋਟੀਫਿਕੇਸ਼ਨ ਤੇ ਖੇਤੀ ਕਾਨੂੰਨਾਂ ਵਿਰੁੱਧ ਮਤੇ ਪਾਸ ✪ ਭਾਜਪਾ ਨੇ ਮੀਟਿੰਗ ਦਾ ਕੀਤਾ ਬਾਈਕਾਟ

ਕੇਂਦਰ ਸਰਕਾਰ ਦੁਆਰਾ ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਵਿਚ ਬਾਰਡਰ ਸਕਿਉਰਿਟੀ ਫੋਰਸ ਦਾ ਅਧਿਕਾਰ ਖੇਤਰ ਵਧਾਏ ਜਾਣ ਨੇ ਫੈਡਰਲਿਜਮ ਦੇ ਮੁੱਦੇ ਨੂੰ ਫਿਰ ਚਰਚਾ ਵਿਚ ਲੈ ਆਂਦਾ ਹੈ। ਮੀਟਿੰਗ ਤੋਂ ਬਾਅਦ ਹੋਈ ਪ੍ਰੈਸ ਕਾਨਫਰੰਸ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਫੈਡਰਲਿਜਮ ਦਾ ਮੁੱਦਾ ਉਭਾਰਿਆ। ਕੇਂਦਰ ਸਰਕਾਰ ਨੇ ਬਾਰਡਰ ਸਕਿਉਰਿਟੀ ਫੋਰਸ ਐਕਟ-1963 ਦੀ ਧਾਰਾ 139.1 ਤਹਿਤ ਬੀਐੱਸਐੱਫ ਦੇ ਅਧਿਕਾਰ ਖੇਤਰ ਵਿਚ ਵਾਧਾ ਕੀਤਾ ਹੈ ਪਰ ਸਿਆਸੀ ਮਾਹਿਰਾਂ ਦੀ ਰਾਇ ਹੈ ਕਿ ਅਜਿਹੇ ਫੈਸਲੇ ਕਰਨ ਤੋਂ ਪਹਿਲਾਂ ਉਹ ਸੂਬੇ ਜਿੱਥੇ ਬੀਐੱਸਐੱਫ ਤਾਇਨਾਤ ਹੈ, ਨਾਲ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਸੀ। ਕੇਂਦਰ ਸਰਕਾਰ ਅਤੇ ਭਾਜਪਾ ਦੀ ਦਲੀਲ ਹੈ ਕਿ ਇਹ ਸੂਬਿਆਂ ਦੀ ਸੁਰੱਖਿਆ ਨੂੰ ਮਜਬੂਤ ਕਰਨ ਲਈ ਕੀਤਾ ਗਿਆ ਹੈ। ਸੁਰੱਖਿਆ ਸਬੰਧੀ ਮਾਹਿਰ ਇਹ ਸਵਾਲ ਵੀ ਪੁੱਛਦੇ ਹਨ ਕਿ ਜੇ ਬੀਐੱਸਐੱਫ ਸਰਹੱਦਾਂ ’ਤੇ ਆਪਣਾ ਕੰਮ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਕਰ ਰਹੀ ਤਾਂ ਉਹ 50 ਕਿਲੋਮੀਟਰ ਅੰਦਰ ਆ ਕੇ ਕੀ ਕਰੇਗੀ। ਸੰਵਿਧਾਨ ਅਨੁਸਾਰ ਅਮਨ-ਕਾਨੂੰਨ ਕਾਇਮ ਰੱਖਣਾ ਅਤੇ ਜਨਤਕ ਵਿਵਸਥਾ ਸੂਬਿਆਂ ਦੇ ਅਧਿਕਾਰ ਖੇਤਰ ਦੇ ਵਿਸ਼ੇ ਹਨ ਪਰ ਕੇਂਦਰ ਸਰਕਾਰ ਸੂਬਿਆਂ ਦੀ ਸਹਾਇਤਾ ਕਰਨ ਲਈ ਕੇਂਦਰੀ ਸੁਰੱਖਿਆ ਬਲ ਲਗਾ ਸਕਦੀ ਹੈ। ਕੇਂਦਰੀ ਸੁਰੱਖਿਆ ਬਲ ਲਗਾਉਣ ਵਾਲੀ ਮੱਦ ਵਿਚ ਇਹ ਕਿਹਾ ਗਿਆ ਹੈ ਕਿ ਬਲ ਸੂਬੇ ਦੇ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਕਰਨ ਲਈ ਲਗਾਏ ਜਾਣਗੇ। ਸੰਵਿਧਾਨ ਵਿਚ ਸਥਾਨਕ ਸਿਵਲ ਪ੍ਰਸ਼ਾਸਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਸਰਹੱਦਾਂ ’ਤੇ ਬੀਐੱਸਐੱਫ, ਆਈਟੀਬੀਪੀ, ਅਸਾਮ ਰਾਈਫਲਜ, ਐੱਸਐੱਸਬੀ ਆਦਿ ਦੀ ਤਾਇਨਾਤੀ ਜਟਿਲ ਮਾਮਲੇ ਹਨ। ਅੰਤਰਰਾਸ਼ਟਰੀ ਸਰਹੱਦਾਂ ’ਤੇ ਇਨਾਂ ਬਲਾਂ ਕੋਲ ਵੱਡੀਆਂ ਤਾਕਤਾਂ ਹਨ ਪਰ ਸਰਹੱਦਾਂ ਨਾਲ ਲੱਗਦੇ ਇਲਾਕਿਆਂ ਵਿਚ ਪੁਲੀਸ ਅਧਿਕਾਰਾਂ ਨੂੰ ਵਰਤਣਾ ਅਜਿਹਾ ਕਾਰਜ ਹੈ ਜਿਹੜਾ ਸੁਰੱਖਿਆ ਬਲ ਸਥਾਨਕ ਪੁਲੀਸ ਦੀ ਸਹਾਇਤਾ ਤੋਂ ਬਿਨਾਂ ਨਹੀਂ ਕਰ ਸਕਦੇ।

ਬਹੁਤ ਵਾਰ ਸਾਰੇ ਦੇਸ਼ ਵਿਚ ਇਕਸਾਰ ਕਾਨੂੰਨ ਬਣਾਉਣ ਦੇ ਨਾਅਰੇ ਹੇਠ ਸੂਬਿਆਂ ਦੇ ਅਧਿਕਾਰਾਂ ਨੂੰ ਘਟਾਇਆ ਗਿਆ ਹੈ। ਭਾਜਪਾ ਦੀਆਂ ਸਭ ਨੀਤੀਆਂ ਵਿਚ ਕੇਂਦਰੀਕਰਨ ਦਾ ਰੁਝਾਨ ਫੈਡਰਲਿਜ਼ਮ ਨੂੰ ਕਮਜ਼ੋਰ ਕਰਦਾ ਹੈ। ਸੰਵਿਧਾਨ ਦੀ ਧਾਰਾ-370 ਨੂੰ ਮਨਸੂਖ਼ ਕਰ ਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਾਂਤਾਂ ਵਿਚ ਵੰਡਣਾ ਅਤੇ ਦਿੱਲੀ ਦੀ ਸਰਕਾਰ ਨੂੰ ਅਧਿਕਾਰਾਂ ਤੋਂ ਵਾਂਝਿਆਂ ਕਰਨਾ ਅਜਿਹੇ ਰੁਝਾਨ ਦੀਆਂ ਵੱਡੀਆਂ ਮਿਸਾਲਾਂ ਹਨ। ਪੰਜਾਬ ਦੇ ਨਾਲ ਹੋਰ ਸੂਬਿਆਂ ਅਤੇ ਖੇਤਰੀ ਪਾਰਟੀਆਂ ਨੂੰ ਫੈਡਰਲਿਜ਼ਮ ਦਾ ਮੁੱਦਾ ਉਭਾਰਨਾ ਚਾਹੀਦਾ ਹੈ।

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸੱਦੀ ਗਈ ਸਰਬਪਾਰਟੀ ਮੀਟਿੰਗ ਵਿੱਚ ਕੇਂਦਰ ਵੱਲੋਂ ਸੂਬੇ ਵਿੱਚ ਕੌਮਾਂਤਰੀ ਸਰਹੱਦ ਦੇ ਨਾਲ ਲਗਦੇ ਇਲਾਕਿਆਂ ਵਿੱਚ ਬੀਐੱਸਐੱਫ ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕੀਤੇ ਜਾਣ ਦੇ ਫ਼ੈਸਲੇ ਦਾ ਸੰਵਿਧਾਨਕ, ਕਾਨੂੰਨੀ ਅਤੇ ਸਿਆਸੀ ਤੌਰ ’ਤੇ ਸਖਤ ਵਿਰੋਧ ਕਰਨ ਦਾ ਅਹਿਦ ਕੀਤਾ ਗਿਆ। ਸਾਰੀਆਂ ਪਾਰਟੀਆਂ ਨੇ ਜਿੱਥੇ ਇਸ ਮੁੱਦੇ ’ਤੇ ਇਕਜੁੱਟਤਾ ਪ੍ਰਗਟਾਈ ਉਥੇ ਸ਼੍ਰੋਮਣੀ ਅਕਾਲੀ ਦਲ ਅਤੇ ਆਪ ਪਾਰਟੀ ਦੇ ਆਗੂਆਂ ਨੇ ਮੁੱਖ ਮੰਤਰੀ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਹੋਈ ਮੀਟਿੰਗ ਦੇ ਮੁੱਦੇ ’ਤੇ ਚੰਨੀ ’ਤੇ ਨਿਸ਼ਾਨਾ ਵੀ ਸੇਧਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਛੇਤੀ ਹੀ ਇਸ ਸੰਵੇਦਨਸ਼ੀਲ ਮੁੱਦੇ ’ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਤੇ ਸੁਪਰੀਮ ਕੋਰਟ ਵਿਚ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦੇਣ ਦਾ ਫ਼ੈਸਲਾ ਵੀ ਕੀਤਾ ਗਿਆ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਤਿੰਨੋਂ ਕਾਲੇ ਖੇਤੀ ਕਾਨੂੰਨ ਵਿਧਾਨ ਸਭਾ ਦੇ ਆਗਾਮੀ ਇਜਲਾਸ ਵਿੱਚ ਮੁੱਢੋਂ ਰੱਦ ਕਰ ਦਿੱਤੇ ਜਾਣਗੇ। ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਨਾਲ ਵਿਚਾਰ-ਚਰਚਾ ਤੋਂ ਫ਼ੈਸਲਾ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਕੋਲੋਂ ਮਿਲਣ ਲਈ ਸਮਾਂ ਮੰਗਿਆ ਜਾਵੇ ਤਾਂ ਜੋ ਮੁੱਖ ਮੰਤਰੀ ਸਾਰੀਆਂ ਸਿਆਸੀ ਧਿਰਾਂ ਦਾ ਇਕ ਵਫ਼ਦ ਲੈ ਕੇ ਪ੍ਰਧਾਨ ਮੰਤਰੀ ਕੋਲ ਜਾਣ ਅਤੇ ਉਨਾਂ ਨੂੰ ਇਸ ਫੈਸਲੇ ’ਤੇ ਮੁੜ ਵਿਚਾਰ ਕਰਦੇ ਹੋਏ ਬੀਐੱਸਐੱਫ ਦਾ ਅਧਿਕਾਰ ਖੇਤਰ ਵਧਾਉਣ ਵਾਲਾ ਨੋਟੀਫਿਕੇਸ਼ਨ ਵਾਪਸ ਲੈਣ ਲਈ ਅਪੀਲ ਕਰਨ। ਸ੍ਰੀ ਚੰਨੀ ਨੇ ਗੈਰ-ਭਾਜਪਾ ਸਰਕਾਰਾਂ ਅਤੇ ਹੋਰ ਸਿਆਸੀ ਪਾਰਟੀਆਂ ਨਾਲ ਖਾਸ ਕਰਕੇ ਪੱਛਮੀ ਬੰਗਾਲ ਅਤੇ ਰਾਜਸਥਾਨ ਸੂਬਿਆਂ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ।’ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਮੁੱਦੇ ਦੀ ਜ਼ੋਰਦਾਰ ਮੁਖਾਲਫਤ ਕਰਨ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਇਸ ਮੀਟਿੰਗ ਵਿਚ ਭਾਜਪਾ ਸ਼ਾਮਲ ਨਹੀਂ ਹੋਈ। ਸਰਬ ਪਾਰਟੀ ਮੀਟਿੰਗ ਦੌਰਾਨ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਵੀ ਇਕ ਹੋਰ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਸਰਬ ਪਾਰਟੀ ਮੀਟਿੰਗ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਅਕਾਲੀ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬੀਰ ਦਵਿੰਦਰ ਸਿੰਘ, ਸੀਪੀਆਈ (ਐੱਮ) ਦੇ ਸੁਖਵਿੰਦਰ ਸਿੰਘ ਸੇਖੋਂ, ਸੀਪੀਆਈ ਦੇ ਬੰਤ ਸਿੰਘ ਬਰਾੜ, ਟੀਐੱਮਸੀ ਪੰਜਾਬ ਯੂਨਿਟ ਦੇ ਮਨਜੀਤ ਸਿੰਘ ਮੁਹਾਲੀ, ਬਸਪਾ ਦੇ ਨਛੱਤਰਪਾਲ, ‘ਆਪ’ ਵਿਧਾਇਕ ਅਮਨ ਅਰੋੜਾ, ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਸ਼੍ਰੋਮਣੀ ਅਕਾਲੀ ਦਲ (1920) ਦੇ ਹਰਬੰਸ ਸਿੰਘ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਗੁਰਿੰਦਰ ਸਿੰਘ, ਉਪ ਮੁੱਖ ਮੰਤਰੀ ਓਪੀ ਸੋਨੀ, ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ, ਵਿਜੇ ਇੰਦਰ ਸਿੰਗਲਾ, ਪਰਗਟ ਸਿੰਘ ਅਤੇ ਰਣਦੀਪ ਸਿੰਘ ਨਾਭਾ ਅਤੇ ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਵਰਕਿੰਗ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਹਾਜ਼ਰ ਸਨ। ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਜਥੇਦਾਰ ਰਣਜੀਤ ਸਿੰਘ ਤਲਵੰਡੀ ਨੇ ਕੇਂਦਰ ਸਰਕਾਰ ਵੱਲੋਂ ਬੀਐੱਸਐੱਫ ਦੇ ਅਧਿਕਾਰ ਖੇਤਰ ਵਧਾਉਣ ਦੇ ਫ਼ੈਸਲੇ ਦਾ ਵਿਰੋਧ ਕੀਤਾ।

**ਸ਼ਿਸ਼ਟਾਚਾਰ ਵਜੋਂ ਸ਼ਾਹ ਨੂੰ ਮਿਲਿਆ : ਚੰਨੀ**

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਉਨਾਂ ਦੀ ਅਮਿਤ ਸ਼ਾਹ ਨਾਲ ਮੀਟਿੰਗ ਨੂੰ ਗਲਤ ਰੰਗਤ ਦਿੱਤੀ ਜਾ ਰਹੀ ਹੈ ਜਦਕਿ ਇਸ ਦਾ ਨੋਟੀਫਿਕੇਸ਼ਨ ਨਾਲ ਰੱਤੀ ਭਰ ਵੀ ਕੋਈ ਸਬੰਧ ਨਹੀਂ ਹੈ। ਸ੍ਰੀ ਚੰਨੀ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸ਼ਿਸ਼ਟਾਚਾਰ ਵਜੋਂ ਮਿਲੇ ਸਨ। ਸ੍ਰੀ ਚੰਨੀ ਨੇ ਕਿਹਾ ਕਿ ਉਨਾਂ ਨੇ ਅਮਿਤ ਸ਼ਾਹ ਕੋਲ ਕਰਤਾਰਪੁਰ ਲਾਂਘਾ ਖੋਲਣ ਤੇ ਖੇਤੀ ਕਾਨੂੰਨ ਰੱਦ ਕਰਨ ਦਾ ਮਸਲਾ ਵੀ ਉਠਾਇਆ ਸੀ।

**ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਤਾਕ ’ਚ ਭਾਜਪਾ : ਸਿੱਧੂ**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਤਾਜ਼ਾ ਫ਼ੈਸਲੇ ਨਾਲ ਰਾਜ ਅੰਦਰ ਇੱਕ ਹੋਰ



ਰਾਜ ਖੜਾ ਕਰਕੇ ਕੇਂਦਰ ਦੇਸ਼ ਦੇ ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰ ਰਿਹਾ ਹੈ। ਉਨਾਂ ਕਿਹਾ ਕਿ ਸੀਬੀਆਈ, ਈਡੀ ਅਤੇ ਹੋਰ ਅਦਾਰਿਆਂ ਤੋਂ ਬਾਅਦ ਬੀਐੱਸਐੱਫ ਨੂੰ ਵੀ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੀ ਸਰਕਾਰ ਵਾਲੇ ਸੂਬਿਆਂ ਦੀ ਖੁਦਮੁਖ਼ਤਿਆਰੀ ਵਿੱਚ ਦਖਲ ਦੇਣ ਲਈ ਵਰਤੇਗੀ। ਉਨਾਂ ਕਿਹਾ ਕਿ ਭਾਜਪਾ ਕਿਉਂਕਿ ਪੰਜਾਬ ਵਿਚ ਕਦੇ ਜਿੱਤ ਨਹੀਂ ਸਕਦੀ, ਇਸ ਗੱਲ ਨੇ ਕੇਂਦਰ ਦੀ ਨੀਂਦ ਖਰਾਬ ਕੀਤੀ ਹੋਈ ਹੈ। ਇਸ ਕਰਕੇ ਉਹ ਪੰਜਾਬ ਵਿੱਚ ਸ਼ਾਂਤਮਈ ਚੋਣਾਂ ਨਹੀਂ ਹੋਣ ਦੇਣਾ ਚਾਹੁੰਦੇ।

**ਏਪੀਐੱਮਸੀਐਕਟਵਿਚਕੀਤੀਆਂਸੋਧਾਂਰੱਦਹੋਣ:ਅਕਾਲੀਦਲ**

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਡਾ. ਦਲਜੀਤ ਸਿੰਘ ਚੀਮਾ ਨੇ ਮੰਗ ਕੀਤੀ ਕਿ ਬੀਐੱਸਐੱਫ ਦੇ ਪੰਜਾਬ ’ਚ ਅਧਿਕਾਰ ਖੇਤਰ 10 ਜ਼ਿਲਿਆਂ ’ਚ ਵਧਾਏ ਜਾਣ ਦੇ ਫੈਸਲੇ ਨੂੰ ਰੱਦ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਿਆ ਜਾਵੇ ਅਤੇ ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਤਿੰਨ ਖੇਤੀ ਕਾਨੂੰਨ ਤੇ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਏਪੀਐਮਸੀ ਐਕਟ ’ਚ ਕੀਤੀਆਂ ਸੋਧਾਂ ਵੀ ਰੱਦ ਕੀਤੀਆਂ ਜਾਣ। ਉਨਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਬੀਐੱਸਐੱਫ ਦੇ ਅਧਿਕਾਰ ਖੇਤਰ ’ਚ ਵਾਧਾ ਕੀਤੇ ਜਾਣ ਦੀ ਹਮਾਇਤ ਕੀਤੀ ਸੀ।

**ਚੰਨੀਸਰਕਾਰਨੇਪੰਜਾਬਨੂੰਕੇਂਦਰਕੋਲਗਹਿਣੇਰੱਖਿਆ:‘ਆਪ’**

ਆਮ ਆਦਮੀ ਪਾਰਟੀ (ਆਪ) ਵੱਲੋਂ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਅਮਨ ਅਰੋੜਾ ਨੇ ਦੋਸ਼ ਲਾਇਆ ਕਿ ਚੰਨੀ ਸਰਕਾਰ ਨੇ ਪੰਜਾਬ ਨੂੰ ਕੇਂਦਰ ਸਰਕਾਰ ਕੋਲ ਗਹਿਣੇ ਰੱਖ ਦਿੱਤਾ ਹੈ, ਕਿਉਂਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਕੇਂਦਰੀ ਅਮਿਤ ਸ਼ਾਹ ਨਾਲ ਮੀਟਿੰਗ ਕਰਨ ਤੋਂ ਬਾਅਦ ਹੀ ਬੀਐੱਸਐੱਫ ਦੇ ਅਧਿਕਾਰਾਂ ’ਚ ਵਾਧਾ ਕਰਕੇ ਅੱਧਾ ਪੰਜਾਬ ਕੇਂਦਰ ਨੇ ਆਪਣੇ ਹਵਾਲੇ ਕਰ ਲਿਆ। ਇਸ ਲਈ ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਦੇ ਸਾਹਮਣੇ ਸੱਚ ਰੱਖਣਾ ਚਾਹੀਦਾ ਹੈ ਕਿ ਕਿਹੜੇ ਕਾਰਨਾਂ ਅਤੇ ਕਮਜ਼ੋਰੀਆਂ ਕਰਕੇ 50 ਫ਼ੀਸਦੀ ਸੂਬੇ ’ਤੇ ਭਾਜਪਾ ਦਾ ਕਬਜ਼ਾ ਕਰਵਾ ਦਿੱਤਾ।

# ‘ਹਿਊਮੈਨ ਰਾਈਟਸ ਵਾਚ’ ਨੇ ਬੰਗਲਾ ਦੇਸ਼ ਨੂੰ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ;

## ਕਿਹਾ- ਹਿੰਸਾ ਉਪਰ ਕਾਬੂ ਪਾਉਣ ਲਈ ਤਾਕਤ ਦੀ ਵਰਤੋਂ ਤੋਂ ਗੁਰੇਜ ਕੀਤਾ ਜਾਵੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਗਰੁੱਪ ‘ਹਿਊਮੈਨ ਰਾਈਟਸ ਵਾਚ’ ਨੇ ਬੰਗਲਾਦੇਸ਼ ਸਰਕਾਰ ਨੂੰ ਕਿਹਾ ਹੈ ਕਿ ਉਹ ਹਿੰਦੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ। ਇਸ ਦੇ ਨਾਲ ਹੀ ਗਰੁੱਪ ਨੇ ਹਿੰਦੂਆਂ ਵਿਰੁੱਧ ਹਿੰਸਾ ਉਪਰ ਕਾਬੂ ਪਾਉਣ ਲਈ ਤਾਕਤ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਕਿਹਾ ਹੈ। ‘ਹਿਊਮੈਨ ਰਾਈਟਸ ਵਾਚ’ ਦੇ ਏਸ਼ੀਆ ਮੁਖੀ ਬਰਾਡ ਐਡਮਜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਭੀੜ ਉਪਰ ਸਿੱਧੀਆਂ ਗੋਲੀਆਂ ਚਲਾਉਣ ਤੋਂ ਬਚਿਆ ਜਾਵੇ ਤੇ ਸੰਭਲ ਕੇ ਕਾਰਵਾਈ ਕੀਤੀ ਜਾਵੇ। ਬਿਆਨ ਵਿਚ ਹਾਲਾਂਕਿ ਹਿੰਦੂਆਂ ਉਪਰ ਹਮਲਿਆਂ ਲਈ ਜ਼ਿੰਮੇਵਾਰਾਂ ਦਾ ਨਾਂ ਨਹੀਂ ਲਿਆ ਤੇ ਨਾ ਹੀ ਉਨਾਂ ਦੀ ਨਿੰਦਾ ਕੀਤੀ ਹੈ। ਪ੍ਰੰਤੂ ਗਰੁੱਪ ਨੇ ਮੰਨਿਆ ਹੈ ਕਿ ਹਿੰਦੂ ਜੋ ਬੰਗਲਾਦੇਸ਼ ਦੀ ਮੁਸਲਮਾਨ ਅਬਾਦੀ ਦਾ ਤਕਰੀਬਨ 10% ਹਨ, ਉਪਰ ਅਕਸਰ ਹਮਲੇ ਹੁੰਦੇ ਹਨ। ਬਿਆਨ ਵਿਚ ਗਰੁੱਪ ਨੇ ਬੰਗਲਾ



ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੀਤੇ ਫੋਨ ਦਾ ਵੀ ਜ਼ਿਕਰ ਕੀਤਾ ਹੈ ਜਿਸ ਦੌਰਾਨ ਹਸੀਨਾ ਨੇ ਭਾਰਤ ਵਿਚ ਫਿਰਕੂ ਹਿੰਸਾ ਖਤਮ ਕਰਨ ਲਈ ਕਿਹਾ ਸੀ, ਜਿਥੇ ਸੱਤਾਧਾਰੀ ਪਾਰਟੀ ਵੱਲੋਂ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨ ਬਣਾਇਆ ਜਾ ਰਿਹਾ ਹੈ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜ ਚੁੱਕੇ ਟੁਲਸੀ ਗੈਬਰਡ ਨੇ ਬੰਗਲਾਦੇਸ਼ ਵਿਚ ਫਿਰਕੂ ਹਿੰਸਾ ਉਪਰ ਦੁੱਖ ਪ੍ਰਗਟ ਕਰਦਿਆਂ ਜਹਾਦੀਆਂ ਵੱਲੋਂ ਮੰਦਰ ਨੂੰ ਨੁਕਸਾਨ ਪਹੁੰਚਾਉਣ ਦੀ ਤਿੱਖੀ ਨਿੰਦਾ ਕੀਤੀ ਹੈ।



# ਸਾਕਾ ਪੰਜਾ ਸਾਹਿਬ ਦਾ ਅੱਖੀਂ ਡਿੱਠਾ ਹਾਲ, ਬੀਬੀ ਹਰਨਾਮ ਕੌਰ ਦੀ ਜ਼ੁਬਾਨੀ

**ਗਿਆਨੀ ਭਜਨ ਸਿੰਘ**

ਭਾਈ ਕਰਮ ਸਿੰਘ ਜੀ ਅਤੇ ਭਾਈ ਪਰਤਾਪ ਸਿੰਘ ਜੀ ਪਹਿਲੇ ਦੋ ਸਿੰਘ ਸਨ, ਜੋ ਹਸਨ ਅਬਦਲ ਰੇਲਵੇ ਸਟੇਸ਼ਨ 'ਤੇ ਪੰਜਾ ਸਾਹਿਬ ਦੇ ਮੋਰਚੇ ਸਮੇਂ ਰੇਲਗੱਡੀ ਹੇਠ ਆ ਕੇ ਸ਼ਹੀਦ ਹੋਏ। ਬਾਕੀਆਂ ਨੂੰ ਕਾੜ੍ਹੀਆਂ ਸੱਟਾਂ ਲੱਗੀਆਂ ਸਨ। (ਪੰਜਾ ਸਾਹਿਬ ਸਾਕਾ-ਇਕ ਚਸ਼ਮਦੀਦ ਦੀ ਜ਼ੁਬਾਨੀ)

ਸਿੱਖ ਵਿਦਵਾਨ ਗਿਆਨੀ ਭਜਨ ਸਿੰਘ, ਪੰਜਾ ਸਾਹਿਬ ਸਾਕੇ ਦੇ ਸ਼ਹੀਦ ਭਾਈ ਪਰਤਾਪ ਸਿੰਘ ਦੀ ਧਰਮ ਪਤਨੀ ਬੀਬੀ ਹਰਨਾਮ ਕੌਰ ਜੀ ਕੋਲ ਗਏ ਅਤੇ ਉਨ੍ਹਾਂ ਨੂੰ ਇਸ ਮੋਰਚੇ ਬਾਰੇ ਇੰਟਰਵਿਊ ਕੀਤੀ। ਇਥੇ ਇਸ ਇੰਟਰਵਿਊ ਦੇ ਕੁਝ ਅੰਸ਼ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

ਗਿਆਨੀ ਭਜਨ ਸਿੰਘ : ਮਾਤਾ ਜੀ ! (ਸ਼ਹੀਦ ਭਾਈ ਪਰਤਾਪ ਸਿੰਘ ਦੀ ਧਰਮ ਪਤਨੀ) ਕੀ ਤੁਸੀਂ ਪੰਜਾ ਸਾਹਿਬ ਦੇ ਸਾਕੇ ਬਾਰੇ ਕੁਝ ਦੱਸ ਸਕੋਗੇ। ਮੈਂ ਵਿਸ਼ੇਸ਼ ਤੌਰ 'ਤੇ ਇਸ ਘਟਨਾ ਦੀ ਸਿੱਧੀ ਜਾਣਕਾਰੀ ਲੈਣ ਲਈ ਤੁਹਾਡੇ ਕੋਲ ਆਇਆ ਹਾਂ।

ਬੀਬੀ ਹਰਨਾਮ ਕੌਰ : ਮੈਂ ਤੁਹਾਨੂੰ ਉਸ ਮੰਦਭਾਗੇ ਦਿਨ ਵਾਪਰੀ ਘਟਨਾ ਬਾਰੇ ਕਿਉਂ ਨਹੀਂ ਦੱਸਾਂਗੀ। ਮੈਨੂੰ ਤਾਂ ਇਹ ਘਟਨਾ ਇਸ ਤਰ੍ਹਾਂ ਯਾਦ ਹੈ ਕਿ ਜਿਵੇਂ ਅਜੇ ਕੱਲ੍ਹ ਵਾਪਰੀ ਹੋਵੇ। ਮੈਂ ਉਨ੍ਹਾਂ ਲੋਕਾਂ ਵਿਚ ਸ਼ਾਮਲ ਸੀ, ਜੋ ਉਸ ਦਿਨ ਰੇਲ ਗੱਡੀ ਰੋਕਣ ਲਈ ਰੇਲ ਪਟੜੀ 'ਤੇ ਬੈਠੇ ਸਨ। ਮੈਂ ਆਪਣੇ ਪਤੀ (ਸ਼ਹੀਦ ਪਰਤਾਪ ਸਿੰਘ) ਦੇ ਪਿੱਛੇ ਬੈਠੀ ਸਾਂ। ਮੈਂ ਪੰਜਾ ਸਾਹਿਬ ਸਾਕੇ ਦੀ ਅਸਲ ਕਹਾਣੀ ਬਹੁਤ ਲੋਕਾਂ ਨੂੰ ਸੁਣਾ ਚੁੱਕੀ ਹਾਂ ਪਰ ਕਿਸੇ ਨੇ ਇਸ ਤਰ੍ਹਾਂ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਮੈਂ ਦੱਸਿਆ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਤੁਸੀਂ ਇਸ ਘਟਨਾ ਬਾਰੇ ਜਾਣਕਾਰੀ ਲੈਣ ਲਈ ਵਿਸ਼ੇਸ਼ ਤੌਰ 'ਤੇ ਚੱਲ ਕੇ ਆਏ ਹੋ ਤੇ ਮੈਨੂੰ ਇਹ ਵੀ ਖੁਸ਼ੀ ਹੈ ਕਿ ਤੁਸੀਂ ਉਸੇ ਤਰ੍ਹਾਂ ਲਿਖੋਗੇ ਜਿਵੇਂ ਕਿ ਮੈਂ ਤੁਹਾਨੂੰ ਅਸਲ ਕਹਾਣੀ ਦੱਸਾਂਗੀ।

ਗਿਆਨੀ ਭਜਨ ਸਿੰਘ : ਇਹ ਘਟਨਾ ਕਿਵੇਂ ਵਾਪਰੀ ਮੈਨੂੰ ਸਾਰਾ ਕੁਝ ਦੱਸੋ। ਤੁਸੀਂ ਇਹ ਸਮਝੋ ਕਿ ਮੈਨੂੰ ਇਸ ਸਾਕੇ ਬਾਰੇ ਕੁਝ ਨਹੀਂ ਪਤਾ, ਤੁਸੀਂ ਜਿਵੇਂ ਕਿਸੇ ਨਵੇਂ ਬੰਦੇ ਨੂੰ ਇਹ ਕਹਾਣੀ ਦੱਸ ਰਹੇ ਹੋ।

ਬੀਬੀ ਹਰਨਾਮ ਕੌਰ : ਇਹ ਗੁਰੂ ਕੇ ਬਾਗ ਦੇ ਮੋਰਚੇ (1922) ਦਾ ਸਮਾਂ ਸੀ। ਪੁਲਿਸ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਗ੍ਰਿਫ਼ਤਾਰ ਕੀਤੇ ਸਿੰਘਾਂ ਨੂੰ ਰੇਲ ਗੱਡੀਆਂ ਵਿੱਚ ਅਟਕ ਅਤੇ ਕੈਮਲਪੁਰ ਦੀਆਂ ਜੇਲ੍ਹਾਂ ਵਿਚ ਲਿਜਾ ਰਹੀ ਸੀ। ਦੋ ਰੇਲ ਗੱਡੀਆਂ ਪੰਜਾ ਸਾਹਿਬ ਤੋਂ ਗੁਜ਼ਰ ਗਈਆਂ ਅਤੇ ਮੇਰੇ ਪਤੀ ਨੇ ਸਟੇਸ਼ਨ ਮਾਸਟਰ, ਜੋ ਕਿ ਹਿੰਦੂ ਸਨ, ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੇ ਸਿੱਖ ਮਰਜੀਵੜਿਆਂ ਦੀਆਂ ਰੇਲ ਗੱਡੀਆਂ ਬਾਰੇ ਸੰਗਤ ਨੂੰ ਕਿਉਂ ਨਹੀਂ ਦੱਸਿਆ, ਕਿਉਂਕਿ ਸੰਗਤ ਇਨ੍ਹਾਂ ਸਿੰਘਾਂ ਦੀ ਸੇਵਾ ਕਰਨੀ ਚਾਹੁੰਦੀ ਸੀ।

ਉਸ ਵਕਤ ਮੇਰੇ ਪਤੀ ਸ੍ਰੀ ਪੰਜਾ ਸਾਹਿਬ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ ਅਤੇ ਖਜ਼ਾਨਚੀ ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਜਨਰਲ ਸਕੱਤਰ ਰਹਿ ਚੁੱਕੇ ਸਨ। ਇਕ ਦਿਨ ਉਸ ਹਿੰਦੂ ਸਟੇਸ਼ਨ ਮਾਸਟਰ ਨੇ ਮੇਰੇ ਪਤੀ ਨੂੰ ਸੂਚਨਾ ਦਿੱਤੀ ਕਿ ਅਗਲੇ ਦਿਨ ਸਵੇਰੇ 8.00 ਵਜੇ ਸਿੱਖ ਕੈਦੀਆਂ ਦੀ ਰੇਲਗੱਡੀ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਪਹੁੰਚ ਰਹੀ ਹੈ। ਜਿਉਂ ਹੀ ਸੰਗਤ ਨੂੰ ਇਸ ਦਾ ਪਤਾ ਲੱਗਾ, ਉਨ੍ਹਾਂ ਨੇ ਸਿੰਘਾਂ ਲਈ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਅਗਲੇ ਦਿਨ ਸਵੇਰੇ ਦੇ ਦੀਵਾਨ ਮਗਰੋਂ ਅਰਦਾਸ ਕੀਤੀ ਗਈ, ਹੇ ਸੱਚੇ ਪਾਤਸ਼ਾਹ ! ਅਸੀਂ ਤੁਹਾਡੇ ਸਿੰਘਾਂ ਲਈ ਪਰਸ਼ਾਦਾ ਤਿਆਰ ਕੀਤਾ ਹੈ। ਸਾਡੀ ਆਪਣੇ ਗੁਰਸਿੱਖ ਭਰਾਵਾਂ ਨੂੰ ਇਹ ਲੰਗਰ ਛਕਾਉਣ ਦੀ ਇੱਛਾ ਪੂਰੀ ਕਰੋ ਅਤੇ ਸਾਨੂੰ ਸ਼ਕਤੀ ਬਖਸ਼ੋ ਕਿ ਅਸੀਂ ਇਹ ਲੰਗਰ ਛਕਾ ਕੇ ਹੀ ਗੁਰਦੁਆਰਾ ਸਾਹਿਬ ਪਰਤੀਏ।

ਅਰਦਾਸ ਤੋਂ ਬਾਅਦ ਜਦ ਸੰਗਤ ਰੇਲਵੇ ਸਟੇਸ਼ਨ 'ਤੇ ਪਹੁੰਚੀ ਤਾਂ ਸਟੇਸ਼ਨ ਮਾਸਟਰ ਨੇ ਦੱਸਿਆ ਕਿ ਉਪਰੋਂ ਹੁਕਮ ਆਏ ਹਨ ਕਿ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਗੱਡੀ ਨਹੀਂ ਰੋਕੀ ਜਾਵੇਗੀ। ਸੰਗਤ ਵਿਚ ਉਦਾਸੀ ਤੇ ਗੁੱਸੇ ਦੀ ਲਹਿਰ ਦੌੜ ਗਈ। ਸੰਗਤ ਨੇ ਉਸੇ ਵਕਤ ਗੁਰਮਤਾ ਪਾਸ ਕੀਤਾ ਕਿ ਲੰਗਰ ਹਰ ਹਾਲਤ ਵਿਚ ਛਕਾਇਆ ਜਾਵੇਗਾ ਅਤੇ ਲੰਗਰ ਛਕਾਏ ਬਗੈਰ ਗੱਡੀ ਅੱਗੇ ਨਹੀਂ ਜਾਣ ਦੇਣਗੇ।

ਗਿਆਨੀ ਭਜਨ ਸਿੰਘ : ਕੁਲ ਸੰਗਤ ਕਿੰਨੀ ਕੁ ਸੀ ?

ਬੀਬੀ ਹਰਨਾਮ ਕੌਰ : ਕੋਈ 300 ਲੋਕ ਹੋਣਗੇ।

ਗਿਆਨੀ ਭਜਨ ਸਿੰਘ : ਫਿਰ ਕੀ ਹੋਇਆ ?

ਬੀਬੀ ਹਰਨਾਮ ਕੌਰ : ਜਦ ਗੱਡੀ ਰੇਲਵੇ ਸਟੇਸ਼ਨ ਦੇ ਨੇੜੇ ਆਈ ਸੰਗਤਾਂ ਰੇਲ ਪਟੜੀ 'ਤੇ ਗਈਆਂ। ਕੁਝ ਆਦਮੀ ਸਿਗਨਲ ਦੇ ਨੇੜੇ ਬੈਠ ਗਏ।

ਗਿਆਨੀ ਭਜਨ ਸਿੰਘ : ਕੀ ਰੇਲਗੱਡੀ ਨੇੜੇ ਆਉਂਦੀ ਵੇਖ ਕੇ ਕੋਈ ਦੌੜਿਆ ?

ਬੀਬੀ ਹਰਨਾਮ ਕੌਰ : ਭੱਜਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।



ਸਾਰਿਆਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੋਇਆ ਸੀ। ਉਸ ਵਕਤ ਕਿਸੇ ਵੀ ਵਿਅਕਤੀ ਨੂੰ ਮੌਤ ਦਾ ਖੌਫ਼ ਨਹੀਂ ਸੀ। ਇਸ ਸ਼ੁਭ ਕਰਮ ਲਈ ਸਾਰੇ ਮਰ ਮਿਟਣ ਵਾਸਤੇ ਤਿਆਰ ਸਨ।

ਗਿਆਨੀ ਭਜਨ ਸਿੰਘ : ਫਿਰ ਕੀ ਹੋਇਆ ?

ਬੀਬੀ ਹਰਨਾਮ ਕੌਰ : ਰੇਲ ਗੱਡੀ ਆਈ। ਇਹ ਸੀਟੀਆਂ ਮਾਰਦੀ ਰਹੀ ਪਰ ਕੋਈ ਨਾ ਉਠਿਆ। ਸਭ ਤੋਂ ਅੱਗੇ ਮੇਰੇ ਪਤੀ (ਸ਼ਹੀਦ) ਪਰਤਾਪ ਸਿੰਘ ਜੀ ਬੈਠੇ ਸਨ। ਉਨ੍ਹਾਂ ਦੇ ਨਾਲ ਭਾਈ ਕਰਮ ਸਿੰਘ ਜੀ ਸਨ ਅਤੇ ਹੋਰ ਕਈ ਸਿੰਘ ਬੈਠੇ ਸਨ। ਰੇਲਗੱਡੀ ਮੇਰੇ ਪਤੀ ਵਿਚ ਟਕਰਾਈ ਅਤੇ ਉਨ੍ਹਾਂ ਨੂੰ ਸ਼ਹੀਦ ਕਰਕੇ ਅੱਗੇ ਲੰਘ ਗਈ। ਭਾਈ ਕਰਮ ਸਿੰਘ ਵੀ ਰੇਲ ਗੱਡੀ ਹੇਠ ਆ ਕੇ ਸ਼ਹੀਦ ਹੋ ਗਏ। ਹੋਰ ਕਈ ਸਿੰਘਾਂ ਨੂੰ ਰੇਲਗੱਡੀ ਦੇ ਬੰਪਰ ਨੇ ਪਰ੍ਹੇ ਵਗਾਹ ਮਾਰਿਆ। 6 ਹੋਰ ਸਿੰਘ ਗੱਡੀ ਦੇ ਪਹੀਆਂ ਹੇਠ ਆ ਕੇ ਜ਼ਖ਼ਮੀ ਹੋ ਗਏ। ਉਨ੍ਹਾਂ ਦੀਆਂ ਲੱਤਾਂ ਕੱਟੀਆਂ ਗਈਆਂ। ਮੈਨੂੰ ਵੀ ਕਾੜ੍ਹੀ ਸੱਟਾਂ ਲੱਗੀਆਂ ਅਤੇ ਮੈਂ ਕਈ ਮਹੀਨੇ ਹਸਪਤਾਲ ਵਿਚ ਦਾਖ਼ਲ ਰਹੀ।

ਗਿਆਨੀ ਭਜਨ ਸਿੰਘ : ਕੀ ਭਾਈ ਪਰਤਾਪ ਸਿੰਘ ਉਸੇ ਥਾਂ 'ਤੇ ਸ਼ਹੀਦ ਹੋਏ ਜਾਂ ਬਾਅਦ ਵਿਚ। ਸਾਰਾ ਕੁਝ ਦੱਸੋ ?

ਬੀਬੀ ਹਰਨਾਮ ਕੌਰ : ਉਨ੍ਹਾਂ ਦੀ ਸ਼ਹੀਦੀ ਉਸੇ ਵੇਲੇ ਨਹੀਂ ਸੀ ਹੋਈ। ਜਿਉਂ ਹੀ ਰੇਲਗੱਡੀ ਰੁਕੀ। ਸੰਗਤਾਂ ਰੇਲ ਗੱਡੀ ਹੇਠਾਂ ਆ ਕੇ ਕੁਚਲੇ ਗਏ ਸਿੰਘਾਂ ਨੂੰ ਵੇਖਣ ਲਈ ਅੱਗੇ ਵਧੀਆਂ, ਮੇਰੇ ਪਤੀ ਗੰਭੀਰ ਰੂਪ ਜ਼ਖ਼ਮੀ ਸਨ। ਉਨ੍ਹਾਂ ਨੇ ਸੰਗਤਾਂ ਨੂੰ ਕਿਹਾ ਕਿ ਪਹਿਲਾਂ ਗੁਰਸਿੱਖ ਕੈਦੀਆਂ ਨੂੰ ਲੰਗਰ ਛਕਾਓ ਫਿਰ ਸਾਡੀ ਸੰਭਾਲ ਕਰਨਾ। ਜੇ ਤੁਸੀਂ ਸਾਨੂੰ ਗੱਡੀ ਹੇਠੋਂ ਕੱਢ ਲਿਆ ਡਰਾਈਵਰ ਫਿਰ ਗੱਡੀ ਚਲਾ ਲਵੇਗਾ ਤੇ ਅਸੀਂ ਆਪਣੇ ਸਿੰਘਾਂ ਨੂੰ ਲੰਗਰ ਨਹੀਂ ਛਕਾ ਸਕਾਂਗੇ।

ਲੰਗਰ ਛਕਾਉਣ ਤੋਂ ਬਾਅਦ ਜ਼ਖ਼ਮੀ ਸਿੰਘਾਂ ਨੂੰ ਗੱਡੀ ਹੇਠੋਂ ਕੱਢਿਆ ਗਿਆ। ਭਾਈ ਕਰਮ ਸਿੰਘ ਕੁਝ ਘੰਟਿਆਂ ਬਾਅਦ ਸਵਾਸ ਛੱਡ ਗਏ ਅਤੇ ਮੇਰੇ ਪਤੀ ਨੇ ਅਗਲੇ ਦਿਨ ਸਵੇਰੇ ਅੰਮ੍ਰਿਤ ਵੇਲੇ ਸਰੀਰ ਛੱਡਿਆ।

ਗਿਆਨੀ ਭਜਨ ਸਿੰਘ : ਕਿਰਪਾ ਕਰਕੇ ਮੈਨੂੰ ਇਸ ਘਟਨਾ ਬਾਰੇ ਹੋਰ ਦੱਸੋ, ਜਦ ਤੁਹਾਡੇ ਪਤੀ ਰੇਲਗੱਡੀ ਹੇਠ ਆ ਕੇ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੇ ਅਗਲੇ ਦਿਨ ਸਵੇਰੇ ਸਵਾਸ ਤਿਆਗੇ, ਉਸ ਸਮੇਂ ਦੌਰਾਨ ਹੋਰ ਕੀ ਵਾਪਰਿਆ ?

ਬੀਬੀ ਹਰਨਾਮ ਕੌਰ : ਜਦ ਉਨ੍ਹਾਂ ਦੇ ਜ਼ਖ਼ਮੀ ਹੋਣ ਮਗਰੋਂ ਮੈਂ ਉਨ੍ਹਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਜੇ ਤੁਸੀਂ ਮੇਰੀ ਧਰਮ ਪਤਨੀ ਹੋ ਤਾਂ ਮੇਰੀ ਹਾਲਤ ਉਪਰ ਰੋਵੋ ਨਾ, ਸਗੋਂ ਖੁਸ਼ ਹੋਵੋ ਕਿ ਮੈਂ ਗੁਰਸਿੱਖੀ ਦੇ ਇਮਤਿਆਲ ਵਿਚੋਂ ਪਾਸ ਹੋ ਗਿਆ ਹਾਂ। ਉਨ੍ਹਾਂ ਦਾ ਜਬਾੜਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਉਹ ਵਾਹਿਗੁਰੂ ਦਾ ਵੀ ਸ਼ੁਕਰਾਨਾ ਕਰ ਰਹੇ ਸਨ ਕਿ ਉਨ੍ਹਾਂ ਦੀ ਲੰਗਰ ਛਕਾਉਣ ਦੀ ਅਰਦਾਸ ਪੂਰੀ ਹੋ ਗਈ।

ਗਿਆਨੀ ਭਜਨ ਸਿੰਘ : ਉਨ੍ਹਾਂ ਦੀ ਜ਼ਿੰਦਗੀ ਬਾਰੇ ਹੋਰ ਵੀ ਕੁਝ ਦੱਸੋ। ਉਹ ਕਿੰਨੇ ਵਰ੍ਹਿਆਂ ਦੇ ਸਨ ?

ਬੀਬੀ ਹਰਨਾਮ ਕੌਰ : ਸ਼ਹੀਦੀ ਵੇਲੇ ਉਹ 24-25 ਸਾਲਾਂ ਦੇ ਹੋਣਗੇ। ਸਾਡੀ ਸ਼ਾਦੀ 4 ਸਾਲ ਪਹਿਲਾਂ ਹੋਈ ਸੀ। ਉਹ ਕੁਝ ਸਮਾਂ ਫੌਜ ਵਿਚ ਵੀ ਰਹੇ ਸਨ। ਉਨ੍ਹਾਂ ਨੂੰ ਕਾਲੀ ਪੱਗ ਬੰਨ੍ਹਣ ਕਰਕੇ ਫੌਜ ਛੱਡਣੀ ਪਈ ਸੀ। ਅਸੀਂ ਫਿਰ ਰਾਵਲਪਿੰਡੀ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਪੰਜਾ ਸਾਹਿਬ ਗੁਰਦੁਆਰਾ ਮੁਕਤ ਕਰਾਉਣ ਵੇਲੇ ਉਹ ਜਥੇ ਵਿਚ ਸਭ ਤੋਂ ਅੱਗੇ ਸਨ। ਗੁਰਦੁਆਰਾ ਸਾਹਿਬ ਤੋਂ ਮਹੰਤ ਦਾ ਕਬਜ਼ਾ ਹਟਣ ਮਗਰੋਂ ਮੇਰੇ ਪਤੀ ਨੂੰ ਇਸ ਦਾ ਮੈਨੇਜਰ ਤੇ ਸਕੱਤਰ ਬਣਾਇਆ ਗਿਆ। ਉਨ੍ਹਾਂ ਨੇ ਬਿਨਾਂ ਕਿਸੇ ਤਨਖਾਹ ਜਾਂ ਸੇਵਾਫਲ ਦੇ ਨਿਸ਼ਕਾਮ ਸੇਵਾ ਕੀਤੀ। ਉਸ ਵਕਤ ਸਾਨੂੰ ਆਪਣੀਆਂ ਕਈ ਚੀਜ਼ਾਂ ਵੀ ਵੇਚਣੀਆਂ ਪਈਆਂ। ਸਾਡੇ ਕੋਲ ਕੋਈ ਪੈਸਾ ਨਹੀਂ ਸੀ। ਮੇਰੇ ਪਤੀ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ। ਜਦੋਂ ਉਹ ਸ਼ਹੀਦ ਹੋਏ, ਉਸ ਵਕਤ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕੰਮ ਕਰਦੇ ਸਨ। ਉਨ੍ਹਾਂ ਦੇ ਸ਼ਹੀਦ ਹੋਣ ਤੋਂ ਪਹਿਲਾਂ ਸਾਡੇ ਘਰ ਇਕ ਪੁੱਤਰ ਪੈਦਾ ਹੋਇਆ, ਜੋ 2 ਸਾਲ ਦੀ ਉਮਰ ਵਿਚ ਸਵਰਗਵਾਸ ਹੋ ਗਿਆ। ਉਸ ਦੀ ਮੌਤ ਤੇ ਮੇਰੇ ਪਤੀ ਵਾਹਿਗੁਰੂ ਦੀ ਰਜ਼ਾ ਵਿਚ ਰਹੇ ਅਤੇ ਉਹ ਬਿਲਕੁਲ ਨਹੀਂ ਡੋਲੇ। ਆਪਣੇ ਪੁੱਤਰ ਦੇ ਅੰਤਮ ਸਸਕਾਰ ਸਮੇਂ ਉਨ੍ਹਾਂ ਨੇ ਉਸ ਦਾ ਬਬਾਨ ਕੱਢਿਆ ਅਤੇ ਉਸ ਦੀ ਅਰਥੀ ਸ਼ਮਸ਼ਾਨਘਾਟ ਤੱਕ ਲਿਜਾਣ ਸਮੇਂ ਬੈਂਡ ਪਾਰਟੀ ਬੁਲਾਈ ਗਈ। ਮੇਰੇ ਪਤੀ ਦੀ ਸ਼ਹੀਦੀ ਤੋਂ ਕੁਝ ਮਹੀਨਿਆਂ ਬਾਅਦ ਸਾਡੇ ਘਰ ਦੂਜਾ ਬੱਚਾ ਪੈਦਾ ਹੋਇਆ, ਜੋ ਬੇਟੀ ਸੀ। ਉਸ ਦਾ ਨਾਂ ਜੋਗਿੰਦਰ ਕੌਰ ਰੱਖਿਆ ਗਿਆ।

ਗਿਆਨੀ ਭਜਨ ਸਿੰਘ : ਕੀ ਤੁਹਾਨੂੰ ਪੰਜਾ ਸਾਹਿਬ ਦੇ ਸਾਕੇ ਨਾਲ ਸਬੰਧਤ ਕੋਈ ਘਟਨਾ ਯਾਦ ਹੈ ? ?

ਬੀਬੀ ਹਰਨਾਮ ਕੌਰ : ਰੇਲਗੱਡੀ ਦਾ ਡਰਾਈਵਰ ਪਾਕਿਸਤਾਨ ਦੇ ਗੁਜਰਾਤ ਸ਼ਹਿਰ ਦਾ ਅਰਾਈਂ ਮੁਸਲਮਾਨ ਸੀ। ਮੈਨੂੰ ਹੁਣ ਉਸ ਦਾ ਨਾਮ ਯਾਦ ਨਹੀਂ। ਇਕ ਰਿਟਾਇਰ ਜੱਜ ਵੱਲੋਂ ਉਸ ਦੀ ਜਾਂਚ ਕੀਤੀ ਗਈ ਕਿ ਉਸ ਨੇ ਰੇਲਗੱਡੀ ਕਿਉਂ ਰੋਕੀ ਜਦ ਅਜਿਹਾ ਨਾ ਕਰਨ ਦੇ ਹੁਕਮ ਸਨ। ਉਸ (ਡਰਾਈਵਰ) ਨੇ ਜੱਜਾਂ ਦੇ ਟ੍ਰਿਬਿਊਨਲ ਅੱਗੇ ਜੋ ਬਿਆਨ ਦਿੱਤਾ, ਉਹ ਇਤਿਹਾਸਕ ਤੌਰ 'ਤੇ ਬਹੁਤ ਮਹੱਤਤਾ ਰੱਖਦਾ ਹੈ।

'ਮੈਨੂੰ ਰੇਲ ਗੱਡੀ ਨਾ ਰੋਕਣ ਦੇ ਹੁਕਮ ਸਨ ਤੇ ਰੇਲਗੱਡੀ ਪੂਰੀ ਰਫ਼ਤਾਰ 'ਤੇ ਆ ਰਹੀ ਸੀ ਪਰ ਜਦ ਜੇਲਗੱਡੀ ਪਰਤਾਪ ਸਿੰਘ ਨਾਲ ਟਕਰਾਈ ਤਾਂ ਮੈਨੂੰ ਜਾਪਿਆ ਜਿਵੇਂ ਇਹ ਇਕ ਵੱਡੇ ਪਰਬਤ ਨਾਲ ਟਕਰਾ ਗਈ ਹੋਵੇ ਤੇ ਮੇਰਾ ਹੱਥ ਆਪਣੇ ਆਪ ਸਪੀਡਰ 'ਤੇ ਚਲਾ ਗਿਆ ਤੇ ਰੇਲਗੱਡੀ ਰੁਕ ਗਈ। ਇੰਜਣ ਦੀ ਜਾਂਚ ਤੋਂ ਪਤਾ ਲੱਗਾ ਕਿ ਗੱਡੀ ਦੇ ਬਰੇਕ ਨਹੀਂ ਲਾਏ ਗਏ ਸਨ। ਇਕ ਕੋਈ ਅਦਿੱਖ ਸ਼ਕਤੀ ਸੀ ਜਿਸ ਨੇ ਗੱਡੀ ਰੋਕ ਦਿੱਤੀ।' ਡਰਾਈਵਰ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਉਸ ਦੇ ਬਿਆਨ ਨੇ ਇਹ ਸਾਬਤ ਕਰ ਦਿੱਤਾ ਕਿ ਸਤਿਗੁਰ ਨੇ ਖੁਦ ਰੇਲਗੱਡੀ ਰੋਕੀ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਹੁਣ ਸਾਡੇ ਵਿਚ ਗੁਰਸਿੱਖੀ ਦੀ ਉਹ ਭਾਵਨਾ ਮੌਜੂਦ ਹੈ ? ਇਹ ਸਵਾਲ ਹਰ ਇਕ ਗੁਰਸਿੱਖ ਤੋਂ ਜੁਆਬ ਮੰਗਦਾ ਹੈ।

# ‘ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਮਸਕੀਨ ਸਿੰਘ ਜੀ

**ਭਾਗ 12**

**ਸੰਪਾਦਤ: ਸਰਬਜੀਤ ਕੌਰ**

ਮਨੁੱਖ ਕੋਲ ਸਰੀਰਕ ਤੇ ਬੌਧਿਕ ਬਲ ਬਹੁਤ ਜ਼ਿਆਦਾ ਹੈ, ਇਸ ਬੌਧਿਕ ਬਲ ਦੀ ਵਰਤੋਂ ਮਨੁੱਖ ਸਹੀ ਕਰ ਸਕੇ ਇਸ ਲਈ ਰਾਜਨੀਤੀ ਦਾ ਜਨਮ ਹੋਇਆ ਹੈ। ਪਸ਼ੂ -ਜਗਤ ਵਿੱਚ ਵੱਡਾ ਪਸ਼ੂ ਛੋਟੇ ਪਸ਼ੂ ਨੂੰ ਖਾ ਜਾਂਦਾ ਹੈ, ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ, ਸ਼ੇਰ ਮਿਰਗਾਵਲੀ ਤੇ ਟੁੱਟ ਪੈਂਦਾ ਹੈ। ਡੱਡੂਆਂ, ਸੱਪਾਂ, ਚਿੜੀਆਂ ਤੇ ਬਾਜ਼ ਕਾਬੂ ਪਾ ਲੈਂਦਾ ਹੈ। ਵੱਡੇ ਦਰੱਖਤ ਦੇ ਥੱਲੇ ਛੋਟੇ ਦਰੱਖ਼ਤ ਨਹੀਂ ਪਨਪਦੇ । ਮਨੁੱਖੀ ਦੁਨੀਆਂ ਵਿੱਚ ਹਰ ਇੱਕ ਨੂੰ ਵਧਣ ਫੁੱਲਣ ਦਾ ਅਵਸਰ ਮਿਲ ਸਕੇ ਇਸ ਲਈ ਰਾਜੇ ਦੀ ਉਪਾਧੀ ਦਾ ਜਨਮ ਹੋਇਆ ਤਾਂ ਜੋ ਵੱਡਾ ਛੋਟੇ ਨੂੰ ਖਾ ਨਾ ਜਾਵੇ ਤੇ ਛੋਟਾ ਮਨੁੱਖ ਵੱਡੇ ਮਨੁੱਖ ਦੀ ਉਲੰਘਣਾ ਨਾ ਕਰਨ ਲੱਗ ਪਵੇ, ਇਸ ਲਈ ਕੁਝ ਨਿਯਮ ਬਣਾਏ ਗਏ। ਰਾਜਨੀਤੀ ਦੀ ਆਪਣੀ ਮਹਾਨਤਾ ਹੈ ਤੇ ਇਸ ਦੀ ਲੋੜ ਹੈ ਪਰ ਰਾਜਨੀਤੀ ਦੀ ਪਹੁੰਚ ਬਹੁਤ ਗਹਿਰੀ ਨਹੀਂ ਹੈ ਜੋ ਅਕਾਲ ਤੱਕ ਪੁੱਜ ਸਕੇ।

ਮਨੁੱਖ ਨੂੰ ਮਨ ਨਾਲ ਪੂਰਾ ਕਰਨ ਦੀ ਪੂਰੀ ਖੁੱਲ ਹੈ ਤੇ ਜੋ ਮਨ ਵਿੱਚ ਬੁਰਾ ਕੀਤਾ ਜਾਂਦਾ ਹੈ ਇਹ ਪਾਪ ਹੈ, ਤੇ ਜੋ ਤਨ ਨਾਲ ਕੀਤਾ ਜਾਵੇ ਇਹ ਅਪਰਾਧ ਹੈ। ਪਾਪ ਤੱਕ ਸਮਾਜ ਕਾਨੂੰਨ ਦੀ ਪਹੁੰਚ ਨਹੀਂ ਹੈ ਇਸ ਵਾਸਤੇ ਪਾਪ ਕਰਨ ਦੀ ਖੁੱਲ ਹੈ। ਵੇਖਣ ਵਿੱਚ ਐਸਾ ਹੀ ਆਇਆ ਹੈ ਕਿ ਸੌ ਵਿੱਚੋਂ ਇੱਕ ਨੂੰ ਛੱਡ ਕੇ ਬਾਕੀ ਸਭ ਪਾਪੀ ਹਨ, ਕਿਉਂਕਿ ਹਰ ਇਕ ਦੇ ਮਨ ਵਿੱਚ ਕੋਈ ਨਾ ਕੋਈ ਬੁਰੀ ਧਾਰਨਾ ਹੁੰਦੀ ਹੈ। ਮਨ ਨਾਲ ਕਿਸੇ ਦਾ ਕਤਲ ਜਾ ਚੋਰੀ ਕੀਤੀ ਜਾਏ ਤਾਂ ਕਾਨੂੰਨ ਨੂੰ ਇਸ ਦਾ ਕੋਈ ਬੋਧ ਨਹੀਂ ਹੁੰਦਾ ਹੈ। ਇਸ ਲਈ ਪਾਪੀਆਂ ਦੀ ਸੰਖਿਆ ਘੱਟ ਹੈ ਅਪਰਾਧੀਆਂ ਦੀ ਸੰਖਿਆ ਬਹੁਤ ਜ਼ਿਆਦਾ ਹੈ, ਕਾਨੂੰਨ ਸਜ਼ਾ ਸਿਰਫ ਅਪਰਾਧੀਆਂ ਨੂੰ ਹੀ ਦੇ ਸਕਦਾ ਹੈ ਜੋ ਕਿਸੇ ਦਾ ਕਤਲ ਚੋਰੀ ਕਰ ਲੈਂਦੇ ਹਨ ਤੇ ਜੇਲ ਵਿਚ ਅਪਰਾਧੀ ਹੀ ਜਾਂਦੇ ਹਨ ਤੇ ਇਨਾਂ ਦੀ ਤਾਦਾਦ ਕੋਈ ਇੱਕ ਪ੍ਰਤੀਸ਼ਤ ਹੈ, ਪਰ ਪਾਪ ਜ਼ਿਆਦਾ ਹੈ ਅਪਰਾਧ ਘੱਟ ਹੈ, ਪਰ ਜੋ ਮਨ ਵਿੱਚ ਪਾਪ ਹੈ ਜੇ ਲਗਾਤਾਰ ਮਨ ਵਿਚ ਟਿਕਿਆ ਰਹੇ ਤਾਂ ਅਪਰਾਧ ਬਣ ਜਾਂਦਾ ਹੈ।

ਪਾਪ ਨਾਲ ਤਾਂ ਖ਼ੁਦ ਪੀੜਤ ਹੁੰਦਾ ਹੈ, ਪਰ ਅਪਰਾਧ ਨਾਲ ਤਾਂ ਦੂਜੇ ਵੀ ਪੀੜਤ ਹੁੰਦੇ ਹਨ। ਅਪਰਾਧ ਨਾ ਹੋ ਸਕੇ, ਕਿਸੇ ਮਨੁੱਖ ਤੋਂ ਦੂਜਾ ਪੀੜਤ ਨਾ ਹੋਵੇ, ਇਸ ਲਈ ਨੈਤਿਕ ਵਿਵਸਥਾ ਬਣਾਈ ਗਈ ਪਰ ਇਸ ਨੈਤਿਕ ਵਿਵਸਥਾ ਨਾਲ ਅਪਰਾਧ ਘਟੇ ਨਹੀਂ ਹਨ ਬਲਕਿ ਵਧੇ ਹਨ ਸੰਸਾਰ ਭਰ ਦੀਆਂ ਜੇਲਾਂ ਅਪਰਾਧੀਆਂ ਨਾਲ ਭਰੀਆਂ ਪਈਆਂ ਹਨ। ਇਹ ਦੁਖਾਂਤ ਘਟਨਾ ਧੀਰਜ ਸੋਚ ਮੰਗਦੀ ਹੈ। ਕੀ ਕਾਰਨ ਹੈ ਇੰਨੀ ਨੈਤਿਕ ਵਿਵਸਥਾ ਹੋਣ ਦੇ ਬਾਵਜੂਦ ਵੀ ਮਨੁੱਖ ਨੂੰ ਜੀਵਨ ਦਾ ਢੰਗ ਨਹੀਂ ਆ ਸਕਿਆ ? ਇਹ ਘਟਨਾ ਧੀਰਜ ਸੋਚ ਮੰਗਦੀ ਹੈ ਇੱਕ ਕਹਾਵਤ ਹੈ :

**‘ਯਥਾ ਰਾਜਾ ਤਥਾ ਪਰਜਾ’**

ਇੱਕ ਗਰੀਬ ਇਨਸਾਨ ਧਨਵਾਨ ਦੀ ਨਕਲ ਕਰਦਾ ਹੈ, ਨਿਰਗੁਣ ਗੁਣਵਾਨ ਦੀ ਨਕਲ ਕਰਦਾ ਹੈ, ਜੋ ਮਨੁੱਖ ਧਨ ਸ਼ੋਹਰਤ ਪੰਧ ਵਿੱਚ ਵਗੇ ਨਿਕਲ ਗਿਆ ਹੈ, ਉਸ ਅੱਗੇ ਨਿਕਲ ਗਏ ਦੀ ਨਕਲ ਚੱਲ ਪੈਂਦੀ ਹੈ, ਜੇ ਅੱਗੇ ਨਿਕਲਣ ਵਾਲਾ ਹੀ ਭਟਕ ਗਿਆ ਤਾਂ ਪਿੱਛੇ ਚੱਲਣ ਵਾਲੇ ਵੀ ਭਟਕ ਹੀ ਜਾਂਦੇ ਹਨ। ਪਦ ਪ੍ਰਤਿਸ਼ਠਾ ਵਿਚ ਸੱਤਾਧਾਰੀ ਕਿਸ ਤਰਾਂ ਅੱਗੇ ਨਿਕਲਿਆ ਉਹ ਤਰੀਕਾ ਦੂਜੇ ਵੀ ਅਪਣਾਉਂਦੇ ਹਨ। ਜਿਹੜਾ ਮਨੁੱਖ ਜ਼ਿਆਦਾ ਤਾਕਤਵਰ ਸੀ, ਜ਼ਿਆਦਾ ਪ੍ਰਤਿਭਾਸ਼ਾਲੀ ਸੀ, ਉਸ ਨੇ ਆਪਣੇ ਆਲੇ ਦੁਆਲੇ ਕੁਝ ਹਮਾਇਤੀ ਇਕੱਠੇ ਕਰ ਲਏ ਤੇ ਉਨਾਂ ਦੇ ਆਸਰੇ ਤੇ ਦੂਜਿਆਂ ਨੂੰ ਦਬਾ ਕੇ ਰੱਖਣ ਲੱਗ ਪਿਆ। ਚਲਦੇ ਚਲਦੇ ਐਸੀ ਫਿਤਰਤ ਆ ਗਈ ਕਿ ਰਾਜੇ ਮਹਾਰਾਜੇ ਬਾਦਸ਼ਾਹ ਬਣ ਗਏ। ਸ਼ੁਰੂਆਤ ਵਿੱਚ ਰਾਜ ਪ੍ਰਥਾ ਇਸੇ ਢੰਗ ਨਾਲ ਹੀ ਚੱਲੀ ਸੀ। ਧਨ ਸੰਪਦਾ ਬਹੁਤ ਹੋ ਗਈ ਤੇ ਉਸ ਦੀ ਰਖਵਾਲੀ ਵਾਸਤੇ ਸਿਪਾਈ ਰੱਖ ਲਏ ਫਿਰ ਪੀੜੀ ਦਰ ਪੀੜੀ ਇਹ ਬਾਦਸ਼ਾਹੀ ਚੱਲਣ ਲੱਗ ਪਈ। ਕਦੀ ਕਦੀ ਇਸ ਪੀੜੀ ਵਿੱਚ ਚੰਗੇ ਮਹਾਂਪੁਰਸ਼ ਵੀ ਪੈਦਾ ਹੁੰਦੇ ਰਹੇ ਜਨਕ, ਹਰੀਸ਼, ਚੰਦਰ, ਬਿਕਰਮਾਜੀਤ, ਮਹਾਰਾਜਾ ਰਣਜੀਤ ਸਿੰਘ ਜੈਸੇ ਸੰਤ ਭਗਤ ਗੁਰਸਿੱਖ ਪੈਦਾ ਹੋਏ, ਲੇਕਿਨ ਇਹ ਆਟੇ ਵਿਚ ਲੂਣ ਜਿੰਨੇ ਵੀ ਨਹੀਂ ਸਨ। ਇਨਾਂ ਵਿੱਚੋਂ ਜ਼ਿਆਦਾ ਉਹੀ ਸਨ ਜੋ ਮੁਫ਼ਤ ਦੀ ਧਨ ਸੰਪਦਾ ਪ੍ਰਾਪਤ ਕਰਕੇ ਵਿਲਾਸੀ ਹੋ ਗਏ, ਹਰਮ ਰਾਣੀਆਂ



ਤੇ ਬੇਗਮਾਂ ਨਾਲ ਭਰ ਲਏ। ਦਿਨ ਰਾਤ ਰੰਗ ਦੀ ਮਹਿਫ਼ਲ ਵਿੱਚ ਲੀਨ ਰਹਿਣ ਲੱਗ ਪਏ, ਪਰਜਾ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਆਪਣੀ ਨਿੱਜੀ ਐਸ਼ੋ ਇਸ਼ਰਤ ’ਤੇ ਖਰਚ ਕਰਨ ਲੱਗ ਪਏ। ਸ਼ਰਾਬ ਨੂੰ ਪਾਣੀ ਦੀ ਤਰਾਂ ਪੀਣ ਲੱਗ ਪਏ ਅਤੇ ਹਾਲਾਤ ਇਸ ਹੱਦ ਤੱਕ ਬਦਤਰ ਹੋ ਗਏ ਕਿ ਲੋਕਾਂ ਦੀਆਂ ਬਹੂ- ਬੇਟੀਆਂ ਦੀ ਇੱਜ਼ਤ ਵੀ ਮਹਿਫੂਜ਼ ਨਾ ਰਹਿ ਸਕੀ। ਜਦੋਂ ਚਾਹਿਆ ਕਿਸੇ ਦੀ ਅਸਮਤ ਲੁੱਟ ਲਈ। ਰੰਚਕ ਮਾਤਰ ਕਿਸੇ ਨੇ ਇਨਸਾਫ਼ ਤੇ ਸੱਚ ਵਾਸਤੇ ਦੁਹਾਈ ਦਿੱਤੀ ਤਾਂ ਕਿਸੇ ਦੀ ਜ਼ੁਬਾਨ ਕੱਟ ਦਿੱਤੀ, ਕਿਸੇ ਦੀਆਂ ਅੱਖਾਂ ਕੱਢ ਲਈਆਂ, ਕਿਸੇ ਨੂੰ ਸੂਲੀ ਚੜਾਇਆ ਗਿਆ ਤੇ ਕਿਸੇ ਨੂੰ ਕੋੜੇ ਮਾਰ ਮਾਰ ਕੇ ਅੱਧ ਮੋਇਆ ਕੀਤਾ। ਰੋਮ ਦੇ ਕੁਝ ਬਾਦਸ਼ਾਹ ਤਾਂ ਐਸੇ ਮਨੁੱਖਾਂ ਨੂੰ ਸ਼ੇਰਾਂ ਦੇ ਪਿੰਜਰਿਆਂ ਵਿੱਚ ਜਿੰਦਾਂ ਸੁੱਟ ਦਿੰਦੇ ਸਨ ਅਤੇ ਉਸ ਦੀ ਬੇਵੱਸੀ ਦਾ ਦ੍ਰਿਸ਼ ਆਪਣੀਆਂ ਅੱਖਾਂ ਨਾਲ ਵੇਖ ਕੇ ਰਸ ਲੈਂਦੇ ਸਨ। ਇੱਕ ਪ੍ਰਤੀਸ਼ਤ ਰਾਜਿਆਂ ਤੇ ਬਾਦਸ਼ਾਹਾਂ ਨੂੰ ਛੱਡ ਕੇ ਬਾਕੀ ਸਾਰਿਆਂ ਦਾ ਇਤਿਹਾਸ ਖ਼ੂਨੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਅੱਯਾਸ਼ੀ ਤੇ ਬਦਮਾਸ਼ੀ ਉਨਾਂ ਦੀ ਫਿਤਰਤ ਬਣ ਚੁੱਕੀ ਸੀ। ਐਸੇ ਹਾਲਾਤ ਵੇਖ ਅਣਖੀਲੇ ਬੰਦੇ ਬਾਗੀ ਹੋਣ ਲੱਗ ਪਏ ਤੇ ਸਹਿਜੇ ਸਹਿਜੇ ਬਾਗ਼ੀਆਂ ਦੀ ਗਿਣਤੀ ਵਧਣ ਲੱਗ ਪਈ। ਬਾਗ਼ੀਆਂ ਦੇ ਇਕੱਠ ਨੇ ਹਰ ਮੁਲਕ ਵਿੱਚ ਵਿਦਰੋਹ ਖੜਾ ਕਰ ਦਿੱਤਾ, ਕਿਸੇ ਕਿਸੇ ਥਾਂ ਵਿਦਰੋਹੀ ਸਫਲ ਹੋਏ ਤਾਂ ਰਾਜ ਪ੍ਰਥਾ ਦਾ ਵਿਕਲਪ ਲੱਭਿਆ ਗਿਆ। ਗਣਤੰਤਰ ਤੇ ਸਮਾਜਵਾਦ ਡੈਮੋਕਰੇਸੀ ਦੇ ਕਮਿਊਨਿਜ਼ਮ ਦੀ ਪ੍ਰਥਾ ਪ੍ਰਗਟ ਹੋਈ। ਅਜੇ ਕਿਧਰੇ ਜਮਹੂਰੀਅਤ ਹੈ ਤੇ ਕਿਧਰੇ ਕਮਿਊਨਿਜ਼ਮ, ਬਾਦਸ਼ਾਹਤ ਸ਼ਖ਼ਸੀ ਰਾਜ ਪ੍ਰਥਾ ਹੋਣ ਥੋੜੀ ਮੁਲਕਾਂ ਵਿੱਚ ਰਹਿ ਗਈ ਹੈ। ਸਾਕਸ਼ੀ ਹਕੂਮਤ ਦੇ ਭ੍ਰਿਸ਼ਟ ਹੋਣ ਤੇ ਜੋ ਕ੍ਰਾਂਤੀ ਹੋਈ ਉਸ ਤੋਂ ਗਣਤੰਤਰ ਤੇ ਸਮਾਜਵਾਦ ਨੇ ਜਨਮ ਲਿਆ। ਇਸ ਕ੍ਰਾਂਤੀ ਵਿਚੋਂ ਜੰਮੇ ਇਹ ਦੋਵੇਂ ਬੱਚੇ ਵੀ ਪੰਗੁ (ਕਮਜ਼ੋਰ) ਸਾਬਤ ਹੋਏ। ਜਮਹੂਰੀ ਨਿਜ਼ਾਮ ਵੇਖੀਏ ਤਾਂ ਇੱਥੇ ਸਾਫ਼ ਦਿਖਾਈ ਦਿੰਦਾ ਹੈ ਕਿ ਨਿਰਧਨ ਮਨੁੱਖ ਚੋਣ ਨਹੀਂ ਲੜ ਸਕਦਾ, ਧਨ ਜਿਸ ਕੋਲ ਅਧਿਕ ਹੈ ਜਾਂ ਜਿਸ ਕੋਲ ਤਰਾਂ ਤਰਾਂ ਦੀਆਂ ਸਾਜ਼ਿਸ਼ ਕਰਨ ਵਾਲੀ ਬਿਰਤੀ ਦੇ ਵਿਅਕਤੀ ਹੈ ਤੇ ਉਸ ਬਿਰਤੀ ਨਾਲ ਜ਼ਰਾਇਮ ਪੇਸ਼ਾ ਲੋਕਾਂ ਦੀ ਮਦਦ ਨਾਲ ਸੱਤਾ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਂਦਾ ਹੈ। ਧਨਵਾਨਾਂ ਤੇ ਵਿਲਾਸੀ ਮਨੁੱਖਾਂ ਕੋਲੋਂ ਰਾਜ ਸੱਤਾ ਖੋਹ ਫਿਰ ਰਾਜ ਸੱਤਾ ਧਨਵਾਨਾਂ ਦੀ ਵਿਲਾਸੀ ਅਯਾਸ਼ ਮਨੁੱਖਾਂ ਦੇ ਹੱਥਾਂ ਵਿੱਚ ਚਲੀ ਗਈ। ਜਿਹੜੇ ਜਿਹੜੇ ਮੁਲਕ ਸਮਾਜਵਾਦ ਦੀ ਲਪੇਟ ਵਿੱਚ ਆਏ ਇਹ ਮੁਲਕ ਇੱਕ ਜੇਲਖਾਨਾ ਬਣ ਕੇ ਰਹਿ ਗਏ ਸਮਾਜਵਾਦ ਲੋਕਾਂ ਦੇ ਸੱਤਾਧਾਰੀ ਅੱਜ ਜਿੰਨੀ ਆਪਣੇ ਹੱਥਾਂ ਵਿਚ ਸ਼ਕਤੀ ਰੱਖਦੇ ਹਨ, ਇੰਨੀ ਕਦੇ ਪਹਿਲੇ ਵੀ ਨਹੀਂ ਸੀ। ਇਹ ਕਹਿੰਦੇ ਹਨ ਕਿ ਅਸੀਂ ਸਾਰਿਆਂ ਨੂੰ ਇਕ ਕਰਨਾ ਹੈ ਪਰ ਜੇਕਰ ਸਾਰਿਆਂ ਨੂੰ ਮਕਾਨ, ਇਕ ਜੈਸੇ ਕੱਪੜੇ ਤੇ ਵੇਤਨ ਇੱਕ ਜੈਸਾ ਦਿੱਤਾ ਤਾਂ ਫਿਰ ਅਸੀਂ ਵੇਖਦੇ ਹਾਂ ਕਿ ਜੋ ਬੁੱਧੀਮਾਨ ਹੈ ਉਹ ਫੈਕਟਰੀ ਦਾ ਮੈਨੇਜਰ ਬਣ ਜਾਂਦਾ ਹੈ। ਬਾਕੀ ਮਜ਼ਦੂਰ ਫ਼ੌਜ ਵਿੱਚ ਇਕ ਜਨਰਲ ਬਣ ਜਾਂਦਾ ਹੈ, ਦੂਜਾ ਮਾਮੂਲੀ ਸਿਪਾਹੀ। ਇਕ ਸਾਰਿਆਂ ਨੂੰ ਬਰਾਬਰ ਕਰਦਾ ਕਰਦਾ ਪੂਰੀ ਸੱਤਾ ਆਪਣੇ ਹੱਥ ਵਿੱਚ ਰੱਖ ਲੈਂਦਾ ਹੈ ਅਤੇ ਬਾਕੀ ਸਾਰੇ ਸ਼ਕਤੀਹੀਣ ਹੋ ਜਾਂਦੇ ਹਨ। ਰਾਜੇ ਬਾਦਸ਼ਾਹ ਦੇ ਖ਼ਿਲਾਫ਼ ਵਿਦਰੋਹ ਵਾਸਤੇ ਗੁੰਜਾਇਸ਼ ਸੀ, ਪਰ ਸਮਾਜਵਾਦੀ ਦੇਸ਼ਾਂ ਨੇ ਤਾਂ ਇੰਨੀ ਸ਼ਕਤੀ ਵੀ ਮਨੁੱਖ ਕੋਲ ਨਹੀਂ ਰਹਿਣ ਦਿੱਤੀ, ਜੇ ਕਿਸੇ ਆਵਾਜ਼ ਉਠਾਈ ਤਾਂ ਉਸ ਦਾ ਸਰੀਰ ਗੋਲੀਆਂ ਨਾਲ ਉਡਾ ਦਿੱਤਾ ਗਿਆ। ਸਾਰੀ ਜ਼ਿੰਦਗੀ ਲਈ ਜੇਲ ਵਿੱਚ ਬੰਦ ਕਰ ਦਿੱਤਾ ਗਿਆ। ਅੱਜ ਸਮਾਜਵਾਦੀ ਦੇਸ਼ਾਂ ਦੀਆਂ ਜੇਲਾਂ ਵਿੱਚ ਕਿੰਨੇ ਹੀ ਕਾਵਿ ਸਾਹਿਤਕਾਰ ਜੋ ਸਮਾਜਵਾਦੀ ਪ੍ਰਣਾਲੀ ਨਾਲ ਸਹਿਮਤ ਨਾ ਹੋਏ, ਸੜ ਰਹੇ ਹਨ। ਇਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਹੋਵੇ ਤਾਂ ਪਾਸਪੋਰਟ ਚਾਹੀਦਾ ਹੈ। ਘੋਰ ਜ਼ੁਲਮ ਏਨਾ ਜ਼ਿਆਦਾ ਵਧ ਗਿਆ ਹੈ ਕਿ ਆਪਣੇ ਹੀ ਦੇਸ਼ ਵਿੱਚ ਕਦੋਂ ਪਾਸਪੋਰਟ ਦੀ ਜ਼ਰੂਰਤ ਪੈ ਜਾਵੇ ਪਤਾ ਨਹੀਂ। ਆਪਣੇ ਮੁਲਕ ਦਾ ਦੂਜਾ ਸ਼ਹਿਰ ਵੇਖਣਾ ਔਖਾ ਹੋਵੇ, ਇਨਾਂ ਦੇਸ਼ਾਂ ਵਿਚ ਬਾਹਰ ਤੇ ਚਿੱਠੀਆਂ ਨਹੀਂ ਜਾ ਸਕਦੀਆਂ ਤੇ ਉਥੋਂ ਕੋਈ ਚਿੱਠੀ ਨਹੀਂ ਆ ਸਕਦੀ, ਸਿੱਧਾ ਟੈਲੀਫੋਨ ਨਹੀਂ ਕਰ ਸਕਦੇ, ਸਮੁੱਚੇ ਮੁਲਕ ਨੂੰ ਇੱਕ ਜੇਲ ਬਣਾ ਦਿੱਤਾ ਹੈ ਇਨਾਂ ਸਮਾਜਵਾਦੀ ਕ੍ਰਾਂਤੀਕਾਰੀਆਂ ਨੇ। ਜਿੱਥੇ ਜਿੱਥੇ ਜਨਤਾ ਨੇ ਉਨਾਂ ਦਾ ਸਾਥ ਦੇ ਕੇ ਕ੍ਰਾਂਤੀ ਨੂੰ ਸਫਲ ਕੀਤਾ, ਉਹ ਅੱਜ ਖ਼ੂਨ ਦੇ ਹੰਝੂ ਰੋ ਰਹੇ ਹਨ, ਜਿਸ ਦੀ ਹੋਂਦ ਨੇ ਮਨੁੱਖ ਨੂੰ ਮਨੁੱਖ ਬਣਾਉਣਾ ਹੈ ਤੇ ਪਰਉਪਕਾਰੀ ਬਿਰਤੀਆਂ ਨੂੰ ਜਨਮ ਦੇਣਾ ਹੈ ਉਹ ਹੈ ਧਰਮ, ਹੋਰ ਜਦ ਧਰਮ ਖੋ ਜਾਂਦਾ ਹੈ, ਸੱਤਾਧਾਰੀ ਦਰਿੰਦੇ ਹੋ ਜਾਂਦੇ ਹਨ ਤੇ ਉਨਾਂ ਦੇ ਅਨਗਊ ਕੂਕਰ ਬਿਰਤੀ ਦੇ ਹੋ ਜਾਂਦੇ ਹਨ।

‘ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥’

ਜਿਸ ਕੋਲ ਸੱਤ ਹੋਵੇ, ਉਹੀ ਠੀਕ ਸੱਤਾ ਚਲਾ ਸਕਦਾ ਹੈ, ਸੱਤ ਬਿਨਾਂ ਬੰਦਗੀ ਤੋਂ ਨਹੀਂ ਮਿਲਦਾ ।

**ਜਲਾਲੇ ਪਾਤਸ਼ਾਹੀ ਹੋ**
**ਯਾ ਜਮਹੂਰੀ ਤਮਾਸ਼ਾ ਹੋ।**
**ਜੁਦਾ ਹੋ ਦੀ ਸਿਆਸਤ ਸੇ**
**ਤੋ ਰਹਿ ਜਾਤੀਂ ਹੈ ਚੰਗੇਜੀ।।** (ਇਕਬਾਲ)

ਧਰਮ ਹੀਣੀ ਸੱਤਾ ਚੰਗੇਜ਼ੀ ਤੇ ਹਲਾਕੂ ਦੀ ਸੱਤਾ ਹੈ, ਸੱਤਾ ਜਦੋਂ ਤੱਕ ਸਤਿਵਾਦੀ ਕੋਲ ਨਹੀਂ ਆਉਂਦੀ ਉਦੋਂ ਤੱਕ ਇਹ ਉਤਪਾਦਕ ਤੇ ਅਨਿਆਈ ਭ੍ਰਿਸ਼ਟਾਚਾਰ ਰਹੇਗਾ, ਕੋਰੀ ਸੱਤਾ ਮਨੁੱਖ ਨੂੰ ਭ੍ਰਿਸ਼ਟ ਕਰ ਦਿੰਦੀ ਹੈ । ਅੱਜ ਦੇ ਸਮੇਂ ਵਿੱਚ ਜੋ ਹਾਲਾਤ ਚੱਲ ਰਹੇ ਹਨ, ਉਹ ਇਸੇ ਬਿਰਤੀ ਵਾਲੇ ਇਨਸਾਨ ਚਲਾ ਰਹੇ ਹਨ ਜਿਨਾਂ ਨੂੰ ਕਿਸੇ ਵੀ ਮਨੁੱਖ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਉਹ ਇਨਸਾਨ ਕੇਵਲ ਤੇ ਕੇਵਲ ਆਪਣੀ ਐਸ਼ੋ ਆਰਾਮ ਦੇ ਲਈ ਦੂਜਿਆਂ ਉੱਤੇ ਜ਼ੁਲਮ ਕਰ ਰਹੇ ਹਨ। ਦੇਸ਼ ਵਿਚ ਐਨੀ ਜ਼ਿਆਦਾ ਹਾਹਾਕਾਰ ਮੱਚੀ ਹੋਣ ਦੇ ਬਾਵਜੂਦ ਵੀ ਦੇਸ਼ ਦਾ ਹੁਕਮਰਾਨ ਉਨਾਂ ਦੀ ਆਵਾਜ਼ ਨਹੀਂ ਸੁਣ ਰਿਹਾ ਹੈ। ਜਦੋਂ ਦੇਸ਼ ਨੂੰ ਬਚਾਉਣ ਵਾਲਾ ਹੀ ਦੇਸ਼ ਨੂੰ ਖਾ ਰਿਹਾ ਹੁੰਦਾ ਹੈ ਤਾਂ ਉਸ ਦੇਸ਼ ਦਾ ਆਉਣ ਵਾਲਾ ਸਮਾਂ ਬਹੁਤ ਹੀ ਭਿਆਨਕ ਤੇ ਖਤਰਨਾਕ ਹੁੰਦਾ ਹੈ।



# ਸਿੱਖ ਤੇ ਕਮਿਊਨਿਸਟ ਧਿਰਾਂ ਦੀ ਸਾਂਝ



ਗੁਰਬਚਨ ਸਿੰਘ ਦੇਸ ਪੰਜਾਬ
9815698451

ਕਿਸਾਨ ਮੋਰਚੇ ਦੀ ਸਫਲਤਾ ਅਤੇ ਪੰਜਾਬ ਅੰਦਰ ਦੋਹਾਂ ਧਿਰਾਂ ਦੀ ਸਦੀਵੀ ਸਾਂਝ ਲਈ ਦੋਹਾਂ ਧਿਰਾਂ ਨੂੰ ਇਕ-ਦੂਜੇ ਦੀ ਫਿਲਾਸਫੀ ਬਾਰੇ ਸਪਸ਼ਟ ਹੋਣਾ ਬਹੁਤ ਜ਼ਰੂਰੀ ਹੈ। ਨਹੀਂ ਤੇ ਲਖਬੀਰ ਸਿੰਘ ਦੇ ਵਹਿਸ਼ੀ ਕਤਲ ਵਰਗੀ ਹਰੇਕ ਛੋਟੀ ਮੋਟੀ ਘਟਨਾ ਪਿਛੋਂ ਉਭਰੇ ਮਤਭੇਦ ਦੋਹਾਂ ਧਿਰਾਂ ਨੂੰ ਇਕ-ਦੂਜੇ ਤੋਂ ਪਰਾਂ ਧਕ ਦੇਂਦੇ ਹਨ। ਹਰੇਕ ਅਜਿਹਾ ਵਰਤਾਰਾ ਕਿਸਾਨ ਮੋਰਚੇ ਨੂੰ ਹਰਜਾ ਪੁਚਾਉਂਦਾ ਹੈ।

ਇਹ ਸਚਾਈ ਮੰਨ ਕੇ ਚਲਣਾ ਚਾਹੀਦਾ ਹੈ ਕਿ ਪਿਛਲੇ ਕੁਝ ਦਹਾਕਿਆਂ ਦੇ ਦੋਹਾਂ ਧਿਰਾਂ ਦੇ ਰਾਜਸੀ ਅਮਲ ਇਕ-ਦੂਜੇ ਪ੍ਰਤੀ ਸ਼ਕੀ ਮਾਹੌਲ ਸਿਰਜਣ ਲਈ ਜਿੰਮੇਵਾਰ ਹਨ। ਪਰ ਬਦਕਿਸਮਤੀ ਇਹ ਹੈ ਕਿ ਦੋਹੇਂ ਧਿਰਾਂ ਆਪਣੇ ਪਿਛਲੇ ਗਲਤ ਰਾਜਸੀ ਅਮਲ ਉਤੇ ਝਾਤੀ ਮਾਰ ਕੇ ਉਸ ਤੋਂ ਕੋਈ ਸਬਕ ਸਿਖਣ ਦੀ ਬਜਾਇ, ਉਸ ਲਈ ਇਕ-ਦੂਜੇ ਨੂੰ ਦੋਸ਼ੀ ਠਹਿਰਾਈ ਜਾਂਦੀਆਂ ਹਨ। ਦੋਹਾਂ ਧਿਰਾਂ ਵਿਚ ਬੈਠੇ ਮੌਕਾਪ੍ਰਸਤ ਠੱਗ ਤੇ ਅਣਜਾਣ ਕਿਸਮ ਦੇ ਲੋਕ ਇਸ ਹਾਲਤ ਦਾ ਨਜਾਇਜ ਫਾਇਦਾ ਉਠਾ ਕੇ ਕਿਸਾਨ ਮੋਰਚੇ ਨੂੰ ਕਮਜੋਰ ਕਰ ਰਹੇ ਹਨ ਅਤੇ ਫਾਸ਼ੀ ਮੋਦੀ ਸਰਕਾਰ ਦੇ ਹਕ ਵਿਚ ਭੁਗਤ ਰਹੇ ਹਨ।

ਇਕ ਗੱਲ ਬੜੀ ਸਪਸ਼ਟ ਹੈ ਕਿ ਕਮਿਊਨਿਸਟ ਲਹਿਰ ਦੇ ਬਾਨੀ ਮਾਰਕਸ-ਏਂਗਲਜ ਨੇ ਕਿਤੇ ਵੀ ਧਰਮਾਂ ਦਾ ਵਿਰੋਧ ਨਹੀਂ ਕੀਤਾ। ਉਨ੍ਹਾਂ ਨੇ ਇਕ ਗੱਲ ਜਰੂਰ ਕਹੀ ਹੈ ਕਿ ਜਦੋਂ ਆਮ ਲੋਕ ਚਾਰ-ਚੁਫੇਰੇ ਫੈਲੀ ਕੁਦਰਤ ਨਾਲ ਆਪਣੇ ਸਿੱਧੇ ਅਨੁਭਵੀ ਰਿਸ਼ਤੇ ਪ੍ਰਤੀ ਜਾਗਰੂਕ ਹੋ ਜਾਣਗੇ, ਤਾਂ ਉਹ ਧਰਮਾਂ ਦੇ ਕਰਮਕਾਂਡੀ ਪਖ ਨੂੰ ਹਮੇਸ਼ਾਂ ਲਈ ਤਿਆਗ ਦੇਣਗੇ। ਪਰ ਉਦੋਂ ਤਕ ਉਹ ਆਪਣੀ ਜਿੰਦਗੀ ਵਿਚਲੇ ਦੁਖਾਂ ਕਲੇਸ਼ਾਂ ਲਈ ਧਰਮਾਂ ਵਿਚੋਂ ਧਰਵਾਸ ਲੈਂਦੇ ਰਹਿਣਗੇ। ਰੂਸੀ ਇਨਕਲਾਬ ਦੇ ਆਗੂ ਲੈਨਿਨ ਨੇ ਜ਼ਰੂਰ ਧਰਮਾਂ ਦਾ ਵਿਰੋਧ ਕੀਤਾ ਪਰ ਚੀਨੀ ਇਨਕਲਾਬ ਦੇ ਆਗੂ ਮਾਓ-ਜੇ ਤੁੰਗ ਨੇ ਧਰਮ ਨੂੰ ਮਨੁਖੀ ਸਭਿਆਚਾਰ ਦਾ ਅੰਗ ਕਹਿ ਕੇ ਚੀਨੀ ਕਮਿਊਨਿਸਟਾਂ ਨੂੰ ਬੁਧ ਧਰਮ ਅਤੇ ਕਨਫਿਊਸ਼ੀਅਸ ਦੀ ਫਿਲਾਸਫੀ ਨੂੰ ਪੜਨ ਲਈ ਪ੍ਰੇਰਿਆ। ਸੰਸਾਰ ਭਰ ਵਿਚ ਬਾਅਦ ਦੀਆਂ ਵਾਪਰੀਆਂ ਘਟਨਾਵਾਂ ਨੇ ਮਾਓ ਜੇ ਤੁੰਗ ਦੀ ਇਸ ਧਾਰਨਾ ਦੀ ਪੁਸ਼ਟੀ ਕੀਤੀ।

ਦੂਜੀ ਗੱਲ ਹੋਰ ਵੀ ਸਪੱਸ਼ਟ ਹੈ ਕਿ ਸਿੱਖ ਧਰਮ ਅਤੇ ਇਸ ਦੇ ਪਿਛੋਕੜ ਵਿਚ ਖੜੀ ਗੁਰਮਤਿ ਫਿਲਾਸਫੀ ਹੋਰਨਾਂ ਧਰਮਾਂ ਵਾਂਗ ਇਕ ਹੋਰ ਕਰਮਕਾਂਡੀ ਧਰਮ ਨਹੀਂ ਹੈ। ਗੁਰਮਤਿ ਆਪਣੇ ਤੋਂ ਪਹਿਲੇ ਸਾਰੇ ਧਰਮਾਂ ਦੀ ਫਿਲਾਸਫੀ ਦਾ ਤਤਨਿਚੋੜ ਹੈ। ਇਹ ਕਿਤੇ ਵੀ ਭੇਖ ਅਤੇ ਕਰਮਕਾਂਡ ਦੀ ਹਾਮੀ ਨਹੀਂ ਭਰਦੀ। ਗੁਰਮਤਿ ਆਪਣਾ ਆਰੰਭ ੧ੴ ਸਤਿ ਨਾਮ ਤੋਂ ਕਰਦੀ ਹੈ। ਭਾਵ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਫੈਲਿਆ ਅਸੀਮ ਅਤੇ ਅਕਾਲ ਬ੍ਰਹਿਮੰਡੀ ਪਸਾਰਾ ਇਕ ਹੈ। ਇਹ ਸਚ ਹੈ ਅਤੇ ਮਾਇਆ ਜਾਂ ਛਲਾਵਾ ਨਹੀਂ, ਜਿਵੇਂ ਕਿ ਸ਼ੰਕਰਾਚਾਰੀਆ ਜਾਂ ਮਨੂੰਵਾਦ ਕਹਿੰਦਾ ਹੈ। ਆਕਾਰ ਸਰੂਪ ਹੋਣ ਕਾਰਨ ਇਹ ਨਾਮ-ਸਰੂਪ ਹੈ। (ਨਾਮ ਕੇ ਧਾਰੇ ਸਗਲ ਆਕਾਰ॥ (੨੮੪) ਗੁਰਮਤਿ ਅਨੁਸਾਰ ਇਹੀ (ਸਤਿ) ਨਾਮ ਦਾ ਹੋਇਆ ਗਿਆਨ ਹੈ।

ਗੁਰਮਤਿ ਆਰੰਭ ਵਿਚ ਹੀ ਆਪਣਾ ਰਾਜਨੀਤਕ ਬਿਰਤਾਂਤ ਸਿਰਜਦੀ ਹੈ। ਖਾਲਸਾ ਪੰਥ ਦੀ ਸਾਜਨਾ ਦੇ ਨਾਲ ਹੀ ਰਾਜ ਕਰੇਗਾ ਖਾਲਸਾ ਦਾ ਸੰਕਲਪ ਉਭਰ ਆਉਂਦਾ ਹੈ। ਖਾਲਸਾ ਰਾਜ ਜਿਹੜਾ ਕੁਦਰਤ ਅਤੇ ਆਪਣੇ ਵਿਚਕਾਰ ਕਿਸੇ ਵਿਚੋਲੇ ਨੂੰ ਨਹੀਂ ਮੰਨਦਾ। ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥ (੫੮੦) ਕਰਤਾ ਪੁਰਖ, ਅਕਾਲ ਪੁਰਖ ਅਤੇ ਮਨੁੱਖ। ਮਨੁੱਖ ਦੀ ਜਿੰਮੇਵਾਰੀ ਕੀ ਹੈ ?

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ( ੨੯੫)**

ਇਹ ਗੱਲ ਮਾਰਕਸ ਨੇ ਬਹੁਤ ਬਾਅਦ ਵਿਚ ਕਹੀ ਹੈ, ਜਿਹੜੀ ਗੁਰਮਤਿ ਨੇ ਆਪਣੇ ਆਰੰਭ ਵਿਚ ਹੀ ਕਹੀ ਹੈ, ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ॥ (੨੭) ਜਿਸ ਕਾ ਰਾਜੁ ਤਿਸੈ ਕਾ ਸੁਪਨਾ॥ (੧੭੯) ਭਾਵ ਜਿਸ ਦੀ ਸਰਕਾਰ ਹੈ ਸਾਰੇ ਲੋਕ ਉਸੇ ਦਾ ਪਾਣੀ ਭਰਦੇ ਹਨ। ਜਾਂ ਜਿਸ ਤਰਾਂ ਦਾ ਰਾਜ ਹੈ ਮਨੁਖ ਸੁਪਨੇ ਵੀ ਉਸੇ ਤਰਾਂ ਦੇ ਲੈਂਦਾ ਹੈ। ਰਾਜ ਬਿਨਾਂ ਨ ਧਰਮ ਚਲੇ ਹੈਂ। ਧਰਮ ਬਿਨਾਂ ਸਭ ਦਲੇ ਮਲੇ ਹੈਂ। ਭਾਵ ਰਾਜ ਬਿਨਾਂ ਧਰਮ ਦਾ ਵਿਸਥਾਰ ਨਹੀਂ ਹੋ ਸਕਦਾ ਤੇ ਧਰਮ ਬਿਨਾਂ ਰਾਜਨੀਤੀ ਕਿਸੇ ਜਾਬਤੇ ਵਿਚ ਨਹੀਂ ਬੰਨੀ ਜਾ ਸਕਦੀ। ਧਰਮ ਅਤੇ ਰਾਜਨੀਤੀ ਦਾ ਵਿਸਥਾਰ ਇਕ-ਦੂਜੇ ਨਾਲ ਜੁੜਿਆ ਹੋਇਆ ਹੈ।

ਧਰਮ ਕੀ ਹੈ ? ਮਜਲੂਮ ਦੀ ਰਖਿਆ। ਜਰਵਾਣੇ ਦੀ ਭਖਿਆ। ਗੁਰਮਤਿ ਅਨੁਸਾਰ ਦੀਨ ਦੁਨੀ ਦੀ ਰਖਿਆ ਕਰਦਿਆਂ ਜਾਨ ਦੀ ਬਾਜੀ ਲਾ ਦੇਣੀ ਹੀ ਧਰਮ ਹੈ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ (੧੧੦੫)**

**ਗੁਰਮਤਿ ਦਾ ਫੁਰਮਾਨ ਹੈ ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮ ਅਗਨਿ ਮਹਿ ਸਾੜੀ॥ (੧੯੯) ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (੩) ਸਤੁ ਸੰਤੋਖੁ ਦਇਆ ਕਮਾਵੈ ਇਹ ਕਰਣੀ ਸਾਰ॥ (੫੧)**

ਮਨੂੰਵਾਦ ਦੇ ਇਸ ਕਲਪਿਤ ਝੂਠ ਕਿ ਇਹ ਧਰਤੀ ਧੌਲ ਦੇ ਸਿੰਙਾਂ ਉਤੇ ਖੜੀ ਹੈ ਦਾ ਪੂਰਨ ਰੂਪ ਵਿਚ ਖੰਡਨ ਕਰਦਿਆਂ, ਗੁਰਮਤਿ ਗਿਆਨ ਦੇਂਦੀ ਹੈ ਕਿ ਇਹ ਧਰਤੀ ਧਰਮ ਦੀਆਂ ਨੀਹਾਂ ਉਤੇ ਖੜੀ ਹੈ। ਧਰਮ, ਜਿਹੜਾ ਦਇਆ ਦਾ ਪੁਤਰ ਹੈ ਅਤੇ ਜਿਸ ਨੂੰ ਸੰਤੋਖ ਦੇ ਜਜ਼ਬੇ ਨੇ ਬੰਨ ਕੇ ਰਖਿਆ ਹੋਇਆ ਹੈ। ਭਾਵ ਧਰਮ ਦਾ ਮੂਲ ਦਇਆ ਅਤੇ ਸੰਤੋਖ ਦੋ ਮਨੁਖੀ ਜਜਬੇ ਹਨ। ਦਇਆ ਆਪਣੇ ਤੋਂ ਨਿਮਾਣੇ-ਨਿਤਾਣੇ ਭਾਵ ਮਜਲੂਮ ਪ੍ਰਤੀ ਹਮਦਰਦੀ ਦੀ ਭਾਵਨਾ ਅਤੇ ਉਸ ਦੇ ਹਿਤਾਂ ਲਈ ਲੜਨ ਦਾ ਜਜਬਾ ਪੈਦਾ ਕਰਦੀ ਹੈ ਅਤੇ ਸੰਤੋਖ ਦਾ ਜਜ਼ਬਾ ਵੰਡ ਛਕਣ ਦੀ ਭਾਵਨਾ ਪੈਦਾ ਕਰਦਾ ਹੈ। ਰਾਮਾਇਣ ਦੇ ਕਰਤਾ ਤੁਲਸੀ ਦਾਸ ਨੇ ਸਾਰੇ ਹਿੰਦੂ ਧਰਮ ਦਾ ਤਤਸਾਰ ਇਸ ਇਕ ਪੰਕਤੀ ਵਿਚ ਦਰਜ ਕੀਤਾ ਹੈ, ਦਇਆ ਧਰਮ ਦਾ ਮੂਲ ਹੈ। ਬੇਸ਼ਕ ਅੱਜ ਸਾਮਰਾਜੀ ਮੁਨਾਫਾਖੋਰ ਵਪਾਰੀ ਤਰਜੇ ਜਿੰਦਗੀ ਨੇ ਇਹ ਦੋਵੇਂ ਹੀ ਮਨੁੱਖੀ ਜਜ਼ਬੇ ਮਾਰ ਦਿੱਤੇ ਹਨ।

ਮੁਢ ਤੋਂ ਹੀ ਖਾਲਸਾ ਪੰਥ ਨੇ ਖਾਲਸਈ ਰਾਜ ਕਾਇਮ ਕਰਨ ਦਾ ਨਿਸ਼ਾਨਾ ਮਿਥ ਕੇ ਆਪਣੇ ਆਪ ਨੂੰ ਜਥੇਬੰਦ ਕੀਤਾ ਹੈ। 1708 ਤੋਂ ਲੈ ਕੇ 1716 ਤੱਕ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਆਲੇਦੁਆਲੇ ਪੰਜਾਬ ਦੇ ਵੱਡੇ ਹਿੱਸੇ ਵਿਚ ਖਾਲਸਾ ਰਾਜ ਦੇ ਝੰਡੇ ਝੁਲਾ ਦਿੱਤੇ ਸਨ। ਇਤਿਹਾਸਕਾਰਾਂ ਅਨੁਸਾਰ ਇਸ ਖਿੱਤੇ ਵਿਚ ਹੇਠਲੀ ਉਤੇ ਹੋ ਗਈ ਸੀ। ਸਮਾਜ ਦੀ ਰਹਿੰਦ ਖੂਹੰਦ ਤੇ ਗਰੀਬ ਤਬਕਾ ਰਾਜਸ਼ਾਹੀ ਦਾ ਮਾਲਕ ਬਣ ਗਿਆ ਸੀ। ਜਾਤੀ ਆਧਾਰ ਉਤੇ ਪੰਥ ਵਿਚ ਫੁਟ ਪੈ ਜਾਣ ਕਾਰਨ ਭਾਵੇਂ ਇਹ ਰਾਜ ਥੋੜਚਿਰਾ ਰਿਹਾ ਪਰ ਇਸ ਦੇ ਬਾਵਜੂਦ ਸਿੱਖ ਆਪਣੇ ਰਾਜ ਲਈ ਲੜਦੇ ਰਹੇ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬਣਿਆ, ਜਿਸ ਨੂੰ ਸਰਕਾਰੇ ਖਾਲਸਾ ਦਾ ਨਾਂ ਦਿਤਾ ਗਿਆ ਪਰ ਇਹ ਰਾਜ ਖਾਲਸਾ ਸਿਧਾਂਤਾਂ ਦੇ ਅਨੁਸਾਰੀ ਨਾ ਬਣ ਸਕਿਆ।

ਜਿਵੇਂ ਸੱਜੇ-ਖੱਬੇ ਸੋਧਵਾਦੀਆਂ ਦੇ ਅਮਲ ਵੱਲ ਵੇਖ ਕੇ ਮਾਰਕਸਵਾਦ ਦੇ ਇਨਕਲਾਬੀ ਤੱਤ ਦਾ ਭੇਦ ਨਹੀਂ ਪਾਇਆ ਜਾ ਸਕਦਾ, ਐਨ ਇਸੇ ਤਰਾਂ ਸੁਖਬੀਰ ਸਿੰਘ ਬਾਦਲ ਤੇ ਅਮਰਿੰਦਰ ਸਿੰਘ ਵਰਗੇ ਭੇਖੀ, ਫਰੇਬੀ ਅਤੇ ਮਾਇਆਧਾਰੀ ਸਿਖਾਂ ਵਲ ਵੇਖ ਕੇ ਗੁਰਮਤਿ ਦੇ ਇਨਕਲਾਬੀ ਤਤ ਦੀ ਥਾਹ ਨਹੀਂ ਪਾਈ ਜਾ ਸਕਦੀ।

ਇੱਥੇ ਦੋਹਾਂ ਧਿਰਾਂ ਦੇ ਖਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਾਰੇ ਯਤਨਾਂ ਦੇ ਬਾਵਜੂਦ 2008 ਤੋਂ ਆਰੰਭ ਹੋਇਆ ਸਾਮਰਾਜੀ ਅਰਥਚਾਰੇ ਦਾ ਸੰਕਟ ਹੱਲ ਹੋਣ ਦਾ ਨਾਂ ਨਹੀਂ ਲੈ ਰਿਹਾ। ਇਹ ਸੰਕਟ ਸਮੁਚੇ ਸੰਸਾਰ ਨੂੰ ਤੀਜੀ ਸਾਮਰਾਜੀ ਸੰਸਾਰ ਜੰਗ ਵੱਲ ਧਕ ਰਿਹਾ ਹੈ। ਅਮਰੀਕੀ ਸਾਮਰਾਜੀਆਂ ਦੀ ਨਵੀਂ ਯੁਧਨੀਤੀ ਮਧ ਪੂਰਬ ਵਿਚ ਸ਼ੀਆ ਸੁੰਨੀਆਂ ਦੀ ਆਪਸੀ ਲੜਾਈ ਨੂੰ ਭੜਕਾਉਣਾ ਹੈ। ਯੂਰਪ ਵਿਚ ਰੂਸ ਤੇ ਪਛਮੀ ਸਾਮਰਾਜੀ ਦੇਸ਼ਾਂ ਨੂੰ ਆਪਸ ਵਿਚ ਯੁਧ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਕੀਤਾ ਜਾ ਰਿਹਾ ਹੈ। ਏਸ਼ੀਆ ਵਿਚ ਚੀਨ, ਪਾਕਿਸਤਾਨ, ਭਾਰਤ ਅਤੇ ਜਾਪਾਨ ਨੂੰ ਆਪਸ ਵਿਚ ਲੜਾਉਣ ਦੀਆਂ ਸਾਜ਼ਿਸ਼ਾਂ ਚਲ ਰਹੀਆਂ ਹਨ। ਪੱਛਮੀ ਸਾਮਰਾਜੀ ਮੁਲਕਾਂ ਸਮੇਤ ਸੰਸਾਰ ਭਰ ਦੇ ਦੇਸਾਂ ਵਿਚ ਫੈਲ ਰਿਹਾ ਸਮਾਜੀ ਅਤੇ ਪਰਿਵਾਰਕ ਸੰਕਟ ਹੋਰ ਗੂੜਾ ਹੁੰਦਾ ਜਾ ਰਿਹਾ ਹੈ। ਜਾਪਦਾ ਹੈ ਕਿ ਜਿਵੇਂ ਸਮੁਚੀ ਦੁਨੀਆ ਕਿਸੇ ਹਨੇਰੀ ਗੁਫਾ ਵੱਲ ਦੌੜੀ ਜਾ ਰਹੀ ਹੈ। ਕਮਿਊਨਿਸਟਾਂ ਵੱਲੋਂ ਮਾਰਕਸਵਾਦ ਦੇ ਮਨੁੱਖੀ ਤੱਤ ਨੂੰ ਪਛਾਨਣ ਵਿਚ ਰਹੀ ਘਾਟ ਨੇ ਮਾਰਕਸਵਾਦ ਨੂੰ ਆਪਣਾ ਇਨਕਲਾਬੀ ਰੋਲ ਨਿਭਾਉਣ ਤੋਂ ਸੱਖਣਾ ਕਰ ਦਿੱਤਾ ਹੈ। ਇਸਲਾਮ ਅਤੇ ਈਸਾਈ ਧਰਮ ਆਪਣੇ-ਆਪਣੇ ਘੇਰੇ ਵਿਚ ਮਨੁੱਖ ਜਾਤੀ ਨੂੰ ਇਸ ਸੰਕਟ ਵਿਚੋਂ ਬਾਹਰ ਕੱਢਣ ਦੇ ਯਤਨ ਕਰ ਰਹੇ ਹਨ। ਪਰ ਉਨਾਂ ਵਿਚਲਾ ਅਧੂਰਾ ਆਤਮਿਕ ਗਿਆਨ ਇਸ ਸਰਬਪਖੀ ਸੰਕਟ ਨੂੰ ਪਕੜ ਪਾਉਣ ਵਿਚ ਅਸਮਰੱਥ ਜਾਪ ਰਿਹਾ ਹੈ। ਇਸ ਹਾਲਤ ਵਿਚ ਗੁਰਮਤਿ ਦੇ ਆਤਮਿਕ ਗਿਆਨ ਦੀ ਸਰਬਸੰਸਾਰੀ ਅਹਿਮੀਅਤ ਪ੍ਰਗਟ ਕਰਨ ਦੀ ਲੋੜ ਹੈ। ਇਸ ਆਤਮਿਕ ਗਿਆਨ ਵਿਚ ਨਵੇਂ ਮਨੁਖੀ ਸਮਾਜ ਦੀ ਸਿਰਜਣਾ ਦਾ ਸੰਕਲਪ ਮੌਜੂਦ ਹੈ।

# ਬੇਮੌਸਮੀ ਬਰਸਾਤ ਦੇ ਕਾਰਨ



ਜਸਕੀਰਤ ਸਿੰਘ
੯੮੮੮੯-੪੯੨੦੧

ਆਏ ਸਾਲ ਪੂਰੇ ਸੰਸਾਰ ਵਿੱਚ ਬੇਮੌਸਮੀ ਬਰਸਾਤ ਅਤੇ ਹੜਾਂ ਦੀ ਦਰ ਲਗਾਤਾਰ ਵਧਦੀ ਜਾ ਰਹੀ ਹੈ ਜਿਸ ਦੀ ਮਾਰ ਹਰ ਇੱਕ ਆਮ ਵਿਅਕਤੀ ਹਰ ਇੱਕ ਜੰਗਲੀ ਜਾਨਵਰ ਨੂੰ ਸਹਿਣੀ ਪੈਂਦੀ ਹੈ। ਹਰ ਸਾਲ ਲੱਖਾਂ ਦੀ ਤਾਦਾਦ ਵਿੱਚ ਮਨੁੱਖ ਅਤੇ ਜੰਗਲੀ ਜਾਨਵਰ ਇਨਾਂ ਬਰਸਾਤਾਂ ਅਤੇ ਹੜਾਂ ਵਿੱਚ ਆਪਣੀ ਜਾਨ ਗੁਆ ਦਿੰਦੇ ਹਨ। ਅਰਬਾਂ ਦੀਆਂ ਇਮਾਰਤਾਂ ਮੁੱਖ ਸੁਵਿਧਾਵਾਂ ਖ਼ਤਮ ਹੋ ਜਾਂਦੀਆਂ ਹਨ । ਕਈ ਕਾਰੋਬਾਰ ਬੰਦ ਹੋ ਜਾਂਦੇ ਹਨ । ਕਈ ਥਾਵਾਂ ਤੇ ਤਾਂ ਰੋਟੀ ਦੇ ਵੀ ਲਾਲੇ ਪੈ ਜਾਂਦੇ ਹਨ। ਹਜ਼ਾਰਾਂ ਲੋਕ ਕਈ ਦਿਨਾਂ ਤੱਕ ਆਪਣੇ ਹੀ ਘਰਾਂ ਵਿਚ ਕੈਦ ਹੋ ਜਾਂਦੇ ਹਨ ਅਤੇ ਕਈ ਇਨਾਂ ਹੜਾਂ ਦੀ ਮਾਰ ਹੇਠ ਅਲੋਪ ਹੋ ਜਾਂਦੇ ਹਨ।

ਪਰ ਇਨਾਂ ਬੇ-ਮੌਸਮੀ ਬਰਸਾਤਾਂ ਅਤੇ ਹੜਾਂ ਦੀ ਦਰ ਵਿੱਚ ਵਾਧਾ ਆਖਰ ਕਿਸ ਕਾਰਨਾਂ ਕਰਕੇ ਹੋ ਰਿਹਾ ਹੈ ਹਰ ਸਾਲ ਬਰਸਾਤਾਂ ਮੌਨਸੂਨ ਦੀ ਬਜਾਏ ਉਸ ਦੇ ਅਗੇਤਰ ਪਛੇਤਰ ਦੇ ਸਮੇਂ ਵਿੱਚ ਹੀ ਕਿਉਂ ਹੋ ਜਾਂਦੀਆਂ ਹਨ। ਇਨਾਂ ਹੀ ਅਣਮਿੱਥੇ ਸਮਿਆਂ ਦੀਆਂ ਬਰਸਾਤਾਂ ਹੜਾਂ ਦਾ ਮੁੱਖ ਕਾਰਨ ਹਨ। ਭਾਰੀ ਬੇਮੌਸਮੀ ਬਰਸਾਤ ਕਾਰਨ ਜਗਾ ਜਗਾ ਤੇ ਹੜ ਆਮ ਦੇਖਣ ਨੂੰ ਮਿਲ ਜਾਂਦੇ ਹਨ। ਇਸ ਵਿੱਚ ਅਸੀਂ ਕਿਸੇ ਇੱਕ ਦੇਸ਼ ਜਾਂ ਕਿਸੇ ਇੱਕ ਸ਼ਹਿਰ ਵਿੱਚ ਹੁੰਦੀ ਤਬਾਹੀ ਦੀ ਗੱਲ ਨਹੀਂ ਕਰ ਰਹੇ ਕਿਉਂਕਿ ਇਹ ਤਬਾਹੀ ਹਰ ਸਾਲ ਪੂਰੇ ਸੰਸਾਰ ਵਿੱਚ ਵੇਖਣ ਨੂੰ ਮਿਲਦੀ ਹੈ ਅਤੇ ਇਸ ਤਬਾਹੀ ਦੀ ਮਾਰ ਵਿੱਚ ਲੱਖਾਂ ਆਮ ਜਨਜੀਵਨ ਲੱਖਾਂ ਜੰਗਲੀ ਜਾਨਵਰ ਮਾਰੇ ਜਾਂਦੇ ਹਨ। ਅਰਬਾਂ ਖਰਬਾਂ ਦੀਆਂ ਇਮਾਰਤਾਂ ਨਿੱਜੀ ਘਰ ਸਾਧਨ ਸੜਕਾਂ ਸਭ ਤਬਾਹ ਹੋ ਜਾਂਦੀਆਂ ਹਨ।

ਚਲੋ ਮੰਨਿਆ ਕਿ ਹੜਾਂ ਦਾ ਮੁੱਖ ਕਾਰਨ ਬੇਮੌਸਮੀ ਭਾਰੀ ਬਰਸਾਤ ਹੈ ਪਰ ਫੇਰ ਇਹ ਬਰਸਾਤਾਂ ਦਾ ਮੁੱਖ ਕਾਰਨ ਕੀ ਹੈ। ਕਿਨਾਂ ਕਾਰਨਾਂ ਕਰਕੇ ਹਰ ਸਾਲ ਬਰਸਾਤਾਂ ਆਪਣੇ ਸਮੇਂ ਤੋਂ ਅੱਗੇ ਪਿੱਛੇ ਆ ਆਪਣੇ ਨਾਲ ਭਾਰੀ ਤਬਾਹੀ ਲੈ ਕੇ ਆਉਂਦੀ ਹੈ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਇਨਾਂ ਬੇਮੌਸਮੀ ਬਰਸਾਤਾਂ ਦਾ ਮੁੱਖ ਕਾਰਨ ਆਮ ਮਨੁੱਖ ਹੀ ਹੈ ਮਨੁੱਖ ਪਰਜਾਤੀ ਕਈ ਸਾਲਾਂ ਤੋਂ ਕੁਦਰਤ ਨਾਲ ਦੁਰ ਵਿਵਹਾਰ ਕਰਦੀ ਆ ਰਹੀ ਹੈ । ਮਨੁੱਖ ਕੁਦਰਤ ਨੂੰ ਇੱਕ ਆਮ ਸ਼ਬਦ ਸਮਝ ਕੇ ਉਸ ਦੀ ਰੱਜ ਕੇ ਬੇਅਦਬੀ ਕਰਦਾ ਆ ਰਿਹਾ ਹੈ। ਵਾਤਾਵਰਨ ਨੂੰ ਦਿਲ ਖੋਲ ਕੇ ਪ੍ਰਦੂਸ਼ਿਤ ਕਰਦਾ ਹੈ ਸਾਗਰਾਂ ਨਹਿਰਾਂ ਵਿਚ ਅੰਨੇਵਾਹ ਕੂੜਾ ਕਰਕਟ ਪਲਾਸਟਿਕ ਸੁੱਟ ਰਿਹਾ ਹੈ ਫੈਕਟਰੀਆਂ ਦਾ ਗੰਦਾ ਪਾਣੀ ਜ਼ਹਿਰ ਨਾਲੋਂ ਵੀ ਹਾਨੀਕਾਰਕ ਇਨਾਂ ਸਾਗਰਾਂ ਵਿੱਚ ਮਿਲਾਉਂਦਾ ਜਾ ਰਿਹਾ ਹੈ । ਫ਼ਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾ ਕੇ ਹਵਾ ਨੂੰ ਗੰਧਲਾ ਕਰਦਾ ਜਾ ਰਿਹਾ ਹੈ। ਪਲਾਸਟਿਕ, ਕੱਪੜਿਆਂ, ਦਵਾਈਆਂ ਨੂੰ ਅੱਗ ਲਾ ਕੇ ਉਸਦੇ ਕੈਮੀਕਲਾਂ ਨੂੰ ਹਵਾ ਵਿੱਚ ਮਿਲਾਉਂਦਾ ਜਾ ਰਿਹਾ ਹੈ ਫ਼ਸਲਾਂ ਨੂੰ ਸਮੇਂ ਤੋਂ ਪਹਿਲਾਂ ਤਿਆਰ ਕਰਨ ਲਈ ਕਈ ਪ੍ਰਕਾਰ ਦੀਆਂ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਨ ਨਾਲ ਵੀ ਵਾਤਾਵਰਨ ਨੂੰ ਬਹੁਤ ਪ੍ਰਭਾਵਿਤ ਕਰ ਰਿਹਾ ਹੈ । ਹਰ ਸਾਲ ਕਰੋੜਾਂ ਰੁਪਇਆਂ ਦੀ ਆਤਿਸ਼ਬਾਜ਼ੀ ਨਾਲ ਇਕ ਸਾਲ ਦੀ ਜ਼ਹਿਰ ਇਕੋ ਦਿਨ ਵਿਚ ਵਾਤਾਵਰਨ ਵਿਚ ਘੋਲ ਦਿੰਦਾ ਹੈ ਜਿਸ ਨਾਲ ਸਭ ਤੋਂ ਵੱਧ ਜਨਜੀਵਨ ਅਤੇ ਕੁਦਰਤ ਪ੍ਰਭਾਵਿਤ ਹੁੰਦੀ ਹੈ।

ਮਨੁੱਖ ਆਪਣੇ ਨਫ਼ੇ ਦੇ ਲਈ ਧੜਾਧੜ ਜੰਗਲਾਂ ਦੀ ਕਟਾਈ ਕਰਦਾ ਜਾ ਰਿਹਾ ਹੈ ਕਰੋੜਾਂ ਦੀ ਤਾਦਾਦ ਵਿੱਚ ਰੁੱਖਾਂ ਨੂੰ ਖ਼ਤਮ ਕਰ ਰਿਹਾ ਹੈ ਅਤੇ ਬਿਨਾਂ ਕੁਝ ਸੋਚ ਵਿਚਾਰ ਕਰੇ ਆਪਣੇ ਨਾਲ ਨਾਲ ਪੂਰੀ ਕਾਇਨਾਤ ਨੂੰ ਖ਼ਤਮ ਕਰ ਰਿਹਾ ਹੈ ।

ਸੰਸਾਰ ਦੀਆਂ ਕਈ ਵੱਡੀਆਂ ਸੰਸਥਾਵਾਂ ਨੇ ਕਈ ਸਾਲ ਪਹਿਲਾਂ ਇਹ ਬਿਆਨ ਕਰ ਦਿੱਤਾ ਸੀ ਕਿ ਜਦੋਂ ਤੱਕ ਮਨੁੱਖ ਕੁਦਰਤੀ ਵਾਤਾਵਰਨ ਨਾਲ ਛੇੜਛਾੜ ਕਰਨੋਂ ਨਹੀਂ ਹਟੇਗਾ, ਜਦੋਂ ਤੱਕ ਮਨੁੱਖ ਕੁਦਰਤ ਨੂੰ ਪਿਆਰ ਨਹੀਂ ਕਰੇਗਾ ਉਦੋਂ ਤਕ ਹਰ ਸਾਲ ਬੇਮੌਸਮੀ ਬਰਸਾਤਾਂ ਦੇ ਨਾਲ ਨਾਲ ਹੜਾਂ ਦੀ ਦਰਾਂ ਵਿੱਚ ਵਾਧਾ ਆਉਂਦਾ ਰਹੇਗਾ। ਹਰ ਸਾਲ ਇਹ ਸੰਸਥਾਵਾਂ ਮਨੁੱਖ ਨੂੰ ਇਹ ਚਿਤਾਵਨੀ ਦਿੰਦੀ ਆ ਰਹੀ ਹੈ ਕਿ ਉਹ ਕੁਦਰਤ ਨਾਲ ਖਿਲਵਾੜ ਕਰਨਾ ਬੰਦ ਕਰ ਦੇਵੇ । ਆਮ ਇਨਸਾਨ ਜੋ ਕੁਝ ਆਪਣੇ ਨਫ਼ੇ ਲਈ ਇਸ ਕੁਦਰਤ ਨੂੰ ਮਾਰ ਮਾਰ ਰਿਹਾ ਹੈ ਉਹ ਮਾਰ ਉਲਟੀ ਇੱਕ ਨਾ ਇੱਕ ਦਿਨ ਉਸ ਉੱਪਰ ਜ਼ਰੂਰ ਪੈਣੀ ਹੈ।

ਇਨਾਂ ਬੇਮੌਸਮੀ ਹੜਾਂਦਾ ਮੁੱਖ ਕਾਰਨ ਮਨੁੱਖ ਹੀ ਹੈ ਅਤੇ ਇਸ ਨੂੰ ਸਹੀ ਸਥਿਤੀ ਵਿਚ ਵੀ ਮਨੁੱਖ ਹੀ ਲਿਆ ਸਕਦਾ ਹੈ । ਮਨੁੱਖ ਨੂੰ ਹੁਣ ਤਾਂ ਇਹ ਸਭ ਕੁਝ ਸਮਝਣਾ ਚਾਹੀਦਾ ਹੈ ਕਿ ਕੁਦਰਤ ਨਾਲ ਛੇੜਛਾੜ ਉਸ ਨੂੰ ਹੀ ਮਹਿੰਗੀ ਪਵੇਗੀ ਕੁਦਰਤ ਜਿਵੇਂ ਦੀ ਹੈ ਉਸ ਨੂੰ ਓਦਾਂ ਹੀ ਰਹਿਣ ਦੇਵੇ। ਉਸ ਨੂੰ ਖ਼ਤਮ ਕਰਨ ਦੀ ਬਜਾਏ ਉਸ ਨੂੰ ਪਿਆਰ ਨਾਲ ਸਤਿਕਾਰ ਨਾਲ ਹੋਰ ਵਧਾਉਣਾ ਚਾਹੀਦਾ ਹੈ ਨਾ ਕਿ ਆਪਣੇ ਕੁਝ ਨਫ਼ੇ ਲਈ ਉਸ ਨੂੰ ਖ਼ਤਮ ਕਰਨਾ ਚਾਹੀਦਾ ਹੈ ।

ਉਮੀਦ ਹੈ ਕਿ ਜੋ ਵੀ ਇਨਸਾਨ ਇਸ ਗੱਲ ਨੂੰ ਪੜੇਗਾ ਸਮਝੇਗਾ, ਉਹ ਕੁਦਰਤ ਨੂੰ ਖ਼ਤਮ ਕਰਨ ਦੀ ਬਜਾਏ ਉਸ ਨਾਲ ਪਿਆਰ ਕਰੇਗਾ।

# ਬੰਦੀ ਛੋੜ ਦਿਵਸ ਅਤੇ ਸਿੱਖ ਇਤਿਹਾਸ

**ਦਿਲਜੀਤ ਸਿੰਘ 'ਬੇਦੀ'**

ਸਿੱਖ ਪੰਥ ਦੇ ਕੁਰਬਾਨੀਆਂ ਭਰੇ ਇਤਿਹਾਸ ਅਤੇ ਲਾਸਾਨੀ ਵਿਰਸੇ ਨੇ ਇਸ ਨੂੰ ਦੁਨੀਆਂ ਭਰ ਵਿੱਚ ਨਿਆਰਾ ਪੰਥ ਹੋਣ ਦਾ ਮਾਣ ਹਾਸਲ ਕਰਵਾਇਆ ਹੈ। ਹਰ ਸਾਲ ਕੱਤਕ ਦੇ ਮਹੀਨੇ ਜਿੱਥੇ ਸਮੁੱਚੇ ਭਾਰਤ ਵਾਸੀ ਦੀਵਾਲੀ ਦਾ ਤਿਉਹਾਰ ਮਨਾਉਂਦੇ ਹਨ, ਉੱਥੇ ਹੀ ਸਮੁੱਚਾ ਸਿੱਖ ਪੰਥ ਇਸ ਨੂੰ ਹੱਕ-ਸੱਚ ਦੀ ਜਿੱਤ ਵਜੋਂ ਬੰਦੀ ਛੋੜ ਦਿਵਸ ਦੇ ਰੂਪ ਵਿੱਚ ਮਨਾਉਂਦਾ ਹੈ। ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸਬੰਧ ਉਸ ਸਮੇਂ ਜੁੜਿਆ, ਜਦੋਂ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿੱਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਇਹ ਸੱਚਾਈ ਦੀ ਕੂੜ ਉੱਪਰ ਜਿੱਤ ਦਾ ਮੁਬਾਰਕ ਮੌਕਾ ਸੀ, ਜਿਸ ਨੂੰ ਸੰਗਤਾਂ ਨੇ ਖ਼ੁਸ਼ੀ ਵਿੱਚ ਦੀਪਮਾਲਾ ਕਰ ਕੇ ਮਨਾਇਆ। ਬੰਦੀ ਛੋੜ ਦਿਵਸ ਨਾਲ ਸਿੱਖ ਇਤਿਹਾਸ ਦੀਆਂ ਕਈ ਪ੍ਰਮੁੱਖ ਘਟਨਾਵਾਂ ਜੁੜੀਆਂ ਹੋਈਆਂ ਹਨ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ, 'ਅੱਜ ਤੋਂ ਮੇਰੀ ਪਿਆਰੀ ਭੇਟਾ ਵਧੀਆ ਸ਼ਸ਼ਤਰ ਤੇ ਚੰਗੇ ਜਵਾਨ ਹੋਣਗੇ।' ਉਨਾਂ ਨੇ ਮਸੰਦਾਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਲੋਕਾਂ ਨੂੰ ਧਨ ਦੀ ਥਾਂ ਵਧੀਆ ਜਵਾਨ, ਹਥਿਆਰ ਤੇ ਚੰਗੇ ਘੋੜੇ ਦੇਣ ਲਈ ਤਿਆਰ ਕਰਨ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਇੱਥੇ ਜਵਾਨਾਂ ਦੇ ਘੋਲ-ਦੰਗਲ ਹੁੰਦੇ ਤੇ ਯੋਧਿਆਂ ਦੀਆਂ ਵੀਰਰਸੀ ਵਾਰਾਂ ਗਾਈਆਂ ਜਾਣ ਲੱਗੀਆਂ। ਦਰਬਾਰ ਵਿੱਚ ਸਿੱਖਾਂ ਦੇ ਮਸਲਿਆਂ ਦੇ ਫ਼ੈਸਲੇ ਲਏ ਜਾਣ ਲੱਗੇ। ਇਸ ਨਾਲ ਸਿੱਖਾਂ ਵਿੱਚ ਜਾਗ੍ਰਤੀ ਆਈ ਅਤੇ ਸੈਨਿਕ ਰੁਚੀਆਂ ਬਲਵਾਨ ਹੋਈਆਂ। ਗੁਰੂ ਘਰ ਦੀ ਵਧਦੀ ਸ਼ਕਤੀ ਗੁਰੂ ਘਰ ਦੇ ਵਿਰੋਧੀਆਂ ਦੀਆਂ ਅੱਖਾਂ ਵਿੱਚ ਰੜਕਣ ਲੱਗੀ। ਅਜਿਹੇ ਲੋਕਾਂ ਨੇ ਮੁਰਤਜ਼ਾ ਖ਼ਾਨ ਦੇ ਗੁਰੂ ਜੀ ਦੇ ਵਿਰੁੱਧ ਕੰਨ ਭਰ ਦਿੱਤੇ। ਮੁਰਤਜ਼ਾ ਖ਼ਾਨ ਨੇ ਜਹਾਂਗੀਰ ਕੋਲੋਂ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਲੈ ਕੇ, ਵਜ਼ੀਰ ਖ਼ਾਨ ਅਤੇ ਗੁੰਚਾ ਬੇਗ਼ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਦਾ ਕੰਮ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਸੰਭਾਲਿਆ ਤੇ ਦਿੱਲੀ ਰਵਾਨਾ ਹੋ ਗਏ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਵਿੱਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿੱਤਾ। ਇਸੇ ਦੌਰਾਨ ਬਾਦਸ਼ਾਹ ਜਹਾਂਗੀਰ ਬਿਮਾਰ ਹੋ ਗਿਆ। ਸਾਈਂ ਮੀਆਂ ਮੀਰ ਨੇ ਜਹਾਂਗੀਰ ਨੂੰ ਕਿਹਾ, 'ਇਹ ਖ਼ੁਦਾਈ ਕਹਿਰ ਹੈ, ਤੁਸੀਂ ਖ਼ੁਦਾ ਦੇ ਨੇਕ ਬੰਦੇ ਗੁਰੂ ਹਰਿਗੋਬਿੰਦ ਸਾਹਿਬ ਦੀ ਬੇਅਦਬੀ ਕੀਤੀ ਹੈ। ਉਸ ਨੂੰ ਬਿਨਾਂ ਕਾਰਨ ਜੇਲ ਵਿੱਚ ਕੈਦ ਕੀਤਾ ਹੈ।' ਵਜ਼ੀਰ ਖ਼ਾਨ ਨੇ ਵੀ ਇਸ ਦੀ ਹਾਮੀ ਭਰੀ। ਜਹਾਂਗੀਰ ਦੀ ਪਤਨੀ ਨੂਰਜਹਾਂ ਨੇ ਵੀ ਜ਼ੋਰ ਦੇ ਕੇ ਆਖਿਆ ਕਿ ਗੁਰੂ ਹਰਿਗੋਬਿੰਦ ਜੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਿੱਟੇ ਵਜੋਂ ਜਹਾਂਗੀਰ ਨੇ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਬਿਨਾਂ ਸ਼ਰਤ ਰਿਹਾਅ ਕਰ ਕੇ ਅਦਬ ਨਾਲ ਵਾਪਸ ਲਿਆਂਦਾ ਜਾਵੇ। ਗਵਾਲੀਅਰ ਦੇ ਬਾਕੀ ਕੈਦੀ ਗੁਰੂ ਜੀ ਦੀ ਰਿਹਾਈ ਦੀ ਖ਼ਬਰ ਸੁਣ ਕੇ ਉਦਾਸ ਹੋ ਗਏ। ਇਸ ਲਈ ਰਾਜਿਆਂ ਨੇ ਆਪਣੀ ਰਿਹਾਈ ਲਈ ਵੀ ਗੁਰੂ ਜੀ ਪਾਸ ਬੇਨਤੀ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਵਜ਼ੀਰ ਨੂੰ ਆਖ ਭੇਜਿਆ ਕਿ ਇਹ ਬੇਦੋਸ਼ੇ ਰਾਜੇ ਵੀ ਰਿਹਾਅ ਕੀਤੇ ਜਾਣ। ਇਨਾਂ ਦੀ ਰਿਹਾਈ ਤੋਂ ਬਿਨਾਂ ਉਨਾਂ ਦੀ ਰਿਹਾਈ ਨਹੀਂ ਹੋ ਸਕਦੀ। ਜਹਾਂਗੀਰ ਨੇ ਕਿਹਾ ਕਿ ਜਿੰਨੇ ਕੈਦੀ ਗੁਰੂ ਜੀ ਦਾ ਪੱਲਾ ਫੜ ਕੇ ਬਾਹਰ ਨਿਕਲ ਜਾਣਗੇ, ਰਿਹਾਅ ਸਮਝੇ ਜਾਣਗੇ। ਗੁਰੂ ਹਰਿਗੋਬਿੰਦ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਸਿਲਵਾਇਆ, ਜਿਨਾਂ ਨੂੰ ਫੜ ਕੇ 52 ਪਹਾੜੀ ਰਾਜੇ ਵੀ ਕੈਦ ਤੋਂ ਮੁਕਤ ਹੋ ਗਏ। ਇਸ ਦਿਨ ਪਿੱਛੋਂ ਗੁਰੂ ਸਾਹਿਬ ਬੰਦੀ ਛੋੜ ਸਤਿਗੁਰੂ ਦੇ ਨਾਂ ਨਾਲ ਪ੍ਰਸਿੱਧ ਹੋਏ। ਰਿਹਾਅ ਹੋ ਕੇ ਉਹ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਗੁਰੂ ਜੀ ਦੇ ਆਗਮਨ ਤੇ ਦਰਸ਼ਨਾਂ ਦੀ ਖ਼ੁਸ਼ੀ ਵਿੱਚ ਬਾਬਾ ਬੁੱਢਾ ਜੀ ਦੇ ਹੁਕਮਾਂ 'ਤੇ ਸ਼ਹਿਰ ਵਿੱਚ ਦੇਸੀ ਘਿਉ ਦੇ ਦੀਵੇ ਜਗਾ ਕੇ ਦੀਪਮਾਲਾ ਕੀਤੀ। ਇਸ ਪ੍ਰਕਾਰ ਇਹ ਦਿਨ ਸਿੱਖਾਂ ਵਿੱਚ ਬੰਦੀ ਛੋੜ ਦਿਵਸ ਦੇ ਨਾਂ ਨਾਲ ਪ੍ਰਚੱਲਿਤ ਹੋਇਆ। ਇਸ ਦਿਨ ਤੋਂ ਹੀ ਦੀਵਾਲੀ ਦਾ ਸਬੰਧ ਸਿੱਖ ਇਤਿਹਾਸ ਨਾਲ ਜੁੜਿਆ।

# ਸਿੱਖ ਇਤਿਹਾਸ ਵਿਚ 'ਬੰਦੀ ਛੋੜ ਦਿਵਸ' ਦੀ ਮਹਾਨਤਾ



**ਬੀਬੀ ਜਾਗੀਰ ਕੌਰ**

ਸਿੱਖ ਕੌਮ ਵੱਲੋਂ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਣ ਦਾ ਸਬੰਧ ਛੇਵੇਂ ਪਤਾਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲੇ 'ਚੋਂ ਰਿਹਾਈ ਨਾਲ ਜੁੜਿਆ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਮੁਗ਼ਲਾਂ ਦੇ ਜਬਰ ਨਾਲ ਨਜਿੱਠਣ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋਣ ਦਾ ਸੰਦੇਸ਼ ਦਿੱਤਾ। ਉਨਾਂ ਨੇ 'ਮੀਰੀ' ਤੇ 'ਪੀਰੀ' ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ, ਸਿੱਖਾਂ ਨੂੰ ਘੋੜ ਸਵਾਰੀ ਸਮੇਤ ਯੁੱਧ ਕਲਾ ਵਿਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿਚ ਸਿੱਖ ਕੌਮ ਸਬੰਧੀ ਨਿਰਣਿਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

ਗੁਰੂ ਸਾਹਿਬ ਦੀ ਸ਼ਾਹੀ, ਸੁਤੰਤਰ ਤੇ ਬੇਬਾਕ ਜੀਵਨ ਸ਼ੈਲੀ ਹਕੂਮਤ ਨੂੰ ਰੜਕਣ ਲੱਗੀ। ਗੁਰੂਘਰ ਦੇ ਦੋਖੀਆਂ ਨੇ ਮੁਗ਼ਲ ਹਾਕਮਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਬਾਦਸ਼ਾਹ ਜਹਾਂਗੀਰ ਨੂੰ ਵੀ ਜਾਪਦਾ ਸੀ ਕਿ ਸ਼ਾਇਦ ਗੁਰੂ ਸਾਹਿਬ ਸਾਰੀ ਜੰਗੀ ਤਿਆਰੀ ਮੁਗ਼ਲ ਹਕੂਮਤ ਕੋਲੋਂ ਆਪਣੇ ਗੁਰੂ-ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕਰ ਰਹੇ ਹਨ। ਉਸ ਨੇ ਗੁਰੂ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀਆਂ ਚਾਲਾਂ ਸ਼ੁਰੂ ਕਰਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲੇ 'ਚ ਬੰਦੀ ਬਣਾ ਦਿੱਤਾ।

ਜਹਾਂਗੀਰ ਵੱਲੋਂ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਦੀਆਂ ਰਿਆਸਤਾਂ ਹਥਿਆਉਣ ਉਪਰੰਤ ਉਨਾਂ ਨੂੰ ਵੀ ਬੰਦੀ ਬਣਾ ਕੇ ਗਵਾਲੀਅਰ ਦੇ ਕਿਲੇ ਵਿਚ ਰੱਖਿਆ ਹੋਇਆ ਸੀ। ਕਿਲੇ ਵਿਚ ਗੁਰੂ ਸਾਹਿਬ ਨੇ ਸਰਕਾਰੀ ਖ਼ਜ਼ਾਨੇ ਵਿਚੋਂ ਆ ਰਿਹਾ ਭੋਜਨ ਖਾਣ ਤੋਂ ਇਨਕਾਰ ਕਰ ਦਿੱਤਾ। ਬੰਦੀ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ 'ਚ ਰਹਿ ਰਹੇ ਸਨ। ਗੁਰੂ ਸਾਹਿਬ ਨੇ ਬੰਦੀ ਬਣਾਏ ਜਾਣ ਨੂੰ ਰੱਬ ਦੀ ਮਿਹਰ ਵਜੋਂ ਸਵੀਕਾਰ ਕਰਦਿਆਂ ਰਾਜਿਆਂ ਨੂੰ ਸਮਝਾਇਆ ਕਿ ਜ਼ਾਲਮ ਸਿਰਫ਼ ਸਰੀਰ ਨੂੰ ਬੰਦੀ ਬਣਾ ਸਕਦੇ ਹਨ ਆਤਮਾ ਨੂੰ ਨਹੀਂ। ਗੁਰੂ ਸਾਹਿਬ ਨੇ ਫਰਮਾਇਆ ਕਿ ਇਸ ਨਾਲ ਸਾਨੂੰ ਪਰ ਦੇ ਸਿਮਰਨ ਵਿਚ ਵਧੇਰੇ ਸਮਾਂ ਬਿਤਾਉਣ ਦਾ ਅਵਸਰ ਮਿਲਿਆ ਹੈ। ਗੁਰੂ ਸਾਹਿਬ ਦੇ ਚੜਦੀ ਕਲਾ ਵਾਲੇ ਵਿਚਾਰਾਂ ਦਾ ਰਾਜਿਆਂ ਦੇ ਮਨਾਂ 'ਤੇ ਭਾਰੀ ਅਸਰ ਹੋਇਆ।

ਗੁਰੂ ਸਾਹਿਬ ਨੂੰ ਤਰਕਹੀਣ ਢੰਗ ਨਾਲ ਕਿਲੇ ਵਿਚ ਬੰਦੀ ਬਣਾਏ ਜਾਣ ਦਾ ਸਿੱਖਾਂ ਸਮੇਤ ਸਭਨਾਂ ਧਰਮਾਂ ਦੇ ਲੋਕਾਂ ਵੱਲੋਂ ਵਿਰੋਧ ਕੀਤੇ ਜਾਣ 'ਤੇ ਮੁਗ਼ਲ ਹਕੂਮਤ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਨਿਰਣਾ ਲਿਆ। ਗੁਰੂ ਸਾਹਿਬ ਨੇ ਮੁਗ਼ਲ ਹਕੂਮਤ ਅੱਗੇ ਆਪਣੀ ਰਿਹਾਈ ਦੇ ਨਾਲ 52 (ਬਵੰਜਾ) ਰਾਜਿਆਂ ਦੀ ਰਿਹਾਈ ਦੀ ਸ਼ਰਤ ਰੱਖੀ। ਰਿਹਾਈ ਵੇਲੇ ਗੁਰੂ ਸਾਹਿਬ ਵੱਲੋਂ ਪਹਿਨੇ ਬਵੰਜਾ (52) ਕਲੀਆਂ ਵਾਲੇ ਚੋਲੇ ਨਾਲ ਇਨਾਂ ਬਵੰਜਾ ਰਾਜਿਆਂ ਦੀ ਵੀ ਰਿਹਾਈ ਹੋਈ। ਕਿਲੇ 'ਚੋਂ ਰਿਹਾਈ ਉਪਰੰਤ ਗੁਰੂ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਤਾਂ ਸਿੱਖ ਸੰਗਤ ਨੇ ਉਨਾਂ ਦੀ ਆਮਦ ਦੀ ਖ਼ੁਸ਼ੀ 'ਚ ਹਰਿਮੰਦਰ ਸਾਹਿਬ ਵਿਖੇ 'ਦੀਪਮਾਲਾ' ਅਤੇ 'ਆਤਿਸ਼ਬਾਜ਼ੀ' ਦੇ ਨਾਲ-ਨਾਲ ਆਪਣੇ ਘਰਾਂ ਦੇ ਬਨੇਰਿਆਂ/ਕੰਧਾਂ 'ਤੇ ਵੀ ਦੀਪਮਾਲਾ ਕੀਤੀ। ਉਸ ਦਿਨ ਤੋਂ ਸਿੱਖ ਕੌਮ ਦਾ ਦੀਵਾਲੀ ਨਾਲ ਸਬੰਧ ਹੋਰ ਗਹਿਰਾ ਹੋ ਗਿਆ ਤੇ ਸਿੱਖਾਂ ਨੇ ਦੀਵਾਲੀ ਦਾ ਤਿਉਹਾਰ 'ਬੰਦੀ ਛੋੜ ਦਿਵਸ' ਵਜੋਂ ਮਨਾਉਣਾ ਸ਼ੁਰੂ ਕੀਤਾ। ਸਿੱਖਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਈ ਜਾਂਦੀ ਦਿਵਾਲੀ ਵਿਸ਼ਵ ਪ੍ਰਸਿੱਧ ਹੈ ਤੇ ਇਸ ਮੌਕੇ 'ਆਤਿਸ਼ਬਾਜ਼ੀ' ਤੇ 'ਦੀਪਮਾਲਾ' ਦਾ ਨਜ਼ਾਰਾ ਵਿਲੱਖਣ ਹੁੰਦਾ ਹੈ। ਇਹ ਆਲੌਕਿਕ ਨਜ਼ਾਰਾ ਵੇਖਣ ਅਤੇ ਗੁਰੂ ਸਾਹਿਬ ਨੂੰ ਸੀਸ ਝੁਕਾਉਣ ਲਈ ਵੱਡੀ ਗਿਣਤੀ ਵਿਚ ਸੰਗਤਾਂ ਹਰ ਵਰੇ ਹੁਮ ਹੁੰਮਾ ਕੇ ਸ੍ਰੀ ਹਰਿਮੰਦਰ ਸਾਹਿਬ ਪੁੱਜਦੀਆਂ ਹਨ। ਸਿੱਖ ਕੌਮ ਵੱਲੋਂ ਜਬਰ-ਜ਼ੁਲਮ ਨਾਲ ਟਕਰਾਉਣ 'ਚ ਵਿਖਾਏ ਜਾਣ ਵਾਲੇ ਜੋਸ਼ ਤੋਂ ਮੁਗ਼ਲ ਹਕੂਮਤ ਬਹੁਤ ਪ੍ਰੇਸ਼ਾਨ ਸੀ। ਮੁਗ਼ਲਾਂ ਵੱਲੋਂ ਵਿਖਾਇਆ ਜਾਂਦਾ ਭੈਅ ਸਿੱਖਾਂ ਨੂੰ ਡਰਾਉਣ ਵਿਚ ਅਸਫ਼ਲ ਹੁੰਦਾ ਵੇਖ ਕੇ ਉਨਾਂ ਨੇ ਸਿੱਖਾਂ ਦੀ ਸ਼ਕਤੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ। ਸਿੱਖਾਂ ਦੀ ਸ੍ਰੀ ਦਰਬਾਰ ਸਾਹਿਬ ਵਿਖੇ ਆਮਦ 'ਤੇ ਤਰਾਂ-ਤਰਾਂ ਦੀਆਂ ਪਾਬੰਦੀਆਂ ਲਗਾਈਆਂ ਜਾਣ ਲੱਗੀਆਂ। ਦਸ਼ਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਮੁਗ਼ਲਾਂ ਦੇ ਸਿੱਖ ਕੌਮ 'ਤੇ ਅੱਤਿਆਚਾਰ ਵੱਧ ਗਏ। ਸਿੱਖ ਜੰਗਲਾਂ ਤੇ ਵੀਰਾਨ ਥਾਵਾਂ 'ਤੇ ਸਮਾਂ ਗੁਜ਼ਾਰਦੇ ਹੋਏ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਰੂਰ ਪਹੁੰਚਦੇ। ਮੁਗ਼ਲਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਮਨਾਉਣ ਤੋਂ ਰੋਕਣ ਲਈ ਵੀ ਸਿੱਖ ਸੰਗਤ ਦੀ ਆਮਦ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਉਸ ਸਮੇਂ ਦਰਬਾਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭਾਈ ਮਨੀ ਸਿੰਘ ਨੇ ਮੁਗ਼ਲ ਹਕੂਮਤ ਤੋਂ 'ਬੰਦੀ ਛੋੜ ਦਿਵਸ' ਮਨਾਉਣ ਦੀ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਭਾਈ ਮਨੀ ਸਿੰਘ ਜੀ ਵੱਲੋਂ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਪਹੁੰਚਣ ਲਈ ਕੀਤੀ ਅਪੀਲ ਨਾਲ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਬੰਦੀ ਛੋੜ ਦਿਵਸ ਮੌਕੇ ਇਕੱਤਰ ਸਿੱਖਾਂ 'ਤੇ ਹਕੂਮਤ ਵੱਲੋਂ ਕੀਤੇ ਜਾਣ ਵਾਲੇ ਅੱਤਿਆਚਾਰ ਦੀ ਭਾਈ ਮਨੀ ਸਿੰਘ ਜੀ ਨੂੰ ਖ਼ਬਰ ਲੱਗੀ ਤਾਂ ਉਨਾਂ ਨੇ ਸਿੱਖਾਂ ਨੂੰ ਸ੍ਰੀ ਦਰਬਾਰ ਸਾਹਿਬ ਆਉਣ ਤੋਂ ਰੋਕ ਦਿੱਤਾ।

ਸਿੱਖਾਂ ਉੱਪਰ ਹਮਲੇ ਕਰ ਕੇ ਉਨਾਂ ਨੂੰ ਭਾਰੀ ਜਾਨੀ-ਮਾਲੀ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਮਿੱਟੀ ਵਿਚ ਮਿਲਣ 'ਤੇ ਲੋਹੀ-ਲਾਖੀ ਹੋਈ ਮੁਗ਼ਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਭਾਈ ਮਨੀ ਸਿੰਘ ਵੱਲੋਂ ਹਕੂਮਤ ਨੂੰ 'ਬੰਦੀ ਛੋੜ ਦਿਵਸ' ਮਨਾਉਣ ਲਈ ਅਦਾ ਕੀਤੇ ਜਾਣ ਵਾਲੇ ਟੈਕਸ ਦੀ ਅਦਾਇਗੀ ਤੋਂ ਇਨਕਾਰ ਕਰ ਦੇਣ ਨਾਲ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਹਕੂਮਤ ਨੂੰ ਬਹਾਨਾ ਮਿਲ ਗਿਆ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਇਸਲਾਮ ਜਾਂ ਮੌਤ ਨੂੰ ਕਬੂਲ ਕਰਨ ਦਾ ਫਰਮਾਨ ਸੁਣਾਇਆ ਗਿਆ। ਭਾਈ ਮਨੀ ਸਿੰਘ ਜੀ ਨੇ ਸ਼ਹਾਦਤਾਂ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਦੇਣੀ ਪ੍ਰਵਾਨ ਕੀਤਾ। ਭਾਈ ਮਨੀ ਸਿੰਘ ਜੀ ਨੇ ਗੱਜ ਕੇ ਕਿਹਾ 'ਮੈਨੂੰ ਜਾਨ ਨਹੀਂ ਸਿੱਖੀ ਪਿਆਰੀ ਹੈ। ਮੇਰੀ ਜ਼ਿੰਦਗੀ ਮੇਰੇ ਗੁਰੂਆਂ ਦੀ ਅਮਾਨਤ ਹੈ। ਮੈਂ ਇਸ ਨੂੰ ਉਨਾਂ ਦੇ ਪਾਏ ਪੂਰਨਿਆਂ ਨੂੰ ਨਿਭਾਉਣ ਲਈ ਲੇਖੇ ਲਾ ਕੇ ਖ਼ੁਦ ਨੂੰ ਵਡਭਾਗਾ ਸਮਝਦਾ ਹਾਂ।'

ਮੁਗ਼ਲ ਹਕੂਮਤ ਵੱਲੋਂ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਮਨੀ ਸਿੰਘ ਵੱਲੋਂ ਸਿੱਖੀ ਸਿੱਦਕ ਨਿਭਾਉਣ ਲਈ ਦਿੱਤੀ ਸ਼ਹਾਦਤ ਦਾ ਦਿਨ ਬੇਸ਼ੱਕ ਦੀਵਾਲੀ ਵਾਲਾ ਨਹੀਂ ਸੀ ਪਰ ਉਨਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਜਰੂਰ ਬਣਿਆ। ਇਸ ਤਰਾਂ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਮਾਣਮੱਤੇ ਇਤਿਹਾਸ ਦੀ ਭਾਈ ਮਨੀ ਸਿੰਘ ਦੀ ਸ਼ਹਾਦਤ ਵਾਲੀ ਦੂਜੀ ਗੌਰਵਮਈ ਘਟਨਾ ਦਾ ਸਬੰਧ ਵੀ 'ਬੰਦੀ ਛੋੜ ਦਿਵਸ' ਨਾਲ ਜੁੜ ਗਿਆ।

ਕੌਮ ਵੱਲੋਂ 'ਬੰਦੀ ਛੋੜ ਦਿਵਸ' ਮਨਾਏ ਜਾਣ ਦਾ ਮਨੋਰਥ ਗੁਰੂ ਸਾਹਿਬ ਅਤੇ ਭਾਈ ਮਨੀ ਸਿੰਘ ਵਾਂਗ ਜਬਰ-ਜ਼ੁਲਮ ਨਾਲ ਜ਼ਿੰਦਗੀ ਦੀ ਕੀਮਤ 'ਤੇ ਟਕਰਾਉਣ ਦੇ ਵਿਲੱਖਣ ਜਜ਼ਬੇ ਨਾਲ ਹੀ ਪੂਰਾ ਹੋ ਸਕਦਾ ਹੈ। ਗੁਰੂ ਸਾਹਿਬ ਤੇ ਸ਼ਹੀਦਾਂ ਵੱਲੋਂ ਪਰਉਪਕਾਰ ਤੇ ਇਨਸਾਨੀਅਤ ਦੀ ਰਖਵਾਲੀ ਦੇ ਪਾਏ ਪੂਰਨਿਆਂ 'ਤੇ ਪਹਿਰਾ ਦੇਣ ਦੀ ਪਰਪੱਕਤਾ ਮਨਾਂ ਅੰਦਰ ਪੈਦਾ ਕਰਨ ਨਾਲ ਹੀ ਬੰਦੀ ਛੋੜ ਦਿਵਸ ਮਨਾਉਣ ਦਾ ਮਨੋਰਥ ਪੂਰਾ ਹੋਣਾ ਹੈ।

# ਖਾਲੀ ਹੱਥੀਂ ਤੁਰ ਗਿਆ ਮਹਾਨ ਸਿਕੰਦਰ

**ਨਵਜੋਤ ਸਿੰਘ**

ਰਾਜਾ ਸਿੰਕਦਰ ਦਾ ਨਾਂ ਲੈਂਦਿਆਂ ਹੀ ਜਿਹਨ ਵਿਚ ਦੋ ਦ੍ਰਿਸ਼ ਆ ਵਸਦੇ ਹਨ। ਇਕ ਉਹਦੇ ਵਲੋਂ ਤਾਕਤ ਦੀ ਹਉਮੈ ਨਾਲ ਦੁਨੀਆ ਜਿੱਤਣ ਦਾ ਯਤਨ ਤੇ ਦੂਜਾ ਉਸ ਦੀ ਮੌਤ ਤੋਂ ਬਾਅਦ ਖਾਲੀ ਹੱਥ ਤੁਰ ਜਾਣ ਦਾ। ਪੂਰੀ ਦੁਨੀਆ ਨੂੰ ਸਰ ਕਰਨ ਘਰੋਂ ਨਿਕਲਿਆ ਸਿਕੰਦਰ ਅੰਤਾਂ ਦੇ ਧਨ-ਦੌਲਤ ਦਾ ਮਾਲਕ ਤਾਂ ਬਣ ਗਿਆ ਪਰ ਅੰਤਿਮ ਵਿਦਾਇਗੀ ਵੇਲੇ ਕੱਫਣ ਤੋਂ ਬਾਹਰ ਕੱਢੇ ਖਾਲੀ ਹੱਥ ਅੱਜ ਵੀ ਜ਼ਿੰਦਗੀ ਦੇ ਸਹੀ ਅਰਥ ਦਰਸਾਉਂਦੇ ਨਜ਼ਰ ਆ ਰਹੇ ਹਨ। ਸਿਕੰਦਰ ਯੂਨਾਨੀ ਸਮਰਾਟ ਸੀ, ਜਿਸ ਨੂੰ ਇਕ ਤਰਾਂ ਨਾਲ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸ਼ਾਇਦ 'ਮੁਕੱਦਰ ਕਾ ਸਿਕੰਦਰ', 'ਜੋ ਜੀਤਾ ਵਹੀ ਸਿਕੰਦਰ' ਵਾਲੀਆਂ ਇਬਾਰਤਾਂ ਰਾਜਾ ਸਿਕੰਦਰ ਦੀ ਸ਼ਖ਼ਸੀਅਤ ਤੋਂ ਪ੍ਰੇਰਿਤ ਹੋ ਕੇ ਲਿਖੀਆਂ ਗਈਆਂ ਹਨ। ਉਹ ਇਕ ਸ਼ਕਤੀਸ਼ਾਲੀ, ਬੇਮਿਸਾਲ ਦਲੇਰ, ਖਾਹਿਸ਼ਵਾਦੀ, ਮਿਹਨਤੀ, ਦ੍ਰਿੜ ਇਰਾਦੇ ਵਾਲਾ, ਬਹਾਦਰ ਯੋਧਾ ਸੀ। ਸਿਕੰਦਰ ਦਾ ਜਨਮ ਜੁਲਾਈ 356 ਈਸਾ ਪੂਰਵ ਪੁਰਾਤਨ ਯੂਨਾਨ ਦੇ ਸ਼ਹਿਰ ਪੇਲਾ ਵਿਚ ਹੋਇਆ। ਸਿਕੰਦਰ ਮਕਦੂਨੀਆ ਦੇ ਰਾਜਾ ਅਲੈਗਜ਼ੈਂਡਰ ਫਿਲਿਪ ਦਾ ਪੁੱਤਰ ਸੀ। ਉਸ ਦੀ ਮਾਤਾ ਦਾ ਨਾਂ ਓਲੰਪੀਆ ਸੀ। ਸਿਕੰਦਰ ਦੇ ਜਨਮ ਸਮੇਂ ਨਜੂਮੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਉਹ ਇਕ ਵਿਸ਼ਵ ਪ੍ਰਸਿੱਧ ਹਸਤੀ ਵਜੋਂ ਜਾਣਿਆ ਜਾਵੇਗਾ। ਸਿਕੰਦਰ ਦੇ ਪਿਤਾ ਨੇ ਇਸ ਹੋਣਹਾਰ ਪੁੱਤਰ ਲਈ ਕਈ ਯੋਗ ਅਧਿਆਪਕ ਨਿਯੁਕਤ ਕੀਤੇ ਸਨ, ਜਿਨਾਂ ਤੋਂ ਸਿਕੰਦਰ ਨੇ ਧਰਮ, ਦਰਸ਼ਨ, ਮਾਰਸ਼ਲ ਆਰਟਸ ਦੇ ਹੁਨਰ ਸਿੱਖੇ।

ਸਿਕੰਦਰ ਦੇ ਪ੍ਰਮੁੱਖ ਅਧਿਆਪਕ ਪ੍ਰਸਿੱਧ ਦਾਰਸ਼ਨਿਕ ਅਰਸਤੂ ਸਨ ਜਿਨਾਂ ਤੋਂ ਸਿਕੰਦਰ ਨੇ 13 ਤੋਂ 16 ਸਾਲ ਦੀ ਉਮਰ ਵਿਚ ਸਿੱਖਿਆ ਪ੍ਰਾਪਤ ਕੀਤੀ। ਸਿਕੰਦਰ ਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਅਰਸਤੂ ਦੀ ਭੂਮਿਕਾ ਬਿਨਾਂ ਸ਼ੱਕ ਮਹੱਤਵਪੂਰਨ ਸੀ। ਇਹ ਵੱਖਰੀ ਗੱਲ ਹੈ ਕਿ ਸਿਕੰਦਰ ਬਾਅਦ ਵਿਚ ਆਦਰਸ਼ਾਂ ਤੋਂ ਭਟਕ ਗਿਆ।

ਸਿਕੰਦਰ ਦੀਆਂ ਇਨਾਂ ਖ਼ੂਬੀਆਂ ਤੋਂ ਬਿਨਾਂ ਉਸ ਦੀ ਘੋੜ ਸਵਾਰੀ ਦੀਆਂ ਵੀ ਧੁੰਮਾਂ ਪਈਆਂ ਹੋਈਆਂ ਸਨ। ਬੇਲਗਾਮ ਹੋਏ ਘੋੜਿਆਂ ਨੂੰ ਉਹ ਅੱਖ ਦੇ ਫੋਰ ਵਿਚ ਹੀ ਕਾਬੂ ਕਰ ਲੈਂਦਾ ਸੀ। ਦੁਨੀਆ 'ਚ ਆਪਣੀ ਤਾਕਤ ਦਿਖਾਉਣ ਲਈ ਸਿਕੰਦਰ ਇਨਾਂ ਘੋੜਿਆਂ ਦੀ ਫ਼ੌਜ ਨਾਲ ਹੀ ਘਰੋਂ ਨਿਕਲਿਆ ਸੀ। ਸਿਕੰਦਰ ਨੇ 20 ਸਾਲ ਦੀ ਉਮਰ ਵਿਚ ਫਰਾਂਸ ਨੂੰ ਜਿੱਤ ਕੇ ਆਪਣੇ ਸਾਮਰਾਜ ਨੂੰ ਚੋਖਾ ਵੱਡਾ ਕਰ ਲਿਆ ਸੀ।

ਸਿਕੰਦਰ ਦਾ ਪਿਤਾ ਵੀ ਇਕ ਬਹਾਦਰ ਅਤੇ ਦਲੇਰ ਪ੍ਰਸ਼ਾਸਕ ਸੀ। ਉਸ ਨੇ ਸਿਕੰਦਰ ਦੀ ਮਾਂ ਓਲੰਪੀਆ ਦਾ ਅਪਮਾਨ ਕਰਦਿਆਂ ਅਤੇ ਕਲੀਓਪੈਟਰਾ ਨਾਲ ਵਿਆਹ ਕਰਵਾ ਲਿਆ। ਕਲੀਓਪੈਟਰਾ ਦੇ ਨਸ਼ਾ ਕਰਨ ਵਾਲੇ ਚਾਚੇ ਨੇ ਕਿਹਾ ਸੀ ਕਿ ਅਲੈਗਜ਼ੈਂਡਰ ਤੋਂ ਬਿਨਾਂ ਸਿਰਫ਼ ਕਲੀਓਪੈਟਰਾ ਦਾ ਪੁੱਤਰ ਹੀ ਅਗਲਾ ਵਾਰਿਸ ਹੋਵੇਗਾ। ਇਹ ਜੁਗਤ ਸਿਕੰਦਰ ਦੇ ਰਾਸ ਨਾ ਆਈ ਤੇ ਵਿਰੋਧ ਕਰਨ 'ਤੇ ਉਸ ਦੇ ਪਿਤਾ ਫਿਲਿਪ ਨੇ ਗੁੱਸੇ ਵਿਚ ਆ ਕੇ ਸਿਕੰਦਰ ਉੱਤੇ ਤਲਵਾਰ ਤਾਣ ਦਿੱਤੀ। ਇਸ ਘਟਨਾ ਤੋਂ ਕੁਝ ਦਿਨਾਂ ਬਾਅਦ, ਉਸ



ਦੇ ਪਿਤਾ ਫਿਲਿਪ ਦਾ ਸ਼ੱਕੀ ਹਾਲਾਤ ਵਿਚ ਕਤਲ ਕਰ ਦਿੱਤਾ ਗਿਆ ਸੀ। ਇਸ ਸਿਲਸਿਲੇ ਦੇ ਚਲਦਿਆਂ ਹਾਲਾਤ ਇਹ ਬਣੇ ਕਿ ਆਪਣੇ ਪਿਤਾ ਅਤੇ ਸ਼ਾਸਕ ਰਾਜਾ ਫਿਲਿਪ ਦੀ ਮੌਤ ਤੋਂ ਬਾਅਦ ਸਿਕੰਦਰ ਨੂੰ ਉਸ ਦਾ ਉੱਤਰਾਧਿਕਾਰੀ ਐਲਾਨ ਦਿੱਤਾ ਗਿਆ ਸੀ।

ਜਦੋਂ ਸਿਕੰਦਰ ਸੱਤਾ ਵਿਚ ਆਇਆ ਤਾਂ ਉਸ ਨੇ ਆਪਣੇ ਆਲੇ-ਦੁਆਲੇ ਦੀਆਂ ਵਿਦਰੋਹੀ ਹਾਲਤਾਂ ਨੂੰ ਦੇਖਦਿਆਂ ਆਪਣੇ-ਆਪ ਨੂੰ ਦੁਸ਼ਮਣਾਂ ਦੇ ਵਿਚਕਾਰ ਘਿਰਿਆ ਪਾਇਆ। ਪਹਿਲਾਂ ਤਾਂ ਉਸ ਨੇ ਆਪਣੇ ਧਾੜਵੀ ਰੁਖ਼ ਨਾਲ ਬਾਗ਼ੀਆਂ ਨੂੰ ਦਬਾਇਆ, ਫਿਰ ਫ਼ਾਰਸ ਦੀ ਜਿੱਤ ਦੇ ਚਲਦਿਆਂ ਆਪਣੀ ਰਣਨੀਤੀ ਨੂੰ ਅੱਗੇ ਤੋਰਿਆ। ਉਸ ਨੇ ਫ਼ਾਰਸ ਦੇ ਰਾਜੇ ਡੇਰੀਅਸ ਨੂੰ ਹਰਾਇਆ ਅਤੇ ਇਸ ਖੇਤਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਫ਼ਾਰਸ ਨੂੰ ਜਿੱਤਣ ਵੇਲੇ ਉਸ ਨੇ ਫ਼ਾਰਸ ਦੀ ਫ਼ੌਜ ਉੱਤੇ ਲਗਾਤਾਰ ਤੀਰਾਂ ਦੀ ਬਾਰਿਸ਼ ਕਰਦਿਆਂ ਨਦੀ ਪਾਰ ਕੀਤੀ। ਉਸ ਸਮੇਂ ਉਸ ਕੋਲ 30 ਹਜ਼ਾਰ ਹਥਿਆਰਬੰਦ ਸਿਪਾਹੀ ਅਤੇ 5 ਹਜ਼ਾਰ ਘੋੜ ਸਵਾਰ ਸੈਨਿਕ ਸਨ। ਉਸ ਤੋਂ ਬਾਅਦ ਏਸ਼ੀਆ ਮਾਈਨਰ ਨੂੰ ਜਿੱਤਣ ਦੀ ਇੱਛਾ ਨਾਲ ਉਸ ਨੇ ਰਾਹ 'ਚ ਆਉਂਦੇ ਸ਼ਹਿਰਾਂ ਅਤੇ ਕਿਲਿਆਂ ਉੱਤੇ ਜਿੱਤ ਪ੍ਰਾਪਤ ਕੀਤੀ ਅਤੇ ਬਚਪਨ ਵਿਚ ਹੋਈ ਭਵਿੱਖਬਾਣੀ ਨੂੰ ਸੱਚ ਬਣਾਉਣ ਲਈ ਆਪਣਾ ਮਨ ਬਣਾਇਆ।

ਕਾਫ਼ੀ ਸਮੇਂ ਬਾਅਦ ਸਿਕੰਦਰ ਸਿਡਨਸ ਨਾਂਅ ਦੀ ਨਦੀ ਦੇ ਕਿਨਾਰੇ ਪਹੁੰਚਿਆ। ਉਥੇ ਠੰਢੇ ਪਾਣੀ ਵਿਚ ਦਾਖ਼ਲ ਹੋਣ 'ਤੇ ਉਹ ਬੁਖਾਰ ਨਾਲ ਪੀੜਤ ਹੋ ਗਿਆ। ਇਸੇ ਦੌਰਾਨ ਸਿਕੰਦਰ ਦੀ ਹੱਤਿਆ ਦੀਆਂ ਕਈ ਸਾਜਿਸ਼ਾਂ ਹੋਈਆਂ, ਜਿਨਾਂ ਨੂੰ ਉਹ ਆਪਣੀ ਚੌਕੰਨੀ ਤੇ ਤਿੱਖੀ ਬੁੱਧੀ ਨਾਲ ਤਾਰ-ਤਾਰ ਕਰਦਾ ਰਿਹਾ। ਦਲੇਰ ਸਿਕੰਦਰ ਨੇ ਫਿਰ ਲਗਾਤਾਰ ਜਿੱਤਾਂ ਦੀ ਡਗਰ 'ਤੇ ਤੁਰਦਿਆਂ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਕਈ ਖ਼ੇਤਰਾਂ ਨੂੰ ਸਰ ਕਰ ਕੇ ਉਨਾਂ ਦਾ ਸ਼ਾਸਕ ਬਣਦਾ ਗਿਆ। ਫ਼ਾਰਸ ਨੂੰ ਜਿੱਤਣ ਤੋਂ ਬਾਅਦ ਉਹ ਸੀਰੀਆ ਵੱਲ ਤੁਰ ਪਿਆ। ਮਿਸਰ ਅਤੇ ਸੀਰੀਆ ਦੋਵੇਂ ਸਿਕੰਦਰ ਦੀ ਜਿੱਤ ਦਾ ਨਿਸ਼ਾਨਾ ਸਨ। ਇਨਾਂ ਦੇਸ਼ਾਂ ਨੂੰ ਜਿੱਤਣ ਲਈ ਸਿਕੰਦਰ ਨੂੰ ਸਮਾਂ ਤਾਂ ਵੱਧ ਲੱਗਾ ਪਰ ਉਸ ਦੀ ਤਾਕਤ ਅੱਗੇ ਇਨਾਂ ਦੇਸ਼ਾਂ ਦੇ ਮੁਖੀਆਂ ਨੂੰ ਆਖ਼ਰ ਈਨ ਮੰਨਣ ਲਈ ਮਜਬੂਰ ਹੋਣਾ ਪਿਆ। ਉਸ ਨੇ ਬੇਬੀਲੋਨੀਆ ਅਤੇ ਸੂਸਾ ਨੂੰ ਜਿੱਤ ਲਿਆ। ਸੌਗਡਿਅਨ ਰਾਕ ਦੀ ਜਿੱਤ 'ਤੇ ਉਹ ਰੁਖ਼ਸਾਨਾ ਨਾਂ ਦੀ ਸੁੰਦਰੀ ਤੋਂ ਪ੍ਰਭਾਵਿਤ ਹੋਇਆ ਅਤੇ ਉਸ ਨਾਲ ਵਿਆਹ ਕਰਵਾ ਲਿਆ।

ਸਿਕੰਦਰ ਦੇ ਮਨ ਵਿਚ ਭਾਰਤ ਦੀ ਬੇਮਿਸਾਲ ਦੌਲਤ ਅਤੇ ਸ਼ਾਨ ਪ੍ਰਤੀ ਖਿੱਚ ਅਤੇ ਲਾਲਚ ਦੀ ਭਾਵਨਾ ਸੀ। ਇਸ ਲਈ, 327 ਬੀ.ਸੀ. ਵਿਚ ਕਾਬੁਲ ਨੂੰ ਜਿੱਤਣ ਤੋਂ ਬਾਅਦ ਉਸ ਨੇ ਭਾਰਤ ਉੱਤੇ ਹਮਲਾ ਕਰਨ ਦੀ ਯੋਜਨਾ ਬਣਾਈ। ਆਪਣੇ ਦੋ ਮੁੱਖ ਜਰਨੈਲਾਂ ਦੀ ਅਗਵਾਈ ਵਿਚ ਫ਼ੌਜ ਨੂੰ ਉਸ ਨੇ ਪੂਰਬ ਵੱਲ ਸਿੰਧ ਨਦੀ ਨੂੰ ਜਿੱਤਣ ਲਈ ਭੇਜਿਆ ਅਤੇ ਖ਼ੁਦ ਕਾਬੁਲ ਦੇ ਉੱਤਰੀ ਪਹਾੜੀ ਰਾਜ ਵੱਲ ਚਲਾ ਗਿਆ। ਆਸਾਮ ਦੇ ਰਾਜ ਉੱਤੇ ਜਿੱਤ ਪ੍ਰਾਪਤ ਕਰਦਿਆਂ, ਉਸ ਨੇ 40 ਹਜ਼ਾਰ ਬੰਦਿਆਂ ਨੂੰ ਬੰਦੀ ਬਣਾ ਲਿਆ ਅਤੇ ਉਨਾਂ ਦੇ 2 ਲੱਖ 30 ਹਜ਼ਾਰ ਬਲਦਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਉਸ ਨੇ ਹੋਰ ਪਹਾੜੀ ਰਾਜਾਂ ਜਿਵੇਂ ਨਿਸਾ ਅਤੇ ਅਸ਼ਵਾਕਯਾਂ ਨੂੰ ਵੀ ਜਿੱਤਿਆ।

ਜਦੋਂ ਉਹ 326 ਬੀ.ਸੀ. ਵਿਚ ਸਿੰਧ ਨਦੀ ਪਾਰ ਕਰਕੇ ਤਕਸ਼ਿਲਾ ਪਹੁੰਚਿਆ ਤਾਂ ਰਾਜਾ ਅੰਭੀ ਨੇ ਉਸ ਦਾ ਨਿੱਘਾ ਸਵਾਗਤ ਕੀਤਾ ਅਤੇ ਬਿਨਾਂ ਮੁਕਾਬਲਾ ਉਸ ਦੀ ਅਧੀਨਗੀ ਨੂੰ ਸਵੀਕਾਰ ਕਰ ਲਿਆ। ਜਦੋਂ ਸਿਕੰਦਰ ਨੇ ਰਾਜਾ ਪੋਰਸ ਦੇ ਰਾਜ ਉੱਤੇ ਹਮਲਾ ਕੀਤਾ ਤਾਂ ਪੋਰਸ ਨੇ ਉਸ ਦਾ ਬਹਾਦਰੀ ਨਾਲ ਸਾਹਮਣਾ ਕੀਤਾ। ਪੋਰਸ ਨਾਲ ਦੋਸਤੀ ਦੀ ਸੰਧੀ ਕਰ ਕੇ ਸਿਕੰਦਰ ਨੇ ਗਲੋਗਨੀਕਾਈ ਗਣਰਾਜ ਦੇ 37 ਸ਼ਹਿਰ ਜਿੱਤੇ। ਇਸ ਦੌਰਾਨ ਉਸ ਨੂੰ ਹਿੰਦੂਕੁਸ਼ ਪਰਬਤ ਦੇ ਪੂਰਬ ਵੱਲ ਜਿੱਤੇ ਗਏ ਭਾਰਤੀ ਪ੍ਰਦੇਸ਼ਾਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪੈ ਗਿਆ, ਜਿਸ ਨੂੰ ਉਸ ਨੇ ਦਬਾ ਦਿੱਤਾ। ਚਨਾਬ ਨਦੀ ਨੂੰ ਪਾਰ ਕਰਦਿਆਂ ਸਿਕੰਦਰ ਨੇ ਗੈਂਡਰਿਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਫਿਰ ਉਸ ਨੇ ਪੋਰਸ ਦੀ ਸਹਾਇਤਾ ਨਾਲ ਰਾਵੀ ਨਦੀ ਪਾਰ ਕੀਤੀ।

ਸਿਕੰਦਰ ਭਾਰਤ ਦੇ ਸਰਹੱਦੀ ਰਾਜਾਂ ਨੂੰ ਕਬਜ਼ੇ ਵਿਚ ਲੈਣਾ ਚਾਹੁੰਦਾ ਸੀ ਪਰ ਬਿਆਸ ਨਦੀ ਪਾਰ ਕਰਨ ਤੋਂ ਪਹਿਲਾਂ ਉਸ ਨੂੰ ਸੈਨਿਕਾਂ ਦੀ ਵੱਡੀ ਬਗ਼ਾਵਤ ਦਾ ਸਾਹਮਣਾ ਕਰਨਾ ਪਿਆ। ਉਸ ਦੇ ਸਿਪਾਹੀ ਲਗਾਤਾਰ ਲੜਦੇ-ਲੜਦੇ ਬਹੁਤ ਥੱਕ ਗਏ ਸਨ। ਸਿਪਾਹੀਆਂ ਨੇ ਉਸ ਨੂੰ ਆਪਣੇ ਦੇਸ਼ ਵਾਪਸ ਜਾਣ ਲਈ ਮਜਬੂਰ ਕੀਤਾ। ਇਸ ਤਰਾਂ ਸਿਕੰਦਰ ਨੇ ਉੱਤਰ-ਪੱਛਮੀ ਭਾਰਤ ਨੂੰ ਆਸਾਨੀ ਨਾਲ ਜਿੱਤ ਲਿਆ ਸੀ ਕਿਉਂਕਿ ਉਸ ਸਮੇਂ ਇਥੇ ਰਾਜਨੀਤਕ ਏਕਤਾ ਦੀ ਬੜੀ ਘਾਟ ਸੀ। ਰਾਜਿਆਂ ਵਿਚ ਆਪਸੀ ਦੁਸ਼ਮਣੀ ਸੀ। ਉੱਤਰ-ਪੱਛਮ ਦੇ ਰਾਜਿਆਂ ਨੇ ਪੂਰਬੀ ਭਾਰਤ ਦੇ ਵਿਸ਼ਾਲ ਨੰਦ ਰਾਜ ਦੇ ਸ਼ਾਸਕ ਦੀ ਮਦਦ ਨਹੀਂ ਕੀਤੀ। ਸਿਕੰਦਰ ਦੀ ਫ਼ੌਜ ਦੇ ਸਾਹਮਣੇ ਭਾਰਤੀ ਫ਼ੌਜ ਕਮਜ਼ੋਰ ਸਾਬਤ ਹੋਈ। ਸਿਕੰਦਰ 19 ਮਹੀਨੇ ਭਾਰਤ ਵਿਚ ਰਿਹਾ। ਉਹ ਤੂਫ਼ਾਨ ਵਾਂਗ ਆਇਆ ਅਤੇ ਤੂਫ਼ਾਨ ਵਾਂਗ ਚਲਿਆ ਗਿਆ।

ਫਿਰ ਸਿਕੰਦਰ ਬੇਬੀਲੋਨ ਸ਼ਹਿਰ ਵਿਚ ਬੁਖ਼ਾਰ ਦੀ ਜਕੜ 'ਚ ਆ ਗਿਆ। ਸਰੀਰਕ ਕਮਜ਼ੋਰੀ ਦੀ ਹਾਲਤ ਵਿਚ ਸਿਕੰਦਰ ਦੀਆਂ ਅੱਖਾਂ 'ਤੇ ਚੜੀ 'ਮੈਂ ਮੇਰੀ' ਦੀ ਪੱਟੀ ਲੱਥ ਚੁੱਕੀ ਸੀ ਤੇ ਧਨ-ਦੌਲਤਾਂ ਦੇ ਭੰਡਾਰ ਉਸ ਨੂੰ ਡੰਗਦੇ ਨਜ਼ਰ ਆ ਰਹੇ ਸਨ। ਉਸ ਨੂੰ ਸਾਰਾ ਕੁਝ ਬੇਅਰਥ ਹੋਣ ਦਾ ਅਹਿਸਾਸ ਹੋ ਚੁੱਕਾ ਸੀ। ਦੱਸਿਆ ਜਾਂਦਾ ਹੈ ਕਿ ਸਿਕੰਦਰ ਨੇ ਦਮ ਤੋੜਨ ਤੋਂ ਪਹਿਲਾਂ ਇਹ ਕਿਹਾ ਸੀ ਕਿ ਉਸ ਦੀ ਮੌਤ ਤੋਂ ਬਾਅਦ ਉਸ ਦੀ ਹੋਣ ਵਾਲੀ ਅੰਤਿਮ ਯਾਤਰਾ ਵਿਚ ਉਸ ਦੇ ਹੱਥਾਂ ਨੂੰ ਕੱਫਣ ਤੋਂ ਬਾਹਰ ਰੱਖਿਆ ਜਾਵੇ। ਉਸ ਦੇ ਕਹਿਣ ਦਾ ਮਤਲਬ ਸੀ ਕਿ ਲੋਕ ਜਾਣ ਸਕਣ ਕਿ ਉਹ ਮੌਤ ਤੋਂ ਬਾਅਦ ਕੁਝ ਵੀ ਨਾਲ ਨਹੀਂ ਲੈ ਕੇ ਜਾ ਰਿਹਾ।

# ਗੱਡਾ ਕਦੇ ਸੱਭਿਆਚਾਰ ਦਾ ਅਹਿਮ ਚਿੰਨ ਸੀ

**ਭਾਗ 1**

**ਜੈਕਬ ਤੇਜਾ**

ਪੁਰਾਣੇ ਸਮਿਆਂ ਵਿਚ ਆਵਾਜਾਈ ਅਤੇ ਢੋਆ-ਢੁਆਈ ਦੇ ਸਾਧਨ ਬਹੁਤ ਘੱਟ ਹੁੰਦੇ ਸਨ। ਜ਼ਿਆਦਾਤਰ ਲੋਕ ਊਠ, ਘੋੜੇ, ਪਸ਼ੂਆਂ ਦੇ ਗੱਡੇ ਉਤੇ ਇਕ ਜਗਾ ਤੋਂ ਦੂਜੀ ਜਗਾ 'ਤੇ ਜਾਂਦੇ-ਆਉਂਦੇ ਸਨ। ਪਿੰਡ ਵਿਚ ਟਾਂਗਾ ਅਤੇ ਗੱਡਾ ਕਿਸੇ ਰੱਜੇ-ਪੁੱਜੇ ਘਰ ਵਿਚ ਹੀ ਹੁੰਦਾ ਸੀ। ਜਿਸ ਕੋਲ ਗੱਡਾ ਹੁੰਦਾ ਉਸ ਦੀ ਠਾਠ-ਬਾਠ ਹੀ ਨਿਵੇਕਲੀ ਹੁੰਦੀ ਸੀ। ਪੱਠਾ-ਦੱਥਾ, ਦਾਣਾ-ਫੱਕਾ ਦੀ ਢੋਆ-ਢੁਆਈ ਅਤੇ ਆਉਣ-ਜਾਣ ਲਈ ਗੱਡਾ ਹੀ ਹੁੰਦਾ ਸੀ। ਖੇਤੀਬਾੜੀ ਦੇ ਸੰਦਾਂ ਵਿਚੋਂ ਗੱਡਾ ਜ਼ਿਆਦਾ ਕੀਮਤ ਵਾਲਾ ਹੁੰਦਾ ਸੀ।

ਪਿੰਡ ਦੇ ਦੋ ਤਿੰਨ ਕਹਿੰਦੇ-ਕਹਾਉਂਦੇ ਕਿਸਾਨਾਂ ਦੇ ਘਰਾਂ ਕੋਲ ਹੀ ਗੱਡਾ ਹੁੰਦਾ ਸੀ। ਬਾਕੀ ਪਿੰਡ ਦੇ ਲੋਕ ਇਕ-ਦੂਜੇ ਕੋਲੋਂ ਗੱਡਾ ਮੰਗ ਕੇ ਹੀ ਬੁੱਤਾ ਸਾਰਦੇ ਸਨ। ਕਈ ਪਿੰਡਾਂ ਵਿਚ ਤਿੰਨ ਚਾਰ ਭਾਈਵਾਲ ਇਕੱਠੇ ਹੋ ਕੇ ਇਕ ਗੱਡਾ ਬਣਵਾ ਲੈਂਦੇ ਸਨ ਕਿਉਂਕਿ ਉਨਾਂ ਵੇਲਿਆਂ ਵਿਚ ਪਿੰਡਾਂ ਦੇ ਪਰਿਵਾਰਾਂ ਵਿਚ ਆਪਸੀ ਪਿਆਰ ਭਾਈਚਾਰਾ ਬਹੁਤ ਗੂੜਾ ਹੁੰਦਾ ਸੀ। ਖੇਤੀਬਾੜੀ ਦੇ ਕੰਮਾਂ ਵਿਚ ਇਕ-ਦੂਸਰੇ ਦੀ ਬਹੁਤ ਮਦਦ ਕਰਦੇ ਸਨ।

ਸੂਰਜ ਚੜਨ ਤੋਂ ਪਹਿਲਾਂ-ਪਹਿਲਾਂ ਹੀ ਲੋਕੀਂ ਪੱਠਾ-ਦੱਥਾ, ਦਾਣਾ-ਫੱਕਾ ਘਰ ਲੈ ਕੇ ਆਉਂਦੇ ਸਨ। ਮੰਡੀ ਵਿਚ ਵੇਚਣ ਲਈ ਕਣਕ, ਝੋਨਾ, ਕਪਾਹ, ਗੁੜ, ਸਰੋਂ, ਜਵਾਰ, ਚੱਕੀ 'ਤੇ ਆਟਾ ਪਿਸਾਉਣ ਲਈ ਦਾਣੇ, ਖੇਤਾਂ ਲਈ ਰੂੜੀ ਲੈ ਜਾਣ ਵਾਸਤੇ ਇਥੋਂ ਤੱਕ ਕਿ ਨਵੀਆਂ-ਨਵੀਆਂ ਖੰਡ ਮਿੱਲਾਂ ਖੁੱਲਣ 'ਤੇ ਗੰਨਾ ਵੀ ਗੱਡੇ 'ਤੇ ਹੀ ਲੈ ਕੇ ਜਾਣਾ ਪੈਂਦਾ ਸੀ। ਅੱਜ ਵਾਂਗ ਟਰੈਕਟਰ-ਟਰਾਲੀ, ਟਰੱਕ ਜਾਂ ਕੋਈ ਹੋਰ ਗੱਡੀਆਂ ਨਹੀਂ ਸਨ ਹੁੰਦੀਆਂ। ਇਕੋ ਇਕ ਸਾਧਨ ਗੱਡਾ ਹੀ ਹੁੰਦਾ ਸੀ। ਸੰਤਾਲੀ ਦੀ ਵੰਡ ਮੌਕੇ ਉੱਜੜੇ ਪੀੜਤ ਲੱਖਾਂ ਪੰਜਾਬੀ ਇਧਰੋਂ-ਉਧਰੋਂ ਗੱਡਿਆਂ ਉਤੇ ਹੀ ਆਏ ਗਏ ਸਨ। ਪੁਰਾਣੇ ਦਿਨਾਂ ਨੂੰ ਯਾਦ ਕਰਕੇ ਦੇਖੀਏ ਤਾਂ ਵੱਢੀ ਕਣਕ (ਸੱਥਰ) ਦੀਆਂ ਭਰੀਆਂ ਗੱਡੇ ਉਤੇ ਲੱਦ/ਰੱਖ ਕੇ ਇਕ ਥਾਂ ਲਿਆਉਣੀਆਂ ਪੈਂਦੀਆਂ ਸਨ। ਉਹ ਥਾਂ ਜਿਥੇ ਵੱਢੀ ਹੋਈ ਕਣਕ ਗਾਹੁਣ ਲਈ ਇਕੱਠੀ ਕੀਤੀ ਜਾਂਦੀ ਸੀ। ਉਸ ਨੂੰ ਖਲਵਾੜਾ ਆਖਦੇ ਸਨ। ਗੱਡੇ ਉਤੇ ਕਣਕ ਦੀਆਂ ਬੋਰੀਆਂ ਖਾਣ ਲਈ ਅਤੇ ਅਗਲੇ ਸਾਲ ਵਾਸਤੇ ਬੀਜ਼ ਲਈ ਘਰ ਲੈ ਆਉਂਦੇ ਅਤੇ ਬਾਕੀ ਵੇਚਣ ਲਈ ਮੰਡੀ ਲੈ ਜਾਂਦੇ ਸਨ। ਕਿਸਾਨ ਦਾ ਗੱਡੇ ਨਾਲ ਬਹੁਤ ਗੂੜਾ ਰਿਸ਼ਤਾ ਹੁੰਦਾ ਸੀ।

ਬੇਸ਼ੱਕ ਅੱਜ ਲੱਕੜ ਦੇ ਕਾਰੀਗਰਾਂ ਨੇ ਬਹੁਤ ਮਸ਼ੀਨਾਂ ਰੱਖ ਲਈਆਂ ਹਨ ਪਰ ਗੱਡਾ ਅੱਜ ਦਾ ਕਾਰੀਗਰ ਨਹੀਂ ਬਣਾ ਸਕਦਾ। ਪਹਿਲੇ




ਤਰਖਾਣ ਹੀ ਗੱਡਾ ਬਣਾ ਸਕਦੇ ਸਨ। ਕਈ-ਕਈ ਮਹੀਨੇ ਲੱਗ ਜਾਂਦੇ ਸਨ, ਗੱਡਾ ਬਣਾਉਣ ਲਈ। ਗੱਡੇ ਲਈ ਬਹੁਤ ਪੱਕੀ ਤੇ ਸੁੱਕੀ ਲੱਕੜ ਕਾਰੀਗਰ ਨੂੰ ਲੱਭਣੀ ਪੈਂਦੀ ਸੀ ਖਾਸ ਕਰਕੇ ਟਾਹਲੀ, ਕਿੱਕਰ, ਸਾਹਲ ਦੀ ਲੱਕੜ ਨੂੰ ਹੀ ਵੱਢ ਕੇ ਕਈ-ਕਈ ਵਰੇ ਛੱਪੜਾਂ-ਟੋਭਿਆਂ 'ਤੇ ਪਾਣੀ ਵਿਚ ਸੁੱਟ ਛੱਡਦੇ ਸਨ ਤਾਂ ਕਿ ਲੱਕੜ ਮਜ਼ਬੂਤ ਹੋ ਸਕੇ। ਗੱਡੇ ਦੇ ਬਹੁਤ ਸਾਰੇ ਹਿੱਸੇ ਹੁੰਦੇ ਸਨ। ਗੱਡਾ ਜਿਸ ਢਾਂਚੇ ਉਪਰ ਬਣਾਇਆ ਜਾਂਦਾ ਸੀ, ਉਸ ਦੀਆਂ ਦੋ 14 ਫੁੱਟ ਦੀਆਂ ਲੜਾਂ/ਬੱਲੀਆਂ ਹੁੰਦੀਆਂ ਸਨ। ਇਨਾਂ ਨੂੰ ਜੋੜਾ/ਪੌੜੀਆਂ ਕਹਿੰਦੇ ਸਨ। ਇਹ 'ਜੋੜਾ' ਲੰਬੇ ਰੁਖ਼ ਲਾਈਆਂ ਜਾਂਦੀਆਂ ਸਨ, ਜੋ ਕਿ ਅੰਗਰੇਜ਼ੀ ਦੇ 'ਵਾਈ' ਅੱਖਰ ਵਰਗੀਆਂ ਬਣਾ ਕੇ ਲਾਉਂਦੇ ਸਨ। ਇਨਾਂ ਜੋੜੀਆਂ ਹੇਠ ਦੋ ਮੋਟੇ ਡੰਡੇ ਹੁੰਦੇ ਸਨ। ਪੂਰਾ ਗੱਡਾ 14 ਫੁੱਟ ਲੰਬਾ ਹੁੰਦਾ ਸੀ। ਇਸ ਜੋੜੀ ਉੱਪਰ ਫੱਟੇ ਜੋੜੇ ਜਾਂਦੇ ਸਨ, ਜਿਸ ਨੂੰ ਛੱਤ ਆਖਦੇ ਸੀ। ਗੱਡੇ ਦੇ ਪਿਛਲੇ ਪਾਸੇ ਦੀ ਚੌੜਾਈ ਸਾਢੇ ਪੰਜ ਫੁੱਟ ਹੁੰਦੀ ਸੀ ਅਤੇ ਅੱਗੋਂ ਜਾ ਕੇ ਘਟ ਜਾਂਦੀ ਸੀ। ਜਿਸ ਥਾਂ/ਜਗਾ 'ਤੇ ਚਲਾਵਾ/ ਚਲਾਉਣ ਵਾਲਾ ਬੈਠਦਾ, ਉਸ ਥਾਂ ਨੂੰ ਚੌਂਕੀ ਆਖਦੇ ਸਨ। ਉਹ ਢਾਈ ਫੁੱਟ ਦੀ ਹੁੰਦੀ ਸੀ। ਗੱਡੇ ਦੇ ਅਗਲੇ ਸਿਰੇ ਤੋਂ ਥੋੜਾ ਪਿਛੇ ਕਰਕੇ ਰੱਸੇ ਨਾਲ ਲੱਕੜ ਦੀ ਬੱਲੀ/ਲੜ ਬੰਨੀ ਹੁੰਦੀ ਸੀ, ਜਿਸ ਨੂੰ ਜੂਲਾ ਆਖਦੇ ਸਨ। ਜੂਲੇ ਦੀ ਲੰਬਾਈ ਸਾਢੇ ਪੰਜ ਫੁੱਟ ਹੁੰਦੀ ਸੀ ਅਤੇ ਮੋਟਾਈ ਦੋ ਢਾਈ ਫੁੱਟ ਹੁੰਦੀ ਸੀ। ਜੂਲੇ ਨਾਲ ਹੀ ਢੱਗੇ (ਬਲਦ) ਜਾਂ ਝੋਟੇ ਜੋੜੇ ਜਾਂਦੇ ਸਨ। ਇਨਾਂ ਪਸ਼ੂਆਂ ਨੂੰ ਜੋੜਨ ਲਈ ਜੂਲੇ ਦੇ ਆਸੇ-ਪਾਸੇ ਦੋ ਮੋਰੀਆਂ ਕੱਢ ਕੇ ਲੱਕੜ ਦੀਆਂ ਕਿੱਲੀਆਂ ਲਾਈਆਂ ਹੁੰਦੀਆਂ ਸਨ, ਜਿਨਾਂ ਨੂੰ ਅਰਲੀਆਂ/ਸੌਲ ਆਖਦੇ ਸਨ। ਇਨਾਂ ਦੀ ਲੰਬਾਈ ਇਕ ਫੁੱਟ ਹੁੰਦੀ ਸੀ।

(ਬਾਕੀ ਅਗਲੇ ਅੰਕ 'ਚ)

# ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਸੁਖਵੰਤ ਹੁੰਦਲ**

ਬੇਸ਼ੱਕ ਕੁਝ ਸਾਲ ਪਹਿਲਾਂ ਤੱਕ ਕਾਰਾਂ ਦੀ ਇਸ ਤਰਾਂ ਦੀ ਵਰਤੋਂ ਪੱਛਮ ਦੇ ਅਮੀਰ ਮੁਲਕਾਂ ਤੱਕ ਹੀ ਸੀਮਤ ਸੀ, ਪਰ ਹੁਣ ਕਾਰਾਂ ਦੀ ਗਿਣਤੀ ਵਿਕਾਸਸ਼ੀਲ ਦੇਸ਼ਾਂ ਵਿੱਚ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਉਦਾਹਰਨ ਲਈ 1990ਵਿਆਂ ਦੇ ਅਖੀਰ ਵਿੱਚ ਚੀਨ ਵਿੱਚ 1000 ਲੋਕਾਂ ਮਗਰ 10 ਕਾਰਾਂ ਪਰ ਸੰਨ 2000 ਤੋਂ ਚੀਨ ਵਿੱਚ ਕਾਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸੰਨ 2002 ਵਿੱਚ ਚੀਨ ਵਿੱਚ 1 ਕਰੋੜ ਕਾਰਾਂ ਸਨ। ਸੰਨ 2003 ਵਿੱਚ ਚੀਨ ਵਿੱਚ ਕਾਰਾਂ ਦੀ ਗਿਣਤੀ ਵਿੱਚ ਹਰ ਰੋਜ਼ 11000 ਕਾਰਾਂ ਦਾ ਵਾਧਾ ਹੋਇਆ ਸੀ।

ਇੰਟਰਨੈਸ਼ਨਲ ਐਨਰਜੀ ਏਜੰਸੀ ਦਾ ਅੰਦਾਜ਼ਾ ਹੈ ਕਿ 2005-2030 ਵਿਚਕਾਰ ਚੀਨ ਵਿੱਚ ਕਾਰਾਂ ਦੀ ਗਿਣਤੀ ਵਿੱਚ 7 ਗੁਣਾਂ ਦਾ ਵਾਧਾ ਹੋਵੇਗਾ ਅਤੇ ਕਾਰਾਂ ਅਤੇ ਟਰੱਕਾਂ ਦੀ ਕੁੱਲ ਗਿਣਤੀ 27 ਕਰੋੜ (270 ਮਿਲੀਅਨ) ਹੋ ਜਾਵੇਗੀ।

ਦੁਨੀਆ ਭਰ ਵਿੱਚ ਮੀਟ ਦੀ ਖਪਤ ਦੀ ਕਹਾਣੀ ਵੀ ਕੁੱਝ ਇਸ ਤਰਾਂ ਦੀ ਹੀ ਹੈ। ਇਸ ਸਮੇਂ ਦੁਨੀਆ ਭਰ ਵਿੱਚ ਮੀਟ ਦਾ ਉਤਪਾਦਨ 26 ਕਰੋੜ (260 ਮਿਲੀਅਨ) ਮੀਟਰਿਕ ਟਨ ਹੈ ਅਤੇ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਮੀਟ ਦਾ ਇਹ ਉਤਪਾਦਨ ਸੰਨ 1950 ਦੇ ਮੁਕਾਬਲੇ 5 ਗੁਣਾਂ ਵੱਧ ਹੈ। ਦੁਨੀਆ ਵਿੱਚ ਸਭ ਤੋਂ ਵੱਧ ਮੀਟ ਦੀ ਖਪਤ (6.8 ਕਰੋੜ ਜਾਂ 69 ਮਿਲੀਅਨ ਮੀਟ੍ਰਿਕ ਟਨ ਸਾਲਾਨਾ) ਚੀਨ ਵਿੱਚ ਹੈ ਅਤੇ ਇਸ ਸੰਬੰਧ ਵਿੱਚ ਦੂਸਰਾ ਨੰਬਰ ਅਮਰੀਕਾ ਦਾ ਹੈ ਜਿੱਥੇ ਮੀਟ ਦੀ ਸਾਲਾਨਾ ਖਪਤ 3.8 ਕਰੋੜ (38 ਮਿਲੀਅਨ) ਮੀਟ੍ਰਿਕ ਟਨ ਹੈ। ਪਰ ਜੇ ਇਸ ਖਪਤ ਨੂੰ ਜੀਅ ਪ੍ਰਤੀ ਖਪਤ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਮੀਟ ਦੀ ਖਪਤ ਵਿੱਚ ਅਮਰੀਕਾ ਚੀਨ ਤੋਂ ਕਿਤੇ ਅੱਗੇ ਹੈ। ਚੀਨ ਵਿੱਚ ਮੀਟ ਦੀ ਸਾਲਾਨਾ ਪ੍ਰਤੀ ਜੀਅ ਖਪਤ 52 ਕਿਲੋਗ੍ਰਾਮ ਹੈ ਜਦੋਂ ਕਿ ਅਮਰੀਕਾ ਵਿੱਚ ਇਹ ਦਰ 125 ਕਿਲੋਗ੍ਰਾਮ ਹੈ। ਭਾਰਤ ਵਿੱਚ ਮੀਟ ਦੀ ਖਪਤ ਇਨਾਂ ਦੋਹਾਂ ਦੇਸ਼ਾਂ ਦੇ ਮੁਕਾਬਲੇ ਕਾਫੀ ਘੱਟ ਹੈ। ਸੰਨ 2002 ਵਿੱਚ ਭਾਰਤ ਵਿੱਚ ਜੀਅ ਪ੍ਰਤੀ ਮੀਟ ਦੀ ਖਪਤ ਸਿਰਫ 5 ਕਿਲੋਗ੍ਰਾਮ ਸੀ। ਪਰ ਜਿਸ ਤਰਾਂ ਭਾਰਤ ਵਿੱਚ ਮਕਡੌਨਲਡ, ਪੀਜ਼ਾ ਹੱਟ ਅਤੇ ਇਸ ਤਰਾਂ ਦੇ ਹੋਰ ਫਾਸਟ ਫੂਡ ਰੈਸਟੋਰੈਂਟਾਂ ਦੀ ਗਿਣਤੀ ਵਧ ਰਹੀ ਹੈ, ਉਸ ਨੂੰ ਦੇਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਨੇੜ ਭਵਿੱਖ ਵਿੱਚ ਉੱਥੇ ਜੀਅ ਪ੍ਰਤੀ ਮੀਟ ਦੀ ਖਪਤ ਵਧਣ ਦੀ ਵੱਡੀ ਸੰਭਾਵਨਾ ਹੈ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਬੇਸ਼ੱਕ ਪਿਛਲੇ 4-5 ਦਹਾਕਿਆਂ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਹੋਏ ਇਸ ਤਰਾਂ ਦੇ ਵਾਧੇ ਪਿੱਛੇ ਦੁਨੀਆ ਦੀ ਵਧ ਰਹੀ ਅਬਾਦੀ ਨੇ ਆਪਣੀ ਭੂਮਿਕਾ ਨਿਭਾਈ ਹੈ, ਪਰ ਖਪਤ ਵਿੱਚ ਹੋਇਆ ਇਹ ਵਾਧਾ ਸਿਰਫ ਅਬਾਦੀ ਕਰਕੇ ਹੀ ਨਹੀਂ ਹੈ ਸਗੋਂ ਇਸ ਵਿੱਚ ਵੱਧ ਰਹੇ ਕੰਜ਼ਿਊਮਰਿਜ਼ਮ ਦੀ ਵੱਡੀ ਭੂਮਿਕਾ ਹੈ। ਡਾਵਰਿਨ ਅਨੁਸਾਰ, ਸੰਨ 1960 ਅਤੇ 2000 ਵਿਚਕਾਰ ਨਿੱਜੀ ਖਪਤ 'ਤੇ ਹੋਣ ਵਾਲੇ ਖਰਚਿਆਂ ਵਿੱਚ ਚਾਰ ਗੁਣਾਂ ਤੋਂ ਵੱਧ ਦਾ ਵਾਧਾ ਹੋਇਆ ਹੈ ਜਦੋਂ ਕਿ ਇਸ ਸਮੇਂ ਦੌਰਾਨ ਦੁਨੀਆ ਦੀ ਅਬਾਦੀ ਸਿਰਫ ਦੋ ਗੁਣਾ ਹੀ ਵਧੀ ਹੈ। ਜੇ ਖਪਤ ਵਿੱਚ ਹੋਏ ਵਾਧੇ ਨੂੰ ਵਸਤਾਂ ਦੇ ਵੱਖ ਵੱਖ ਖੇਤਰਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਕਈ ਖੇਤਰਾਂ ਵਿੱਚ ਖਪਤ ਅਤੇ ਅਬਾਦੀ ਵਿੱਚ ਹੋਏ ਵਾਧੇ ਵਿੱਚ ਕਾਫੀ ਵੱਡਾ ਫਰਕ ਹੈ। ਉਦਾਹਰਨ ਲਈ ਸੰਨ 1950 ਅਤੇ ਸੰਨ 2005 ਦੌਰਾਨ ਦੁਨੀਆ ਦੀ ਅਬਾਦੀ ਵਿੱਚ ਢਾਈ ਗੁਣਾਂ ਦੇ ਕਰੀਬ ਵਾਧਾ ਹੋਇਆ ਸੀ। ਪਰ ਇਸ ਸਮੇਂ ਦੌਰਾਨ ਧਾਤਾਂ ਦੇ ਉਤਪਾਦਨ ਵਿੱਚ ਛੇ ਗੁਣਾਂ, ਤੇਲ ਦੀ ਖਪਤ ਵਿੱਚ ਅੱਠ ਗੁਣਾਂ ਅਤੇ ਕੁਦਰਤੀ ਗੈਸ ਦੀ ਖਪਤ ਵਿੱਚ ਚੌਦਾਂ ਗੁਣਾਂ ਦਾ ਵਾਧਾ ਹੋਇਆ ਸੀ।

ਕੰਜ਼ਿਊਮਰਿਜ਼ਮ ਬਾਰੇ ਨੋਟ ਕਰਨ ਵਾਲੀ ਇਕ ਹੋਰ ਗੱਲ ਹੈ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਨਾ-ਬਰਾਬਰੀ। ਇਹ ਨਾ-ਬਰਾਬਰੀ ਦੁਨੀਆ ਦੇ ਵੱਖ ਵੱਖ ਖਿੱਤਿਆਂ ਵਿਚਕਾਰ ਹੈ ਅਤੇ ਨਾਲ ਹੀ ਇਕ ਹੀ ਖਿੱਤੇ ਵਿੱਚ ਰਹਿਣ ਵਾਲੇ ਵੱਖ ਵੱਖ ਆਮਦਨ-ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਵਿਚਕਾਰ ਹੈ। ਸੰਨ 2005 ਵਿਚ ਛਪੀ ਵਰਲਡ ਬੈਂਕ ਦੀ ਇਕ ਰਿਪੋਰਟ ਦੇ ਆਧਾਰ 'ਤੇ ਡਾਵਰਿਨ ਲਿਖਦਾ ਹੈ ਕਿ ਦੁਨੀਆ ਦੀ ਨਿੱਜੀ ਖਪਤ ਦੇ ਕੁੱਲ ਖਰਚਿਆਂ ਦਾ 60 ਫੀਸਦੀ ਹਿੱਸਾ ਅਮਰੀਕਾ ਅਤੇ ਯੂਰਪ ਵਲੋਂ ਖਰਚ ਕੀਤਾ ਜਾਂਦਾ ਹੈ ਜਦੋਂ ਕਿ ਇਨਾਂ ਦੋਹਾਂ ਖਿੱਤਿਆਂ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦੇ 12 ਫੀਸਦੀ ਤੋਂ ਘੱਟ ਹੈ। ਇਸ ਹੀ ਤਰਾਂ ਸੰਨ 2006 ਵਿੱਚ ਦੁਨੀਆ ਵਿਚਲੀ ਖਪਤ ਦੇ ਖਰਚਿਆਂ (ਕਨਸਪਸ਼ਨ ਐਕਸਪੈਂਡੀਚਰਜ਼) ਦਾ 78 ਫੀਸਦੀ ਹਿੱਸਾ ਦੁਨੀਆ ਦੇ ਵੱਧ ਆਮਦਨ ਵਾਲੇ 65 ਦੇਸ਼ਾਂ ਨੇ ਖਰਚਿਆ ਸੀ ਜਦੋਂ ਕਿ ਇਨਾਂ ਦੇਸ਼ਾਂ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦਾ ਸਿਰਫ 16 ਫੀਸਦੀ ਸੀ। ਇਕੱਲੇ ਅਮਰੀਕਾ ਵਿੱਚ ਲੋਕਾਂ ਨੇ ਉਸ ਸਾਲ ਖਪਤਕਾਰੀ ਵਸਤਾਂ 'ਤੇ 97 ਖਰਬ (9.7 ਟ੍ਰਿਲੀਅਨ) ਡਾਲਰ ਖਰਚ ਕੀਤੇ ਸਨ। ਇਹ ਰਕਮ ਦੁਨੀਆ ਦੇ ਖਪਤ ਦੇ ਕੁੱਲ ਖਰਚਿਆਂ ਦਾ 32 ਫੀਸਦੀ ਹਿੱਸਾ ਬਣਦੀ ਹੈ ਜਦੋਂ ਕਿ ਅਮਰੀਕਾ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦਾ ਸਿਰਫ 5 ਫੀਸਦੀ ਹਿੱਸਾ ਹੈ। (21) ਅਮਰੀਕਾ, ਕੈਨੇਡਾ, ਅਸਟ੍ਰੇਲੀਆ, ਜਾਪਾਨ ਅਤੇ ਪੱਛਮੀ ਯੂਰਪ ਦੀ ਅਬਾਦੀ ਦੁਨੀਆ ਦੀ ਅਬਾਦੀ ਦਾ 15 ਫੀਸਦੀ ਬਣਦੀ ਹੈ, ਜਦੋਂ ਕਿ ਇਹ ਦੇਸ਼ ਕੁੱਲ ਮਿਲਾ ਕੇ ਸਾਲ ਵਿੱਚ ਦੁਨੀਆ ਵਿੱਚ ਅਲਮੀਨੀਅਮ ਦੇ ਕੁੱਲ ਉਤਪਾਦਨ ਦਾ 61 ਫੀਸਦੀ, ਸਿੱਕੇ ਦੇ ਕੁੱਲ ਉਤਪਾਦਨ ਦਾ 60 ਫੀਸਦੀ, ਤਾਂਬੇ ਦੇ ਕੁੱਲ ਉਤਪਾਦਨ ਦਾ 59 ਫੀਸਦੀ ਅਤੇ ਸਟੀਲ ਦੇ ਕੁੱਲ ਉਤਪਾਦਨ ਦਾ 49 ਫੀਸਦੀ ਹਿੱਸਾ ਖਪਤ ਕਰਦੇ ਹਨ।

ਬੇਸ਼ੱਕ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਵੀ ਪਿਛਲੇ ਕੁਝ ਸਾਲਾਂ ਦੌਰਾਨ ਕੰਜ਼ਿਊਮਰ ਕਲਾਸ ਵਿੱਚ ਸ਼ਾਮਲ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਪਰ ਇਹ ਗਿਣਤੀ ਇਨਾਂ ਦੇਸ਼ਾਂ ਦੀ ਕੁੱਲ ਅਬਾਦੀ ਦਾ ਬਹੁਤ ਛੋਟਾ ਹਿੱਸਾ ਹੈ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸੰਨ 2004 ਤੱਕ ਦੁਨੀਆ ਵਿੱਚ ਕੰਜ਼ਿਊਮਰ ਕਲਾਸ ਵਿੱਚ ਸ਼ਾਮਲ 1.72 ਅਰਬ ਲੋਕਾਂ ਵਿੱਚ ਚੀਨ ਦੇ 24 ਕਰੋੜ ਅਤੇ ਭਾਰਤ ਦੇ 12 ਕਰੋੜ ਲੋਕ ਸ਼ਾਮਲ ਸਨ। ਕੰਜ਼ਿਊਮਰ ਕਲਾਸ ਵਿੱਚ ਸ਼ਾਮਲ ਚੀਨ ਅਤੇ ਭਾਰਤ ਦੇ ਇਹ ਲੋਕ ਆਪਣੇ ਆਪਣੇ ਦੇਸ਼ਾਂ ਦੀ ਕੁੱਲ ਅਬਾਦੀ ਦਾ ਕ੍ਰਮਵਾਰ ਸਿਰਫ 19 ਫੀਸਦੀ ਅਤੇ 12 ਫੀਸਦੀ ਹਿੱਸਾ ਹੀ ਬਣਦੇ ਸਨ ਜਦੋਂ ਕਿ ਅਮਰੀਕਾ ਦੇ 84 ਫੀਸਦੀ, ਜਾਪਾਨ ਦੇ 95 ਫੀਸਦੀ, ਫਰਾਂਸ ਦੇ 89 ਫੀਸਦੀ ਅਤੇ ਯੂ ਕੇ ਦੇ 86 ਫੀਸਦੀ ਲੋਕ ਕੰਜ਼ਿਊਮਰ ਕਲਾਸ ਵਿੱਚ ਸ਼ਾਮਲ ਸਨ।

ਜੇ ਅਸੀਂ ਵੱਖ ਵੱਖ ਵਸਤਾਂ ਦੀ ਖਪਤ ਨੂੰ ਆਧਾਰ ਬਣਾ ਕੇ ਦੇਖੀਏ ਤਾਂ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਨਾ-ਬਰਾਬਰਤਾ ਦਾ ਪਾੜਾ ਹੋਰ ਵੀ ਵੱਡਾ ਦਿਖਾਈ ਦਿੰਦਾ ਹੈ। 2009 ਦੇ ਅੰਕੜਿਆਂ ਮੁਤਾਬਕ ਦੁਨੀਆ ਦੀ ਤੇਲ ਦੀ ਰੋਜ਼ਾਨਾ ਕੁੱਲ ਖਪਤ ਦਾ 22.6 ਫੀਸਦੀ ਹਿੱਸਾ ਅਮਰੀਕਾ ਵਿੱਚ ਖਪਤ ਹੁੰਦਾ ਹੈ ਜਦੋਂ ਕਿ ਅਮਰੀਕਾ ਦੀ ਅਬਾਦੀ ਦੁਨੀਆ ਦੀ ਅਬਾਦੀ ਦਾ 5 ਫੀਸਦੀ ਹੈ। ਅਮਰੀਕਾ, ਜਾਪਾਨ, ਜਰਮਨੀ, ਕੈਨੇਡਾ, ਫਰਾਂਸ ਅਤੇ ਯੂ. ਕੇ. ਮਿਲ ਕੇ ਦੁਨੀਆ ਦੀ ਤੇਲ ਦੀ ਰੋਜ਼ਾਨਾ ਖਪਤ ਦਾ 37.7 ਫੀਸਦੀ ਹਿੱਸਾ ਖਪਤ ਕਰਦੇ ਹਨ ਜਦੋਂ ਕਿ ਇਨਾਂ ਦੇਸ਼ਾਂ ਦੀ ਕੁੱਲ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦੇ 10 ਫੀਸਦੀ ਤੋਂ ਘੱਟ ਹੈ। ਦੂਸਰੇ ਪਾਸੇ ਭਾਰਤ ਵਿੱਚ ਦੁਨੀਆਂ ਦੀ ਰੋਜ਼ਾਨਾ ਤੇਲ ਦੀ ਖਪਤ ਦਾ 3.6 ਫੀਸਦੀ ਹਿੱਸਾ ਖਪਤ ਹੁੰਦਾ ਹੈ ਜਦੋਂ ਕਿ ਭਾਰਤ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦਾ 17 ਫੀਸਦੀ ਹਿੱਸਾ ਬਣਦੀ ਹੈ।

ਕਾਗਜ਼ ਦੀ ਵਰਤੋਂ ਬਾਰੇ ਅੰਕੜਿਆਂ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਇਕ ਅਮਰੀਕਨ ਸਾਲ ਵਿੱਚ 300 ਕਿਲੋਗ੍ਰਾਮ ਤੋਂ ਵੱਧ ਕਾਗਜ਼ ਵਰਤਦਾ ਹੈ ਜਦੋਂ ਕਿ ਇਕ ਭਾਰਤੀ 4 ਕਿਲੋਗ੍ਰਾਮ। ਅਫਰੀਕਾ ਵਿੱਚ 20 ਅਜਿਹੇ ਦੇਸ਼ ਹਨ ਜਿੱਥੇ ਸਾਲਾਨਾ ਜੀਅ ਪ੍ਰਤੀ ਕਾਗਜ਼ ਦੀ ਵਰਤੋਂ 1 ਕਿਲੋਗ੍ਰਾਮ ਤੋਂ ਵੀ ਘੱਟ ਹੈ। ਇਸ ਹੀ ਤਰਾਂ ਇਕ ਔਸਤ ਅਮਰੀਕਨ ਸਾਲ ਵਿੱਚ 22 ਕਿਲੋਗ੍ਰਾਮ ਅਲਮੀਨੀਅਮ ਵਰਤਦਾ ਹੈ ਜਦੋਂ ਕਿ ਇਕ ਔਸਤ ਭਾਰਤੀ 2 ਕਿਲੋਗ੍ਰਾਮ ਅਤੇ ਇਕ ਔਸਤ ਅਫਰੀਕਨ 1 ਕਿਲੋਗ੍ਰਾਮ ਤੋਂ ਵੀ ਘੱਟ।

ਅਮੀਰ ਮੁਲਕਾਂ ਵਿੱਚ ਪਾਲਤੂ ਰੱਖੇ ਦੋ ਜਰਮਨ ਸ਼ੈਪਰਡ ਕੁੱਤੇ ਸਾਲ ਵਿੱਚ ਉੱਨੇ ਵਸੀਲਿਆਂ ਦਾ ਇਸਤੇਮਾਲ ਕਰਦੇ ਹਨ, ਜਿੰਨੇ ਵਸੀਲੇ ਬੰਗਲਾਦੇਸ਼ ਦਾ ਇਕ ਵਸ਼ਿੰਦਾ ਸਾਲ ਵਿੱਚ ਵਰਤਦਾ ਹੈ।

ਫਰੈਂਡਜ਼ ਆਫ ਦੀ ਅਰਥ ਯੂਰਪ ਨਾਮੀ ਸੰਸਥਾ ਵਲੋਂ ਸੰਨ 2009 ਵਿੱਚ ਪ੍ਰਕਾਸ਼ਤ ਹੋਈ ਇਕ ਰਿਪੋਰਟ ਅਨੁਸਾਰ, ਅਮੀਰ ਮੁਲਕਾਂ ਵਿੱਚ ਰਹਿਣ ਵਾਲੇ ਲੋਕ ਗਰੀਬ ਮੁਲਕਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਮੁਕਾਬਲੇ 10 ਗੁਣਾਂ ਵੱਧ ਕੁਦਰਤੀ ਵਸੀਲਿਆਂ ਦੀ ਵਰਤੋਂ ਕਰਦੇ ਹਨ। ਔਸਤ ਪੱਧਰ 'ਤੇ ਉੱਤਰੀ ਅਮਰੀਕਾ ਦਾ ਇਕ ਵਸ਼ਿੰਦਾ ਹਰ ਰੋਜ਼ 90 ਕਿਲੋਗ੍ਰਾਮ, ਯੂਰਪ ਦਾ ਇਕ ਵਸ਼ਿੰਦਾ 45 ਕਿਲੋਗ੍ਰਾਮ ਅਤੇ ਅਫਰੀਕਾ ਦਾ ਇਕ ਵਸ਼ਿੰਦਾ 10 ਕਿਲੋਗ੍ਰਾਮ ਵਸੀਲੇ ਵਰਤਦਾ ਹੈ।

ਅਗਲੇ ਹਿੱਸੇ ਵਿੱਚ ਜਦੋਂ ਅਸੀਂ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਬਾਰੇ ਗੱਲ ਕਰਾਂਗੇ ਤਾਂ ਸਾਨੂੰ ਦੁਨੀਆ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿਚਲੀ ਇਹ ਨਾ-ਬਰਾਬਰਤਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ। ਇਹ ਨਾ-ਬਰਾਬਰੀ ਸਾਡੀ ਇਹ ਅਹਿਸਾਸ ਕਰਨ ਵਿੱਚ ਮਦਦ ਕਰੇਗੀ ਕਿ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਲਈ ਵੱਡੀ ਜ਼ਿੰਮੇਵਾਰੀ ਅਮੀਰ ਮੁਲਕਾਂ ਅਤੇ ਅਮੀਰ ਲੋਕਾਂ ਦੇ ਸਿਰ



ਆਉਂਦੀ ਹੈ।

**ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ**

ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਬਾਰੇ ਸਮਝਣ ਲਈ ਇਹ ਜ਼ਰੂਰੀ ਹੈ ਕਿ ਵਸਤਾਂ ਦੇ ਉਤਪਾਦਨ, ਉਨਾਂ ਦੀ ਵਿਕਰੀ, ਉਨਾਂ ਦੀ ਵਰਤੋਂ ਅਤੇ ਫਿਰ ਉਨਾਂ ਨੂੰ ਕੂੜੇ ਦੇ ਢੇਰ 'ਤੇ ਸੁੱਟਣ ਦੇ ਸਾਰੇ ਕਾਰਜ ਨੂੰ ਧਿਆਨ ਵਿੱਚ ਰੱਖਿਆ ਜਾਵੇ ਨਾ ਕਿ ਸਿਰਫ ਉਨਾਂ ਦੀ ਖ੍ਰੀਦ ਅਤੇ ਵਰਤੋਂ ਨੂੰ ਹੀ। ਇਸ ਦੇ ਨਾਲ ਹੀ ਇਹ ਵੀ ਯਾਦ ਰੱਖਿਆ ਜਾਵੇ ਕਿ ਕੰਜ਼ਿਊਮਰਿਜ਼ਮ ਦਾ ਕਾਰਜ ਇਕ ਸਥਾਨਕ ਕਾਰਜ ਨਹੀਂ ਸਗੋਂ ਇਹ ਇਕ ਗਲੋਬਲ ਨੈੱਟਵਰਕ (ਵਿਸ਼ਵ ਸਿਲਸਿਲੇ) ਦਾ ਹਿੱਸਾ ਹੈ। ਅੱਜ ਕਿਸੇ ਵਸਤ ਦੇ ਉਤਪਾਦਨ ਲਈ ਕੱਚਾ ਮਾਲ ਦੁਨੀਆ ਦੇ ਇਕ ਹਿੱਸੇ ਵਿੱਚ ਕੱਢਿਆ/ਪੈਦਾ ਕੀਤਾ ਜਾਂਦਾ ਹੈ, ਉਸ ਚੀਜ਼ ਨੂੰ ਬਣਾਇਆ ਕਿਸੇ ਹੋਰ ਹਿੱਸੇ ਵਿੱਚ ਜਾਂਦਾ ਹੈ ਅਤੇ ਉਸ ਦੀ ਖਪਤ ਕਿਸੇ ਹੋਰ ਹਿੱਸੇ ਵਿੱਚ ਕੀਤੀ ਜਾਂਦੀ ਹੈ। ਕਈ ਕੇਸਾਂ ਵਿੱਚ ਉਸ ਨੂੰ ਕੂੜੇ ਦੇ ਢੇਰ ਉੱਤੇ ਸੁੱਟਣ ਲਈ ਕਿਸੇ ਹੋਰ ਹਿੱਸੇ ਨੂੰ ਭੇਜਿਆ ਜਾਂਦਾ ਹੈ। ਕੰਜ਼ਿਊਮਰਿਜ਼ਮ ਨੂੰ ਇਸ ਵੱਡੇ ਸੰਦਰਭ ਵਿੱਚ ਦੇਖ ਕੇ ਹੀ ਅਸੀਂ ਇਸ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਸਮੁੱਚੇ ਨੁਕਸਾਨ ਦਾ ਸਹੀ ਮੁੱਲਾਂਕਣ ਕਰ ਸਕਾਂਗੇ।

ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਸ ਕਾਰਨ ਅਸੀਂ ਧਰਤੀ ਦੇ ਵਸੀਲਿਆਂ ਦੀ ਅੰਧਾਧੁੰਦ ਵਰਤੋਂ ਕਰ ਰਹੇ ਹਾਂ। ਫਰੈਂਡਜ਼ ਆਫ ਦੀ ਅਰਥ ਯੂਰਪ ਨਾਮੀ ਸੰਸਥਾ ਦੀ 2009 ਵਿੱਚ ਛਪੀ ਰਿਪੋਰਟ ਇਸ ਬਾਰੇ ਬਹੁਤ ਵਧੀਆ ਜਾਣਕਾਰੀ ਦਿੰਦੀ ਹੈ। ਇਸ ਰਿਪੋਰਟ ਅਨੁਸਾਰ ਹਰ ਸਾਲ ਦੁਨੀਆ ਦੇ ਵਸ਼ਿੰਦੇ 60 ਅਰਬ (ਬਿਲੀਅਨ) ਟਨ ਕੁਦਰਤੀ ਵਸੀਲਿਆਂ ਦੀ ਵਰਤੋਂ ਕਰਦੇ ਹਨ। ਇਨਾਂ ਵਸੀਲਿਆਂ ਵਿੱਚ ਖੇਤੀਬਾੜੀ ਅਤੇ ਸਮੁੰਦਰਾਂ ਅਤੇ ਜੰਗਲਾਂ ਤੋਂ ਪ੍ਰਾਪਤ ਹੋਣ ਵਾਲੇ ਅਤੇ ਧਰਤੀ ਹੇਠੋਂ ਕੱਢੇ ਜਾਣ ਵਾਲੇ ਵਸੀਲੇ ਸ਼ਾਮਲ ਹਨ। ਖੇਤੀਬਾੜੀ, ਸਮੁੰਦਰਾਂ ਅਤੇ ਜੰਗਲਾਂ ਤੋਂ ਮਿਲਣ ਵਾਲੇ ਵਸੀਲੇ (ਮੱਛੀਆਂ, ਟਿੰਬਰ ਆਦਿ) ਦੁਬਾਰਾ ਪੈਦਾ ਕੀਤੇ ਜਾ ਸਕਦੇ ਹਨ ਜਦੋਂ ਕਿ ਧਰਤੀ ਹੇਠੋਂ ਕੱਢੇ ਜਾਣ ਵਾਲੇ ਵਸੀਲੇ (ਤੇਲ, ਕੋਲਾ, ਧਾਤਾਂ ਅਤੇ ਹੋਰ ਖਣਿਜ ਪਦਾਰਥ) ਦੁਬਾਰਾ ਪੈਦਾ ਨਹੀਂ ਕੀਤੇ ਜਾ ਸਕਦੇ। ਕੁਦਰਤੀ ਵਸੀਲਿਆਂ ਦੀ ਇਹ ਵਰਤੋਂ ਤੇਜ਼ੀ ਨਾਲ ਵਧ ਰਹੀ ਹੈ। ਸੰਨ 1980 ਵਿੱਚ ਦੁਨੀਆ ਵਿੱਚ 40 ਅਰਬ (ਬਿਲੀਅਨ) ਟਨ ਵਸੀਲਿਆਂ ਦੀ ਵਰਤੋਂ ਕੀਤੀ ਗਈ ਸੀ ਅਤੇ ਸੰਨ 2005 ਵਿੱਚ ਇਹ ਗਿਣਤੀ ਡੇਢ ਗੁਣਾਂ ਵੱਧ ਕੇ 58 ਅਰਬ (ਬਿਲੀਅਨ) ਟਨ ਹੋ ਗਈ ਸੀ। ਇਸ ਦੇ ਨਾਲ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਇਨਾਂ ਵਸੀਲਿਆਂ ਤੱਕ ਪਹੁੰਚ ਕਰਨ ਲਈ ਧਰਤੀ ਵਿੱਚੋਂ ਹੋਰ ਸਮੱਗਰੀ ਕੱਢੀ ਜਾਂ ਵੱਖ ਕੀਤੀ ਜਾਂਦੀ ਹੈ ਪਰ ਉਹ ਵਸਤਾਂ ਦੇ ਉਤਪਾਦਨ ਵਿੱਚ ਵਰਤੀ ਨਹੀਂ ਜਾਂਦੀ। ਇਹ ਸਮੱਗਰੀ 40 ਅਰਬ (ਬਿਲੀਅਨ) ਟਨ ਸਾਲਾਨਾ ਦੇ ਬਰਾਬਰ ਬਣਦੀ ਹੈ। ਇਸ ਤਰਾਂ ਕੁੱਲ ਮਿਲਾ ਕੇ ਅਸੀਂ ਹਰ ਸਾਲ ਧਰਤੀ ਤੋਂ 100 ਅਰਬ (ਬਿਲੀਅਨ) ਟਨ ਦੇ ਬਰਾਬਰ ਦੇ ਵਸੀਲਿਆਂ ਦੀ ਵਰਤੋਂ ਕਰਦੇ ਹਾਂ।

ਬਹੁਤ ਸਾਰੇ ਵਾਤਾਵਰਨ ਮਾਹਰਾਂ ਦਾ ਵਿਚਾਰ ਹੈ ਕਿ ਧਰਤੀ ਦੇ ਵਸੀਲਿਆਂ ਦੀ ਇਸ ਪੱਧਰ ਦੀ ਵਰਤੋਂ ਸਸਟੇਨੇਬਲ ਨਹੀਂ ਭਾਵ ਧਰਤੀ ਦੀ ਭਾਰ ਝੱਲਣ ਦੀ ਸਮਰਥਾ ਤੋਂ ਜ਼ਿਆਦਾ ਹੈ। ਇਕ ਅਨੁਮਾਨ ਅਨੁਸਾਰ ਇਸ ਸਮੇਂ ਦੁਨੀਆਂ ਦੇ ਵਸ਼ਿੰਦੇ ਧਰਤੀ ਦੀ ਸਮਰਥਾ ਤੋਂ 1.3 ਗੁਣਾਂ ਜ਼ਿਆਦਾ ਵਸੀਲੇ ਵਰਤ ਰਹੇ ਹਨ। ਇਸ ਸਮੇਂ ਧਰਤੀ ਦੇ ਈਕੋਸਿਸਟਮ ਤੋਂ ਮਿਲਣ ਵਾਲੀਆਂ 60 ਫੀਸਦੀ ਸੇਵਾਵਾਂ-ਜਿਵੇਂ ਵਾਤਾਵਰਨ ਦਾ ਨਿਯੰਤ੍ਰਨ, ਤਾਜ਼ੇ ਪਾਣੀ ਦੀ ਉਪਲੱਭਤਾ, ਰਹਿੰਦ-ਖੂਹੰਦ ਨਾਲ ਨਜਿੱਠਣ ਦੀ ਯੋਗਤਾ, ਸਮੁੰਦਰ ਤੋਂ ਮਿਲਣ ਵਾਲੇ ਖਾਣੇ ਆਦਿ- ਦਾ ਜਾਂ ਤਾਂ ਨੁਕਸਾਨ ਹੋ ਰਿਹਾ ਹੈ ਜਾਂ ਉਨਾਂ ਦੀ ਸਮਰਥਾ ਤੋਂ ਵੱਧ ਵਰਤੋਂ ਹੋ ਰਹੀ ਹੈ। ਪੀਟਰ ਡਾਵਰਿਨ (2008) ਇਸ ਸਬੰਧ ਵਿੱਚ ਕੁਝ ਹੋਰ ਅੰਕੜੇ ਪੇਸ਼ ਕਰਦਾ ਹੈ : 1970 ਤੋਂ ਲੈ ਕੇ ਹੁਣ ਤੱਕ ਐਟਲਾਂਟਿਕ ਬਲੂਫਿਨ ਟਿਊਨਾ ਮੱਛੀ ਦੀ ਗਿਣਤੀ 80 ਫੀਸਦੀ ਘੱਟ ਗਈ ਹੈ।

ਪਿਛਲੇ ਚਾਰ ਦਹਾਕਿਆਂ ਦੌਰਾਨ ਕੈਨੇਡਾ ਦੇ ਪੂਰਬੀ ਤੱਟ ਤੋਂ ਮਿਲਣ ਵਾਲੀ ਕੌਡ ਮੱਛੀ ਦੀ ਗਿਣਤੀ 99 ਫੀਸਦੀ ਘੱਟ ਗਈ ਹੈ ਅਤੇ ਇਹ ਮੱਛੀ ਹੁਣ ਖਤਮ ਹੋਣ ਦੇ ਖਤਰੇ ਹੇਠ (ਇਨਡੇਂਜਰਡ) ਮੰਨੀ ਜਾਂਦੀ ਹੈ।

ਤਪਤ-ਖੰਡ ਵਿੱਚ ਹਰ ਸਾਲ 3 ਕਰੋੜ 20 ਲੱਖ ਏਕੜ ਜੰਗਲਾਂ (ਟਰੌਪੀਕਲ ਰੇਨਫੌਰੈਸਟਸ) ਦਾ ਖਾਤਮਾ ਹੋ ਰਿਹਾ ਹੈ। ਇਕੱਲੇ ਬਰਾਜ਼ੀਲ ਵਿੱਚ ਹੀ ਹਰ ਸਾਲ 70 ਲੱਖ ਏਕੜ ਜੰਗਲ ਅਤੇ ਇੰਡੋਨੇਸ਼ੀਆ ਵਿੱਚ 50 ਲੱਖ ਏਕੜ ਜੰਗਲ ਖਤਮ ਹੋ ਰਹੇ ਹਨ।

ਕਦੇ ਅਰਲ ਸਮੁੰਦਰ ਦੁਨੀਆ ਦੀਆਂ ਸਭ ਤੋਂ ਵੱਡੀਆਂ ਝੀਲਾਂ ਵਿੱਚੋਂ ਚੌਥੇ ਨੰਬਰ 'ਤੇ ਆਉਂਦਾ ਸੀ, ਪਰ ਇਸ ਦੇ ਪਾਣੀ ਦੀ ਬਿਜਲੀ ਉਤਪਾਦਨ ਅਤੇ ਖੇਤੀਬਾੜੀ ਲਈ ਕੀਤੀ ਜਾਂਦੀ ਵਰਤੋਂ ਕਾਰਨ ਇਹ ਪਿਛਲੇ ਤਿੰਨ ਦਹਾਕਿਆਂ ਵਿੱਚ ਸੁੱਕ ਕੇ ਅੱਧਾ ਰਹਿ ਗਿਆ ਹੈ।

ਤਪਤ-ਖੰਡ ਵਿੱਚ ਜੰਗਲਾਂ ਦੇ ਖਾਤਮੇ ਕਾਰਨ ਦੁਨੀਆਂ ਦੇ ਜਾਨਵਰਾਂ ਅਤੇ ਪੌਦਿਆਂ ਦੀਆਂ ਜਾਤੀਆਂ ਦਾ ਵੱਡੀ ਪੱਧਰ 'ਤੇ ਖਾਤਮਾ ਹੋ ਰਿਹਾ ਹੈ ਕਿਉਂਕਿ ਜਾਨਵਰਾਂ ਅਤੇ ਪੌਦਿਆਂ ਦੀਆਂ ਅੱਧੀਆਂ ਤੋਂ ਵੱਧ ਜਾਤੀਆਂ ਤਪਤ-ਖੰਡ ਦੇ ਜੰਗਲਾਂ ਵਿੱਚ ਮਿਲਦੀਆਂ ਹਨ।

ਵਸੀਲਿਆਂ ਦੀ ਖਪਤ ਦੇ ਸਬੰਧ ਵਿੱਚ ਕਈ ਹੋਰ ਮਾਹਰਾਂ ਦਾ ਅਨੁਮਾਨ ਹੈ ਕਿ ਜੇ ਦੁਨੀਆ ਦੇ ਸਾਰੇ ਲੋਕ ਇਕ ਔਸਤ ਅਮਰੀਕਨ ਦੇ ਬਰਾਬਰ ਵਸਤਾਂ ਅਤੇ ਸੇਵਾਵਾਂ ਦਾ ਇਸਤੇਮਾਲ ਕਰਨ ਲੱਗ ਪੈਣ ਤਾਂ ਇਸ ਨਾਲ ਪੈਦਾ ਹੋਣ ਵਾਲੀ ਵਸਤਾਂ ਅਤੇ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਲਈ ਚਾਰ ਹੋਰ ਧਰਤੀਆਂ ਦੀ ਲੋੜ ਪਵੇਗੀ।

ਧਰਤੀ ਦੇ ਕੁਦਰਤੀ ਵਸੀਲਿਆਂ ਦੀ ਅੰਧਾਧੁੰਦ ਵਰਤੋਂ ਦੇ ਸਬੰਧ ਵਿੱਚ ਦੂਸਰੀ ਗੱਲ ਇਹ ਹੈ ਕਿ ਇਨਾਂ ਨੂੰ ਧਰਤੀ ਵਿੱਚੋਂ ਕੱਢਣ ਜਾਂ ਧਰਤੀ 'ਤੇ ਪੈਦਾ ਕਰਨ ਦੇ ਕਾਰਜ ਨਾਲ ਵੱਡੀ ਪੱਧਰ ਉੱਤੇ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ। ਇਸ ਸਬੰਧ ਵਿੱਚ ਕੁਝ ਉਦਾਹਰਨਾਂ ਪੇਸ਼ ਹਨ। ਨਾਈਜੀਰੀਆ ਅਫਰੀਕਾ ਵਿੱਚ ਸਭ ਤੋਂ ਵੱਧ ਤੇਲ ਪੈਦਾ ਕਰਨ ਵਾਲਾ ਦੇਸ਼ ਹੈ ਅਤੇ ਦੁਨੀਆ ਵਿੱਚ ਤੇਲ ਪੈਦਾ ਕਰਨ ਵਾਲੇ ਦੇਸ਼ਾਂ ਵਿੱਚੋਂ ਇਹ ਗਿਆਰਵੇਂ ਨੰਬਰ 'ਤੇ ਆਉਂਦਾ ਹੈ। ਸੰਨ 2004 ਵਿੱਚ ਨਾਈਜੀਰੀਆ ਵਿੱਚ ਕਰੂਡ ਆਇਲ ਦਾ ਰੋਜ਼ਾਨਾ ਉਤਪਾਦਨ 25 ਲੱਖ ਬੈਰਲ ਸੀ। ਕਹਿੰਦੇ ਹਨ ਕਿ ਕਦੇ ਇੱਥੋਂ ਦਾ ਨਾਈਜਰ ਡੈਲਟਾ ਨਾਈਜੀਰੀਆ ਦਾ ਅਨਾਜ-ਭੰਡਾਰ ਹੁੰਦਾ ਸੀ। ਪਰ ਇਸ ਸਮੇਂ ਤੇਲ ਕੱਢਣ ਨਾਲ ਸੰਬੰਧਤ ਵੱਖ ਵੱਖ ਕਾਰਜਾਂ ਦੌਰਾਨ ਨਾਈਜਰ ਡੈਲਟਾ ਦੀ ਧਰਤੀ ਪੂਰੀ ਤਰਾਂ ਬਰਬਾਦ ਹੋ ਚੁੱਕੀ ਹੈ। ਗੈਸ ਫਲੇਅਰਿੰਗ (ਤੇਲ ਕੱਢਦੇ ਸਮੇਂ ਅਣਚਾਹੀ/ਬੇਲੋੜੀ ਗੈਸ ਨੂੰ ਮਸ਼ਾਲ ਦੀ ਲਾਟ ਬਾਲ ਕੇ ਨਸ਼ਟ ਕਰਨ ਦਾ ਕਾਰਜ) ਕਾਰਨ ਸਲਫਰ ਡਾਇਔਕਸਾਈਡ, ਨਾਈਟਰੋਜਨ ਡਾਇਔਕਸਾਈਡ ਵਰਗੇ ਕਈ ਜ਼ਹਿਰੀਲੇ ਪਦਾਰਥਾਂ ਦਾ ਮਿਸ਼ਰਨ, ਬੈਨਜ਼ਾਪਾਈਰੀਨ ਅਤੇ ਡਾਇਔਕਸਾਈਨ ਵਰਗੇ ਕੈਂਸਰ ਲਾਉਣ ਵਾਲੇ ਪਦਾਰਥ ਅਤੇ ਬੈਨਜ਼ੀਨ, ਟੋਲੂਈਨ, ਹਾਈਡਰੋਜਨ ਸਲਫਲਾਈਡ ਵਰਗੇ ਅਣਬਲੇ ਤੇਲ ਦੇ ਤੱਤ ਵਾਤਾਵਰਨ ਵਿੱਚ ਛੱਡੇ ਜਾ ਰਹੇ ਹਨ। ਨਤੀਜੇ ਵਜੋਂ ਇਸ ਇਲਾਕੇ ਦੇ ਲੋਕਾਂ ਵਿੱਚ ਸਾਹ ਅਤੇ ਫੇਫੜਿਆਂ ਦੀ ਕਈ ਤਰਾਂ ਦੀਆਂ ਬੀਮਾਰੀਆਂ ਦੀ ਬਹੁਤਾਤ ਹੈ। ਇਸ ਦੇ ਨਾਲ ਹੀ ਵਾਤਾਵਰਨ ਵਿੱਚ ਛੱਡੀਆਂ ਗਈਆਂ ਸਲਫਰ ਡਾਇਔਕਸਾਈਡ ਅਤੇ ਨਾਈਟਰੋਜਨ ਔਕਸਾਈਡ ਗੈਸਾਂ ਕਾਰਨ ਇਸ ਇਲਾਕੇ ਨੂੰ ਤੇਜ਼ਾਬੀ ਮੀਂਹ (ਐਸਿਡ ਰੇਨ) ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੇਜ਼ਾਬੀ ਮੀਂਹ ਨੇ ਇਲਾਕੇ ਦੀਆਂ ਝੀਲਾਂ, ਨਦੀਆਂ ਅਤੇ ਨਾਲਿਆਂ ਵਿੱਚ ਤੇਜ਼ਾਬ ਘੋਲ ਦਿੱਤਾ ਹੈ ਅਤੇ ਉੱਥੋਂ ਦੀ ਬਨਸਪਤੀ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਇਲਾਕੇ ਦੀਆਂ ਇਮਾਰਤਾਂ ਦੀਆਂ ਛੱਤਾਂ ਹੌਲੀ ਹੌਲੀ ਤੇਜ਼ਾਬ ਨਾਲ ਖਾਧੀਆਂ ਜਾ ਰਹੀਆਂ ਹਨ। ਇਹ ਮੰਨਿਆ ਜਾਂਦਾ ਹੈ ਕਿ ਨਾਈਜਰ ਡੈਲਟਾ ਦਾ ਇਲਾਕਾ ਦੁਨੀਆ ਭਰ ਵਿੱਚ ਪੈਟਰੋਲ ਕਾਰਨ ਬੁਰੀ ਤਰਾਂ ਨੁਕਸਾਨੇ ਗਏ ਪੰਜ ਈਕੋਸਿਸਟਮਾਂ ਵਿੱਚੋਂ ਇਕ ਹੈ। ਤੇਲ ਕੱਢਣ ਕਾਰਨ ਨਾਈਜੀਰੀਆ ਵਿੱਚ ਵਾਤਾਵਰਨ ਦਾ ਜੋ ਨੁਕਸਾਨ ਹੋ ਰਿਹਾ ਹੈ, ਉਸ ਦਾ ਅਸਰ ਸਿਰਫ ਨਾਈਜੀਰੀਆ ਦੇ ਲੋਕਾਂ ਤੱਕ ਸੀਮਤ ਨਹੀਂ ਸਗੋਂ ਸਾਰੀ ਦੁਨੀਆ ਦੇ ਲੋਕ ਇਸ ਦੀ ਮਾਰ ਹੇਠ ਹਨ। ਉਦਾਹਰਨ ਲਈ ਨਾਈਜੀਰੀਆ ਵਿੱਚ ਗੈਸ ਫਲੇਅਰਿੰਗ ਕਾਰਨ ਹਰ ਰੋਜ਼ 2.5 ਅਰਬ (ਬਿਲੀਅਨ) ਸਟੈਂਡਰਡ ਕਿਊਬਿਕ ਫੁੱਟ ਗੈਸ ਬਾਲੀ ਜਾ ਰਹੀ ਹੈ। ਇਸ ਦੇ ਨਤੀਜੇ ਵਜੋਂ ਵੱਡੀ ਮਾਤਰਾ ਵਿੱਚ ਗਰੀਨ ਹਾਊਸ ਗੈਸਾਂ ਵਾਤਾਵਰਨ ਵਿੱਚ ਛੱਡੀਆਂ ਜਾ ਰਹੀਆਂ ਹਨ ਜਿਹੜੀਆਂ ਸਾਰੀ ਦੁਨੀਆ ਦੇ ਵਾਤਾਵਰਨ ਤੇ ਅਸਰ ਪਾਉਂਦੀਆਂ ਹਨ।

ਬਾਕੀ ਸਫ਼ਾ 31 'ਤੇ

# ‘ਸਰਵਰੇਣ’ ਦੇ ਦੋ ਸ਼ਬਦ ਭਿਖਸ਼ਾ ਤੇ ਦੇਹ

**ਗੁਰਮੀਤ ਸਿੰਘ ਮੀਤ**

ਇਹ ਦੋ ਸ਼ਬਦ ਜੋ ਉਸਨੇ ਹੁਣ ਤੱਕ ਹਜ਼ਾਰਾਂ ਵਾਰ ਸਹਿਜ ਸੁਭਾਅ ਲੋਕਾਂ ਦੇ ਦਰਾਂ ’ਤੇ ਖੜ ਕੇ ਬੋਲੇ ਸੀ ਪਰ ਅੱਜ ਐਨੇ ਭਾਰੇ ਕਿਉਂ ਹੋ ਗਏ ਸੀ, ਐਨੇ ਔਖੇ ਕਿਉਂ ਹੋ ਗਏ ਸੀ। ‘ਸਰਵਰੇਣ’ ਅੱਜ ਬਹੁਤ ਪ੍ਰੇਸ਼ਾਨ ਹੋ ਰਿਹਾ ਸੀ। ਕੱਲ ਸ਼ਾਮ ਦੀ ਬੂੰਦਾਂ-ਬਾਂਦੀ ਹੋ ਰਹੀ ਸੀ, ਜੋ ਵਿੱਚ ਵਿੱਚ ਕਦੀ ਤੇਜ਼ ਕਦੀ ਹੌਲੀ ਹੋ ਜਾਂਦੀ ਸੀ। ਜੰਗਲ ਵਿੱਚ ਡਿੱਗੇ ਪੱਤਿਆਂ ਵਿੱਚੋਂ ਮਿੱਟੀ ਨਾਲ ਰਲੀ ਵਾਸ਼ਨਾ ਉੱਠ ਰਹੀ ਸੀ। ਪਹਾੜੀ ਤੇ ਥੋੜੇ ਜਿਹੇ ਖਾਲੀ ਕੀਤੇ ਮੈਦਾਨ ਜਿਹੇ ਵਿੱਚ ਬਣੀ ਕੁਟੀਆ ’ਚ ਸੌਣ ਲਈ ਬਣੇ ਕੱਚੇ ਥੜੇ ਤੇ ਉਹ ਉਸਲਵੱਟੇ ਲੈ ਰਿਹਾ ਸੀ। ਉਸ ਨੂੰ ਅੱਜ ਦੀ ਰਾਤ ਬਾਕੀਆਂ ਨਾਲੋਂ ਬੜੀ ਤੇਜ਼ੀ ਨਾਲ ਬੀਤ ਰਹੀ ਲੱਗ ਰਹੀ ਸੀ। ਇਹ ਰਾਤ ਰੁੱਕ ਕਿਉਂ ਨਹੀਂ ਜਾਂਦੀ ਉਹ ਸੋਚ ਰਿਹਾ ਸੀ। ਅੱਧੀ ਤੋਂ ਵੱਧ ਰਾਤ ਬੀਤ ਚੁੱਕੀ ਸੀ ਪਰ ‘ਸਰਵਰੇਣ’ ਨੂੰ ਅੱਜ ਨੀਂਦ ਕਿੱਥੇ ? ਕਦੀ ਇੱਕ ਪਾਸਾ ਲੈਂਦਾ ਕਦੀ ਦੂਜਾ ਖ਼ਿਆਲਾਂ ਦੀ ਲੜੀ ਸੀ ਕਿ ਟੁਟਦੀ ਨਹੀਂ ਸੀ। ਸੋਚਾਂ ਦੀ ਪੰਡ ਸੀ ਕਿ ਲੱਥਦੀ ਨਹੀਂ ਪਈ ਸੀ। ਵਕਤ ਦਾ ਸ਼ਾਹੂਕਾਰ ‘ਪੰਨਾ ਲਾਲ’ ਅੱਜ ਦਾ ਭਿਖਸ਼ੂ ‘ਸਰਵਰੇਣ’ ਸੀ ' ਉਸ ਦਾ ਚਿੱਤ ਬਾਰ ਬਾਰ ਅਤੀਤ ਦੀਆਂ ਯਾਦਾਂ ਵਿੱਚ ਜਾ ਰਿਹਾ ਸੀ।

‘ਭਿਖਸ਼ਾ ਦੇਹ’

ਇਹ ਸ਼ਬਦ ਜਿਵੇਂ ਉਸਦੇ ਸੰਘ ਵਿੱਚ ਫਸ ਗਏ ਸੀ। ਨਾ ਇਹ ਬੋਲਿਆਂ ਬਣਦੇ ਸੀ ਤੇ ਨਾ ਛਡਿਆਂ। ਇੱਕ ਵਾਰ ਤਾਂ ਉਸਦਾ ਮਨ ਕੀਤਾ ਕਿ ਗੁਰੂ ਨੂੰ ਦੱਸੇ ਪੁੱਛੇ ਬਿਨਾਂ ਰਾਤੋ ਰਾਤ ਕੁਟੀਆ ਛੱਡ ਕੇ ਦੌੜ ਜਾਵੇ। ਪਰ ਐਨੀ ਅੱਗੇ ਵੱਧ ਕਿ ਪਿੱਛੇ ਕਿਵੇਂ ਮੁੜੇ ਹੁਣ ? ਉਹ ਆਪਣੇ ਆਪ ਨਾਲ ਸਵਾਲ ਜਵਾਬ ਕਰ ਰਿਹਾ ਸੀ। ਉਸ ਦੀਆਂ ਅੱਖਾਂ ਅੱਗੇ ਉਸਦਾ ਗੁਜ਼ਰਿਆ ਸ਼ਾਹਾਨਾ ਠਾਠ ਆ ਰਿਹਾ ਸੀ। ਬਹੁਤ ਕਰੜੀ ਪ੍ਰੀਖਿਆ ਸੀ ਆਉਣ ਵਾਲੇ ਕੱਲ ਦੀ।

ਇੱਕ ਉਹ ਵੀ ਦਿਨ ਸੀ ਜਦੋਂ ਕਾਰੋਬਾਰ ’ਚੋਂ ਪੈਸੇ ਦੇ ਵਰਦੇ ਮੀਂਹ ਵਿੱਚ ਵੀ ਉਹ ਉਚਾਟ ਸੀ। ਸੁੱਖਾਂ ਤੋਂ ਅੱਕ ਗਿਆ ਸੀ। ਅੰਦਰੋਂ ਆਵਾਜ ਆ ਰਹੀ ਸੀ ਪ੍ਰਮਾਰਥ ਤੇ ਚੱਲਣ ਦੀ। ਮੂੰਹ ਮੰਗੀਆਂ ਮੁਰਾਦਾਂ ਦੌਲਤਾਂ ਨੂੰ ਠੋਕਰ ਮਾਰ ਕੇ ਭਿਖਿਆ ਮੰਗ ਕੇ ਖਾਣ ਦੇ ਪ੍ਰਮਾਰਥ ਦੇ ਰਾਹ ਚੱਲ ਪੈਣਾ ਸੌਖਾ ਤਾਂ ਨਹੀਂ ਹੁੰਦਾ..ਕੋਈ ਵਿਰਲਾ ਈ ਇੰਝ ਕਰਦਾ ਹੋਏਗਾ। ਫਿਰ ਇੱਕ ਦਿਨ ਅਚਾਨਕ ਉਸਨੇ ਆਰ ਪਾਰ ਦਾ ਫੈਸਲਾ ਕਰ ਲਿਆ ਤੇ ਦੋਵਾਂ ਪੁੱਤਰਾਂ ਨੂੰ ਸਭ ਚਾਬੀਆਂ ਫੜਾ ਦਿੱਤੀਆਂ ਤੇ ਚੁਪ ਚੁਪੀਤੇ ਆਪਣੇ ਰਾਹ ਪੈ ਗਿਆ। ਜੰਗਲ ’ਚ ਉਸ ਗੁਰੂ ਕੋਲ ਜਿਸ ਕੋਲ ਉਹ ਅੱਗੇ ਵੀ ਕਦੀ ਕਦੀ ਜਾਇਆ ਕਰਦਾ ਸੀ। ਹਨੇਰਾ ਪੈਣ ਤੋਂ ਪਹਿਲਾਂ ਹੀ ਤੇਜ਼ ਤੇਜ਼ ਕਦਮਾਂ ਨਾਲ ਉਹ ਜੰਗਲ ਪਾਰ ਕਰਦਾ ਪਹਾੜੀ ਤੇ ਵੱਲ ਜਾ ਰਿਹਾ ਸੀ।ਜਦੋਂ ਨੇੜੇ ਪੁੱਜਾ ਤਾਂ ਗੁਰਦੇਵ ਕੁਟੀਆ ਤੋਂ ਕੁੱਝ ਦੂਰ ਇੱਕ ਹੋਰ ਕੁਟੀਆ ਲਈ ਰੱਸੀ ਨਾਲ ਲਕੜਾਂ ਦਾ ਢਾਂਚਾ ਜੋੜ ਰਹੇ ਸੀ। ਕੋਲ ਉਪਰ ਛੱਤ ਬਣਾਉਣ ਲਈ ਤਾੜ ਅਤੇ ਕੇਲੇ ਦੇ ਪੱਤਿਆਂ ਦਾ ਢੇਰ ਪਿਆ ਸੀ। ਉਸਦੇ ਪ੍ਰਣਾਮ ਕਰਨ ਤੋਂ ਪਹਿਲਾਂ ਹੀ ਗੁਰੂ ਮੁਸਕੁਰਾ ਕੇ ਬੋਲੇ,

‘ਆ ਗਏ ?’

‘ਜੀ, ਮੈਂ ਹਮੇਸ਼ਾ ਲਈ ਤੁਹਾਡੀ ਸਰਣ ਵਿੱਚ ਆ ਗਿਆ ਹਾਂ ਗੁਰਦੇਵ ਮੇਰੇ ਤੇ ਕ੍ਰਿਪਾ ਕਰੋ।’

ਕ੍ਰਿਪਾ ਤਾਂ ਸਦੈਵ ਈ ਏ ਪੁੱਤਰ ਪਰ ਰਸਤਾ ਕਠਿਨ ਏ। ਸੋਚ ਲੈ, ਹਾਲੇ ਵੀ ਵਾਪਿਸ ਮੁੜ ਜਾ, ਦੁਨੀਆਂ ਦੇ ਅਨੰਦ ਮਾਣ ਸੁੱਖ ਮਾਣ, ਰਾਜ ਭੋਗ।’

‘ਨਹੀਂ, ਮੈਂ ਪੱਕਾ ਫੈਸਲਾ ਲੈ ਕੇ ਆਇਆ ਹਾਂ ਗੁਰਦੇਵ।’

ਗੁਰਦੇਵ ਨੇ ਗਹਿਰੀ ਨਿਗਾ ਨਾਲ ਵੇਖਿਆ ਕਿ ਉਂਝ ਤਾਂ ਰੂਹ ਪਾਕ ਸਾਫ਼ ਏ ਪਰ ਪੰਨਾ ਲਾਲ ਕਿਤੇ ਅਟਕਿਆ ਪਿਆ ਏ ਤੇ ਉਸ ਤੋਂ ਅੱਗੇ ਲੰਘ ਕੇ ਹੀ ਭਗਤੀ ਨੂੰ ਨਵਾਂ ਆਯਾਮ ਮਿਲੇਗਾ। ਬੋਲੇ, ‘ਪੁਰਾਣਾ ਘਰ ਤੇ ਪੁਰਾਣਾ ਨਾਮ ਭੁੱਲਣਾ ਪਏਗਾ, ਪੰਨਾ ਲਾਲ ਨੂੰ ‘ਸਰਵਰੇਣ’ ਬਣਨਾ ਪਏਗਾ।ਘਰ ਘਰ ਭਿਖਿਆ ਮੰਗਣੀ ਪਏਗੀ। ਸੋਚ ਕੇ ਦੱਸ,’ ਬੋਲ ਮੰਜ਼ੂਰ ਏ ?’

(ਉਸਨੇ ਸੋਚਿਆ ਘਰ ਤਾਂ ਮੈਂ ਛੱਡ ਹੀ ਆਇਆ ਹਾਂ ਤੇ ਹੁਣ ਨਾਮ ਬਦਲਣ ਵਿਚ ਕੀ ਮੁਸ਼ਕਿਲ ਏ ਭਲਾ ?)

‘ਜੀ ਮੰਜ਼ੂਰ ਏ..!’ ਪੰਨਾ ਲਾਲ ਬੋਲਿਆ।

ਗੁਰਦੇਵ ਭੇਦ ਭਰੇ ਮੁਸਕਰਾਏ ਤੇ ਬੋਲੇ, ‘ਜੇ ਫਿਰ ਵੀ ਮਨ ਕਰੇ ਵਾਪਿਸ ਜਾਣ ਦਾ ਤਾਂ ਕਦੀ ਵੀ ਦੱਸ ਦੇਈਂ, ਪਰ ਦੱਸ ਕੇ ਜਾਈਂ ' ਚੋਰਾਂ ਵਾਂਗ ਨਾ ਭੱਜ ਜਾਈਂ, ਸੇਠ ਏਂ ਸੇਠਾਂ ਵਾਂਗ ਹੀ ਜਾਈਂ।’

ਗੱਲਾਂ ਕਰਦੇ ਕਰਦੇ ਨਵੀਂ ਬਣਾਈ ਝੌਂਪੜੀ ਤੇ ਪੱਤਿਆਂ ਦੀ ਛੱਤ ਪਾਉਂਦੇ ਹੋਏ ਗੁਰੂ ਨੇ ਕਿਹਾ, ‘ਸਰਵਰੇਣ, ਆਪਣੀ ਕੁਟੀਆ ਨਹੀਂ ਵੇਖੇਂਗਾ ਅੰਦਰੋਂ ?’

ਪੰਨਾ ਲਾਲ ਇਧਰ ਉਧਰ ਵੇਖਣ ਲੱਗ ਪਿਆ ਜਿਵੇਂ ਕਿਸੇ ਹੋਰ ਨੂੰ ਕਹਿ ਰਹੇ ਹੋਣ ਕਿਉਕਿ ਉਹ ਤਾਂ ਸਰਵਰੇਣ ਨਹੀਂ ਸੀ। ਗੁਰੂ ਦੁਬਾਰਾ ਬੋਲੇ, ‘ਮੈਂ ਤੈਨੂੰ ਹੀ ਕਹਿ ਰਿਹਾਂ ਪੰਨਾ ਲਾਲ, ਤੂੰ ਹੀ ਹੁਣ ਸਰਵਰੇਣ ਏਂ। ਭੋਜਨ ਕਰ ਕੇ ਆਰਾਮ ਕਰ ਲੈ, ਤੂੰ ਕੱਲ ਤੋਂ ਸਵੇਰੇ ਭਿਖਸ਼ਾ ਲੈਣ ਜਾਣਾ ਏ। ਕੱਲ ਬਾਕੀ ਚੇਲੇ ਵੀ ਤੇਰੇ ਨਾਲ ਜਾਣਗੇ ਅਤੇ ਉਸ ਤੋਂ ਬਾਅਦ ਤੂੰ ਇਕੱਲਾ ਜਾਇਆ ਕਰੇਂਗਾ।’

‘ਜੀ ਗੁਰਦੇਵ।’ (ਤਾਂ ਇਹ ਕੁਟੀਆ ਮੇਰੇ ਲਈ ਹੀ ਬਣਾ ਰਹੇ ਸੀ ਉਹ ਹੈਰਾਨ ਹੁੰਦਾ ਸੋਚਣ ਲੱਗ ਪਿਆ।) ਹਲੇ ਤੱਕ ਉਸਨੂੰ ਜਿੰਨਾ ਸੌਖਾ ਲੱਗ ਰਿਹਾ ਸੀ ਓਨਾ ਹੈ ਨਹੀਂ ਸੀ ਇਹ ਰਾਹ। ਪ੍ਰੀਖਿਆ ਦਰ ਪ੍ਰੀਖਿਆ ਕਰੜੀ ਘਾਲਣਾ ਸੀ। ਆਉਣ ਵਾਲਾ ਸਮਾਂ ਆਪਣੇ ਅੰਦਰ ਬਹੁਤ ਕੁੱਝ ਲੁਕੋਈ ਬੈਠਾ ਸੀ।

ਅਗਲੀ ਸਵੇਰ ਸਰਵਰੇਣ ਨੂੰ ਮੂੰਹ ਹਨੇਰੇ ਉਠਾ ਲਿਆ ਗਿਆ ਤੇ ਕੁੱਝ ਹੋਰ ਚੇਲਿਆਂ ਨਾਲ ਲੈਅ ਲੱਗਣ ਤੇ ਨੇੜੇ ਦੇ ਪਹਾੜੀ ਪਿੰਡ ਵਿੱਚ ਭਿਖਸ਼ਾ ਮੰਗਣ ਲਿਜਾਇਆ ਗਿਆ। ਤਨ ਦੇ ਕਪੜੇ ਬਦਲ ਗਏ ਸੀ, ਮਹਿੰਗੀ ਜੁੱਤੀ ਦੀ ਥਾਂ ਖੜਾਵਾਂ ਨੇ ਲੈ ਲਈ ਸੀ। ਸਰਵਰੇਣ ਬਾਕੀ ਚੇਲਿਆਂ ਨਾਲੋਂ ਬਹੁਤ ਉਤਸ਼ਾਹ ਵਿੱਚ ਸੀ ਤੇ ਵਿੱਚ ਵਿੱਚ ਸਭ ਤੋਂ ਅੱਗੇ ਵੱਧ ਜਾਇਆ ਕਰਦਾ ਸੀ। ਕੁੱਝ ਦੇਰ ਦੇ ਸਫਰ ਤੋਂ ਬਾਅਦ ਉਹ ਪਿੰਡ ਵਿੱਚੋਂ ਭਿਖਸ਼ਾ ਲੈ ਕੇ ਵਾਪਿਸ ਆ ਗਏ। ਸਰਵਰੇਣ ਕਦੀ ਐਨਾ ਤੁਰਿਆ ਨਹੀਂ ਸੀ ਸੋ ਜੋ ਜਾਣ ਲੱਗੇ ਅੱਗੇ ਅੱਗੇ ਸੀ, ਵਾਪਿਸੀ ਤੇ ਸਭ ਤੋਂ ਪਿੱਛੇ ਰਹਿ ਗਿਆ ਸੀ। ਕੁਟੀਆ ਵਿੱਚ ਆ ਕੇ ਸਭ ਨੇ ਕੁੱਝ ਦੇਰ ਆਰਾਮ ਕੀਤਾ ਅਤੇ ਫਿਰ ਧਿਆਨ ਅਭਿਆਸ ਵਿੱਚ ਲੱਗ ਗਏ। ਕੋਈ ਕਿਸੇ ਨਾਲ ਬੋਲਦਾ ਨਹੀਂ ਸੀ। ਸਭ ਨੂੰ ਆਪੋ ਆਪਣਾ ਕੰਮ ਪਤਾ ਸੀ। ਇੰਝ ਚਾਰ ਕੁ ਦਿਨ ਬੀਤੇ ਤਾਂ ਸਰਵਰੇਣ ਨੇ ਗੁਰਦੇਵ ਨੂੰ ਪੁਛਿਆ, ‘ਮੈਂ ਹੁਣ ਅੱਗੇ ਕੀ ਕਰਾਂ ਗੁਰਦੇਵ ' ਧਿਆਨ ਅਭਿਆਸ ਬਾਰੇ ਕੁੱਝ ਦੱਸੋ ?’

‘ਜਿਸ ਦਿਨ ਮੈਂ ਆਪ ਤੇਰੀ ਲਿਆਉਂਦੀ ਭਿਖਸ਼ਾ ਕਬੂਲ ਕਰ ਲਵਾਂਗਾ ਫਿਰ ਦੱਸਾਂਗਾ, ਉਦੋਂ ਤਕ ਲੱਗਾ ਰਹਿ ਸਰਵਰੇਣ।’

ਹੁਣ ਸਰਵਰੇਣ ਰੋਜ਼ ਸਵੇਰੇ ਉਠਦਾ ਤੇ ਅਭਿਆਸ ਤੋਂ ਬਾਅਦ ਆਪਣੇ ਆਪ ਪਿੰਡ ਵਿੱਚੋਂ ਇਕੱਲਾ ਭਿਖਸ਼ਾ ਲੈਣ ਚਲਾ ਜਾਂਦਾ ਅਤੇ ਵਾਪਸੀ ਤੇ ਉਡੀਕ ਕਰਦਾ ਕਿ ਬਾਕੀਆਂ ਦੇ ਭਿਖਸ਼ਾ ’ਚ ਲਿਆਉਂਦੇ ਭੋਜਨ ਵਾਂਗ ਗੁਰੂ ਉਸਦੀ ਭਿਖਸ਼ਾ ਨੂੰ ਵੀ ਭੋਗ ਲਾਉਣਗੇ ਪਰ ਇੰਝ ਨਾ ਹੁੰਦਾ ਅਤੇ ਸਰਵਰੇਣ ਉਡੀਕਦਾ ਰਿਹਾ।

ਕੁੱਝ ਦਿਨ ਬਾਅਦ ਸਰਵਰੇਣ ਨੂੰ ਗੁਰੂ ਨੇ ਪੁਛਿਆ, ‘ਕਿਵੇਂ ਓ ਸਰਵਰੇਣ ? ਵਾਪਿਸ ਜਾਣ ਦਾ ਮਨ ਤਾਂ ਨਹੀਂ ਨਾ ?’

‘ਨਾ ਨਾ ਗੁਰਦੇਵ ਬਿਲਕੁਲ ਨਹੀਂ। ਹੁਣ ਤਾਂ ਮਨ ਟਿਕਾਓ ’ਚ ਆ ਰਿਹਾ ਏ। ਇਹ ਜੰਗਲ, ਇਹ ਹਰਿਆਲੀ, ਇਹ ਪੰਛੀਆਂ ਦੀਆਂ ਆਵਾਜ਼ਾਂ, ਸਵੇਰੇ ਸੂਰਜ ਨੂੰ ਚੜਦੇ ਵੇਖਣਾ, ਇਹ ਪਹਾੜੀ, ਇਹ ਨਦੀ ਵਾਹ ਵਾਹ ਕਿਆ ਅਨੰਦ ਬਣ ਰਿਹਾ ਏ।’

ਗੁਰਦੇਵ ਉਸ ਦੀਆਂ ਬਾਹਰ ਮੁਖੀ ਗੱਲਾਂ ਤੋਂ ਮੁਸਕਰਾਏ ਬੱਸ।

‘ਮੈਂ ਹੁਣ ਕੀ ਕਰਾਂ ਗੁਰਦੇਵ ? ਕੁੱਝ ਦੱਸੋ ਧਿਆਨ ਅਤੇ ਅਭਿਆਸ ਬਾਰੇ ?’

ਗੁਰਦੇਵ ਨੇ ਕਿਹਾ, ‘ਤੂੰ ਕੁੱਝ ਨਹੀਂ ਕਰਨਾ ਸਰਵਰੇਣ, ਬੱਸ ਭਿਖਸ਼ਾ ਲੈ ਕੇ ਆਉਣਾ ਏ ਤੇ ਜੋ ਕੋਈ ਕੰਮ ਕਰਨ ਵਾਲਾ ਤੈਨੂੰ ਲੱਗੇ ਕੁਟੀਆ ਵਿੱਚ ਮਨ ਕਰੇ ਤਾਂ ਬੱਸ ਉਹ ਕਰਨੈ। ਸਭ ਦਾ ਧਿਆਨ ਰਖਣੈ।’

ਸਰਵਰੇਣ ਕੁੱਝ ਦੇਰ ਚੁੱਪ ਕਰ ਕੇ ਬੋਲਿਆ, ‘ਮੇਰੀ ਭਿਖਸ਼ਾ ਕਦੋਂ ਕਬੂਲ ਹੋਏਗੀ ਗੁਰਦੇਵ ?’

‘ਭਿਖਸ਼ਾ ਮੰਗਣ ਪਿੰਡ ਤੋਂ ਥੋੜਾ ਅੱਗੇ ਜਾਹ ਸਰਵਰੇਣ।’

ਸਰਵਰੇਣ ਖੁਸ਼ ਹੋ ਗਿਆ ਕਿ ਪਿੰਡ ਤੋਂ ਲੈ ਕੇ ਆਉਣ ਕਰਕੇ ਸ਼ਾਇਦ ਭਿਖਸ਼ਾ ਕਬੂਲ ਨਹੀਂ ਹੋ ਰਹੀ ਸੀ ਸੋ ਹੁਣ ਭਿਖਸ਼ਾ ਕਬੂਲ ਹੋਵੇਗੀ।

ਅਗਲੇ ਦਿਨ ਉਹ ਹੋਰ ਅੱਗੇ ਗਿਆ ਅਤੇ ਭਿਖਸ਼ਾ ਮੰਗ ਕੇ ਲੈ ਕੇ ਆਇਆ। ਉਸਨੂੰ ਉਮੀਦ ਸੀ ਕਿ ਗੁਰੂ ਅੱਜ ਜਰੂਰ ਕਬੂਲ ਕਰਨਗੇ। ਪਰ ਗੁਰਦੇਵ ਨੇ ਮੂੰਹ ਵੀ ਨਹੀਂ ਕੀਤਾ। ਇੰਝ ਕਈ ਮਹੀਨੇ ਹੋਰ ਚਲਦਾ ਰਿਹਾ। ਸੇਠ ਤੋ ਬਣਿਆ ਸਰਵਰੇਣ ਹੁਣ ਕਾਫੀ ਬਦਲ ਗਿਆ ਸੀ। ਦੇਣ ਵਾਲਾ ਮੰਗਤਾ ਬਣਦਾ ਜਾ ਰਿਹਾ ਸੀ। ਔਖਾ ਸੀ ਪਰ ਜਰੂਰੀ ਸੀ। ਹੰਕਾਰ ਖੁਰ ਰਿਹਾ ਸੀ। ਸੁਭਾਅ ਵਿੱਚ ਵੀ ਠਹਿਰਾਵ ਆਉਣਾ ਸ਼ੁਰੂ ਹੋ ਗਿਆ ਸੀ। ਜਦੋਂ ਕਈ ਹਫਤੇ ਉਹ ਇੰਝ ਭਿਖਸ਼ਾ ਲੈ ਆਉਂਦਾ ਰਿਹਾ ਪਰ ਕਬੂਲ ਨਹੀ ਹੋਈ ਅਤੇ ਨਾ ਹੀ ਧਿਆਨ ਲਈ ਦੀਕਸ਼ਿਤ ਕੀਤਾ ਗਿਆ ਤਾਂ ਇੱਕ ਦਿਨ ਇੱਕ ਦਿਨ ਫਿਰ ਉਸਨੇ ਹਿੰਮਤ ਕਰਕੇ ਮੌਕਾ ਵੇਖ ਕੇ, ਟਹਿਲਦੇ ਹੋਏ ਗੁਰਦੇਵ ਨੂੰ ਪੁਛਿਆ, ‘ਕੋਈ ਆਗਿਆ ਗੁਰਦੇਵ ?’

‘ਥੋੜਾ ਹੋਰ ਅੱਗੇ ਭਿਖਸ਼ਾ ਲੈਣ ਲਈ ਜਾ ਸਰਵਰੇਣ।’

‘ਜੀ ਗੁਰਦੇਵ’

ਸਰਵਰੇਣ ਬਸਤੀ ਤੋਂ ਥੋੜਾ ਹੋਰ ਅੱਗੇ ਗਿਆ ਅਤੇ ਉੱਥੋਂ ਭਿਖਸ਼ਾ ਲੈ ਕੇ ਆਉਣ ਲੱਗਾ। ਇਸ ਤੋਂ ਅੱਗੇ ਹੁਣ ਉਸਦੀ ਆਪਣੀ ਬਸਤੀ ਸ਼ੁਰੂ ਹੁੰਦੀ ਸੀ। ਕਈ ਦੇਰ ਇੰਝ ਹੀ ਚਲਦਾ ਰਿਹਾ। ਭਿਖਿਆ ਕਬੂਲ ਨਹੀਂ ਹੋਈ। ਸਰਵਰੇਣ ਨੇ ਵੀ ਕੁੱਝ ਕਹਿਣਾ ਪੁੱਛਣਾ ਬੰਦ ਕਰ ਦਿੱਤਾ ਕਿਉਂਕਿ ਇਸ ਤੋਂ ਅੱਗੇ ਉਸ ਦੀ ਆਪਣੀ ਬਸਤੀ ਸੀ ਅਤੇ ਉਹ ਡਰਦਾ ਸੀ ਕਿ ਗੁਰਦੇਵ ਕਿਤੇ ਉਸਨੂੰ ਹੋਰ ਅੱਗੇ ਜਾਣ ਨੂੰ ਨਾ ਆਖ ਦੇਣ, ਆਖਿਰ ਉਹ ਉੱਥੋਂ ਦਾ ਸੇਠ ਰਿਹਾ ਸੀ, ਏਥੇ ਤੱਕ ਤਾਂ ਠੀਕ ਸੀ ਪਰ ਅੱਗੇ ਜਾਣਾ ਤਾਂ ਔਖਾ ਸੀ। ਜਿਹਨਾਂ ਨੂੰ ਕਦੀ ਵਿਆਜਾਂ ਤੇ ਪੈਸੇ ਦਿੱਤੇ ਸੀ ਤੇ ਹੁਕਮ ਚਲਾਏ ਤੇ ਸਿਕਦਾਰੀਆਂ ਕੀਤੀਆਂ ਸੀ, ਹੁਣ ਉਹਨਾਂ ਦੇ ਘਰ ਤੇ ਹੀ ਅਲਖ ਜਗਾਉਣੀ ਤੇ ਭਿਖਿਆ ਦਾ ਪਾਤਰ ਅੱਡ ਕੇ



ਭਿਖਿਆ ਮੰਗਣੀ ਕਿਹੜਾ ਸੌਖਾ ਕੰਮ ਸੀ ? ਕਈ ਮਹੀਨੇ ਬੀਤ ਗਏ ਅਤੇ ਇੰਝ ਹੀ ਸਮਾਂ ਲੰਘਦਾ ਗਿਆ। ਸਰਵਰੇਣ ਗੁਰੂ ਤੋਂ ਕੰਨੀ ਕਤਰਾਉਣ ਲੱਗਾ, ਪਰ ਗੁਰੂ ਗੁਰੂ ਹੁੰਦਾ ਏ। ਸਰਵਰੇਣ ਨੂੰ ਇੱਕ ਦਿਨ ਗੁਰਦੇਵ ਨੇ ਆਵਾਜ਼ ਮਾਰ ਕੇ ਰੋਕ ਲਿਆ ਤੇ ਕਿਹਾ,

‘ਸਰਵਰੇਣ’

ਸਰਵਰੇਣ ਹੁਣ ਠੰਡਾ ਪੈ ਗਿਆ। ਥਾਂ ਤੇ ਹੀ ਜੜ ਹੋ ਗਿਆ ਅਤੇ ਮਮਿਆਉਂਦਾ ਹੋਇਆ ਬੋਲਿਆ, ‘ਜੀ ਜੀ ਗੁਰਦੇਵ’

‘ਹੁਣ ਥੋੜਾ ਹੋਰ ਅੱਗੇ ਭਿਖਿਆ ਲੈਣ ਜਾਇਆ ਕਰ ਸਰਵਰੇਣ।’

ਸਰਵਰੇਣ ਦਾ ਰੰਗ ਪੀਲਾ ਪੈ ਗਿਆ। ਉਹੀ ਹੋਇਆ ਜੋ ਉਹ ਨਹੀਂ ਚਾਹੁੰਦਾ ਸੀ। ਪਰ ਗੁਰਦੇਵ ਨੇ ਕਿਹਾ ਏ ਤਾਂ ਜਾਣਾ ਤਾਂ ਪਏਗਾ ਹੀ। ਕੀ ਕਰੇ ਤੇ ਕੀ ਨਾ ਕਰੇ ?

ਸਾਰੀ ਰਾਤ ਉਸਲਵੱਟੇ ਲੈਂਦਿਆਂ ਪਾਸੇ ਮਾਰਦਿਆਂ ਲੰਘ ਗਈ ਸੀ। ਆਖ਼ਿਰ ਪ੍ਰਭਾਤ ਹੋਈ। ਬੜੇ ਭਾਰੀ ਤੇ ਥੱਕੇ ਥੱਕੇ ਕਦਮਾਂ ਨਾਲ ਉਸ ਨੇ ਭਿਕਸ਼ਾ ਪਾਤਰ ਤੇ ਥੈਲਾ ਚੁਕਿਆ ਅਤੇ ਆਪਣੀ ਬਸਤੀ ਵੱਲ ਤੁਰ ਪਿਆ। ਉਸ ਬਸਤੀ ਵੱਲ ਜਿੱਥੇ ਦਾ ਉਹ ਸੇਠ ਸੀ, ਉਨਾਂ ਘਰਾਂ ਵੱਲ ਜਿਨਾਂ ਤੇ ਕਦੀ ਹੁਕਮ ਚਲਾਉਂਦਾ ਸੀ, ਰੋਅਬ ਦਾਅਬ ਸੀ, ਉਨਾਂ ਦਰਾਂ ਤੇ ਹੀ ਅਲਖ ਜਗਾਉਣੀ ਸੀ, ਭਿਖਿਆ ਮੰਗਣੀ ਸੀ। ਅਤਿ ਕਠਿਨ।

ਸੋਚਾਂ ਸੋਚਦੇ, ਸੈਂਕੜੇ ਵਾਰ ਜਿਉਂਦੇ ਮਰਦੇ, ਆਖ਼ਿਰ ਉਹ ਆਪਣੇ ਇਲਾਕੇ ਦੇ ਮੁੱਢ ਪਹੁੰਚ ਗਿਆ।

ਪਹਿਲਾ ਘਰ ਉਸੇ ਦਾ ਸੀ ਜਿਸ ਕੋਲੋਂ ਕਦੀ ਉਸ ਨੇ ਬਹੁਤ ਉੱਚੀ ਬੋਲ ਕੇ ਕਰਜ਼ ਵਸੂਲ ਕੀਤਾ ਸੀ।

‘ਭਿਖਸ਼ਾ.. ਦੇਹ’

ਆਵਾਜ਼ ਬਹੁਤ ਨੀਵੀਂ ਸੀ। ਪਹਿਲਾਂ ਵਾਲੀ ਗੜਕ ਨਹੀ ਸੀ। ਅੰਦਰੋਂ ਔਰਤ ਨਿਕਲੀ ਅਤੇ ਵੇਖ ਕੇ ਆਟਾ ਲੈਣ ਵਾਪਿਸ ਚਲੀ ਗਈ। ਐਨੇ ਨੂੰ ਉਹੀ ਸ਼ਖ਼ਸ ਜੋ ਉਸਦਾ ਪਤੀ ਸੀ ਬਾਹਰ ਆਇਆ ਅਤੇ ਵੇਖਦਿਆਂ ਹੀ ਪਹਿਚਾਣ ਕੇ ਟੁੱਟ ਪਿਆ,

‘ਚਲ ਚਲ ਅੱਗੇ, ਪਤਾ ਨਹੀਂ ਕਿੱਥੋਂ ਕਿੱਥੋਂ ਆ ਜਾਂਦੇ ਨੇ।’

ਤੇ ਉਹ ਸ਼ਰਮਿੰਦਾ ਜਿਹਾ ਹੋ ਕੇ ਦੁਆ ਦਿੰਦਾ ਹੋਇਆ ਅੱਗਲੇ ਘਰ ਤੁਰ ਪਿਆ। ਭਿਕਸ਼ਾ ਤਾਂ ਆਖ਼ਿਰ ਲੈਣੀ ਹੀ ਸੀ। ਅਗਲੇ ਘਰ ਵਿੱਚੋਂ ਵੀ ਜਵਾਬ ਮਿਲ ਗਿਆ ਅਤੇ ਉਸ ਤੋਂ ਅਗਲੇ ਤੋਂ ਵੀ। ਕੋਈ ਉਸ ਤੇ ਹਸਦਾ ਕੋਈ ਘਿਰਣਾ ਨਾਲ ਵੇਖਦਾ। ਸਰਵਰੇਣ ਦਾ ਮਰਣ ਹੋਇਆ ਪਿਆ ਸੀ। ਲੱਤਾਂ ਭਾਰ ਨਹੀਂ ਝੱਲ ਰਹੀਆਂ ਸੀ। ਤ੍ਰਿਸਕਾਰ ਨੇ ਕਮਰ ਤੋੜ ਦਿੱਤੀ ਸੀ। ਵਿੱਚ ਵਿੱਚ ਸੂਖਮ ਉਬਾਲ ਉਠਦਾ ਤੇ ਸੋਚਦਾ ਕੇ ਹੁਣੇ ਆਪਣੀ ਗੱਦੀ ਤੇ ਜਾਵਾਂ ਤੇ ਇਸ ਨੂੰ ਦੱਸਾਂ ਕਿ ਮੈਂ ਕੀ ਆਂ। ਪਰ ਰਸਤਾ ਬਦਲ ਚੁੱਕਾ ਸੀ। ਪੰਨਾ ਲਾਲ ਸਰਵਰੇਣ ਬਣ ਰਿਹਾ ਸੀ। ਚਾਰਾ ਕੋਈ ਹੈ ਨਹੀਂ ਸੀ। ਗੁਰੂ ਦਾ ਹੁਕਮ ਸੀ ਕਿ ਕੋਈ ਭਿਖਿਆ ਦੇਵੇ ਜਾਂ ਨਾ ਸਭ ਨੂੰ ਦੁਆ ਹੀ ਦੇਣੀ ਏ ਸਮਭਾਵ ਹੀ ਰਖਣਾ ਏ। ਸੋ ਉਹ ਦੁਆ ਦਿੰਦਾ ਤੇ ਅਗਲੇ ਘਰ ਵਿੱਚ ਅਲਖ ਜਗਾ ਦਿੰਦਾ। ਫਿਰ ਇੱਕ ਘਰ ਨੇ ਉਸਦੇ ਕੀਤੇ ਪੁਰਾਣੇ ਅਹਿਸਾਨ ਨੂੰ ਚੇਤੇ ਕਰਦਿਆਂ ਭਿਖਿਆ ਦਿੱਤੀ ਅਤੇ ਕੁੱਝ ਮਾਣ ਦਿੱਤਾ। ਕੁੱਝ ਨੇ ਇਸ ਰੂਪ ਵਿੱਚ ਪਹਿਚਾਣਿਆ ਤੇ ਕੁੱਝ ਨੇ ਨਹੀਂ। ਸਰਵਰੇਣ ਭਿਖਿਆ ਲੈ ਕੇ ਵਾਪਿਸ ਪਰਤ ਆਇਆ।

ਵਾਪਿਸ ਜਾ ਕੇ ਭਿਖਿਆ ਅਰਪਣ ਕੀਤੀ ਪਰ ਗੁਰੂ ਨੇ ਹਲੇ ਵੀ ਕਬੂਲ ਨਹੀਂ ਕੀਤੀ। ਉਹ ਆਪਣੀ ਕੁਟੀਆ ਵਿੱਚ ਜਾ ਕੇ ਲੇਟ ਗਿਆ। ਅੱਜ ਉਹ ਬਹੁਤ ਉਦਾਸ ਸੀ। ਮਨੋਬਲ ਗਿਰਿਆ ਹੋਇਆ ਸੀ। ਅੱਜ ਜੋ ਹੋਇਆ ਸੋ ਹੋਇਆ ਪਰ ਕੱਲ ਫਿਰ ਉੱਥੇ ਹੀ ਜਾਣ ਦਾ ਖ਼ਿਆਲ ਡਰਾ ਰਿਹਾ ਸੀ। ਪਰ ਕੀਤਾ ਕੀ ਜਾ ਸਕਦਾ ਸੀ। ਗੁਰਦੇਵ ਦਾ ਹੁਕਮ ਸੀ। ਸਰਵਰੇਣ ਜ਼ਰੂਰ ਕੋਈ ਹੁਕਮੀ ਬੰਦਾ ਰਿਹਾ ਹੋਵੇਗਾ। ਜੋ ਅਮੀਰ ਪਿਛੋਕੜ ਹੋਣ ਤੇ ਵੀ ਐਨਾ ਬਰਦਾਸ਼ਤ ਕਰ ਗਿਆ ਅਤੇ ਗੁਰੂ ਦੇ ਹੁਕਮ ਨੂੰ ਮੰਨ ਰਿਹਾ ਸੀ।

ਅਗਲੇ ਦਿਨ ਅਤੇ ਫਿਰ ਹੋਰ ਕੁੱਝ ਮਹੀਨੇ ਇੰਝ ਹੀ ਚਲਦਾ ਰਿਹਾ। ਆਖ਼ਿਰ ਸਰਵਰੇਣ ਇਸ ਸਭ ਦਾ ਆਦੀ ਹੋ ਗਿਆ। ਕੋਈ ਕੁੱਝ ਬੁਰਾ ਕਹਿੰਦਾ ਤਾਂ ਉਸ ਤੇ ਕੋਈ ਅਸਰ ਨਾ ਹੁੰਦਾ। ਉਹ ਦੁਆ ਦੇ ਕੇ ਅੱਗੇ ਵਧ ਜਾਂਦਾ। ਲੋਕ ਵੀ ਹੁਣ ਉਸ ਨਾਲ ਹਮਦਰਦੀ ਅਤੇ ਸਤਿਕਾਰ ਰੱਖਣ ਲੱਗ ਪਏ ਸੀ। ਹਰ ਕੋਈ ਭਿਖਿਆ ਦੇ ਦਿੰਦਾ ਸੀ ਹੁਣ। ਉਹ ਬਹੁਤ ਸਹਿਜ ਭਾਵ ਨਾਲ ਜਾਂਦਾ ਅਤੇ ਆ ਜਾਂਦਾ। ਬਹੁਤ ਹੀ ਮਹਾਨ ਤਬਦੀਲੀ ਆ ਰਹੀ ਸੀ ਉਸ ਵਿੱਚ। ਅਤੇ ਇੱਕ ਦਿਨ ‘ਮੈਨੂੰ ਵੀ ਧਿਆਨ ਬਾਰੇ ਦੀਕਸ਼ਿਤ ਕਰੋ ਗੁਰਦੇਵ, ਬਹੁਤ ਦੇਰ ਹੋ ਗਈ ' ਮੈਂ ਜਿਸ ਮੰਗ ਨੂੰ ਲੈ ਕੇ ਆਇਆ ਸੀ ਉਹ ਹਲੇ ਉੱਥੇ ਹੀ ਪਈ ਮੈਨੂੰ ਬੇਚੈਨ ਕਰਦੀ ਏ, ਕ੍ਰਿਪਾ ਕਰੋ।’

‘ਕੋਈ ਗੱਲ ਨਹੀਂ ਸਰਵਰੇਣ ਜਲਦੀ ਸਮਾਂ ਆਏਗਾ, ਥੋੜਾ ਹੋਰ ਅੱਗੇ ਜਾਇਆ ਕਰ ਭਿਖਿਆ ਲੈਣ।’

ਸੁਣ ਕੇ ਸਰਵਰੇਣ ਇੱਕ ਦਮ ਸੋਚਾਂ ਵਿੱਚ ਪੈ ਗਿਆ। ਅੱਗੇ ਕੁੱਝ ਦੂਰ ਤਾਂ ਹੁਣ ਉਸਦਾ ਆਪਣਾ ਘਰ ਸੀ। ਆਪਣੇ ਘਰ ਵਿੱਚ ਆਪ ਹੀ ਭਿਖਾਰੀ ਬਣ ਕੇ ਜਾਵਾਂਗਾ। ਆਪਣੀਆਂ ਹੀ ਨੂੰਹਾਂ ਪੁੱਤਾਂ ਤੋਂ ਭਿਖਿਆ ਮੰਗਾਂਗਾ, ਜਿਨਾਂ ਨੂੰ ਮੈਂ ਆਪ ਹੀ ਸਭ ਦੇ ਕੇ ਆਇਆ ਸੀ।

‘ਕੀ ਸੋਚ ਰਿਹੈਂ ਸਰਵਰੇਣ ?’ ਗੁਰਦੇਵ ਬੋਲੇ।

‘ਜੀ ਕੁੱਝ ਨਹੀਂ, ਮੈਂ ਹੋਰ ਅੱਗੇ ਜਾਇਆ ਕਰਾਂਗਾ ਗੁਰਦੇਵ..’ ਅਤੇ ਉਹ ਆਗਿਆ ਲੈ ਕੇ ਆਪਣੀ ਕੁਟੀਆ ਵਿੱਚ ਚਲਾ ਗਿਆ।

‘ਜੇ ਕੁੱਝ ਪ੍ਰੇਸ਼ਾਨੀ ਜਾਂ ਉਦਾਸੀ ਏ ਜਾਂ ਘਰ ਵਾਪਿਸ ਜਾਣਾ ਚਾਹੁੰਦਾ ਏਂ ਤਾਂ ਬੇਝਿਜਕ ਦੱਸ ਸਕਦਾ ਏਂ ਸਰਵਰੇਣ, ਤੂੰ ਜਾ ਸਕਦਾ ਏਂ, ਤੇਰੇ ਸ਼ਾਹਾਨਾ ਠਾਠ ਤੂੰ ਫਿਰ ਵਾਪਿਸ ਮਾਣ ਸਕਦਾ ਏਂ, ਅਸੀਂ ਪਹਿਲਾਂ ਵਾਂਗ ਹੀ ਤੇਰੇ ਘਰ ਕਦੀ ਕਦੀ ਮਿਲਣ ਆਉਂਦੇ ਰਹਾਂਗੇ।’ ਗੁਰਦੇਵ ਨੇ ਉਸਨੂੰ ਮਗਰੋਂ ਰੋਕਦੇ ਕਿਹਾ। ਸਰਵਰੇਣ ਨੂੰ ਦੋ ਸਾਲ ਤੋਂ ਵੱਧ ਸਮਾਂ ਘਰ ਛੱਡੇ ਹੋ ਗਿਆ ਸੀ।

‘ਨਹੀਂ ਗੁਰਦੇਵ, ਮੈਂ ਆਪਦੀ ਸ਼ਰਣ ਵਿੱਚ ਹੀ ਸੱਚਾ ਸੁੱਖ ਲਭਣ ਦਾ ਅਭਿਲਾਸ਼ੀ ਆਂ।’ ਗੁਰਦੇਵ ਮੁਸਕੁਰਾਏ ਅਤੇ ਅੱਗੇ ਵੱਧ ਗਏ।

ਅਗਲੇ ਦਿਨ ਸਰਵਰੇਣ ਨੇ ਆਪਣੇ ਘਰ ਹੀ ਭਿਖਿਆ ਮੰਗਣ ਜਾਣਾ ਸੀ।

ਸਵੇਰੇ ਸਰਵਰੇਣ ਨੇ ਘੁੰਮਦੇ ਘੁੰਮਦੇ ਆਪਣੇ ਬੂਹੇ ਤੇ ਜਾ ਅਲਖ ਜਗਾਈ। ਉਹ ਹੁਣ ਅੱਗੇ ਨਾਲੋਂ ਵੱਧ ਮਜਬੂਤ ਹੋ ਗਿਆ ਭਾਸਦਾ ਸੀ।

ਉਸਨੂੰ ਕੁੱਝ ਮੁਸ਼ਕਿਲ ਤਾਂ ਹੋਈ ਪਰ ਉਸਨੇ ਭਿਖਾਰੀਆਂ ਵਾਂਗ ਜਾ ਦਰ ਖੜਕਾਇਆ

‘ਭਿਖਸ਼ਾ ਦੇਹ’

ਕਿਸੇ ਨੇ ਨਹੀਂ ਸੁਣਿਆ ਸ਼ਾਇਦ। ਉਸਨੇ ਆਪਣੀ ਸੋਟੀ ਨਾਲ ਦਰ ਖੜਕਾਇਆ ਅਤੇ ਫਿਰ ਆਵਾਜ਼ ਦਿੱਤੀ,

‘ਭਿਖਸ਼ਾ ਦੇਹ’

ਸੋਟੀ ਦਾ ਪੋਲਾ ਜਿਹਾ ਠਨਕਾ ਲਗਦਿਆਂ ਹੀ ਦਰਵਾਜ਼ਾ ਅੰਦਰ ਵਲ ਨੂੰ ਥੋੜਾ ਖੁੱਲ ਗਿਆ।

ਅੰਦਰ ਇੱਕ ਦਮ ਉਸਨੂੰ ਆਪਣਾ ਪੋਤਾ ਤੇ ਪੋਤੀ ਖੇਡਦੇ ਹੋਏ ਦਿਸੇ। ਮਾਸੂਮ ਜਿਹੇ ' ਨਿੱਕੀਆਂ ਨਿੱਕੀਆਂ ਖੇਡਾਂ ਵਿੱਚ ਮਸਤ.. ਤੋਤਲੀਆਂ ਗੱਲਾਂ ਕਰਦੇ। ਉਸ ਦੇ ਦਿਲ ਨੂੰ ਇੱਕ ਦਮ ਖੋਹ ਜਿਹੀ ਪਈ, ਦਿਲ ਕੀਤਾ ਕਿ ਧਾਅ ਕਿ ਮਿਲ ਲਵੇ, ਘੁੱਟ ਕੇ ਕਲੇਜੇ ਲਾ ਲਵੇ, ਪਰ ਹੁਕਮ ਦਾ ਬੱਝਾ ਸੀ, ਕਿਸੇ ਮੰਜ਼ਿਲ ਵੱਲ ਮਰ ਮਿਟਣ ਲਈ ਅੱਗੇ ਵਧ ਰਿਹਾ ਸੀ ਤੇ ਹੁਣ ਮੁੜਣਾ ਨਹੀਂ ਚਾਹੁੰਦਾ ਸੀ। ਅੱਖ ’ਚੋਂ ਡਬਡਬਾ ਕੇ ਇੱਕ ਹੰਝੂ ਬੱਸ ਕੋਇਆਂ ਤੇ ਆਇਆ ਪਰ ਉਹ ਵੀ ਉਸ ਨੇ ਸੰਘ ਵਿੱਚ ਘੁੱਟ ਜਿਹਾ ਭਰ ਕੇ ਉਸ ਨੂੰ ਅੱਖਾਂ ਵਿਚ ਹੀ ਜਜ਼ਬ ਕਰ ਲਿਆ।

ਆਪਣੇ ਆਪ ਨੂੰ ਸੰਭਾਲ ਕੇ ਉਹ ਫਿਰ ਅਲਖ ਜਗਾਉਣ ਲੱਗਾ ਤਾਂ ਇੰਝ ਲੱਗਾ ਕਿ ਗਲੇ ਵਿੱਚ ਜਿਵੇਂ ਕੁੱਝ ਫਸਿਆ ਹੋਵੇ, ਭਰੇ ਜਿਹੇ ਗੱਚ ਨਾਲ ਉਹ ਬੋਲਿਆ,

‘ਭਿਖਸ਼ਾ ਦੇਹ’

ਐਨੇ ਨੂੰ ਨੂੰਹ ਨੇ ਸੁਣਿਆ ਤਾਂ ਵਿਹੜੇ ਵਿੱਚੋਂ ਹੀ ਬਿਨਾਂ ਵੇਖੇ ਬੋਲੀ,

‘ਆਈ ਬਾਬਾ, ਜ਼ਰਾ ਰੁਕੋ।’

ਜਦੋਂ ਅੰਦਰੋਂ ਉਹ ਆਟੇ ਦੀ ਪੜੋਪੀ ਭਰ ਕੇ ਦਰਵਾਜ਼ੇ ਤੇ ਦੇਣ ਆਈ ਤਾਂ ਬਦਲੀ ਜਿਹੀ ਨੁਹਾਰ ਕਾਰਨ ਉਸਨੂੰ ਕੁੱਝ ਪਲ ਲੱਗੇ ਸਹੁਰੇ ਨੂੰ ਪਹਿਚਾਨਣ ਵਿੱਚ। ਸਿਰ ਤੇ ਵਾਲ ਜਟਾਵਾਂ ਬਣ ਚੁਕੇ ਸੀ, ਤੇੜ ਲੰਗੋਟੀ, ਇੱਕ ਹੱਥ ’ਚ ਕਮੰਡਲ, ਇੱਕ ਵਿੱਚ ਛੜੀ, ਮੋਢੇ ਤੇ ਸਾਫਾ ਜਿਹਾ, ਸਿਹਤ ਕੁੱਝ ਢਲੀ ਹੋਈ ਪਰ ਚਿਹਰੇ ਤੇ ਨੂਰ।

ਬਾਕੀ ਸਫ਼ਾ 29 ’ਤੇ

# ਇੰਦਰਾ ਦੀ ਮੌਤ ਦਾ ਸੱਚ



**ਜ਼ੋਰਾਵਰ ਸਿੰਘ ਤਰਸਿੱਕਾ**

31 ਅਕਤੂਬਰ 1984 ਵਾਲੇ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਵੇਰੇ 9 ਵੱਜ ਕੇ 18 ਮਿੰਟ 'ਤੇ ਗੋਲੀਆਂ ਮਾਰੀਆਂ ਗਈਆਂ ਤੇ ਉਨ੍ਹਾਂ ਨੂੰ 9 ਵੱਜ ਕੇ 30 ਮਿੰਟ 'ਤੇ ਹਸਪਤਾਲ ਪਹੁੰਚਾ ਦਿੱਤਾ ਗਿਆ। ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜਣ ਦੀ ਖਬਰ ਤਾਂ 10-11 ਵਜੇ ਤੱਕ ਅਕਾਸਬਾਣੀ ਨਾਮ ਵਾਲੇ ਸਰਕਾਰੀ ਰੇਡੀਓ ਦੇ ਜਰੀਏ ਨਸਰ ਹੋ ਗਈ ਸੀ। ਪਰ ਮੌਤ ਦੀ ਖਬਰ ਦੇਣ ਵਾਲਾ ਸਭ ਤੋਂ ਪਹਿਲਾ ਰੇਡੀਓ ਬੀ.ਬੀ. ਸੀ. ਸੀਗਾ ਜੀਹਨੇ ਦੁਪਹਿਰ 1 ਵਜੇ ਇਹ ਖਬਰ ਸੁਣਾਈ। ਹਸਪਤਾਲ ਵੱਲੋਂ ਇੰਦਰਾ ਗਾਂਧੀ ਦੀ ਮੌਤ ਦਾ ਬਕਾਇਦਾ ਐਲਾਨ ਏਮਜ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਏ.ਐਨ. ਸਫੱਈਆ ਵੱਲੋਂ 4 ਵਜੇ ਓਪਰੇਸਨ ਥੇਟਰ ਦੇ ਬਾਹਰ ਕੀਤਾ। 12 ਵਜੇ ਸ੍ਰੀਮਤੀ ਗਾਂਧੀ ਦੇ ਨਿੱਜੀ ਸਕੱਤਰ ਆਰ.ਕੇ. ਧਵਨ ਨੇ ਹਸਪਤਾਲ ਦੇ ਬਾਹਰ ਆਉਂਦਿਆਂ ਇਹ ਕਿਹਾ ਕਿ ਅਜੇ ਕੁਝ ਨਹੀਂ ਆਖਿਆ ਜਾ ਸਕਦਾ ਕਿਉਂਕਿ ਮੈਡਮ ਹਾਲੇ ਓਪ੍ਰੇਸਨ ਥੇਟਰ ਵਿੱਚ ਹੀ ਨੇ । ਸਰਾਕਰੀ ਰੇਡੀਓ ਅਕਾਸਬਾਣੀ ਨੇ ਆਥਣੇ 6 ਵਜੇ ਮੌਤ ਦੀ ਖਬਰ ਦਿੱਤੀ। ਉਦੋਂ ਤੱਕ ਇਹੀ ਕਿਹਾ ਗਿਆ ਕਿ ਡਾਕਟਰ ਸ੍ਰੀਮਤੀ ਇੰਦਰਾ ਗਾਂਧੀ ਨੂੰ ਬਚਾਉਣ ਦੀਆਂ ਕੋਸਸਿਾਂ ਕਰ ਰਹੇ ਨੇ। ਪਰ ਓਧਰ ਗੋਲੀਆਂ ਮਾਰਨ ਵਾਲਾ ਸਰਦਾਰ ਸਤਵੰਤ ਸਿੰਘ ਸਵੇਰੇ ਲੱਗਭੱਗ ਪੌਣੇ 10 ਵਜੇ ਹੀ ਪ੍ਰਧਾਨ ਮੰਤਰੀ ਦੀ ਮੌਤ ਦਾ ਐਲਾਨ ਕਰ ਚੁੱਕਿਆ ਸੀ। ਸਰਕਾਰੀ ਤੰਤਰ ਨੇ ਸਤਵੰਤ ਸਿੰਘ ਦੇ ਐਲਾਨ ਨੂੰ ਪੂਰੇ ਜੋਰ ਨਾਲ ਲੁਕੋ ਕੇ ਰੱਖਿਆ। ਸਤਵੰਤ ਸਿੰਘ ਦੇ ਇਸ ਐਲਾਨ ਦੇ ਸੱਚੇ ਹੋਣ ਦੀ ਤਸਦੀਕ ਹਸਪਤਾਲ ਦੇ ਰਿਕਾਰਡ ਤੋਂ ਵੀ ਹੁੰਦੀ ਹੈ। ਹਸਪਤਾਲ ਦੇ ਡਾਕਟਰਾਂ ਨੇ ਬਕਾਇਦਾ ਲਿਖਿਆ ਹੈ ਕਿ ਇੰਦਰਾ ਗਾਂਧੀ ਨੂੰ ਮੋਈ ਹਾਲਤ ਵਿੱਚ ਹੀ ਹਸਪਤਾਲ ਲਿਆਂਦਾ ਗਿਆ।

ਬੀ.ਬੀ.ਸੀ. ਦਾ ਨਾਮਾਨਿਗਾਰ ਸਤੀਸ ਜੈਕਬ 'ਦਾ ਟੈਲੀਗ੍ਰਾਫ' ਅਖਬਾਰ ਨੂੰ 26 ਅਕਤੂਬਰ 2014 ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਦੱਸਦਾ ਹੈ ਕਿ 31 ਅਕਤੂਬਰ ਸਵੇਰੇ ਸਾਢੇ 9 ਵਜੇ ਜਦੋਂ ਮੈਂ ਆਪਦੇ ਘਰ ਨੂੰ ਜਿੰਦਾ ਮਾਰਕੇ ਹਟਿਆ ਹੀ ਸੀ ਤਾਂ ਮੈਨੂੰ ਅੰਦਰ ਟੈਲੀਫੋਨ ਦੀ ਘੰਟੀ ਖੜਕਦੀ ਸੁਣੀ। ਜੱਕਾਂ-ਤੱਕਾਂ ਵਿੱਚ ਮੈਂ ਜਿੰਦਾ ਖੋਲ੍ਹ ਕੇ ਮੁੜ ਅੰਦਰ ਵੜਿਆ ਤੇ ਟੈਲੀਫੋਨ ਸੁਣਿਆ। ਜਿਸ ਵਿੱਚ ਮੇਰੇ ਇੱਕ ਪੱਤਰਕਾਰ ਮਿੱਤਰ ਨੇ ਮੈਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਘਰ ਚ ਮੈਨੂੰ ਖੈਰ ਨਹੀਂ ਜਾਪਦੀ। ਹਫੜਾ-ਦਫੜੀ ਦੇ ਮਾਹੌਲ ਵਿੱਚ ਮੈਂ ਇੱਕ ਐਂਬੂਲੈਂਸ ਪ੍ਰਧਾਨ ਮੰਤਰੀ ਦੇ ਘਰੋਂ ਘੁੱਗੂ ਮਾਰਦੀ ਨਿਕਲਦੀ ਦੇਖੀ ਗਈ ਹੈ। ਜੈਕਬ ਦੱਸਦਾ ਹੈ ਕਿ ਮੈਂ ਫੌਰਨ ਰਾਜੀਵ ਗਾਂਧੀ ਦੇ ਸੈਕਟਰੀ ਵਿਨਸੈਂਟ ਜੌਰਜ ਨੂੰ ਫੋਨ 'ਤੇ ਸਿੱਧਾ ਹੀ ਪੁੱਛ ਲਿਆ ਕਿ ਇਹ ਭਾਣਾ ਕਿਵੇਂ ਵਾਪਰਿਆ। ਮੇਰੇ ਵੱਲੋਂ ਸਿੱਧਾ ਭਾਣਾ ਕਿਵੇਂ ਵਾਪਰਿਆ ਪੁੱਛਣ 'ਤੇ ਜਾਰਜ ਨੇ ਸਮਝਿਆ ਕਿ ਮੈਨੂੰ ਗੱਲ ਪਤਾ ਲੱਗ ਚੁੱਕੀ ਹੈ ਜਿਸ ਕਰਕੇ ਜਾਰਜ ਨੇ ਮੈਨੂੰ ਦੱਸ ਦਿੱਤਾ ਕਿ ਮੈਡਮ ਨੂੰ ਗੋਲੀਆਂ ਮਾਰੀਆਂ ਗਈਆਂ ਨੇ ਤੇ ਉਨ੍ਹਾਂ ਨੂੰ ਏਮਜ ਹਸਪਤਾਲ ਲਿਜਾਇਆ ਗਿਆ ਹੈ। ਜੈਕਬ 10 ਵਜੇ ਸਿੱਧਾ ਏਮਜ ਪੁੱਜ ਗਿਆ।

ਇੰਦਰਾ ਗਾਂਧੀ ਨੂੰ ਗੋਲੀਆਂ ਮਾਰਨ ਤੋਂ ਬਾਅਦ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਬਾਕੀ ਸਿਕਿਉਰਟੀ ਮੁਲਾਜਮਾਂ ਨੂੰ ਮੁਖਾਤਿਬ ਹੋ ਕੇ ਕਿਹਾ 'ਲਓ! ਅਸੀਂ ਜੋ ਕਰਨਾ ਸੀ ਕਰਤਾ ਹੁਣ ਜੋ ਥੋਡੀ ਮਰਜੀ ਆ ਤੁਸੀਂ ਕਰੋ'। ਸਿਕਿਉਰਟੀ ਮੁਲਾਜਮ ਉਨ੍ਹਾਂ ਨੂੰ ਫੜ੍ਹ ਕੇ ਕੁਆਟਰ ਗਾਰਡ ਵਿੱਚ






ਲੈ ਗਏ ਕਿ ਦੋਵਾਂ ਨੂੰ ਗੋਲੀਆਂ ਮਾਰੀਆਂ ਤੇ ਉਨ੍ਹਾਂ ਨੂੰ ਮਰ ਚੁੱਕੇ ਸਮਝ ਲਿਆ। ਸਰਦਾਰ ਬੇਅੰਤ ਸਿੰਘ ਦੀ ਮੌਤ ਤਾਂ ਮੌਕੇ 'ਤੇ ਹੀ ਹੋ ਗਈ ਜਦ ਕਿ ਸਤਵੰਤ ਸਿੰਘ ਦੇ ਸਾਹ ਚਲਦੇ ਰਹੇ। ਦੋਵਾਂ ਨੂੰ ਐਂਬੂਲੈਂਸ ਵਿੱਚ ਪਾ ਕੇ ਰਾਮ ਮਨੋਹਰ ਲੋਹੀਆ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹਸਪਤਾਲ ਦੇ ਅਮਲੇ ਨੂੰ ਇਹ ਇਤਲਾਹ ਮਿਲੀ ਸੀ ਕਿ ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜੀਆਂ ਨੇ ਤੇ ਉਨ੍ਹਾਂ ਨੂੰ ਇੱਥੇ ਲਿਆਇਆ ਜਾ ਰਿਹਾ ਹੈ।

ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਯੂਰੋਲੌਜੀ ਡਿਪਾਰਟਮੈਂਟ ਦੇ ਹੈੱਡ ਡਾਕਟਰ ਰਾਜੀਵ ਸੂਦ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਮੈਨੂੰ ਇੱਕ ਨਰਸ ਨੇ ਆ ਕੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਗੋਲੀਆਂ ਵੱਜੀਆਂ ਨੇ ਤੇ ਉਨ੍ਹਾਂ ਨੂੰ ਇੱਥੇ ਲਿਆਇਆ ਜਾ ਰਿਹਾ ਹੈ। ਮੈਨੂੰ ਮੇਰੇ ਸੀਨੀਅਰ ਨੇ ਕਿਹਾ ਕਿ ਤੁਸੀਂ ਛੇਤੀ ਕੈਜੂਇਲਟੀ ਵਿੱਚ ਚਲੇ ਜਾਓ। ਡਾ. ਸੂਦ ਦੱਸਦੇ ਹਨ ਕਿ ਮੈਂ ਹੈਰਾਨ ਹੋਇਆ ਕਿ ਜਦੋਂ ਕੈਜੂਇਲਟੀ ਵਿੱਚ ਪੁਲਿਸ ਵਾਲੇ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੂੰ ਲੈ ਆਏ। ਸਤੀਸ ਜੈਕਬ ਨੂੰ ਜਿਹੜੇ ਬੰਦੇ ਨੇ ਇਹ ਖਬਰ ਦਿੱਤੀ ਸੀ ਕਿ ਉਨੇ ਪ੍ਰਧਾਨ ਮੰਤਰੀ ਦੇ ਘਰੋਂ ਐਂਬੂਲੈਂਸ ਨਿਕਲਦੀ ਦੇਖੀ ਹੈ ਉਹ ਸਤਵੰਤ ਸਿੰਘ ਵਾਲੀ ਹੀ ਸੀ। ਕਿਉਂਕਿ ਇੰਦਰਾ ਗਾਂਧੀ ਨੂੰ ਚੱਕਣ ਵੇਲੇ ਤਾਂ ਐਂਬੂਲੈਂਸ ਦਾ ਡਰਾਇਵਰ ਹੀ ਨਹੀਂ ਸੀ ਥਿਆਇਆ ਤੇ ਉਨ੍ਹਾਂ ਨੂੰ ਅਬੈਸਡਰ ਕਾਰ ਰਾਹੀਂ ਹੀ ਏਮਜ ਹਸਪਤਾਲ ਵਿੱਚ ਲਿਜਾਇਆ ਗਿਆ। ਜੈਕਬ ਨੂੰ ਐਂਬੂਲੈਂਸ ਨਿਕਲਣ ਦੀ ਇਤਲਾਹ ਦੇਣ ਮੌਕੇ ਸਾਢੇ 9 ਦਾ ਟਾਇਮ ਸੀ ਜੀਹਦਾ ਮਤਲਬ ਇਹ ਨਿਕਲਦਾ ਹੈ ਕਿ ਸਤਵੰਤ ਸਿੰਘ ਨੂੰ ਵੱਧ ਤੋਂ ਵੱਧ ਪੌਣੇ 10 ਤੱਕ ਹਸਪਤਾਲ ਪੁਚਾ ਦਿੱਤਾ ਗਿਆ ਹੋਵੇਗਾ। ਇਹ ਓਹੀ ਟਾਇਮ ਹੈ ਜਦੋਂ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਦੀ ਮੌਤ ਹੋ ਜਾਣ ਦਾ ਐਲਾਨ ਕੀਤਾ। ਡਾ. ਰਾਜੀਵ ਸੂਦ ਦੱਸਦੇ ਹਨ ਕਿ ਸਟਰੈਚਰ 'ਤੇ ਪਏ ਸਤਵੰਤ ਸਿੰਘ ਨੇ ਪੰਜਾਬੀ ਵਿੱਚ ਗਰਜ ਕੇ ਕਿਹਾ 'ਸੇਰਾਂ ਵਾਲਾ ਕੰਮ ਕਰ ਦਿੱਤਾ, ਮੈਂ ਉਹਨੂੰ ਮਾਰ ਦਿੱਤਾ'। ਜਾਹਿਰ ਹੈ ਕਿ ਡਾ. ਸੂਦ ਤੋਂ ਇਲਾਵਾ ਸਹਾਇਕ ਡਾਕਟਰਾਂ ਤੇ ਹੋਰ ਅਮਲੇ ਫੈਲੇ ਨੇ ਵੀ ਸਤਵੰਤ ਸਿੰਘ ਦੇ ਇਸ ਐਲਾਨ ਨੂੰ ਸੁਣਿਆ ਹੋਵੇਗਾ। ਸਤਵੰਤ ਸਿੰਘ ਦੀ ਰਾਖੀ 'ਤੇ ਦੋ ਪੁਲਿਸ ਮੁਲਾਜਿਮ ਕੈਜੂਐਲਟੀ ਦੇ ਅੰਦਰ ਖੜ੍ਹੇ ਕੀਤੇ ਗਏ। ਬਾਹਰ ਹੋਰ ਗਾਰਡ ਇਹ ਹਦਾਇਤ ਦੇ ਕੇ ਬਿਠਾਏ ਗਏ ਕਿ ਅੰਦਰਲੇ ਪਹਿਰੇਦਾਰਾਂ ਨੂੰ ਬਾਹਰ ਨਹੀਂ ਨਿਕਲਣ ਦੇਣਾ। ਇਹ ਖਤਰਾ ਸੀ ਕਿ ਅੰਦਰਲੇ ਮੁਲਾਜਮ ਬਾਹਰ ਆ ਕੇ ਸਤਵੰਤ ਸਿੰਘ ਵੱਲੋਂ ਆਖੀਆਂ ਤੇ ਹੋਰ ਕਹੀਆਂ ਜਾ ਸਕਣ ਵਾਲੀਆਂ ਗੱਲਾਂ ਬਾਹਰ ਲੀਕ ਨਾ ਕਰ ਦੇਣ। ਸੋ ਇਸ ਤਰੀਕੇ ਨਾਲ ਸਤਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਦੀ ਮੌਤ ਬਾਬਤ ਸਭ ਤੋਂ ਪਹਿਲਾਂ ਦੁਨੀਆਂ ਨੂੰ ਦਿੱਤੀ ਖਬਰ ਨੂੰ ਪੂਰਾ ਜੋਰ ਲਾ ਕੇ ਲਕੋਇਆ ਗਿਆ। ਭਾਵੇਂ ਇਹਨੂੰ ਲਕੋ ਲਿਆ ਗਿਆ ਪਰ ਸਭ ਤੋਂ ਪਹਿਲੀ ਖਬਰ ਸਤਵੰਤ ਸਿੰਘ ਨੇ ਹੀ ਜਾਰੀ ਕੀਤੀ ਸੀ।

ਆਓ! ਹੁਣ ਦੇਖਦੇ ਹਾਂ ਕਿ ਪੌਣੇ 10 ਵਜੇ ਸਤਵੰਤ ਸਿੰਘ ਵੱਲੋਂ ਇੰਦਰਾ ਦੀ ਮੌਤ ਤਸਦੀਕ ਕਿਨੀ ਕੁ ਸਹੀ ਹੈ। ਪਹਿਲੀ ਗੱਲ ਇਹ ਕਿ ਇਸ ਗੱਲ ਦਾ ਸਭ ਤੋਂ ਵੱਧ ਇਲਮ ਸਤਵੰਤ ਸਿੰਘ ਨੂੰ ਹੀ ਸੀ ਕਿ ਇੰਦਰਾ ਗਾਂਧੀ ਦੇ ਕਿੰਨੀਆਂ ਗੋਲੀਆਂ ਵੱਜੀਆਂ ਨੇ ਤੇ ਕਿੱਥੇ-ਕਿੱਥੇ ਵੱਜੀਆਂ ਨੇ। ਸਤਵੰਤ ਸਿੰਘ ਨੇ ਆਪਣੀ ਸਟੇਨਗੰਨ 'ਚੋਂ 25 ਗੋਲੀਆਂ ਇੰਦਰਾ ਗਾਂਧੀ 'ਤੇ ਦਾਗੀਆਂ ਤੇ ਸਾਰੀਆਂ ਦੀਆਂ ਸਾਰੀਆਂ ਗੋਲੀਆਂ ਇੰਦਰਾ ਦੇ ਸਰੀਰ ਵਿੱਚ ਖੁੱਭੀਆਂ।ਸਿਰਫ ਖੁਭੀਆਂ ਹੀ ਨਹੀਂ ਬਲਕਿ ਸਰੀਰ ਨੂੰ ਚੀਰ ਕੇ ਸਾਰ-ਪਾਰ ਲੰਘ ਗਈਆਂ। ਹਸਪਤਾਲ ਨੇ 30 ਗੋਲੀਆਂ ਵੱਜਣ ਦੀ ਤਸਦੀਕ ਕੀਤੀ ਹੈ। 6 ਗੋਲੀਆਂ ਬੇਅੰਤ ਸਿੰਘ ਦੇ ਪਸਤੌਲ 'ਚੋਂ ਚੱਲੀਆਂ। ਜਿਨਾਂ 'ਚੋਂ 1 ਗੋਲੀ ਇੱਕ ਹੋਰ ਪੁਲਿਸ ਮੁਲਾਜਮ ਨੂੰ ਵੱਜੀ। ਇੰਦਰਾ ਗਾਂਧੀ ਦੇ ਢਿੱਡ ਵਿੱਚ ਐਨ ਨੇੜਿਓਂ ਵੱਜੀਆਂ 30 ਗੋਲੀਆਂ ਨਾਲ ਹੀ ਉਨ੍ਹਾਂ ਦੇ ਜਿਊਂਦੇ ਬਚਣ ਦਾ ਕੋਈ ਚਾਂਸ ਨਹੀਂ ਹੋ ਸਕਦਾ। ਢਿੱਡ ()ਵਿੱਚ ਵੱਜੀਆਂ ਗੋਲੀਆਂ ਨੇ ਪਿੱਠ ਵਿੱਚ ਕਮਰੋੜ (ਸਪਾਈਨਲ ਕੌਰਡ) ਦੇ 4 ਮਣਕੇ (ਵਰਟੀਬਰੇ/)ਵੀ ਉਡਾ ਦਿੱਤੇ ਸੀ। ਇਨ੍ਹਾਂ ਹਾਲਾਤਾਂ ਵਿੱਚ ਸਤਵੰਤ ਸਿੰਘ ਨੂੰ ਇੰਦਰਾ ਦੀ ਮੌਕੇ 'ਤੇ ਹੀ ਮੌਤ ਹੋ ਜਾਣ ਦਾ ਬਿਲਕੁਲ ਯਕੀਨ ਸੀ।ਡਾਕਟਰੀ ਨਜਰੀਏ ਮੁਤਾਬਕ ਵੀ ਕਿਸੇ ਮਨੁੱਖ ਦੇ ਗੋਲੀਆਂ ਨਾਲ ਚਾਰ ਵਰਟੀਬਰੇ ਉੱਡ ਜਾਣ ਨਾਲ ਜਾਨ ਬਚਣ ਦੀ ਸੰਭਾਵਨਾ ਅੱਧਾ ਫੀਸਦ ਵੀ ਨਹੀਂ ਰਹਿੰਦੀ।ਏਮਜ ਹਸਪਤਾਲ ਦੀ ਕੈਜੂਐਲਟੀ ਵਿੱਚ ਜਦੋਂ ਡਾਕਟਰਾਂ ਨੇ ਸ੍ਰੀਮਤੀ ਗਾਂਧੀ ਨੂੰ ਚੈੱਕ ਕੀਤਾ ਤਾਂ ਉਨ੍ਹਾਂ ਦੀ ਨਬਜ ਰੁਕੀ ਹੋਈ ਸੀ ਅੱਖਾਂ ਖੁੱਲ੍ਹੀਆਂ ਤੇ ਖੜ੍ਹੀਆਂ ਸਨ। ਅੱਖਾਂ ਵਿੱਚ ਰੌਸਨੀ ਪਾ ਕੇ ਚੈੱਕ ਕੀਤਾ ਗਿਆ ਤੇ ਦੇਖਿਆ ਗਿਆ ਕਿ ਅਲਾਮਤ ਉਹ ਹੈ ਜੋ ਦਿਮਾਗ ਡੈੱਡ ਹੋਣ ਵੇਲੇ ਹੁੰਦੀ ਹੈ। ਭਾਵ ਦਿਮਾਗ ਅਤੇ ਦਿਲ ਦੋਵੇਂ ਕੰਮ ਛੱਡ ਚੁੱਕੇ ਨੇ। ਡਾਕਟਰਾਂ ਨੇ ਇੰਦਰਾ ਗਾਂਧੀ ਦੇ ਉਥੇ ਹਾਜਰ ਖਾਸਮਖਾਸ ਬੰਦਿਆਂ ਆਰ.ਕੇ ਧਵਨ ਅਤੇ ਐਮ.ਐਲ. ਫੋਤੇਦਾਰ ਨੂੰ ਸਪੱਸਟ ਆਖ ਦਿੱਤਾ ਕੰਮ ਖਤਮ ਜਾਪਦਾ ਹੈ ਤੇ ਤੁਸੀਂ ਮੈਡਮ ਨੂੰ ਮਰ ਚੁੱਕੀ ਸਮਝ ਕੇ ਜੋ ਕੋਈ ਤਿਆਰੀ-ਬਿਆਰੀ ਕਰਨੀ ਹੈ ਉਹ ਸੁਰੂ ਕਰ ਸਕਦੇ ਹੋ। ਪਰ ਆਖਰ ਨੂੰ ਉਹ ਪ੍ਰਧਾਨ ਮੰਤਰੀ ਸੀ ,ਇੰਝ ਇੰਨੀ ਛੇਤੀ ਕਿਵੇਂ ਉਹਨੂੰ ਮੋਈ ਸਮਝ ਕੇ ਕੋਈ ਹੋਰ ਹੀਲਾ ਨਾ ਕੀਤਾ ਜਾਂਦਾ। ਨਾਲੇ ਸ੍ਰੀਮਤੀ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਦੇ ਰਾਜਧਾਨੀ ਪੁੱਜਣ ਦੀ ਉਡੀਕ ਵੀ ਕੀਤੀ ਜਾਣੀ ਸੀ ਜੋ ਕੇ ਉਸ ਦਿਨ ਪੱਛਮੀ ਬੰਗਾਲ ਦੇ ਦੌਰੇ ਤੇ ਸੀ ।ਮੈਡਮ ਨੂੰ ਅੱਧੇ ਪੌਣੇ ਘੰਟੇ ਤੋਂ ਬਾਅਦ ਕੈਜੂਐਲਟੀ ਤੋਂ ਓਪਰੇਸਨ ਥੇਟਰ ਵਿੱਚ ਸਫਿਟ ਕੀਤਾ ਗਿਆ। ਉਥੇ ਉਨ੍ਹਾਂ 'ਤੇ ਉਹ ਜੰਤਰ ਲਾਏ ਗਏ ਜੋ ਫੇਫੜਿਆਂ ਤੇ ਦਿਲ ਦੇ ਕੰਮ ਛੱਡਣ ਦੇ ਬਾਵਜੂਦ ਵੀ ਖੂਨ ਦਾ ਸਰਕਲ ਚਲਾ ਸਕਦੇ ਹਨ। ਇਸ ਤਰੀਕੇ ਨਾਲ ਮੈਡਮ ਨੂੰ 88 ਬੋਤਲਾਂ ਖੂਨ ਚਾੜਿਆ ਗਿਆ ਜੋ ਕਿ ਸਰੀਰ ਦੇ ਕੁੱਲ ਖੂਨ ਦਾ 4-5 ਗੁਣਾ ਬਣਦਾ ਹੈ। ਇਹ ਤਾਂ ਕੀਤਾ ਗਿਆ ਕਿ ਜਿੰਨਾ ਖੂਨ ਸਰੀਰ 'ਚੋਂ ਨਿੱਕਲ ਰਿਹਾ ਹੈ ਉਹ ਪੂਰਾ ਹੁੰਦਾ ਰਹੇ। ਪਰ ਅਖੀਰ ਨੂੰ ਬਾਅਦ ਦੁਪਹਿਰ ਢਾਈ ਵਜੇ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ। ਪਰ ਇਸ ਗੱਲ 'ਤੇ ਡਾਕਟਰਾਂ ਵਿੱਚ ਬਹਿਸ ਹੋਈ ਕਿ ਮੌਤ ਦਾ ਸਮਾਂ ਕਿੰਨੇ ਵਜੇ ਦਾ ਮੰਨ ਕੇ ਲਿਖਿਆਂ ਜਾਵੇ। ਅਖੀਰ ਨੂੰ ਇਹ ਸਰਟੀਫਿਕੇਟ ਬਣਾਇਆ ਗਿਆ ਕਿ ਸ੍ਰੀਮਤੀ ਗਾਂਧੀ ਦੀ ਮੌਤ ਹਸਪਤਾਲ ਆਉਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਹਸਪਤਾਲ ਦਾ ਇਹ ਸਰਟੀਫਿਕੇਟ ਵੀ ਸਤਵੰਤ ਸਿੰਘ ਦੀ ਦਿੱਤੀ ਜਾਣਕਾਰੀ ਦੀ ਤਸਦੀਕ ਕਰਦਾ ਹੈ।ਪੋਸਟ ਮਾਰਟਮ ਵਿੱਚ ਇੰਦਰਾ ਗਾਂਧੀ ਦੇ ਸਰੀਰ ਚ ਤੀਹ ਗੋਲੀਆਂ ਵੱਜਣ ਅਤੇ ਰੀੜ ਦੀ ਹੱਡੀ ਦੇ ਚਾਰ ਮਣਕੇ ਉੱਡ ਜਾਣ ਦੀ ਰਿਪੋਰਟ ਦੇਣੀ ਤੇ ਉਹਨੂੰ ਮੋਈ ਹਾਲਤ ਵਿੱਚ ਲਿਆਉਣ ਦੀ ਗੱਲ ਲਿਖੇ ਜਾਣਾ ਸਾਬਤ ਕਰਦਾ ਹੈ ਕਿ ਮੈਡਮ ਦੀ ਮੌਤ ਮੌਕੇ ਤੇ ਹੀ ਗਈ ਸੀ ।ਇਨਾ ਹਾਲਤਾਂ ਦੇ ਮੱਦੇਨਜਰ ਸਤਵੰਤ ਸਿੰਘ ਵੱਲੋਂ ਇੰਦਰਾ ਗਾਂਧੀ ਦੀ ਮੌਤ ਦੀ ਤਸਦੀਕ ਵਾਲਾ ਐਲਾਨ ਬਿਲਕੁਲ ਦਰੁਸਤ ਸਾਬਤ ਹੁੰਦਾ ਹੈ । ਕਿਉਂਕਿ ਡਾਕਟਰਾਂ ਨੇ ਜੋ ਕੁਝ ਪੋਸਟ ਮਾਰਟਮ ਚ ਦੇਖਿਆ ਉਹਦਾ ਸਤਵੰਤ ਨੂੰ ਪਹਿਲਾਂ ਹੀ ਪਤਾ ਸੀ ਕਿਉਂਕਿ ਇਹ ਸਭ ਕੁਝ ਆਪਦੇ ਹੱਥੀਂ ਕੀਤਾ ਹੀ ਉਹਨੇ ਸੀ । ਭਾਵੇਂ ਸਤਵੰਤ ਸਿੰਘ ਦੇ ਇਸ ਐਲਾਨ ਨੂੰ ਸੁਨਣ ਵਾਲਿਆਂ ਨੇ ਮੌਕੇ ਤੇ ਉਹਦੀ ਗੱਲ ਨੂੰ ਇਤਬਾਰ ਲਾਇਕ ਨਾ ਵੀ ਮੰਨਿਆ ਹੋਵੇ ਪਰ ਇਹ ਸਹੀ ਸੀ । ਸਤਵੰਤ ਸਿੰਘ ਵੱਲੋਂ ਆਖੀ ਗਈ ਇਸ ਗੱਲ ਨੂੰ ਸਰਕਾਰ ਨੇ ਜੋਰ ਲਾ ਕੇ ਹੋਰ ਅਗਾਂਹ ਫੈਲਣ ਤੋਂ ਰੋਕ ਲਿਆ ਪਰ ਉਹ ਇੰਦਰਾ ਗਾਂਧੀ ਦੀ ਫੌਤਗੀ ਨੂੰ ਨਸਰ ਕਰਨ ਵਾਲਾ ਉਹ ਪਹਿਲਾ ਸਖਸ ਬਣ ਗਿਆ ।

# ਇਸ ਮੈਚ ਨੂੰ ਵੇਖਣ ਲਈ ਵੱਖਰਾ ਨਜ਼ਰੀਆ ਚਾਹੀਦੈ

**ਕਰਮਜੀਤ ਸਿੰਘ ਪੱਤਰਕਾਰ**

ਇਕ ਪਾਸੇ ਜਸ਼ਨ ਦੂਜੇ ਪਾਸੇ ਹਾਹਾਕਾਰ ਪਈ, ਇਹ ਹੋ ਕੀ ਗਿਆ?

ਇਸ ਮੈਚ ਨੂੰ ਕਈ ਕੋਨਾਂ ਉੱਤੇ ਖਲੋ ਕੇ ਦੇਖੋ। ਜਾਗਦੀ ਅੱਖ ਨਾਲ ਦੇਖੋਗੇ ਤਾਂ ਕਈ ਨਜ਼ਰੀਏ ਜਨਮ ਲੈਣਗੇ। ਜੇ ਤੁਸੀਂ ਇੱਕ ਅੱਖ ਬੰਦ ਕਰ ਲਵੋਗੇ ਤਾਂ ਕਈ ਦ੍ਰਿਸ਼ਟੀਕੋਣ ਅਲੋਪ ਹੋ ਜਾਣਗੇ।

ਵੈਸੇ ਇਸ ਮਰੀਅਲ ਨਜ਼ਰੀਏ ਨੂੰ ਖ਼ੂਹ ਵਿੱਚ ਸੁੱਟ ਦਿਓ ਕਿ ਇਹ ਮੈਚ ਦੋ ਦੇਸ਼ਾਂ ਵਿੱਚ ਹੋ ਰਿਹਾ ਸੀ। ਮੇਰੇ ਇੱਕ ਦੋਸਤ ਦਾ ਇਹ ਨਜ਼ਰੀਆ ਸੀ ਕਿ ਇਹ ਮੈਚ ਦੋ ਧਰਮਾਂ ਵਿੱਚ ਹੋ ਰਿਹਾ ਸੀ। ਵੈਸੇ ਇਹ ਨਜ਼ਰੀਆ ਵੀ ਅੱਧਾ ਸੱਚ ਹੀ ਦੱਸ ਰਿਹਾ ਹੈ ਕਿ ਇਹ ਮੈਚ ਦੋ ਕੌਮਾਂ ਵਿੱਚ ਹੋ ਰਿਹਾ ਸੀ, ਕਿਉਂਕਿ ਕੌਮ ਦੀ ਆਧੁਨਿਕ ਪਰਿਭਾਸ਼ਾ ਵਿੱਚ ਧਰਮ ਨਿਰਪੱਖਤਾ ਨੂੰ ਵਿਸ਼ੇਸ਼ ਥਾਂ ਮਿਲਦੀ ਹੈ, ਜਦਕਿ ਧਰਮ ਦੂਜੇ ਤੀਜੇ ਨੰਬਰ ’ਤੇ ਚਲੇ ਜਾਂਦਾ ਹੈ।

ਪਰ ਦੁਬਈ ਦੀ ਧਰਤੀ ’ਤੇ ਐਤਵਾਰ ਨੂੰ ਹੋਇਆ ਮੈਚ ਹਿੰਦੂ ਤੇ ਮੁਸਲਮਾਨਾਂ ਵਿਚਕਾਰ ਸੀ। ਪੂਰਾ ਸੱਚ ਇਹੋ ਹੈ, ਹਾਲਾਂਕਿ ਇਹ ਸੱਚ ਅਫ਼ਸੋਸਨਾਕ ਹੈ, ਕਿਉਂਕਿ ਇਸ ਸੱਚ ਵਿੱਚ ਮੂੰਹ ਵਿਚ ਸ਼ਹਿਦ ਅਤੇ ਦਿਲ ਵਿਚ ਚਾਕੂ ਵਾਲੀ ਗੱਲ ਲੁਕੀ ਹੁੰਦੀ ਹੈ।

ਤੁਸੀਂ ਉਸ ਗਲਵੱਕੜੀ ਨੂੰ ਕੀ ਕਹੋਗੇ ਜਿਸ ਵਿੱਚ ਕੈਪਟਨ ਵਿਰਾਟ ਕੋਹਲੀ ਪਾਕਿਸਤਾਨ ਦੇ ਮੁਹੰਮਦ ਰਿਜ਼ਵਾਨ ਨੂੰ ਗਲਵੱਕੜੀ ’ਚ ਲੈ ਕੇ ਜਿੱਤ ਉੱਤੇ ਮੁਬਾਰਕਬਾਦ ਦੇ ਰਹੇ ਹਨ? ਇਹ ਕੈਸੀ ਵਧਾਈ ਹੈ? ਰੂਸ ਵਾਲਿਆਂ ਦੀ ਇਕ ਕਹਾਵਤ ਨਾਲ ਕੁਝ ਕੁਝ ਇਹ ਵਧਾਈ ਮਿਲਦੀ ਹੈ ਕਿ ਬਘਿਆੜ ਨਾਲ ਦੋਸਤੀ ਰੱਖੋ ਪਰ ਆਪਣੀ ਕੁਹਾੜੀ ਵੀ ਤਿਆਰ ਰਖੋ।

ਇਕ ਹੋਰ ਵੱਡਾ ਸੱਚ! ਜਦੋਂ ਦੱਸਿਆ ਤਾਂ ਬਹੁਤ ਗੁੱਸੇ ਹੋ ਜਾਣਗੇ।ਵੱਡਾ ਸੱਚ ਇਹ ਹੈ ਕਿ ਹਿੰਦੋਸਤਾਨ ਦੇ ਮੁਸਲਮਾਨ ਤਨ ਤੋਂ ਵੀ ਅਤੇ ਮਨ ਤੋਂ ਵੀ ਪਾਕਿਸਤਾਨ ਦੀ ਜਿੱਤ ਲਈ ਦੁਆਵਾਂ ਕਰਦੇ ਸਨ। ਇਹ ਅੰਦਰਲੀ ਗੱਲ ਹੈ ਜਿਸ ਨੂੰ ਦੁਨੀਆਂ ਦੀ ਕੋਈ ਸਟੇਟ ਜਾਂ ਏਜੰਸੀ ਤੱਥ-ਰੂਪ ਵਿੱਚ ਪੇਸ਼ ਨਹੀਂ ਕਰ ਸਕਦੀ। ਇਹ ਤੱਥ-ਆਧਾਰਤ ਇਤਿਹਾਸ ਨਹੀਂ। ਇਹ ਦਿਲ-ਆਧਾਰਤ ਇਤਿਹਾਸ ਹੈ। ਜਦੋਂ ਤੁਸੀਂ ਪੰਦਰਾਂ-ਸੋਲ਼ਾਂ ਕਰੋੜ ਦੀ ਇੱਕ ਮਹਾਨ ਕੌਮ ਨੂੰ ਹਰ ਰੋਜ਼ ਅੰਦਰੋਂ, ਬਾਹਰੋਂ ਸਤਾਉਂਦੇ ਹੋ, ਰਲਾਉਂਦੇ ਹੋ ਤਾਂ ਫਿਰ ਉਨਾਂ ਕੋਲ ਇਹੋ ਜਿਹੇ ਮੌਕੇ ਹੀ ਪਾਕਿਸਤਾਨ ਦੇ ਹੱਕ ਦੁਆ ਕਰਨ ਲਈ ਰਹਿ ਜਾਂਦੇ ਹਨ।

ਅਮਿਤ ਸ਼ਾਹ ਕਸ਼ਮੀਰ ਵਿੱਚ ਹੀ ਸਨ। ਉਨਾਂ ਨੇ ਵੇਖ ਲਿਆ ਹੋਣੈ ਕਿ ਕਸ਼ਮੀਰੀ ਲੋਕ ਪਾਕਿਸਤਾਨ ਦੀ ਜਿੱਤ ਦੇ ਜਸ਼ਨ ਮਨਾਉਣ ਲਈ ਕਿਵੇਂ ਸੜਕਾਂ ਉਤੇ ਆਣ ਉਤਰੇ ਹਨ। ਮੁਸਲਮਾਨ ਭਰਾਵਾਂ ਦੀ ਤੜਪ, ਉਨਾਂ ਦੀ ਹੂਕ, ਉਨਾਂ ਦੀ ਬੇਬਸੀ ਕੁਝ ਇਸ ਤਰਾਂ ਦੀ ਹੈ :

ਮੇਰੀ ਖ਼ਾਮੋਸ਼ੀ ਹਜ਼ਾਰ ਆਵਾਜ਼ੇਂ ਲਗਾਤੀ ਹੈਂ। ਪਰ ਅਫਸੋਸ



ਵੋ ਤੁਮ ਸੁਣ ਨਹੀਂ ਸਕਤੇ।

ਹੁਣ ਸਿੱਖ ਕੌਮ ਦੀ ਗੱਲ ਕਰਦੇ ਹਾਂ। ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਤੁਰਤ ਪਿੱਛੋਂ ਭਾਰਤੀ ਟੀਮ ਬਾਹਰਲੇ ਦੇਸ਼ਾਂ ਵਿੱਚ ਜਿੱਥੇ ਕਿਤੇ ਵੀ ਮੈਚ ਖੇਡਣ ਜਾਂਦੀ ਸੀ ਉਥੇ ਹੀ ਸਿੱਖ ਖੁੱਲੇ ਆਮ ਭਾਰਤੀ ਟੀਮ ਨੂੰ ਹਰਾਉਣ ਲਈ ਜੋ ਰੌਲਾ ਪਾਉਂਦੇ ਸੀ ਅਤੇ ਜੋ ਗੁੱਸਾ ਵਖਾਉਂਦੇ ਉਹ ਅਸਮਾਨ ਦੀ ਕੰਧ ਨਾਲ ਜਾ ਲੱਗਦਾ ਸੀ। ਪਰ ਹੁਣ ਕੌਮ ਵੰਡੀ ਹੋਈ ਹੈ ਜਾਂ ਵੰਡ ਦਿੱਤੀ ਗਈ ਹੈ।

ਸਵਾਲ: ਕਿਵੇਂ ਵੰਡੀ ਹੋਈ ਹੈ?

ਜਵਾਬ: ਜਿਉਂ ਦਰਜ਼ੀ ਦੀਆਂ ਲੀਰਾਂ ਹੋ।

ਲੇਕਿਨ ਦਰਬਾਰ ਸਾਹਿਬ ਉੱਤੇ ਹਮਲੇ ਦਾ ਗੁੱਸਾ ਵੈਸੇ ਅਜੇ ਵੀ ਠੰਢਾ ਨਹੀਂ ਹੋਇਆ। ਵੇਖ ਲਿਆ ਹੋਵੇਗਾ ਉਸ ਵੀਡੀਓ ਨੂੰ ਕਿ ਹੁਣ ਪੰਜਾਬੀ ਯੂਨੀਵਰਸਿਟੀ ਦੇ ਮੁੰਡੇ ਪਾਕਿਸਤਾਨ ਦੀ ਜਿੱਤ ਉੱਤੇ ਕਿਵੇਂ ਜਸ਼ਨ ਮਨਾ ਰਹੇ ਹਨ। ਪਤਾ ਹੀ ਨਹੀਂ ਲੱਗਾ ਕਿ ਮੈਂ ਕਦੋਂ ਤੇ ਕਿਵੇਂ ਖ਼ੁਦ ਵੀ ਕੁਝ ਪਲਾਂ ਲਈ ‘ਉੱਧਰ’ ਵਲ ਹੀ ਹੋ ਗਿਆ ਸੀ,ਪਰ ਪਲਟਵਾਰ ਵੀ ਹੁਣ ਆਉਣ ਹੀ ਵਾਲਾ ਹੈ ਜਿਸ ਵਿਚ ਇਹ ਮਿਹਣਾ ਹੋਏਗਾ ਕਿ ਜੇਕਰ ‘ਉਹ’ ਚੰਗੇ ਲੱਗਦੇ ਹਨ ਤਾਂ ‘ਉੱਧਰ’ ਹੀ ਕਿਉਂ ਨਹੀਂ ਚਲੇ ਜਾਂਦੇ?

ਅਜਿਹਾ ਕਿਉਂ ਹੋ ਰਿਹਾ ਹੈ ਚਾਣਕਿਆ ਨੀਤੀ ਦੇ ਨਸ਼ੇੜੀ ਇਸ ਮਾਜਰੇ ਨੂੰ ਉਦੋਂ ਤਕ ਨਹੀਂ ਸਮਝ ਸਕਦੇ ਜਦੋਂ ਤਕ ਇਹ ਦੇਸ਼ ਦੀ ਹੋਰ ਵੰਡ ਨਹੀਂ ਕਰਵਾ ਲੈਂਦੇ।

ਹੁਣ ਮੀਡੀਆ ਦੀ ਚੀਰ ਫਾੜ ਕਰਦੇ ਹਾਂ।

ਐਤਵਾਰ ਦੇ ਸਾਰੇ ਅਖ਼ਬਾਰ ਇਸ ਮੈਚ ਦੇ ਭਵਿੱਖ ਬਾਰੇ ਲਿਸ਼ਕਾ ਪੁਸ਼ਕਾ ਕੇ,ਬੜਕਾਂ ਮਾਰ ਕੇ ਇਵੇਂ ਖਬਰਾਂ ਦੇ ਰਹੇ ਸਨ ਜਿਵੇਂ ਭਾਰਤੀ ਟੀਮ ਨੇ ਹਰ ਹਾਲਤ ਵਿਚ ਪਾਕਿਸਤਾਨ ਦੀਆਂ ਗੋਡਣੀਆਂ ਲਵਾ ਹੀ ਦੇਣੀਆਂ ਹਨ। ਬਜ਼ੁਰਗਾਂ ਦੀ ਇਹ ਗੱਲ ਸੁਣੋ ਵੀ ਤੇ ਮੰਨੋ ਵੀ ਕਿ ਉਹ ਤੀਰ ਕਦੇ ਨਾ ਛੱਡੋ ਜਿਹੜਾ ਇੱਕ ਦਿਨ ਤੁਹਾਨੂੰ ਹੀ ਆ ਕੇ ਵੱਜ ਸਕਦਾ ਹੋਵੇ। ਪਰ ਉਹ ਵੱਜ ਹੀ ਗਿਆ। ਲੇਕਿਨ ਸੋਮਵਾਰ ਵਾਲੇ ਦਿਨ ਭਾਰਤ ਦੀ ਹਾਰ ਦੀਆਂ ਖ਼ਬਰਾਂ ਅੰਦਰਲੇ ਸਫ਼ਿਆਂ ’ਤੇ ਚਲੀਆਂ ਗਈਆਂ। ਹੁਣ ਇਹ ਚਾਹੀਦਾ ਸੀ ਕਿ ਹਾਰ ਦੀ ਉਦਾਸੀ ਦੇ ਜਸ਼ਨ ਵੀ ਖੁੱਲੇ ਦਿਲ ਨਾਲ

ਪਹਿਲੇ ਪੰਨਿਆਂ ਉੱਤੇ ਮਨਾਏ ਜਾਂਦੇ।ਵੈਸੇ ਹਿੰਦੂਤਵ ਵੀਰਾਂ ਦੀ ਦੀਵਾਲੀ ਉਮੀਦ ਦੇ ਉਲਟ ਫਿੱਕੀ ਪੈ ਗਈ। ਪਰ ਸੋਸ਼ਲ ਮੀਡੀਆ ਦਾ ਇਕ ਹਿੱਸਾ ਗੁੱਸੇ ਵਿੱਚ ਮੁਹੰਮਦ ਸ਼ਮੀ ਦੇ ਪਿੱਛੇ ਪੈ ਗਿਆ ਹੈ ਕਿ ਭਾਰਤ ਨੂੰ ਹਰਾਉਣ ਪਿੱਛੇ ਇਸ ਮੁਸਲਮਾਨ ਖਿਡਾਰੀ ਦਾ ਹੱਥ ਹੈ। ਇਹ ਤਾਂ ਉਹ ਗਲ ਹੋਈ ਕਿ : ਲੜਾਈ ਘੁਮਿਆਰ ਨਾਲ ਅਤੇ ਕੰਨ ਖੋਤੇ ਦੇ ਮਰੋੜਦੀ ਫਿਰੇ।

ਆਪਣੇ ਅਕਸ਼ੈ ਭਾਅ ਜੀ ਦੀ ਛੋਟੀ ਜਿਹੀ ਕਲਿਪ ਘੁੰਮ ਰਹੀ ਹੈ, ਜਿਸ ਵਿੱਚ ਉਹ ਪਾਕਿਸਤਾਨ ਦੇ ਇਕ ਫੈਨ ਨੂੰ ਕਹਿ ਰਹੇ ਹਨ ਕਿ ਮੈਂ ਵੀ ਅਨੰਦ ਮਾਣ ਰਿਹਾ ਹਾਂ। ਵੈਸੇ ਰਬ ਨਾ ਕਰੇ ਜੇ ਇਹ ਟਿਪਣੀ ਸਲਮਾਨ ਜਾਂ ਸ਼ਾਹ ਰੁਖ ਖਾਨ ਦੇ ਮੂੰਹ ਤੋਂ ਨਿਕਲ ਜਾਂਦੀ ਤਾਂ ਗੋਦੀ ਮੀਡੀਏ ’ਤੇ ਹਾਹਾਕਾਰ ਮਚ ਜਾਣੀ ਸੀ। ਇਕ ਖਾਸ ਚੈਨਲ ਨੇ ਤਾਂ ਇਸੇ ਖਬਰ ਨੂੰ ਖੰਭਾਂ ਦੀਆਂ ਡਾਰਾਂ ਬਣਾ ਕੇ ਹੀ ਸਾਹ ਲੈਣਾ ਸੀ। ਇਹ ਉਹੋ ਅਕਸ਼ੈ ਭਾਅ ਜੀ ਹਨ ਜਿਨਾਂ ਨੇ ਇਕ ਸਵਾਲ ਵਿੱਚ ਅੰਬ ਚੂਪਣ ਦੇ ਤਰੀਕੇ ਬਾਰੇ ਮੋਦੀ ਜੀ ਨੂੰ ਵੀ ਭੰਬਲਭੂਸੇ ਵਿੱਚ ਪਾ ਦਿੱਤਾ ਸੀ।

ਕਿਸੇ ਨੇ ਸਵਾਲ ਕੀਤਾ ਕਿ ਦੋਹਾਂ ਟੀਮਾਂ ਵਿੱਚ ਅਸਲੀ ਫਰਕ ਕੀ ਸੀ? ਜਵਾਬ ਝਟਪਟ ਆਇਆ ਕਿ: ਪਾਕਿਸਤਾਨੀ ਟੀਮ ਦਾ ਇਰਾਦਾ ਸੀ ਕਿ ‘ਅਸੀਂ ਇਹ ਮੈਚ ਜਿੱਤਣਾ ਹੈ’ ਜਦਕਿ ਭਾਰਤੀ ਟੀਮ ਦਾ ਇਰਾਦਾ ਸੀ ਕਿ ‘ਅਸੀਂ ਇਹ ਮੈਚ ਪਹਿਲਾਂ ਹੀ ਜਿੱਤੇ ਹੋਏ ਹਾਂ’ ਕਿਉਂਕਿ ਮੀਡੀਏ ਨੇ ਜਿਤਾਇਆ ਹੋਇਆ ਸੀ। ਇਸ ਹਾਰ ਦਾ ਦੁਖ ਲੰਮੇ ਚਿਰ ਤੱਕ ਤੜਪਾਉਂਦਾ ਰਹੇਗਾ ਪਰ ‘ਰਾਵਲਪਿੰਡੀ ਐਕਸਪ੍ਰੈਸ’ ਖਿਡਾਰੀ ਦਾ ਕਹਿਣਾ ਸੀ ਕਿ ਅੱਜ ਬੜੇ ਚਿਰਾਂ ਪਿੱਛੋਂ ਮੈਂ ਗੂੜ੍ਹੀ ਨੀਂਦਰੇ ਸੁੱਤਾ ਹਾਂ।



# ਸਿੱਖ ਕੌਮ ਦੀ ਚਿੰਤਾ




ਕੁਝ ਦਿਨ ਪਹਿਲਾਂ ਦੀ ਗੱਲ ਹੈ। ਇਕ ਵੀਰ ਮੈਨੂੰ ਮੇਰੇ ਬੜੇ ਅਜ਼ੀਜ਼ ਮਿੱਤਰ ਸ ਜਗਜੀਤ ਸਿੰਘ ਜੱਗਾ ਦੇ ਦਫਤਰ ਵਿਚ ਮਿਲਿਆ। ਜੱਗਾ ਜੀ ਨੇ ਸਾਡੀ ਇਕ ਦੂਜੇ ਨਾਲ ਪਹਿਚਾਣ ਕਾਰਵਾਈ। ਜਦੋਂ ਮੈਂ ਉਸ ਵੀਰ ਬਾਰੇ ਜਾਣਿਆ ਤੇ ਮੇਰੀ ਦਿਲਚਸਪੀ ਉਸ ਨਾਲ ਗੱਲ ਕਰਨ ਲਈ ਵੱਧ ਗਈ। ਜੱਗਾ ਜੀ ਨੇ ਦੱਸਿਆ ਕਿ ਇਹ ਸਿੰਘ ਪੈਰੋਲ ਤੇ ਆਇਆ। ਗੱਲਬਾਤ ਕਰ ਲਵੋ ਪਰ ਖਬਰ ਨਾ ਲਾਗਾਣਾ। ਗੱਲਬਾਤ ਸ਼ੁਰੂ ਹੋਈ। ਉਸ ਵੀਰ ਦੀ ਹੂਕ ਨੇ ਮੇਰੀ ਰੂਹ ਜ਼ਖਮੀ ਕਰ ਦਿੱਤੀ। ਮੇਰਾ ਸਾਦਾ ਜਿਹਾ ਸਵਾਲ ਸੀ ਕਿ ਅਕਾਲੀ ਦਲ ਬਾਦਲ ਤੇ ਗੈਰ ਬਾਦਲੀ ਧਿਰਾਂ ਵਿਚ ਤੁਸੀਂ ਕਿੰਨਾ ਕੁ ਫਰਕ ਦੇਖਦੇ ਹੋ। ਉਸ ਵੀਰ ਨੇ ਜੋ ਜਵਾਬ ਦਿੱਤਾ ਉਹ ਸੀ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਅਕਾਲੀ ਦਲ ਬਾਦਲ ਕੌਮ ਘਾਤ ਦੀ ਸਿਆਸਤ ਕਰਦਾ ਹੈ। ਹਰ ਕਿਸੇ ਨੂੰ ਪਤਾ ਹੈ ਕਿ ਬਾਦਲ ਦਲ ਨੇ ਕਦੇ ਵੀ ਕੌਮ ਦੀ ਕੌਮ ਦੇ ਹੱਕ, ਦੀ ਗੱਲ ਨਹੀਂ ਕਰਨੀ। ਇਹ ਤੇ ਅਸੀਂ ਸਾਰੇ ਜਾਣਦੇ ਹੀ ਹਾਂ, ਪਰ ਗੈਰ ਬਾਦਲੀ ਧਿਰਾਂ ਵੀ ਕੌਮੀ ਆਵਾਜ਼ ਨਹੀਂ ਬਣ ਸਕੀਆਂ। ਇਹ ਨਿੱਕੀਆਂ ਨਿੱਕੀਆਂ ਗਰਜ਼ਾਂ ਨੂੰ ਲੈ ਕੇ ਸਿਰਫ ਹੋਂਦ ਦੀ ਲੜਾਈ ਲੜ ਰਹੀਆਂ ਹਨ। ਆਪਣੀ ਗਰਜ਼ ਪੂਰੀ ਕਰਨ ਲਈ ਇਹ ਕਿਸੇ ਵੀ ਦਰ 'ਤੇ ਜਾ ਸਕਦੀਆਂ ਹਨ। ਇਨਾਂ ਨੂੰ ਲੱਗੇ ਕਿ ਇਹ ਗਰਜ਼ ਬਾਦਲ ਪੂਰੀ ਕਰ ਸਕਦਾ ਤੇ ਇਨਾਂ ਬਾਦਲ ਦੇ ਵੀ ਗੋਢੇ ਹੱਥ ਲਗਾ ਦੇਣਾ। ਗੱਲ ਤੇ ਉਹ ਵੀਰ ਬੜੇ ਹੀ ਸਾਧਾਰਨ ਢੰਗ ਨਾਲ ਕਰ ਰਿਹਾ ਸੀ ਪਰ ਬੜੀ ਹੀ ਗੰਭੀਰ ਗਲ ਕਹਿ ਰਿਹਾ ਸੀ। ਮੈਂ ਕਦੀ ਕਦੀ ਸੋਚਦਾ ਕਿ ਪਿਛਲੇ ਕਰੀਬ 35 ਸਾਲ ਤੋਂ ਇਹ ਲੋਕ ਕੌਮੀ ਲੜਾਈ ਲੜ ਰਹੇ ਹਨ ਸਫਲ ਕਿਉਂ ਨਹੀਂ ਹੋਏ। ਕਿਉਂ ਇਹ ਲੋਕ ਕੋਹਲੂ ਦੇ ਬੈਲ ਵਾਂਗ ਘੁੰਮੀ ਜਾ ਰਹੇ ਹਨ ਮੰਜ਼ਿਲ ਤਕ ਕਿਉਂ ਨਹੀਂ ਅਪੜੇ। ਨਿਸ਼ਾਨਾ ਤਹਿ ਨਹੀਂ, ਨਿਸ਼ਾਨੇ ਪ੍ਰਤੀ ਸਪੱਸ਼ਟ ਨਹੀਂ, ਕੌਮ ਸਾਥ ਨਹੀਂ ਦੇ ਰਹੀ ਜਾਂ ਫਿਰ ਇਹ ਲੋਕ ਜਿਤਨਾ ਹੀ ਨਹੀਂ ਚਾਹੁੰਦੇ। ਕਾਰਣ ਹੋਰ ਵੀ ਹੋ ਸਕਦੇ ਨੇ ਪਰ ਇਕ ਕਾਰਣ ਬਿਲਕੁਲ ਸਪੱਸ਼ਟ ਹੈ ਕਿ ਇਹ ਲੋਕ 35 ਸਾਲ ਤੋਂ ਭਟਕਦੇ ਆ ਰਹੇ ਹਨ। ਮੈਨੂੰ ਜੋ ਕਾਰਨ ਲੱਭਾ ਉਹ ਪੂਰਾ ਸੱਚ ਤੇ ਨਹੀਂ ਪਰ ਸੱਚ ਦੇ ਨੇੜੇ ਲਗਦਾ ਹੈ। ਆਓ ਵਿਚਾਰ ਕਰਦੇ ਹਾਂ।

1. ਇਕ ਆਗੂ ਦੀ ਕਮੀ
2. ਨਿੱਜੀ ਹਿੱਤ
3. ਲੋਕਾਂ ਨੂੰ ਨਾਲ ਲੈ ਕੇ ਤੁਰਨ ਵਿਚ ਅਸਫਲ ਰਹਿਣਾ
4. ਕੌਮੀ ਫਰਜ਼ਾਂ ਦੀ ਪੂਰਤੀ ਕਰਨ ਵਿਚ ਨਾਕਾਮ
5. ਆਪਣੀ ਗੱਲ ਨੂੰ ਲੋਕਾਂ ਤਕ ਲੋਕ ਭਾਸ਼ਾ ਵਿਚ ਪਹੁੰਚਾਉਣ ਵਿਚ ਨਾਕਾਮ
6. ਸਿਰਫ ਗੱਲਾਂ ਤਕ ਸੀਮਤ

ਫਿਰ ਹੁਣ ਸ਼ੁਰੂ ਤੋਂ ਸ਼ੁਰੂ ਕਰਦੇ ਹਾਂ।

ਸਾਡੀ ਇਹ ਦੂਜੀ ਧਿਰ ਸਿਰਫ ਗੱਲਾਂ ਤਕ ਸੀਮਤ ਹੈ। ਗੱਲ ਕਰਦਿਆਂ ਟੀਸੀ ਦੇ ਬੇਰ ਲਾਹ ਲੈਣ ਵਾਲੀ ਗੱਲ ਸੁਣਾਉਣੀ ਪਰ ਸੱਚ ਇਸ ਤੋਂ ਪੂਰਾ ਉਲਟ। ਇਹ ਲੋਕ ਗੱਲਾਂ ਤੇ ਬਹੁਤ ਵੱਡੀਆਂ ਕਰਦੇ ਨੇ ਪਰ ਪ੍ਰਾਪਤ ਕੁਝ ਨਹੀਂ ਕਰ ਸਕਦੇ। ਅਫਸੋਸ ਦੀ ਗੱਲ ਇਹ ਵੀ ਹੈ ਕਿ ਇਹ ਲੋਕ ਆਪਣੀ ਗੱਲ ਲੋਕਾਂ ਨੂੰ ਲੋਕ ਭਾਸ਼ਾ ਵਿਚ ਦਸਣ ਵਿਚ ਅਸਫਲ ਰਹੇ। ਹਰ ਸਮੱਸਿਆ ਦਾ ਹੱਲ ਇਕੋ ਹੈ ਵੱਖਰਾ ਮੁਲਕ, ਲੋਕ ਲੀਡਰ ਕੋਲ ਆਪਣੀ ਮੁਸ਼ਕਿਲ ਲੈ ਕੇ ਆਉਂਦੇ ਹਨ ਤੇ ਇਨਾਂ ਦਾ ਰਾਗ ਵੱਖਰਾ ਰਾਜ ਹੁੰਦੇ। ਫਿਰ ਲੋਕਲ ਮੁਸ਼ਕਿਲਾਂ ਦੀ ਤੁਲਨਾ ਰੂਸ, ਅਮਰੀਕਾ ਤੇ ਹੋਰ ਮੁਲਕਾਂ ਨਾਲ ਕਰਕੇ ਸਾਡੇ ਆਗੂ ਆਪਣੀ ਅਕਲ ਦਾ ਜਨਾਜ਼ਾ ਕੱਢ ਰਹੇ ਹੁੰਦੇ ਹਨ। ਪੁਲਿਸ ਪ੍ਰਣਾਲੀ ਦੀ ਸ਼ਿਕਾਇਤ ਸਿੱਧੀ ਯੂ ਐਨ ਓ 'ਚ ? ਲੋਕਾਂ ਨੇ ਇਨਾਂ 35 ਸਾਲ ਵਿਚ ਕਰੀਬ 4 ਤੋਂ ਪੰਜ ਵਾਰੀ ਇਸ ਧਿਰ ਨੂੰ ਮੌਕਾ ਦਿੱਤਾ। ਇਹ ਧਿਰ ਹਰ ਵਾਰੀ ਅਨੋਖੇ ਮੁੱਦੇ ਲੈ ਕੇ ਲੋਕਾਂ ਦੇ ਸਾਹਵੇਂ ਆਏ ਤੇ ਲੋਕ ਟੁੱਟ ਗਏ। ਇਸ ਧਿਰ ਦਾ ਮਕਸਦ ਰਾਜ ਕਰਨਾ ਨਹੀਂ ਸਗੋਂ ਸਮਾਂ ਲੰਘਾਉਣਾ ਰਿਹਾ ਹੈ। ਨਿਜੀ ਗਰਜ਼ਾਂ ਕਰਕੇ ਇਹ ਧਿਰ ਰਾਜ ਨਹੀਂ ਕਰਦੀ ਸਗੋਂ ਰਾਜ ਕਰਦੀ ਕੋਈ ਵੀ ਧਿਰ ਨੂੰ ਉਲਝਾਉਂਦੀ ਹੈ। ਇਸ ਨਾਲ ਨਿੱਜੀ ਗਰਜ਼ਾਂ ਤੇ ਪੂਰੀਆਂ ਹੋ ਜਾਂਦੀਆਂ ਪਰ ਕੌਮੀ ਫਰਜ਼ ਪਿੱਛੇ ਰਹਿ ਜਾਂਦੇ ਹਨ। ਚਾਹੀਦਾ ਇਹ ਹੈ ਕਿ ਇਕ ਕੌਮੀ ਆਗੂ ਦੀ ਚੋਣ ਕਰਕੇ ਅਗਲੀ ਲੜਾਈ ਲੜਨ ਦੀ ਸਾਰੀ ਜਿੰਮੇਵਾਰੀ ਉਸ ਤੇ ਪਾ ਦਿੱਤੀ ਜਾਵੇ। ਬਾਕੀ ਆਗੂ ਉਸ ਕੌਮੀ ਜਥੇਦਾਰ ਦੀ ਅਗਵਾਈ ਹੇਠ ਚਲਣ। ਕੋਈ ਬਿਆਨਬਾਜ਼ੀ ਨਹੀਂ ਸਿਰਫ ਮੰਜ਼ਿਲ ਵੱਲ ਤੁਰਨਾ।

ਮੈਨੂੰ ਲੱਗਦਾ ਨਹੀਂ ਅਜਿਹਾ ਹੋਵੇ ਪਰ ਜੇ ਕੌਮ ਫੈਸਲਾ ਕਰ ਲਵੇ ਤੇ ਕੁਝ ਵੀ ਅਸੰਭਵ ਨਹੀਂ ਹੈ। ਗੁਰੂ ਕ੍ਰਿਪਾ ਕਰੇ ਆਪਣੀ ਕੌਮ ਨੂੰ ਆਪ ਸੇਧ ਦੇਵੇ।

**ਚਰਨਜੀਤ ਸਿੰਘ**
੯੭੮੦੫੭੧੨੩੧

# ਭੈਣ ਭਰਾ ਦਾ ਪਿਆਰ

**ਪਰਵੀਨ ਕੌਰ ਸਿੱਧੂ**
੮੧੪੬੫੩੬੨੦੦

ਪਿਆਰ ਦੀਆਂ ਮਿਸਾਲਾਂ ਬਹੁਤ ਮਿਲਦੀਆਂ ਹਨ। ਪਰ ਮੇਰੇ ਅਨੁਸਾਰ ਭੈਣ ਭਰਾ ਦੇ ਪਿਆਰ ਦਾ ਹਵਾਲਾ ਸਾਡੇ ਸਮਾਜ ਵਿੱਚ ਬਹੁਤ ਘੱਟ ਦਿੱਤਾ ਜਾਂਦਾ ਹੈ। ਇਸ ਪਿਆਰ ਨੂੰ ਨਾ ਹੀ ਕੇਂਦਰਤ ਕਰਕੇ ਕਿਸੇ ਸੀਰੀਅਲ ਜਾਂ ਫ਼ਿਲਮ ਵਿੱਚ ਵਿਖਾਇਆ ਜਾਂਦਾ ਹੈ ਅਤੇ ਨਾ ਘਰਾਂ ਵਿੱਚ ਇਸ ਪਿਆਰ ਦੀ ਕੋਈ ਉਦਾਹਰਨ ਜਾਂ ਹਵਾਲਾ ਦੇ ਕੇ ਬੱਚਿਆਂ ਨਾਲ ਮਿਲ ਬੈਠ ਕੇ ਗੱਲ ਕੀਤੀ ਜਾਂਦੀ ਹੈ।ਮੇਰੀ ਅਕਸਰ ਹੀ ਕਲਾਸ ਵਿੱਚ ਪੜਾਉਂਦੇ ਸਮੇਂ ਇਹੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਬਾਕੀ ਪਿਆਰਾਂ ਦੇ ਨਾਲ-ਨਾਲ ਭੈਣ ਭਰਾ ਦੇ ਪਿਆਰ ਬਾਰੇ ਵੀ ਜ਼ਿਕਰ ਕਰਾਂ।

ਕੁਝ ਸਮਾਂ ਪਹਿਲਾਂ ਜਦੋਂ ਮੈਂ ਪੜਾਉਣਾ ਸ਼ੁਰੂ ਕੀਤਾ ਸੀ ਤਾਂ ਨੌਵੀਂ ਅਤੇ ਗਿਆਰਵੀਂ ਕਲਾਸ ਦੇ ਕਾਵਿ ਭਾਗ ਵਿੱਚ ਸਾਰੇ ਹੀ ਪਿਆਰ ਮੁਹੱਬਤ ਦੇ ਕਿੱਸੇ ਸਨ। ਕਈ ਵਾਰ ਬੱਚਿਆਂ ਦੇ ਹਾਸੇ ਤੋਂ ਪਤਾ ਲੱਗ ਜਾਂਦਾ ਸੀ ਕਿ ਇਨਾਂ ਦੇ ਮਨ ਵਿੱਚ ਕੀ ਚਲ ਰਿਹਾ ਹੈ। ਲੜਕੀਆਂ ਤਾਂ ਨੀਵੀਂ ਪਾ ਲੈਂਦੀਆਂ ਸਨ। ਇਹ ਸਭ ਦੇਖ ਕੇ ਮੈਨੂੰ ਬੜਾ ਅਜੀਬ ਜਿਹਾ ਮਹਿਸੂਸ ਹੁੰਦਾ ਸੀ। ਫਿਰ ਮੈਂ ਹੌਲੀ-ਹੌਲੀ ਪਿਆਰ ਦੇ ਰੰਗਾਂ ਬਾਰੇ ਸਮਝਾ ਕੇ ਲਾਈਨ 'ਤੇ ਲਿਆਉਣਾ। ਇੱਕ ਦੋ ਦਿਨ ਬਾਅਦ ਸਾਰੇ ਨਾਰਮਲ ਹੋ ਕੇ ਕਲਾਸ ਲਗਾਉਣੀ ਸ਼ੁਰੂ ਕਰ ਦਿੰਦੇ ਸਨ।

ਕਿੱਸੇ ਵੀ ਤਾਂ ਸਾਰੇ ਹੀ ਹੁੰਦੇ ਸਨ-ਹੀਰ-ਰਾਂਝਾ, ਸੱਸੀ-ਪੁੰਨੂ, ਸੋਹਣੀ ਮਹੀਂਵਾਲ ਆਦਿ।

ਇਹ ਉਮਰ ਅਤੇ ਸਮਝ ਵੀ ਇਵੇਂ ਦੀ ਹੁੰਦੀ ਹੈ ਕਿ ਆਕਰਸ਼ਣ ਜਲਦੀ ਹੋ ਜਾਂਦਾ ਹੈ। ਜੇਕਰ ਸਹੀ ਤਰੀਕੇ ਨਾਲ ਗੱਲ ਖੋਲ ਕੇ ਪਿਆਰ ਨਾਲ ਸਮਝਾਇਆ ਜਾਵੇ ਤਾਂ ਕੁਝ ਵੀ ਮੁਸ਼ਕਲ ਨਹੀਂ ਹੁੰਦਾ। ਲੋੜ ਸਿਰਫ਼ ਮਨ ਦੇ ਵਲਵਲਿਆਂ ਨੂੰ ਦੂਰ ਕਰਨ ਦੀ ਅਤੇ ਮਾਨਸਿਕ ਉਲਝਣਾਂ ਨੂੰ ਸੁਲਝਾਉਣ ਦੀ ਹੁੰਦੀ ਹੈ।

ਕਿਸੇ ਵੀ ਪਿਆਰ ਦਾ ਵਿਸ਼ਾ ਬੁਰਾ ਜਾਂ ਕੋੜਾ ਨਹੀਂ ਹੁੰਦਾ ਹੁੰਦਾ। ਸਿਰਫ਼ ਸਾਨੂੰ ਉਸ ਬਾਰੇ ਸਹੀ ਗਿਆਨ ਦੀ ਘਾਟ ਹੁੰਦੀ ਹੈ। ਘਰ ਵਿੱਚ ਸਾਰੇ ਪਰਿਵਾਰਕ ਮੈਂਬਰ ਪਿਆਰ ਨਾਲ ਰਹਿੰਦੇ ਹਨ ਤਾਂ ਉਹ ਘਰ ਸਵਰਗ ਤੋਂ ਘੱਟ ਨਹੀਂ ਹੁੰਦਾ। ਆਮ ਦੇਖਣ ਨੂੰ ਮਿਲਦਾ ਹੈ ਕਿ ਸਾਡੇ ਵਿੱਚੋਂ ਬਹੁਤਿਆਂ ਦਾ




ਘਰ ਵਿਚਲੀਆ ਲੜਕੀਆਂ ਅਤੇ ਔਰਤਾਂ ਬਾਰੇ ਨਜ਼ਰੀਆ ਕੁਝ ਹੋਰ ਹੁੰਦਾ ਹੈ। ਪਰ ਬਾਹਰੀ ਲੜਕੀਆਂ ਅਤੇ ਔਰਤਾਂ ਲਈ ਨਜ਼ਰੀਆ ਹੋਰ ਅਤੇ ਵੱਖਰਾ ਕਿਉਂ ਹੁੰਦਾ ਹੈ ? ਮੇਰੇ ਅਨੁਸਾਰ ਅਸੀਂ ਬਚਪਨ ਤੋਂ ਹੀ ਆਪਣੇ ਬੱਚਿਆਂ ਦੀ ਸੋਚ ਅਤੇ ਸਮਝ ਨੂੰ ਸਹੀ ਬਣਾਉਣ ਵਿੱਚ ਕਿਤੇ ਨਾ ਕਿਤੇ ਜਰੂਰ ਚੂਕ ਕਰ ਗਏ ਹੋਵਾਂਗੇ ਜਾਂ ਫਿਰ ਸੁਖਾਲਾ ਮਾਹੌਲ ਦੇਣ ਵਿੱਚ ਅਸਮਰੱਥ ਰਹੇ ਹੋਵਾਂਗੇ।

ਵੇਖਿਆ ਜਾਵੇ ਤਾਂ ਸਮਾਜ ਦੇ ਸਾਰੇ ਪ੍ਰਾਣੀ ਰਹਿੰਦੇ ਤਾਂ ਘਰਾਂ ਵਿੱਚ ਹੀ ਹਨ। ਅਸੀਂ ਇਨਾਂ ਗੱਲਾਂ ਵੱਲ ਧਿਆਨ ਨਹੀਂ ਦਿੰਦੇ ਜਾਂ ਫਿਰ ਅਣਗੌਲਿਆ ਕਰ ਦਿੰਦੇ ਹਾਂ। ਕੋਈ ਵੀ ਸਮਾਜ ਉਥੋਂ ਦੇ ਰਹਿਣ ਵਾਲੇ ਲੋਕਾਂ ਦਾ ਸ਼ੀਸ਼ਾ ਹੁੰਦਾ ਹੈ।ਜਿਹੋ ਜਿਹੇ ਲੋਕ ਆਸ-ਪਾਸ ਵੱਸਦੇ ਹਨ ਉਹੋ ਜਿਹਾ ਹੀ ਆਸ-ਪਾਸ ਦਾ ਮਾਹੌਲ ਜਾਂ ਵਾਤਾਵਰਨ ਹੋਵੇਗਾ।

ਮੈਂ ਬੱਚਿਆਂ ਨਾਲ ਗੱਲ ਕਰਦਿਆਂ ਜਦ ਕਦੀ ਪੁੱਛ ਲੈਂਦੀ ਹਾਂ ਕਿ ਕਿਹੜੇ ਬੱਚਿਆਂ ਨੂੰ ਘਰ ਵਿੱਚ ਮਾਪੇ ਜਾਂ ਬਜ਼ੁਰਗ ਕਹਾਣੀਆਂ ਸੁਣਾਉਂਦੇ ਹਨ ਤਾਂ ਨਾ ਮਾਤਰ ਹੀ ਅਜਿਹੇ ਭਾਗਾਂ ਵਾਲੇ ਬੱਚੇ ਹੁੰਦੇ ਹਨ ਜਿਨਾਂ ਨੂੰ ਘਰ ਵਿੱਚ ਪਿਆਰ ਨਾਲ ਕਦੀ ਕਿਸੇ ਨੇ ਕੋਲ ਬਿਠਾ ਕੇ ਆਪਣੇਪਨ ਅਤੇ ਪਿਆਰ ਦਾ ਅਹਿਸਾਸ ਕਰਵਾਇਆ ਹੁੰਦਾ ਹੈ। ਬਹੁਤੇ ਵਿਚਾਰੇ ਤਾਂ ਘਰ ਦੇ ਅਸਲੀ ਪਿਆਰ ਤੋਂ ਹੀ ਸੱਖਣੇ ਵੇਖੇ ਹਨ।



ਜਦੋਂ ਵੀ ਗੁਰੂ ਨਾਨਕ ਦੇਵ ਜੀ ਦੀ ਗੱਲ ਚਲਦੀ ਹੈ ਤਾਂ ਬਾਬਾ ਨਾਨਕ ਜੀ ਅਤੇ ਬੀਬੀ ਨਾਨਕੀ ਜੀ ਬਾਰੇ ਦੱਸਣਾ ਮੈਂ ਕਦੀ ਵੀ ਨਹੀਂ ਭੁਲਦੀ। ਇਹ ਸਭ ਸਾਖੀਆਂ ਅਸੀਂ ਬਚਪਨ ਵਿੱਚ ਦਾਦਾ ਜੀ ਅਤੇ ਦਾਦੀ ਜੀ ਤੋਂ ਸੁਣੀਆ ਹਨ। ਭੈਣ ਨਾਨਕੀ ਦੀ ਵੀਰ ਬਾਬਾ ਨਾਨਕ ਜੀ ਲਈ ਪਿਆਰ ਨਾਲ ਫੁਲਕਾ ਬਣਾਉਣ ਦਾ ਵਖਿਆਨ ਕਿਸੇ ਲੇਖਕ ਨੇ ਖ਼ੂਬ ਚਿਤਰਿਆ ਹੈ, ਕਿ ਕਿਵੇਂ ਬਾਬਾ ਨਾਨਕ ਜੀ ਭੈਣ ਦੇ ਪਿਆਰ ਵਿੱਚ ਗੜੁੱਚ ਸਨ। ਇਸ ਤੋਂ ਵਧੀਆ ਭੈਣ ਭਰਾ ਦੇ ਪਿਆਰ ਦੀ ਉਦਾਹਰਨ ਮੈਨੂੰ ਕੋਈ ਨਹੀਂ ਲਗਦੀ।

ਪਿਤਾ ਮਹਿਤਾ ਕਾਲੂ ਜੀ ਵੱਲੋਂ ਜਦੋਂ ਸੱਚਾ ਸੌਦੇ ਕਰਨ ਤੋਂ ਬਾਅਦ ਚਪੇੜਾਂ ਮਾਰੀਆ ਸਨ ਤਾਂ ਵੀ ਭੈਣ ਨੇ ਅੱਗੇ ਹੋ ਕੇ ਭਰਾ ਦੀ ਗੱਲ ਕੀਤੀ ਸੀ। ਬੇਬੇ ਨਾਨਕੀ ਜੀ ਅਤੇ ਬਾਬਾ ਨਾਨਕ ਜੀ ਦਾ ਪਿਆਰ ਸੱਚਾ-ਸੁੱਚਾ ਅਤੇ ਸਮਾਜ ਲਈ ਇੱਕ ਮਿਸਾਲ ਹੈ। ਦੁਨਿਆਵੀ ਲਾਲਚਾਂ ਤੋਂ ਦੂਰ ਸੀ। ਜਿਸ ਵਿੱਚ ਸਿਰਫ਼ ਆਪਸੀ ਭੈਣ ਭਰਾ ਦੇ ਨਿਰਮਲ ਪਿਆਰ ਤੋਂ ਬਿਨਾ ਹੋਰ ਕੁਝ ਵੀ ਨਹੀਂ ਸੀ। ਬੀਬੀ ਨਾਨਕੀ ਜੀ ਨੇ ਬਾਬਾ ਨਾਨਕ ਜੀ ਦਾ ਹਰ ਪਲ ਸਾਥ ਦਿੱਤਾ ਹੈ। ਚਾਹੇ ਕਾਰੋਬਾਰ ਦੀ ਗੱਲ ਹੋਵੇ ਜਾਂ ਫਿਰ ਕੋਈ ਵੀ ਦੁਨਿਆਵੀ ਸਾਥ ਦੇਣ ਦੀ ਹੋਵੇ। ਇਸ ਬਾਰੇ ਜਦੋਂ ਮੈਂ ਦੱਸਦੀ ਹਾਂ ਤਾਂ ਬੜੇ ਪਿਆਰ ਨਾਲ ਬੱਚੇ ਸੁਣਦੇ ਹਨ।ਕਿਤੇ ਨਾ ਕਿਤੇ ਤਾਂ ਉਨਾਂ ਦੇ ਮਨ ਵਿੱਚ ਭੈਣ ਭਰਾ ਦੇ ਪਿਆਰ ਦੀ ਵੀ ਕਹਾਣੀ ਬੈਠਦੀ ਹੈ। ਭਾਵੇਂ ਕੋਈ ਦੋ ਚਾਰ 'ਤੇ ਹੀ ਸਹੀ ਜਾਂ ਫਿਰ ਕਿਸੇ ਇੱਕ ਉੱਪਰ ਹੀ ਸਹੀ ਇਸ ਦਾ ਅਸਰ ਤਾਂ ਹੁੰਦਾ ਹੀ ਹੈ। ਸਾਨੂੰ ਆਪਸ ਵਿੱਚ ਵੀ ਮਿਲ ਜੁਲ ਕੇ ਅਤੇ ਸਵਾਰਥ ਤੋਂ ਬਿਨਾਂ ਰਿਸਤੇ ਨਿਭਾਉਣੇ ਚਾਹੀਦੇ ਹਨ।

ਅੱਜ ਕੱਲ ਜੋ ਜਾਇਦਾਦਾਂ ਦੇ ਬਖੇੜੇ ਕਰਕੇ ਅਤੇ ਲੈਣ ਦੇਣ ਦੇ ਲਾਲਚ ਕਰਕੇ ਭੈਣ ਭਰਾ ਦੇ ਪਿਆਰ ਵਿੱਚ ਕਾਫੀ ਕੁੜੱਤਣ ਆ ਰਹੀ ਹੈ। ਲੋੜ ਹੈ ਸਾਨੂੰ ਆਮ ਲੋਕਾਂ ਨੂੰ ਇਸ ਪਿਆਰ ਨੂੰ ਸਮਝਣ ਦੀ ਅਤੇ ਆਪਸੀ ਤਾਲਮੇਲ ਨਾਲ ਇਸ ਪਿਆਰ ਨੂੰ ਹੋਰ ਮਜ਼ਬੂਤ ਕਰਨ ਦੀ ਜਰੂਰਤ ਹੈ। ਘਰਾਂ ਵਿੱਚ ਵੱਡੇ ਆਪਣਾ ਬਣਦਾ ਯੋਗਦਾਨ ਜਰੂਰ ਪਾਉਣ। ਬੱਚਿਆਂ ਨੂੰ ਪਿਆਰ ਨਾਲ ਗਲਵੱਕੜੀ ਵਿੱਚ ਲੈ ਕੇ ਦਿਲ ਦੀ ਗੱਲ ਪੁੱਛਣ ਅਤੇ ਮਨ ਦੇ ਤਾਣੇ ਬਾਣੇ ਨੂੰ ਸੁਲਝਾਉਣ ਵਿੱਚ ਮਦਦ ਕਰਨ ਤਾਂ ਕਿ ਵਧੀਆ ਸਮਾਜ ਸਿਰਜਣ ਵਿੱਚ ਆਪ ਸਹਾਈ ਹੋਈਏ। ਭੈਣ ਭਰਾ ਦੇ ਪਵਿੱਤਰ ਪਿਆਰ ਨੂੰ ਹੋਰ ਮਜਬੂਤ ਕਰ ਸਕੀਏ।

## ਚੀਨ ਦੇ ਨਵਾਂ ਸੀਮਾ...

ਲੇਖ ਵਿੱਚ ਕਿਹਾ ਗਿਆ ਹੈ, 'ਭੂਮੀ ਸਰਹੱਦ ਕਾਨੂੰਨ (ਲੈਂਡ ਬਾਰਡਰ ਲਾਅ) ਦੇ ਆਉਣ ਨਾਲ ਸਾਡੇ ਫੌਜੀ ਅਤੇ ਆਮ ਨਾਗਰਿਕਾਂ ਵਿੱਚ ਕਾਨੂੰਨੀ ਤੌਰ 'ਤੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਅਤੇ ਰਾਸ਼ਟਰੀ ਪ੍ਰਭੂਸੱਤਾ ਦੀ ਰੱਖਿਆ ਕਰਨ ਲਈ ਵਧੇਰੇ ਵਿਸ਼ਵਾਸ ਪੈਦਾ ਹੋਇਆ ਹੈ।'

ਹਾਕਿਸ਼ ਰਾਜ ਵੱਲੋਂ ਚਲਾਏ ਜਾਂਦੇ ਗਲੋਬਲ ਟਾਈਮਜ਼ 'ਤੇ ਇੱਕ ਚੀਨੀ ਟਿੱਪਣੀ ਵਿੱਚ ਕਿਹਾ ਗਿਆ ਹੈ ਕਿ ਨਵੇਂ ਕਾਨੂੰਨ ਨੇ ਵਿਦੇਸ਼ੀ ਮੀਡੀਆ, ਖ਼ਾਸ ਤੌਰ 'ਤੇ ਭਾਰਤ ਵਿੱਚ ਬਹੁਤ ਜ਼ਿਆਦਾ ਧਿਆਨ ਖਿੱਚਿਆ ਹੈ।

ਇਹ ਵੀ ਸੰਕੇਤ ਦਿੱਤੇ ਹਨ ਕਿ ਨਵਾਂ ਕਾਨੂੰਨ ਉਸ ਨੂੰ (ਭਾਰਤ) ਨਿਸ਼ਾਨਾ ਬਣਾ ਰਿਹਾ ਹੈ।

ਐੱਨਪੀਸੀ ਵਿਦੇਸ਼ ਮਾਮਲਿਆਂ ਦੀ ਕਮੇਟੀ ਦੇ ਇੱਕ ਅਧਿਕਾਰੀ ਗੋ ਜਿਨਲੂ ਨੇ ਰਾਜ ਵੱਲੋਂ ਚਲਾਏ ਜਾਂਦੇ ਸਮਾਚਾਰ ਸੇਵਾ ਦੇ ਹਵਾਲੇ ਨਾਲ ਦੱਸਿਆ ਕਿ ਨਵਾਂ ਕਾਨੂੰਨ ਸੀਮਾ ਨਾਲ ਸਬੰਧਿਤ ਮਾਮਲਿਆਂ ਦੇ ਪ੍ਰਬੰਧਨ ਲਈ ਇੱਕ ਪ੍ਰਮਾਣਿਤ ਕਾਨੂੰਨੀ ਢਾਂਚਾ ਪ੍ਰਦਾਨ ਕਰਦਾ ਹੈ।

ਭਾਰਤ ਦੇ ਹਿੰਦੁਸਤਾਨ ਟਾਈਮਜ਼ ਨੇ ਟਿੱਪਣੀ ਕੀਤੀ ਕਿ ਕਾਨੂੰਨ ਚੀਨ ਨੂੰ ਪੀਪਲਜ਼ ਲਿਬਰੇਸ਼ਨ ਆਰਮੀ ਦੀ ਨੀਤੀ ਨੂੰ ਹੋਰ ਮਜ਼ਬੂਤ ਕਰਨ ਲਈ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਨਾਗਰਿਕਾਂ, ਜਿਵੇਂ ਕਿ ਭਾਰਤ, ਭੂਟਾਨ ਅਤੇ ਨੇਪਾਲ ਦੀ ਸਰਹੱਦ ਦੇ ਨਾਲ ਤਿੱਬਤੀ ਪੇਂਡੂ, ਜੋ ਕਿ ਰੱਖਿਆ ਦੀ ਪਹਿਲੀ ਲਾਈਨ ਵਜੋਂ ਕੰਮ ਕਰਦੇ ਹਨ, ਨਾਲ ਮਿਲ ਕੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ।

ਇਸ ਦੌਰਾਨ, ਇੱਕ ਸਾਊਥ ਚਾਈਨਾ ਮਾਰਨਿੰਗ ਪੋਸਟ ਲੇਖ ਨੇ ਲਿਖਿਆ ਕਿ ਕਾਨੂੰਨ ਤਾਲਿਬਾਨ-ਨਿਯੰਤਰਿਤ ਅਫਗਾਨਿਸਤਾਨ ਤੋਂ ਸ਼ਿਨਜਿਆਂਗ ਵਿੱਚ ਸ਼ਰਨਾਰਥੀਆਂ ਜਾਂ ਇਸਲਾਮੀ ਕੱਟੜਪੰਥੀਆਂ ਦੀ ਸੰਭਾਵਤ ਆਮਦ ਬਾਰੇ ਬੀਜਿੰਗ ਦੀਆਂ ਚਿੰਤਾਵਾਂ ਨੂੰ ਦਰਸਾਉਂਦਾ ਹੈ।

ਇਸ ਦੇ ਨਾਲ ਹੀ ਇਹ ਲਿਖਿਆ ਕਿ ਕੋਵਿਡ-19 ਇਸ ਦੇ ਗੁਆਂਢੀਆਂ ਤੋਂ ਫੈਲ ਰਿਹਾ ਹੈ।

ਨਵੇਂ ਕਾਨੂੰਨ ਦੇ ਲਾਗੂ ਹੋਣ ਅਤੇ ਹਾਲ ਹੀ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਹੋਈ ਫੌਜੀ ਵਾਰਤਾ ਦੇ ਅਸਫ਼ਲ ਰਹਿਣ ਨਾਲ ਚੀਨ-ਭਾਰਤ ਸਰਹੱਦ 'ਤੇ ਤਣਾਅ ਵਧਣ ਦੀ ਸੰਭਾਵਨਾ ਹੈ।

19 ਅਕਤੂਬਰ ਨੂੰ, ਸਾਊਥ ਚਾਈਨਾ ਮਾਰਨਿੰਗ ਪੋਸਟ ਨੇ ਚੀਨੀ ਫੌਜ ਦੇ ਨਜ਼ਦੀਕੀ ਇੱਕ ਸਰੋਤ ਦੇ ਹਵਾਲੇ ਨਾਲ ਕਿਹਾ ਕਿ ਦੇਸ਼ ਨੇ ਭਾਰਤ ਨਾਲ ਲੱਗਦੀ ਆਪਣੀ ਸਰਹੱਦ 'ਤੇ 100 ਤੋਂ ਵੱਧ ਉੱਨਤ ਲੰਬੀ ਦੂਰੀ ਦੇ ਰਾਕੇਟ ਲਾਂਚਰ ਤਾਇਨਾਤ ਕੀਤੇ ਹਨ।

ਇਸ ਵਿਚਾਲੇ, ਭਾਰਤ ਦੇ ਸਾਬਕਾ ਸੈਨਾ ਦੇ ਕਮਾਂਡਰ ਲੈਫਟੀਨੈਂਟ ਜਨਰਲ ਮਨੋਜ ਪਾਂਡੇ ਨੇ ਕਿਹਾ ਕਿ ਦੇਸ਼ ਭਵਿੱਖ ਵਿੱਚ ਰਣਨੀਤਕ ਪੱਧਰ 'ਤੇ ਅਸਲ ਕੰਟਰੋਲ ਰੇਖਾ (ਐਲਏਸੀ) ਦੇ ਨਾਲ ਸੈਨਿਕਾਂ ਦੇ ਪ੍ਰਬੰਧਨ ਨੂੰ ਲੈ ਕੇ ਚੀਨ ਨਾਲ ਪ੍ਰੋਟੋਕੋਲ ਦੀ ਸਮੀਖਿਆ ਕਰ ਸਕਦਾ ਹੈ।

## ਟਾਈਟਲਰ ਦੀ ਨਿਯੁਕਤੀ...

ਉਸ ਨੂੰ ਪਾਰਟੀ ਵਿਚੋਂ ਕੱਢੇ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਮੁਲਾਕਾਤ ਲਈ ਸਮਾਂ ਨਾ ਮਿਲਣ ਕਾਰਨ ਕਾਂਗਰਸ ਹਾਈਕਮਾਂਡ ਵਲੋਂ ਵੀ ਕੈਪਟਨ 'ਤੇ ਡੋਰੇ ਪਾਉਣ ਦੀਆਂ ਕੋਸ਼ਿਸ਼ਾਂ ਵਾਪਸ ਲੈ ਲਈਆਂ ਗਈਆਂ ਹਨ । ਪੰਜਾਬ ਤੋਂ ਹਾਈਕਮਾਂਡ ਨੂੰ ਮਗਰਲੇ ਦਿਨਾਂ ਦੌਰਾਨ ਅਜਿਹੀਆਂ ਰਿਪੋਰਟਾਂ ਮਿਲ ਰਹੀਆਂ ਹਨ ਕਿ ਕੈਪਟਨ ਨਾਲ ਰੱਦੋ-ਬਦਲ ਦੌਰਾਨ ਛਾਂਟੀ ਹੋਏ ਕੁਝ ਮੰਤਰੀ ਤੇ ਕੁਝ ਨਾ ਖ਼ੁਸ਼ ਵਿਧਾਇਕ ਜਾ ਸਕਦੇ ਹਨ, ਜਿਸ ਤੋਂ ਪਾਰਟੀ ਹਾਈਕਮਾਂਡ ਕਾਫ਼ੀ ਚਿੰਤਤ ਚੱਲ ਰਹੀ ਸੀ, ਪਰ ਰਾਜ ਸਰਕਾਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਰਾਹੁਲ ਗਾਂਧੀ ਵਲੋਂ ਜਦੋਂ ਨਿਰਾਸ਼ ਤੇ ਕੈਪਟਨ ਨੇੜੇ ਦੱਸੇ ਗਏ ਚਾਰ ਮੰਤਰੀਆਂ ਰਾਣਾ ਗੁਰਮੀਤ ਸਿੰਘ ਸੋਢੀ, ਸਾਧੂ ਸਿੰਘ ਧਰਮਸੋਤ, ਸੁੰਦਰ ਸ਼ਾਮ ਅਰੋੜਾ ਤੇ ਬਲਬੀਰ ਸਿੰਘ ਸਿੱਧੂ ਤੇ ਨਿਰਾਸ਼ ਦੱਸੇ ਜਾ ਰਹੇ 2-3 ਵਿਧਾਇਕਾਂ ਨਾਲ ਦਿੱਲੀ ਬੁਲਾ ਕੇ ਮੁਲਾਕਾਤਾਂ ਕੀਤੀਆਂ ਗਈਆਂ ਤਾਂ ਸਪਸ਼ਟ ਹੋਇਆ ਕਿ ਕੈਪਟਨ ਨਾਲ ਕੋਈ ਵੀ ਸਾਬਕਾ ਮੰਤਰੀ ਜਾਂ ਵਿਧਾਇਕ ਦੇ ਜਾਣ ਦੀ ਸੰਭਾਵਨਾ ਨਹੀਂ ਹੈ ਤੇ ਅਜਿਹੀਆਂ ਰਿਪੋਰਟਾਂ ਨਿਰਾਧਾਰ ਹਨ । ਹਾਲਾਂਕਿ ਹਾਈਕਮਾਂਡ ਦਾ ਮੰਨਣਾ ਹੈ ਕਿ ਕੈਪਟਨ ਤੇ ਉਨ੍ਹਾਂ ਦੀ ਪਤਨੀ ਮਹਾਰਾਣੀ ਪ੍ਰਨੀਤ ਕੌਰ ਈ.ਡੀ. ਤੇ ਇਨਕਮ ਟੈਕਸ ਦੇ ਕੇਸਾਂ ਦੇ ਦਬਾਅ ਕਾਰਨ ਭਾਜਪਾ ਨਾਲ ਜ਼ਰੂਰ ਜਾ ਸਕਦੇ ਹਨ ।ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਵਲੋਂ ਹਾਲ ਦੀ ਘੜੀ ਕਾਂਗਰਸ ਤੋਂ ਅਸਤੀਫ਼ਾ ਨਹੀਂ ਦਿੱਤਾ ਗਿਆ, ਨੂੰ ਕਾਂਗਰਸ ਵਿਚ ਰੱਖਣ ਲਈ ਮਗਰਲੇ ਸਮੇਂ ਦੌਰਾਨ ਪਰਦੇ ਪਿੱਛੇ ਕਾਫ਼ੀ ਕੋਸ਼ਿਸ਼ਾਂ ਵੀ ਚੱਲ ਰਹੀਆਂ ਸਨ । ਹਾਲਾਂਕਿ ਕੈਪਟਨ ਲਗਾਤਾਰ ਹਾਈਕਮਾਂਡ ਵਿਰੁੱਧ ਤੇ ਭਾਜਪਾ ਦੇ ਏਜੰਡੇ ਦਾ ਸਮਰਥਨ ਕਰ ਰਹੇ ਸਨ ।ਪੰਜਾਬ ਦੇ ਅਸਲ ਹਾਲਾਤ ਨੂੰ ਜਾਣਨ ਤੋਂ ਬਾਅਦ ਤੇ ਬੀਤੇ ਦਿਨੀਂ ਚੰਡੀਗੜ੍ਹ ਵਿਖੇ ਕੀਤੀ ਗਈ ਕਾਨਫ਼ਰੰਸ, ਜਿਸ ਵਿਚ ਸਾਬਕਾ ਮੁੱਖ ਮੰਤਰੀ ਆਪਣੇ ਨਾਲ ਇਕ ਵੀ ਵਿਧਾਇਕ ਹਾਜ਼ਰ ਨਹੀਂ ਕਰ ਸਕੇ, ਤੋਂ ਬਾਅਦ ਕਾਂਗਰਸ ਹਾਈਕਮਾਂਡ ਵਲੋਂ ਕੈਪਟਨ ਨਾਲ ਰਾਬਤਾ ਰੱਖਣ ਤੇ ਉਨ੍ਹਾਂ ਨੂੰ ਪਾਰਟੀ ਤੋਂ ਦੂਰ ਜਾਣ ਤੋਂ ਰੋਕਣ ਲਈ ਚੱਲ ਰਹੀਆਂ ਕੋਸ਼ਿਸ਼ਾਂ ਨੂੰ ਵਾਪਸ ਲੈਣ ਦਾ ਫ਼ੈਸਲਾ ਲੈ ਲਿਆ ਗਿਆ ਹੈ ।ਇਹ ਵੀ ਪਤਾ ਲੱਗਾ ਹੈ ਕਿ ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵਲੋਂ ਕੈਪਟਨ ਅਮਰਿੰਦਰ ਸਿੰਘ ਨਾਲ ਚੋਣ ਗਠਜੋੜ ਕਰਨ ਤੋਂ ਦਿੱਤੇ ਗਏ ਕੋਰੇ ਜਵਾਬ ਤੇ ਕਿਸਾਨ ਜਥੇਬੰਦੀਆਂ ਵਲੋਂ ਵੀ ਕੈਪਟਨ ਨਾਲੋਂ ਆਪਣੇ ਆਪ ਨੂੰ ਵੱਖ ਕੀਤੇ ਜਾਣ ਤੇ ਕੈਪਟਨ ਦੀਆਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਸਬੰਧੀ ਅਟਕਲਾਂ ਨੂੰ ਰੱਦ ਕਰਨ ਦੇ ਬਿਆਨਾਂ ਤੋਂ ਭਾਜਪਾ ਨੂੰ ਵੀ ਕਾਫ਼ੀ ਹੈਰਾਨੀ ਹੋਈ ਹੈ ।ਅਮਿਤ ਸ਼ਾਹ ਵੀ ਸਾਬਕਾ ਮੁੱਖ ਮੰਤਰੀ ਨਾਲ ਮੁਲਾਕਾਤ ਨਾ ਕਰਦਿਆਂ ਗੁਜਰਾਤ ਚਲੇ ਗਏ ਸਨ । ਪਰ ਕੈਪਟਨ ਅਮਰਿੰਦਰ ਸਿੰਘ ਫ਼ਿਲਹਾਲ ਦਿੱਲੀ ਹੀ ਰੁਕੇ ਹੋਏ ਹਨ । ਇਹ ਵੇਖਣ ਵਾਲੀ ਗੱਲ ਹੋਵੇਗੀ ਤੇ ਕੀ ਆਉਂਦੇ ਦਿਨਾਂ ਦੌਰਾਨ ਕੈਪਟਨ ਕੋਈ ਨਵੀਂ ਸਿਆਸੀ ਪਾਰਟੀ ਖੜ੍ਹੀ ਕਰ ਪਾਉਣਗੇ ਜਾਂ ਨਹੀਂ, ਇਹ ਵੀ ਦਿਲਚਸਪੀ ਦਾ ਮੁੱਦਾ ਹੋਵੇਗਾ ।ਬਦਲੇ ਹੋਏ ਇਸ ਹਾਲਾਤ 'ਚ ਹੁਣ ਵੀ ਸਪੱਸ਼ਟ ਨਜ਼ਰ ਨਹੀਂ ਆ ਰਿਹਾ ਕਿ ਭਾਜਪਾ ਦਾ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਕੀ ਰਵੱਈਆ ਹੋਵੇਗਾ ? ਕੈਪਟਨ ਅਮਰਿੰਦਰ ਸਿੰਘ ਕਾਂਗਰਸ ਤੋਂ ਅਸਤੀਫ਼ਾ ਵੀ ਦੇਣਗੇ ਜਾਂ ਨਹੀਂ, ਇਹ ਵੀ ਆਪਣੇ ਆਪ 'ਵਿਚ ਇਕ ਬੁਝਾਰਤ ਹੋਵੇਗੀ ਜਦਕਿ ਪਾਰਟੀ ਹਾਈਕਮਾਂਡ ਉਹਨਾਂ ਤੋਂ ਕਾਫ਼ੀ ਨਿਰਾਸ਼ ਤੇ ਨਾਰਾਜ਼ ਹੈ ।

ਕਾਂਗਰਸ ਹਾਈਕਮਾਨ ਦੀ ਸਭ ਤੋਂ ਵੱਡੀ ਕੋਸ਼ਿਸ਼ ਪੰਜਾਬ ਕਾਂਗਰਸ ਤੇ ਸਰਕਾਰ ਵਿਚ ਤਾਲਮੇਲ ਬਿਠਾ ਕੇ ਉਨ੍ਹਾਂ ਨੂੰ ਇਕਮੁੱਠ ਕਰਨ ਦੀ ਹੈ।

ਪਤਾ ਲੱਗਾ ਹੈ ਕਿ ਕੈਪਟਨ ਸਮਰਥਕ ਰਹੇ ਕੁਝ ਸਾਬਕ ਮੰਤਰੀ ਤੇ ਵਿਧਾਇਕਾਂ ਦੀ ਨਵਜੋਤ ਸਿੱਧੂ ਨਾਲ ਨਵੀਂ-ਨਵੀਂ ਨੇੜਤਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਉਨ੍ਹਾਂ ਦੇ ਸੰਬੰਧਾਂ ਵਿਚ ਤਲਖ਼ੀ ਦਾ ਕਾਰਨ ਬਣ ਰਹੀ ਹੈ। ਅੱਜਕਲ੍ਹ ਇਨ੍ਹਾਂ ਵਿਚ ਵਿਜੇ ਇੰਦਰ ਸਿੰਗਲਾ, ਬਲਵੀਰ ਸਿੰਘ ਸਿੱਧੂ, ਰਾਜ ਕੁਮਾਰ ਚੱਬੇਵਾਲ ਅਤੇ ਕੁਝ ਹੋਰ ਵੀ ਸ਼ਾਮਿਲ ਹਨ। ਦੱਸਿਆ ਗਿਆ ਹੈ ਕਿ ਮੁੱਖ ਮੰਤਰੀ ਚੰਨੀ ਅਤੇ ਸਿੱਧੂ ਦਰਮਿਆਨ ਸਭ ਤੋਂ ਵੱਧ ਟਕਰਾਅ ਮੁੱਖ ਮੰਤਰੀ ਦਾ ਇਲਾਕਾ ਮੰਨੇ ਜਾਂਦੇ ਰੋਪੜ ਅਤੇ ਮੁਹਾਲੀ ਜ਼ਿਲ੍ਹਿਆਂ ਵਿਚ ਸਿੱਧੂ ਵਲੋਂ ਸਾਬਕਾ ਮੰਤਰੀ ਬਲਵੀਰ ਸਿੰਘ ਸਿੱਧੂ ਨੂੰ ਮਹੱਤਵ ਦੇਣ ਕਾਰਨ ਹੈ ਜਦੋਂ ਕਿ ਹੈਰਾਨੀਜਨਕ ਤੌਰ 'ਤੇ ਸਿੱਧੂ ਦੇ ਬਹੁਤੇ ਪੁਰਾਣੇ ਸਾਥੀ ਅੱਜਕਲ੍ਹ ਮੁੱਖ ਮੰਤਰੀ ਚੰਨੀ ਦੇ ਨੇੜੇ ਹਨ ਜਾਂ ਦੋਵਾਂ ਨਾਲ ਬਣਾ ਕੇ ਰੱਖਣ ਦੀ ਰਣਨੀਤੀ 'ਤੇ ਚੱਲ ਰਹੇ ਹਨ। ਪਰ ਇਸ ਸਭ ਦੇ ਬਾਵਜੂਦ ਕੈਪਟਨ ਧੜੇ ਤੋਂ ਇਲਾਵਾ ਕਾਂਗਰਸ ਦੇ ਕਿਸੇ ਹੋਰ ਧੜੇ ਵਲੋਂ ਕਾਂਗਰਸ ਤੋਂ ਪਾਸੇ ਜਾਣ ਦੀ ਕੋਈ ਚਰਚਾ ਨਹੀਂ ਹੈ। ਅਸਲ ਵਿਚ ਇਸ ਤਰ੍ਹਾਂ ਜਾਪਦਾ ਹੈ ਕਿ ਮੁੱਖ ਮੰਤਰੀ ਚੰਨੀ ਨੇ ਨਵਜੋਤ ਸਿੱਧੂ ਦੀਆਂ ਤਿੱਖੀਆਂ ਟਿੱਪਣੀਆਂ ਦੇ ਜਵਾਬ ਵਿਚ ਖਾਮੋਸ਼ ਰਹਿਣਾ ਸਿੱਖ ਲਿਆ ਹੈ ਅਤੇ ਉਹ ਪ੍ਰਤੀਕਰਮ ਤੋਂ ਬਚ ਰਹੇ ਹਨ। ਦੂਜੇ ਪਾਸੇ ਪਿਛਲੇ ਕੁਝ ਦਿਨਾਂ ਤੋਂ ਸਿੱਧੂ ਵੀ ਆਪਣੀ ਸਰਕਾਰ ਨਾਲੋਂ ਕੈਪਟਨ 'ਤੇ ਹਮਲੇ ਕਰਨ ਨੂੰ ਹੀ ਤਰਜੀਹ ਦੇ ਰਹੇ ਹਨ। ਹਾਲਾਂਕਿ ਇਸ ਵਿਚ ਸ਼ੱਕ ਨਹੀਂ ਕਿ ਨਵਜੋਤ ਸਿੰਘ ਸਿੱਧੂ ਵਲੋਂ ਵਾਰ-ਵਾਰ ਮੁੱਦਿਆਂ ਦੀ ਗੱਲ ਕਰਨਾ ਪੰਜਾਬ ਦੇ ਚੰਗੇ ਭਵਿੱਖ ਲਈ ਚੰਗੀ ਗੱਲ ਹੈ ਜਦੋਂ ਕਿ ਮੁੱਖ ਮੰਤਰੀ ਚੰਨੀ ਦੀ ਪਹਿਲੀ ਕੋਸ਼ਿਸ਼ ਅਕਾਲੀ ਦਲ ਅਤੇ 'ਆਪ' ਵਲੋਂ ਕੀਤੇ ਜਾ ਰਹੇ ਮੁਫ਼ਤ ਬਿਜਲੀ ਅਤੇ ਹੋਰ ਸਹੂਲਤਾਂ ਦੇ ਵਾਅਦਿਆਂ ਦੇ ਮੁਕਾਬਲੇ ਉਹੀ ਸਹੂਲਤਾਂ ਐਲਾਨ ਕੇ ਇਨ੍ਹਾਂ ਵਾਅਦਿਆਂ ਦੀ ਫੂਕ ਕੱਢਣ ਦੀ ਹੈ। ਬੇਸ਼ੱਕ ਚੋਣਾਂ ਸਿਰ 'ਤੇ ਹੋਣ ਕਾਰਨ ਅਜਿਹਾ ਕਰਨਾ ਮੁੱਖ ਮੰਤਰੀ ਦੀ ਮਜਬੂਰੀ ਹੋ ਸਕਦੀ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਚੰਨੀ ਸਹੂਲਤਾਂ ਦੇ ਨਾਲ-ਨਾਲ ਪੰਜਾਬੀਆਂ ਨੂੰ ਸਿੱਧੂ ਵਲੋਂ ਜਗਾਈਆਂ ਆਸਾਂ ਦੀ ਪੂਰਤੀ ਵੱਲ ਵੀ ਕੁਝ ਕਦਮ ਪੁੱਟਣ। ਪਿਛਲੇ ਕੁਝ ਦਿਨਾਂ ਤੋਂ ਜਾਪਦਾ ਹੈ ਕਿ ਸ਼ਾਇਦ ਚੰਨੀ ਇਸ ਪਾਸੇ ਵੱਲ ਵੀ ਤੁਰੇ ਹਨ। ਸਭ ਤੋਂ ਪਹਿਲਾਂ ਅੱਧਾ ਪੰਜਾਬ ਬੀ.ਐਸ. ਐਫ. ਦੇ ਅਧਿਕਾਰ ਖੇਤਰ ਵਿਚ ਲਿਆਉਣ ਵਿਰੁੱਧ ਆਲ ਪਾਰਟੀ ਮੀਟਿੰਗ ਬੁਲਾਉਣ 'ਤੇ ਹੁਣ 8 ਨਵੰਬਰ ਨੂੰ ਇਸ ਨੋਟੀਫਿਕੇਸ਼ਨ ਅਤੇ ਖੇਤੀ ਕਾਨੂੰਨਾਂ ਨੂੰ ਵਿਧਾਨ ਸਭਾ ਵਿਚ ਰੱਦ ਕਰਨ ਦਾ ਫ਼ੈਸਲਾ ਸੱਚਮੁੱਚ ਹੀ ਸ਼ਲਾਘਾਯੋਗ ਕਦਮ ਹੈ। ਪਤਾ ਤਾਂ ਇਹ ਵੀ ਲੱਗਾ ਹੈ ਕਿ ਚੰਨੀ ਨੇ ਨਿੱਜੀ ਕੰਪਨੀਆਂ ਨਾਲ ਬਿਜਲੀ ਖ਼ਰੀਦ ਸਮਝੌਤੇ ਰੱਦ ਕਰਨ ਦਾ ਪ੍ਰਸਤਾਵ ਵੀ ਇਸੇ ਹੀ ਵਿਧਾਨ ਸਭਾ ਸੈਸ਼ਨ ਵਿਚ ਪਾਸ ਕਰਵਾਉਣ ਦਾ ਮਨ ਬਣਾ ਲਿਆ ਹੈ। ਹਾਲਾਂਕਿ ਸਾਰੇ ਥਰਮਲ ਪਲਾਂਟਾਂ ਅਤੇ ਸੋਲਰ ਪਲਾਂਟਾਂ ਨਾਲ ਸਮਝੌਤੇ ਰੱਦ ਨਹੀਂ ਹੋਣਗੇ। ਕੁਝ ਪਲਾਂਟਾਂ ਨਾਲ ਪਹਿਲਾਂ ਤੈਅ ਸ਼ਰਤਾਂ ਬਾਰੇ ਮੁੜ ਵਿਚਾਰ ਕਰਕੇ ਸਮਝੌਤੇ ਠੀਕ ਕੀਤੇ ਜਾਣ ਅਤੇ ਬਿਜਲੀ ਦੀ ਕੀਮਤ ਘਟਾਏ ਜਾਣ ਦੀ ਵੀ ਉਮੀਦ ਹੈ। ਪਰ ਇਸ ਦਰਮਿਆਨ ਰੇਤਾ, ਸ਼ਰਾਬ ਤੇ ਕੁਝ ਹੋਰ ਚੀਜ਼ਾਂ ਬਾਰੇ ਮੁੱਖ ਮੰਤਰੀ ਕੋਈ ਠੋਸ ਕਦਮ ਪੁੱਟਦੇ ਨਜ਼ਰ ਨਹੀਂ ਆ ਰਹੇ। ਠੇਕੇਦਾਰ ਇਸ ਬਾਰੇ ਕਾਨੂੰਨੀ ਅੜਚਣਾਂ ਦਾ ਸਹਾਰਾ ਲੈ ਰਹੇ ਹਨ। ਪਰ ਸਰਕਾਰ ਲੋਕਾਂ ਨੂੰ ਰਾਹਤ ਦੇਣ ਲਈ ਫੌਰੀ ਤੌਰ 'ਤੇ ਕੁਝ ਕਦਮ ਚੁੱਕਣ ਦੇ ਹਮੇਸ਼ਾ ਹੀ ਸਮਰੱਥ ਰਹੀ ਹੈ, ਲੋੜ ਬਸ ਨੀਅਤ ਅਤੇ ਨੀਤੀ ਦੀ ਹੀ ਹੁੰਦੀ ਹੈ। ਇਸ ਵੇਲੇ ਜਦੋਂ ਹੁਣ ਕੋਲੇ ਦੀ ਕਿੱਲਤ ਖ਼ਤਮ ਹੋ ਗਈ ਹੈ ਤਾਂ ਸਰਕਾਰ ਨੂੰ ਇੱਟਾਂ ਦੀ ਬੇਹਿਸਾਬੀ ਵਧ ਰਹੀ ਕੀਮਤ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੇਕਰ ਕਾਨੂੰਨੀ ਅੜਚਣਾਂ ਕਰਕੇ ਸਰਕਾਰ ਹੁਣ ਨਵੇਂ ਵਿੱਤੀ ਸਾਲ ਤੱਕ ਦੇ ਠੇਕੇ ਰੱਦ ਨਹੀਂ ਵੀ ਕਰ ਸਕਦੀ ਤਾਂ ਵੀ ਲੋਕਾਂ ਵਿਚ ਵਿਸ਼ਵਾਸ ਜਗਾਉਣ ਲਈ ਅਗਲੇ ਵਿੱਤੀ ਸਾਲ ਵਿਚ ਰੇਤਾ ਅਤੇ ਸ਼ਰਾਬ ਦੇ ਠੇਕੇ ਨਾ ਦੇਣ ਅਤੇ ਇਨ੍ਹਾਂ ਦੀਆਂ ਕਾਰਪੋਰੇਸ਼ਨਾਂ ਬਣਾਉਣ ਦਾ ਕਾਨੂੰਨ ਤਾਂ ਹੁਣ ਹੀ ਬਣਾ ਸਕਦੀ ਹੈ। ਇਸ ਨਾਲ ਇਹ ਪ੍ਰਭਾਵ ਤਾਂ ਬਣੇਗਾ ਹੀ ਕਿ ਸਰਕਾਰ ਕਾਂਗਰਸ ਅਤੇ ਸਿੱਧੂ ਵਲੋਂ ਕੀਤੇ ਵਾਅਦਿਆਂ ਪ੍ਰਤੀ ਇਮਾਨਦਾਰੀ ਨਾਲ ਕੰਮ ਕਰਨਾ ਚਾਹੁੰਦੀ ਹੈ।

## ਕੀ ਅਰੂਸਾ ਪੰਜਾਬ ਦਾ...

ਹੱਤਿਆ ਦੇ ਵਾਇਰਲ ਹੋਏ ਵੀਡੀਓ ਅਤੇ ਫੋਟੋ ਵਿਚ ਜੋ ਵੀ ਨਿਹੰਗ ਦਿਖ ਰਹੇ ਹਨ, ਉਨ੍ਹਾਂ ਸਾਰਿਆਂ ਨਾਲ ਟੀਮ ਦੇ ਮੈਂਬਰ ਮੁਲਾਕਾਤ ਕਰਨਗੇ। ਇਸਦੇ ਬਾਅਦ ਮੁਲਜ਼ਮਾਂ ਦੀ ਪਛਾਣ ਕੀਤੀ ਜਾਵੇਗੀ। ਇਸਦੇ ਨਾਲ ਹੀ ਟੀਮ ਨੇ ਉਨ੍ਹਾਂ ਮੋਬਾਈਲ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਵੀਡੀਓ ਬਣਾਈ ਹੈ। ਉਸਦੇ ਆਧਾਰ 'ਤੇ ਪੁਲਿਸ ਚਸ਼ਮਦੀਦ ਲੋਕਾਂ ਦੀ ਪਛਾਣ ਕਰ ਸਕੇ। ਸਿਟ ਬਾਰੇ ਸਿੱਖ ਜਥੇਬੰਦੀਆਂ ਨੂੰ ਸ਼ੱਕ ਹੈ ਕਿ ਇਹ ਕੇਂਦਰ ਦੀ ਨੀਤੀ ਅਨੁਸਾਰ ਬੇਅਦਬੀ ਦੇ ਦੋਸ਼ੀ ਲਖਬੀਰ ਨੂੰ ਬੇਗੁਨਾਹ ਸਿੱਧ ਕਰੇਗੀ।

ਤਰਨਤਾਰਨ ਜ਼ਿਲ੍ਹੇ ਦੇ ਪਿੰਡ ਚੀਮਾ ਕਲਾਂ ਨਿਵਾਸੀ ਲਖਬੀਰ ਸਿੰਘ ਟੀਟੂ ਦੇ ਪਰਿਵਾਰ ਵੱਲੋਂ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਪੰਜਾਬ ਦੇ ਚੇਅਰਮੈਨ ਪਰਮਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਐੱਸਸੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੂੰ ਦਿੱਤੀ ਦਰਖਾਸਤ 'ਤੇ ਕਾਰਵਾਈ ਸ਼ੁਰੂ ਹੋ ਗਈ ਹੈ। ਜਿਸਦੇ ਤਹਿਤ ਹਰਿਆਣਾ ਸਰਕਾਰ ਦੇ ਨਾਲ ਕੀਤੀ ਗੱਲਬਾਤ ਦੇ ਚਲਦਿਆਂ ਸਰਕਾਰ ਨੇ ਮ੍ਰਿਤਕ ਲਖਬੀਰ ਸਿੰਘ ਦੀ ਪਤਨੀ ਜਸਪ੍ਰੀਤ ਕੌਰ ਦੇ ਬੱਚਿਆਂ ਲਈ ਸਹਾਇਤਾ ਰਾਸ਼ੀ ਪ੍ਰਦਾਨ ਕਰ ਦਿੱਤੀ ਹੈ। ਜਿਸਦੀ ਪਹਿਲੀ ਕਿਸ਼ਤ ਦੇ ਤੌਰ 'ਤੇ ਜਸਪ੍ਰੀਤ ਕੌਰ ਦੇ ਬੈਂਕ ਖਾਤੇ ਵਿਚ 4 ਲੱਖ 12 ਹਜ਼ਾਰ 500 ਰੁਪਏ ਜਮਾਂ ਕਰਵਾ ਦਿੱਤੇ ਗਏ ਹਨ।

ਵਿਜੇ ਸਾਂਪਲਾ ਨੇ ਦੱਸਿਆ ਕਿ ਪਰਿਵਾਰ ਲਈ ਸਭ ਤੋਂ ਪਹਿਲਾਂ 4 ਲੱਖ 12 ਹਜ਼ਾਰ 500 ਰੁਪਏ ਦੀ ਰਾਸ਼ੀ ਉਨ੍ਹਾਂ ਦੇ ਖਾਤੇ ਵਿਚ ਜੀਵਨ ਬਸਰ ਲਈ ਭੇਜੀ ਗਈ ਹੈ। ਇਸ ਤੋਂ ਬਾਅਦ ਇੰਨੀ ਹੋਰ ਰਾਸ਼ੀ ਵੀ ਪਰਿਵਾਰ ਨੂੰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਕੇਸ ਵਿਚ ਸਾਢੇ 8 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਜਿਸ ਤਹਿਤ ਇਹ ਅੱਧੀ ਰਕਮ ਉਨ੍ਹਾਂ ਦੇ ਖਾਤੇ 'ਚ ਭੇਜ ਦਿੱਤੀ ਗਈ ਹੈ ਤੇ ਬਾਕੀ ਦੀ ਰਕਮ ਵੀ ਚਲਾਨ ਪੇਸ਼ ਹੋਣ ਤੋਂ ਬਾਅਦ ਭੇਜ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮ੍ਰਿਕ ਲਖਬੀਰ ਸਿੰਘ ਦੀਆਂ ਤਿੰਨ ਧੀਆਂ ਅਤੇ ਇਕ ਭਾਣਜੀ ਦੀ ਜਿਥੇ ਬੀ.ਏ. ਤੱਕ ਪੜਾਈ ਮੁਫ਼ਤ ਕਰਵਾਈ ਜਾਵੇਗੀ, ਉਥੇ ਉਸ ਦੀ ਪਤਨੀ ਜਸਪ੍ਰੀਤ ਕੌਰ ਨੂੰ ਪੰਜ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਵੀ ਦਿੱਤੀ ਜਾਵੇਗੀ। ਨੈਸ਼ਨਲ ਸ਼ਡਿਊਲ ਕਾਸਟ ਕਮਿਸ਼ਨ ਦੇ ਦਖਲ ਦੇਣ 'ਤੇ ਪਰਿਵਾਰ ਨੂੰ ਮਿਲੀ ਸਹਾਇਤਾ ਦਾ ਧੰਨਵਾਦ ਕਰਦਿਆਂ ਲਖਬੀਰ ਸਿੰਘ ਦੀ ਪਤਨੀ ਜਸਪ੍ਰੀਤ ਕੌਰ ਤੇ ਸਾਲੇ ਸੁਖਚੈਨ ਸਿੰਘ, ਸਹੁਰੇ ਬਲਦੇਵ ਸਿੰਘ ਅਤੇ ਲਖਬੀਰ ਦੀ ਭੈਣ ਰਾਜ ਕੌਰ ਨੇ ਕਿਹਾ ਕਿ ਇਸ ਰਾਸ਼ੀ ਨਾਲ ਉਨ੍ਹਾਂ ਦੇ ਪਰਿਵਾਰ ਦਾ ਗੁਜ਼ਰ ਬਸਰ ਚੱਲ ਸਕੇਗਾ।

ਇਸ ਤੋਂ ਸਪੱਸ਼ਟ ਹੈ ਕਿ ਕੇਂਦਰ ਸਰਕਾਰ ਬਿਨਾਂ ਅਦਾਲਤੀ ਤੇ ਕਾਨੂੰਨੀ ਫੈਸਲੇ ਤੋਂ ਬੇਅਦਬੀ ਦੇ ਦੋਸ਼ੀ ਨੂੰ ਬੇਗੁਨਾਹ ਮੰਨ ਕੇ ਬੇਅਦਬੀ ਦੇ ਦੋਸ਼ੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਕਿ ਉਹ ਹੋਰ ਬੇਅਦਬੀਆਂ ਕਰਨ।

## ਪੰਜਾਬ ਨੂੰ ਦਰਪੇਸ਼...

ਕੀ ਸਿਰਫ਼ ਵੋਟਾਂ ਲੈਣੀਆਂ ਤੇ ਸਰਕਾਰ ਬਣਾ ਕੇ ਵੱਡੇ-ਵੱਡੇ ਆਲੀਸ਼ਾਨ ਦਫ਼ਤਰਾਂ ਵਿਚ ਬੈਠ ਕੇ ਸਰਕਾਰੀ ਫ਼ੈਸਲਿਆਂ 'ਤੇ ਮੋਹਰ ਲਾਉਣਾ ਹੀ ਸਰਕਾਰ ਦੀ ਸੇਵਾ ਹੈ ਜਾਂ ਫਿਰ ਲੋਕਾਂ ਵਿਚ ਜਾ ਕੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕਰਨਾ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ। ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਵਿਚ ਆਪਸੀ ਮਤਭੇਦ ਨੇ ਆਮ ਲੋਕਾਂ ਦੀ ਹਾਲਤ ਏਨੀ ਭਿਆਨਕ ਕਰ ਦਿੱਤੀ ਹੈ ਕਿ ਉਹ ਹੁਣ ਜਿਉਂਦੇ ਰਹਿਣ ਨੂੰ ਹੀ ਵਿਕਾਸ ਸਮਝਣ ਲੱਗ ਪਏ ਹਨ। ਅਸੀਂ ਇਤਿਹਾਸ ਵਿਚ ਸਿਰਜੇ ਹੋਏ ਪਾਤਰ ਸਿਕੰਦਰ ਦੀ ਗੱਲ ਕਰਦੇ ਹਾਂ ਪਰ ਤਾਜ਼ਾ ਸਥਿਤੀ ਵਿਚ ਰਾਜਾਂ ਤੋਂ ਲੈ ਕੇ ਕੇਂਦਰ ਤੱਕ ਕਿਸੇ ਵੀ ਸੰਸਥਾ ਦਾ ਮੁਖੀ ਆਪਣੇ ਆਪ ਨੂੰ ਸਿਕੰਦਰ ਤੋਂ ਘੱਟ ਨਹੀਂ ਸਮਝ ਰਿਹਾ। ਰਾਜਾਂ ਦੀਆਂ ਵੱਖ-ਵੱਖ ਸੰਸਥਾਵਾਂ ਜਿਸ ਵਿਚ ਹਸਪਤਾਲ, ਵਿੱਦਿਅਕ ਸੰਸਥਾਵਾਂ ਜਾਂ ਹੋਰ ਸਰਕਾਰੀ ਅਦਾਰੇ, ਜਿਨ੍ਹਾਂ ਨਾਲ ਲੋਕਾਂ ਦਾ ਵਾਹ ਵਾਸਤਾ ਪੈਂਦਾ ਹੈ, ਉਨ੍ਹਾਂ ਦੇ ਮੁਖੀ ਸੰਸਥਾਵਾਂ ਨੂੰ ਆਪਣੀ ਨਿੱਜੀ ਜਗੀਰ ਸਮਝ ਕੇ ਪੱਖਪਾਤੀ ਰਵੱਈਆ ਅਪਣਾਉਂਦੇਹੋਏ,ਆਮ ਵਿਅਕਤੀ ਜਾਂ ਮੁਲਾਜ਼ਮਾਂ ਪ੍ਰਤੀ ਆਪਣੀ ਜਗੀਰਦਾਰੀ ਸੋਚ ਦਾ ਪ੍ਰਗਟਾਵਾ ਕਰ ਰਹੇ ਹਨ। ਸੋ ਅਜਿਹੇ ਕਈ ਮਸਲੇ ਹਨ ਜੋ ਵਰਤਮਾਨ ਵਿਚ ਵੀ ਇਤਿਹਾਸਕ ਵਰਤਾਰਿਆਂ ਦੀ ਛਾਪ ਬਣਦੇ ਨਜ਼ਰ ਆ ਰਹੇ ਹਨ। ਵਿਸ਼ਵ ਦੇ ਅਲੰਬਰਦਾਰ ਬਣਨ ਦੀ ਕੋਸ਼ਿਸ਼ ਕਰ ਰਹੇ ਅਜਿਹੇ ਦੇਸ਼ਾਂ ਦੇ ਸਮਰੱਥ ਮੁਖੀਆਂ ਨੂੰ ਚਾਹੀਦਾ ਹੈ ਕਿ ਉਹ ਵਿਸ਼ਵ ਦੀ ਚਿੰਤਾ ਛੱਡ ਕੇ ਪਹਿਲਾਂ ਆਪਣੇ ਦੇਸ਼ ਦੀ ਚਿੰਤਾ ਕਰਨ ਤਾਂ ਜੋ ਦੇਸ਼ ਦੇ ਨਾਗਰਿਕਾਂ ਨੂੰ ਇਹ ਮਹਿਸੂਸ ਹੋਵੇ ਕਿ ਸਾਡਾ ਦੇਸ਼ ਸੱਚਮੁੱਚ ਤਰੱਕੀ ਕਰ ਰਿਹਾ ਹੈ। ਅਜ਼ਾਦੀ ਤੋਂ ਬਾਅਦ ਇਸ ਸੂਬੇ ਨੇ ਆਪਣੀ ਮਿਹਨਤ ਸਦਕਾ ਪੂਰੇ ਵਿਸ਼ਵ ਵਿਚ ਆਪਣੀ ਇਕ ਵਿਲੱਖਣ ਪਛਾਣ ਸਥਾਪਿਤ ਕੀਤੀ ਸੀ ਪਰ ਪਿਛਲੇ ਕੁਝ ਦਹਾਕਿਆਂ ਵਿਚ ਅਜਿਹਾ ਕੀ ਵਾਪਰਿਆ ਕਿ ਇਸ ਸੂਬੇ ਦੇ ਲੋਕ ਨਿਰਾਸ਼ ਹੋ ਕੇ ਆਪਣਾ ਸਭ ਕੁਝ ਲੁੱਟਿਆ ਹੋਇਆ ਮਹਿਸੂਸ ਕਰ ਰਹੇ ਹਨ। ਜੇਕਰ ਹੁਣ ਵੀ ਸਰਕਾਰਾਂ ਨੇ ਕੁਝ ਨਾ ਸੋਚਿਆ ਤਾਂ ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਇੱਥੋਂ ਦੇ ਸਾਰੇ ਲੋਕ ਪਰਵਾਸ ਕਰਕੇ ਇਸ ਮਹਾਨ ਖਿੱਤੇ ਨੂੰ ਛੱਡ ਕੇ ਚਲੇ ਜਾਣਗੇ। ਸ਼ਾਇਦ ਸਰਕਾਰਾਂ ਵੀ ਇਹੀ ਚਾਹੁੰਦੀਆਂ ਹਨ ਕਿ ਇਸ ਖਿੱਤੇ ਦੇ ਲੋਕ ਜੋ ਕਿ ਬਹੁਤ ਜੁਝਾਰੂ, ਅਣਖੀਲੇ ਅਤੇ ਵੱਖਰੇ ਸੁਭਾਅ ਦੇ ਹਨ, ਉਹ ਇਸ ਖਿੱਤੇ ਨੂੰ ਛੱਡ ਕੇ ਕਿਤੇ ਹੋਰ ਚਲੇ ਜਾਣ ਤਾਂ ਜੋ ਭਵਿੱਖ ਵਿਚ ਕਦੀ ਵੀ ਸਰਕਾਰਾਂ ਦਾ ਵਿਰੋਧ ਕਰਨ ਵਾਲੇ ਲੋਕ ਇਸ ਮਿੱਟੀ ਦੀ ਮਹਿਕ ਵਿਚੋਂ ਆਪਣਾ ਇਤਿਹਾਸ ਨਾ ਫਰੋਲ ਸਕਣ। ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਸ ਨੂੰ ਲੋਕਾਂ ਨੇ ਚੁਣਿਆ ਹੈ ਅਤੇ ਉਸ ਨੂੰ ਲੋਕਾਂ ਦੀ ਤਰਜਮਾਨੀ ਕਰਦੇ ਹੋਏ ਲੋਕਾਂ ਦੇ ਸੁਖ-ਦੁੱਖ ਵਿਚ ਉਨ੍ਹਾਂ ਨਾਲ ਖੜ ਕੇ ਸਭ ਤੋਂ ਪਹਿਲਾਂ ਉਨ੍ਹਾਂ ਦੀਆਂ ਮੁਢਲੀਆਂ ਸਹੂਲਤਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਹੀ ਲੋਕਾਂ ਨੂੰ ਇਹ ਮਹਿਸੂਸ ਹੋ ਸਕੇਗਾ ਕਿ ਸਰਕਾਰ ਉਨ੍ਹਾਂ ਦੀ ਹੈ ਨਾ ਕਿ ਨਿੱਜੀ ਘਰਾਣਿਆਂ ਦੀ।

## ਕੇਂਦਰ ਸਰਕਾਰ ਅਤੇ...

ਸੋ, ਸਮਾਂ ਮੰਗ ਕਰਦਾ ਹੈ ਕਿ ਆਮ ਲੋਕ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਹੋਰ ਜ਼ੋਰ-ਸ਼ੋਰ ਨਾਲ ਅੱਗੇ ਆਉਣ ਅਤੇ ਇਸ ਦੀ ਕਾਮਯਾਬੀ ਵਿਚ ਹਿੱਸਾ ਪਾਉਣ। ਅਜਿਹੇ ਅੰਦੋਲਨਾਂ ਨਾਲ ਹੀ ਕਿਸਾਨੀ ਨੂੰ ਬਚਾਇਆ ਜਾ ਸਕਦਾ ਹੈ ਅਤੇ ਮੁਲਕ ਵਿਚ ਜਮਹੂਰੀਅਤ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਨੂੰ ਨੱਥ ਪਾਈ ਜਾ ਸਕਦੀ ਹੈ। ਇਹ ਗੱਲ ਸੰਜੀਦਗੀ ਨਾਲ ਸਮਝਣ ਦੀ ਜ਼ਰੂਰਤ ਹੈ ਕਿ ਸਰਕਾਰ ਲੋਕਾਂ ਦੀਆਂ ਭਾਵਨਾਵਾਂ ਤੇ ਲੋੜਾਂ ਪੂਰਾ ਕਰਨ ਦੇ ਅਸਮਰਥ ਹੈ ਅਤੇ ਜਮਹੂਰੀਅਤ ਨੂੰ ਢਾਹ ਲਾਉਣ ਵਿਚ ਮਸਰੂਫ਼ ਹੈ। ਲੋਕਾਂ ਦੀ ਏਕਤਾ ਅਤੇ ਭਾਈਚਾਰਕ ਸਾਂਝ ਵਾਲਾ ਅੰਦੋਲਨ ਹੀ ਟਿਕਾਊ ਵਿਕਾਸ, ਖ਼ੁਸ਼ਹਾਲੀ ਅਤੇ ਜਮਹੂਰੀਅਤ ਨੂੰ ਮਜ਼ਬੂਤੀ ਵੱਲ ਲਿਜਾ ਸਕਦਾ ਹੈ। ਅੰਦੋਲਨ ਜਿੰਨਾ ਵਿਸ਼ਾਲ ਤੇ ਸ਼ਾਂਤਮਈ ਹੋਵੇਗਾ, ਇਹ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਨਿਸ਼ਚਿਤ ਕਰੇਗਾ। ਇਸ ਕਰਕੇ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਹਾਕਮਾਂ ਦੀ ਭੜਕਾਊ ਬਿਆਨਬਾਜ਼ੀ ਅਤੇ ਸਾਜ਼ਿਸ਼ਾਂ ਤੋਂ ਖ਼ਬਰਦਾਰ ਰਹਿੰਦਿਆਂ ਏਕਾ ਬਣਾਈ ਰੱਖਣ ਅਤੇ ਸ਼ਾਂਤਮਈ ਪ੍ਰਦਰਸ਼ਨ ਦੇ ਰਸਤੇ 'ਤੇ ਪੂਰੀ ਤਰ੍ਹਾਂ ਕਾਇਮ ਰਹਿਣ। ਇਹ ਪਹੁੰਚ ਅੰਦੋਲਨ ਨੂੰ ਕਾਮਯਾਬੀ ਵੱਲ ਲਿਜਾਵੇਗੀ। ਇਸ ਤੋਂ ਬਾਅਦ ਕਿਸਾਨੀ ਸੰਕਟ ਨਾਲ ਨਜਿੱਠਣ ਅਤੇ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਰਾਹ ਪੱਧਰਾ ਹੋਵੇਗਾ।

## ‘ਸਰਵਰੇਣ’ ਦੇ ਦੋ...

ਅਚਾਨਕ ਹੀ ਆਟਾ ਪਾਉਂਦਿਆਂ ਪਹਿਚਾਣ ਕੇ ਉਸਦੀ ਚੀਕ ਨਿਕਲ ਗਈ,

‘ਪਿਤਾ ਜੀ, ਮਾਂ, ਪਿਤਾ ਜੀ ਆਏ ਗਏ ਨੇ, ਜਲਦੀ ਬਾਹਰ ਆਉ।’ ਉਸਨੇ ਸੱਸ ਨੂੰ ਬੁਲਾਇਆ।

ਆਵਾਜ਼ ਸੁਣ ਕੇ ਸਰਵਰੇਣ ਦੀ ਪਤਨੀ ਬਾਹਰ ਦੌੜੀ ਆਈ ਤੇ ਸੇਠ ਪੰਨਾ ਲਾਲ ਦੀ ਹਾਲਤ ਵੇਖ ਕੇ ਰੋਣ ਲੱਗ ਪਈ। ਉਸਨੇ ਪੈਰੀਂ ਹੱਥ ਲਾਏ ਤੇ ਅੰਦਰ ਆਉਣ ਨੂੰ ਕਿਹਾ ਪਰ ਸਰਵਰੇਣ ਨੇ ਇਸ਼ਾਰੇ ਨਾਲ ਮਨਾ ਕਰ ਦਿੱਤਾ ਅਤੇ ਚੁੱਪ ਰਿਹਾ। ਅੰਦਰੋਂ ਉਹ ਵੀ ਪਿਘਲ ਰਿਹਾ ਸੀ। ਰਹਿੰਦੀ ਹੋਈ ਕਸਰ ਬੱਚਿਆਂ ਨੇ ਭੱਜ ਕੇ ਆ ਕੇ ਦਾਦਾ ਜੀ ਦਾਦਾ ਜੀ ਕਹਿੰਦਿਆਂ ਲੱਤਾਂ ਨਾਲ ਲਿਪਟ ਕੇ ਕੱਢ ਦਿੱਤੀ। ਸਰਵਰੇਣ ਦੀ ਕਠਿਨ ਪ੍ਰੀਖਿਆ ਸੀ। ਬਾਹਰੋਂ ਉਹ ਅਡੋਲ ਸੀ ਪਰ ਅੰਦਰੋਂ ਡਗਮਗ ਸੀ। ਐਨੀ ਦੇਰ ਨੂੰ ਪੁੱਤਰ ਵੀ ਆ ਹਾਜ਼ਰ ਹੋਏ ਤੇ ਪੈਰੀਂ ਹੱਥ ਲਾ ਕੇ ਲਿਪਟ ਗਏ। ਬਹੁਤ ਬੇਨਤੀਆਂ ਕੀਤੀਆਂ ਕਿ ‘ਪਿਤਾ ਜੀ ਘਰ ਵਾਪਿਸ ਆ ਜਾਉ। ਤੁਸੀਂ ਕਿਹੜਾ ਰੱਬ ਲੱਭਣ ਤੁਰ ਪਏ ਓ। ਹੋਰ ਲੋਕ ਵੀ ਤਾਂ ਘਰ ਬੈਠ ਕੇ ਪੂਜਾ ਪਾਠ ਕਰਦੇ ਨੇ। ਤੁਸੀਂ ਵੀ ਕਰਦੇ ਰਹਿਣਾ ਅਸੀਂ ਤੁਹਾਨੂੰ ਕੋਈ ਕੰਮ ਨਹੀਂ ਕਹਿੰਦੇ ਪਰ ਘਰ ਰਹੋ।’

ਇੱਕ ਪਾਸੇ ਹੱਥ ਫੜ ਕੇ ਖੜੀ ਪਤਨੀ, ਲੱਤਾਂ ਨਾਲ ਚਿੰਬੜੇ ਪੋਤੇ ਪੋਤੀ, ਜਫੀ ਪਾ ਕੇ ਖੜੇ ਆਗਿਆਕਾਰ ਜਵਾਨ ਪੁੱਤਰ ਅਤੇ ਸੁਸ਼ੀਲ ਨੂੰਹਾਂ। ਸਾਹਮਣੇ ਖੁਸ਼ਬੂਆਂ ਤੇ ਰੌਸ਼ਨੀਆਂ ਨਾਲ ਭਰੇ ਘਰ ਵਿੱਚ ਸੁੱਖ ਸਹੂਲਤਾਂ ਅਤੇ ਦੂਜੇ ਪਾਸੇ ਕੱਖਾਂ ਦੀ ਕੁਟੀਆ ਜੋ ਬਾਰਿਸ਼ ਵਿੱਚ ਚੋਅ ਪੈਂਦੀ ਤੇ ਸਰਦੀ ਵਿੱਚ ਠੰਢ ਨਾਲ ਯੱਖ ਹੋ ਜਾਂਦੀ, ਝੱਖੜ ਨਾਲ ਉੱਡ ਪੁੱਡ ਕੇ ਖਰਾਬ ਹੋ ਜਾਂਦੀ। ਸਰਵਰੇਣ ਦੇ ਮਨ ਵਿੱਚ ਆਇਆ ਕਿ ‘ਕੱਲ ਗੁਰਦੇਵ ਨੇ ਵੀ ਤਾਂ ਕਿਹਾ ਸੀ ਕਿ ਜੇ ਘਰ ਵਾਪਿਸ ਜਾਣਾ ਏ ਤਾਂ ਚਲਾ ਜਾਈਂ ਕੋਈ ਗੱਲ ਨਹੀਂ। ਮੈਨੂੰ ਕਿਹੜਾ ਹਾਲੇ ਤੱਕ ਉਨਾਂ ਨੇ ਦੀਖਿਆ ਦਿੱਤੀ ਏ ਅਤੇ ਪਤਾ ਨਹੀਂ ਕਦੋਂ ਦੇਣ। ਦੇਣ ਵੀ ਜਾਂ ਨਾ ਦੇਣ। ਜੇ ਦੇ ਵੀ ਦੇਣ ਤਾਂ ਵੀ ਕੀ ਹੁੰਦਾ ਏ ਕੀ ਪਤਾ। ਬਾਕੀ ਚੇਲੇ ਵੀ ਤਾਂ ਦੀਕਸ਼ਿਤ ਨੇ। ਉਨਾਂ ਨੂੰ ਕਿਹੜਾ ਕੁੱਝ ਹਲੇ ਤੱਕ ਪ੍ਰਾਪਤ ਹੋਇਆ ਏ ਕਿ ਨਹੀਂ। ਉਹ ਵੀ ਉਂਝ ਹੀ ਲੱਗੇ ਹੋਏ ਨੇ। ‘ਮਨਾ, ਘਰ ਹੀ ਰਹਿ ਜਾ। ਗੁਰਦੇਵ ਨੇ ਤਾਂ ਆਗਿਆ ਦਿੱਤੀ ਹੀ ਹੋਈ ਏ।’

ਇਧਰ ਸਾਰੇ ਜ਼ੋਰ ਪਾ ਰਹੇ ਨੇ ਪਰ ਸਰਵਰੇਣ ਚੁੱਪ ਕਰ ਕੇ ਅੰਦਰ ਆਪਣੇ ਆਪ ਨਾਲ ਵਾਰਤਾਲਾਪ ਕਰਦਾ ਪਿਆ ਡਗਮਗਾ ਰਿਹਾ ਏ। ਅਚਾਨਕ ਅੰਦਰੋਂ ਆਤਮਾ ’ਚੋਂ ਆਵਾਜ਼ ਆਈ, ‘ਇਹ ਸਭ ਸੁੱਖ ਤਾਂ ਤੇਰੇ ਮਾਣੇ ਹੋਏ ਨੇ, ਹੁਣ ਇੱਕ ਵਾਰ ਜਿਸ ਰਾਹ ਤੁਰਿਆ ਏਂ ਉਸਨੂੰ ਵੀ ਚੰਗੀ ਤਰਾਂ ਵੇਖ ਲੈ ਕਿ ਆਖ਼ਿਰ ਹੈ ਕੀ। ਨਾਲੇ ਐਨਾ ਅੱਗੇ ਵਧ ਕੇ ਕੀ ਹੁਣ ਪਿੱਛੇ ਮੁੜੇਂਗਾ?’ ਉਸੇ ਵਕਤ ਸਰਵਰੇਣ ਜਿਵੇਂ ਹੋਸ਼ ਵਿੱਚ ਵਾਪਿਸ ਆਇਆ ਜਿਵੇਂ ਨੀਂਦ ਵਿੱਚੋਂ ਜਾਗਿਆ ਤੇ ਇੱਕ ਦਮ, ‘ਭਿਖਸ਼ਾ ਦੇਹ’ ਬੋਲਦਾ ਹੋਇਆ ਵਾਪਿਸ ਮੁੜ ਪਿਆ।

ਸਾਰੇ ਪਿੱਛੋਂ ਆਵਾਜ਼ਾਂ ਮਾਰਦੇ ਰਹੇ ਪਰ ਸਰਵਰੇਣ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਮਜ਼ਬੂਤ ਕਦਮਾਂ ਨਾਲ ਜਿਵੇਂ ਸੁੰਨ ਸਰਾਂ ਹੋਇਆ ਜੰਗਲ ਵੱਲ ਨੂੰ ਤੁਰ ਪਿਆ। ਦਿਲ ਜ਼ੋਰ ਨਾਲ ਧੜਕ ਰਿਹਾ ਸੀ। ਅੱਖਾਂ ਡਬਡਬਾਈਆਂ ਹੋਈਆਂ ਜ਼ਰੂਰ ਸੀ। ਸਾਹਾਂ ਵਿੱਚ ਹਉਕਾ ਜਿਹਾ ਵੀ ਸੀ ਪਰ ਕਦਮ ਲੰਬੇ ਭਰਦਾ ਹੋਇਆ ਉਹ ਤੁਰਿਆ ਜਾ ਰਿਹਾ ਸੀ।

ਅੱਜ ਉਸਨੂੰ ਪੂਰੀ ਉਮੀਦ ਸੀ ਕਿ ਗੁਰਦੇਵ ਭਿਖਸ਼ਾ ਕਬੂਲ ਕਰਨਗੇ। ਉਸਨੇ ਗੁਰਦੇਵ ਨੂੰ ਨਮਸਕਾਰ ਕੀਤੀ ਭਿਖਿਆ ਦਾ ਪਾਤਰ ਹਮੇਸ਼ਾ ਵਾਂਗ ਸਭ ਦੀ ਰੱਖੀ ਥਾਂ ਤੇ ਵਿੱਚ ਰੱਖ ਦਿੱਤਾ ਪਰ ਗੁਰਦੇਵ ਨੇ ਵੇਖਿਆ ਵੀ ਨਹੀਂ ਉਸ ਵੱਲ। ਉਹ ਉਦਾਸ ਜਿਹਾ ਵਾਪਿਸ ਆਪਣੀ ਕੁਟੀਆ ਵਿੱਚ ਚਲਾ ਗਿਆ। ਦੋ ਦਿਨ ਸਰੀਰ ਬਿਮਾਰ ਜਿਹਾ ਰਹਿਣ ਕਰਕੇ ਸਰਵਰੇਣ ਨਾ ਭਿਖਿਆ ਲੈਣ ਗਿਆ ਤੇ ਨਾ ਹੀ ਆਪਣੀ ਕੁਟੀਆ ਤੋਂ ਬਾਹਰ ਨਿਕਲਿਆ। ਇਹ ਦੋ ਦਿਨ ਸ਼ਾਇਦ ਉਹ ਮੰਝਧਾਰ ਵਿੱਚ ਹੀ ਡੋਲਦਾ ਰਿਹਾ। ਇੱਕ ਪਾਸੇ ਸਤਰੰਗੀ ਸੰਸਾਰ ਤੇ ਰਿਸ਼ਤੇ ਬਾਹਾਂ ਉਲਾਰ ਕੇ ਖੜੇ ਅਵਾਜ਼ਾਂ ਮਾਰ ਰਹੇ ਸੀ ਅਤੇ ਦੂਜੇ ਪਾਸੇ ਗੁਰਦੇਵ ਦਾ ਖੁਸ਼ਕ ਵਤੀਰਾ। ਧਿਆਨ ਸਾਧਨਾ ਵਿੱਚ ਦੀਕਸ਼ਿਤ ਕਦੋਂ ਕਰਨ ਕੋਈ ਪਤਾ ਨਹੀਂ ਸੀ। ਪਰ ਤੀਜੇ ਦਿਨ ਸਰਵਰੇਣ ਫਿਰ ਭਿਖਿਆ ਲਈ ਤਿਆਰ ਸੀ। ਕਈ ਦਿਨ ਅਤੇ ਹਫਤੇ ਇੰਝ ਬੀਤੇ ਅਤੇ ਹੁਣ ਉਹ ਆਪਣੇ ਘਰ ਅਤੇ ਗਲੀ ਤੱਕ ਬੇਝਿਜਕ ਤੇ ਬੇਲਗਾਵ ਹੋ ਆਉਂਦਾ ਸੀ। ਘਰ ਦੇ ਵੀ ਉਸਨੂੰ ਦੂਰੋਂ ਵੇਖ ਲੈਂਦੇ ਬੱਸ। ਉਸ ਨੂੰ ਨਾ ਖਿੱਚ ਹੀ ਸੀ ਤੇ ਨਾ ਅਜੀਬ ਤੇ ਔਖਾ ਹੀ ਲਗਦਾ ਸੀ। ਹੁਣ ਹਿਰਦਾ ਨਾ ਤਾਂ ਦ੍ਰਵਿਤ ਹੁੰਦਾ ਸੀ ਤੇ ਨਾ ਹੀ ਅੰਦੋਲਿਤ। ਮਾਣ ਅਪਮਾਨ ਵੀ ਪੋਹੰਦਾ ਨਹੀਂ ਸੀ। ਕੁਟੀਆ ਵਿੱਚ ਵੀ ਚੁੱਪ ਹੀ ਰਹਿੰਦਾ ਸੀ, ਬਹੁਤ ਸਹਿਜ ਵਿੱਚ ਆ ਗਿਆ ਸੀ ਤੇ ਮਜ਼ਬੂਤ ਵੀ ਹੋ ਗਿਆ ਸੀ। ਇੰਝ ਸਰਵਰੇਣ ਨੂੰ ਜਾਪਦਾ ਸੀ, ਪਰ ਗੁਰੂ ਤਾਂ ਗੁਰੂ ਹੁੰਦਾ ਏ। ਹਾਲੇ ਵੀ ਕੋਈ ਕਿਨਕਾ ਬਾਕੀ ਸੀ ਸ਼ਾਇਦ।

ਅੱਜ ਜਦੋਂ ਉਹ ਵਾਪਿਸ ਕੁਟੀਆ ਆਇਆ ਤਾਂ ਗੁਰਦੇਵ ਨੇ ਕਿਹਾ, ‘ਸਰਵਰੇਣ, ਕੱਲ ਤੋਂ ਥੋੜਾ ਹੋਰ ਅੱਗੇ ਜਾਇਆ ਕਰ ਭਿਖਿਆ ਲੈਣ।’

‘ਜੀ ਗੁਰਦੇਵ..’ ਕਹਿ ਤਾਂ ਦਿੱਤਾ ਉਸਨੇ ਪਰ ਸ਼ਾਇਦ ਹੁਣ ਸਰਵਰੇਣ ਦੀ ਇਹ ਆਖਰੀ ਰਾਤ ਸੀ ਕੁਟੀਆ ਵਿੱਚ। ਸ਼ਾਇਦ ਉਹ ਅੱਜ ਆਪਣੇ ਘਰ ਵੱਲ ਗਿਆ ਕੁਟੀਆ ਵਿੱਚ ਵਾਪਿਸ ਨਾ ਆਵੇ। ਕਿਉਕਿਂ ਉਸ ਤੋਂ ਅੱਗੇ ਉਸਦੇ ਕੱਟੜ ਦੁਸ਼ਮਨ ਅਤੇ ਕਾਰੋਬਾਰੀ ਵਿਰੋਧੀ ਦਾ ਘਰ ਸੀ। ਜੋ ਉਸ ਨਾਲ ਪਿਛਲੇ ਵੀਹ ਸਾਲ ਤੋਂ ਵਿਰੋਧਤਾ ਵਿੱਚ ਸੀ ਅਤੇ ਜਿੰਨਾ ਕੋਈ ਕਿਸੇ ਲਈ ਨਫ਼ਰਤ ਰੱਖ ਸਕਦਾ ਏ ਓਨੀ ਹੀ ਦੋਵੇਂ ਇੱਕ ਦੂਜੇ ਨੂੰ ਨਫ਼ਰਤ ਕਰਦੇ ਸੀ। ਕਈ ਵਾਰ ਝਗੜ ਵੀ ਚੁੱਕੇ ਸੀ।

ਅੱਜ ਉਹੀ ਰਾਤ ਸੀ ਜਿਸ ਦਾ ਜ਼ਿਕਰ ਕਹਾਣੀ ਦੇ ਸ਼ੁਰੂ ਵਿੱਚ ਕੀਤਾ ਗਿਆ ਸੀ। ਲੋਅ ਲੱਗਣ ਵਾਲੀ ਸੀ। ਰਾਤ ਜਿਵੇਂ ਬੜੀ ਤੇਜ਼ੀ ਨਾਲ ਬੀਤ ਗਈ ਸੀ। ਬਾਹਰ ਬਾਰਿਸ਼ ਦੇ ਤੇਜ਼ ਹੋਣ ਦੀ ਆਵਾਜ਼ ਆ ਰਹੀ ਸੀ। ਸਰਵਰੇਣ ਚਾਹੁੰਦਾ ਸੀ ਕਿ ਅੱਜ ਬਾਰਿਸ਼ ਨਾ ਰੁਕੇ ਅਤੇ ਉਸ ਨੂੰ ਜਾਣਾ ਨਾ ਪਵੇ ਭਿਖਿਆ ਲੈਣ। ਕੁੱਝ ਦੇਰ ਹੋਰ ਪਾਸੇ ਮਾਰਦਿਆਂ ਲੰਘ ਗਈ। ਲੋਅ ਲੱਗ ਗਈ ਸੀ ਤੇ ਬਾਰਿਸ਼ ਵੀ ਰੁੱਕ ਗਈ ਸੀ। ਸਰਵਰੇਣ ਅੱਜ ਉਂਜ ਹੀ ਨਿਕਲਿਆ ਜਿਵੇਂ ਪਹਿਲੀ ਵਾਰ ਆਪਣੇ ਇਲਾਕੇ ਵਲ ਭਿਖਿਆ ਲੈਣ ਲਈ ਜਾਣ ਲੱਗੇ ਨਿਸੱਤਾ ਤੇ ਥਕਿਆ ਥਕਿਆ ਜਿਹਾ ਸੀ।

‘ਹੈਂਅ, ਮੈਂ ਦੌਲਤ ਰਾਮ ਦੇ ਘਰ ਭਿਖਿਆ ਲੈਣ ਜਾ ਰਿਹਾ ਹਾਂ’ (ਆਪਣੇ ਆਪ ਨਾਲ ਸਵਾਲ ਜਵਾਬ ਕਰਦਾ ਉਹ ਤੁਰਿਆ ਜਾ ਰਿਹਾ ਸੀ।)

‘ਉਹ ਦੌਲਤ ਰਾਮ ਜਿਸਨੇ ਮੇਰੀ ਸਰੇ ਬਾਜ਼ਾਰ ਇਜ਼ਤ ਉਛਾਲੀ, ਜੋ ਮੇਰਾ ਕੱਟੜ ਦੁਸ਼ਮਨ ਏ.. ਉਹ ਜਿਸ ਨੇ ਭਰੇ ਮੁਆਸ਼ਰੇ ਵਿੱਚ ਮੈਨੂੰ ਗਾਲਾਂ ਕੱਢੀਆਂ, ਮੈਂ ਉਸ ਕੋਲੋਂ ਭਿਖਿਆ ਮੰਗਾਂਗਾ? ਨਹੀਂ ਨਹੀਂ ਇੰਝ ਨਹੀਂ ਹੋ ਸਕਦਾ। ਮੈਂ ਘਰ ਵਾਪਿਸ ਚਲਾ ਜਾਵਾਂਗਾ। ਇਹ ਹਰਗਿਜ਼ ਨਹੀਂ ਹੋ ਸਕਦਾ।’ ਇਸੇ ਉਧੇੜ-ਬੁਣ ਵਿੱਚ ਉਹ ਤੁਰਿਆ ਗਿਆ।

ਕੁੱਝ ਦੇਰ ਬਾਅਦ ਵਾਪਿਸ ਘਰ ਜਾਣ ਵਾਲੀ ਗਲੀ ਮੁੜਨ ਲੱਗੇ ਉਸਨੂੰ ਫਿਰ ਅੰਦਰੋਂ ਆਤਮਾ ਨੇ ਆਵਾਜ਼ ਦਿੱਤੀ, ‘ਕੀ ਮੈਂ ਆਪਣਾ ਇਹ ਸਫਰ ਏਥੇ ਹੀ ਖਤਮ ਕਰ ਦਿਆਂ? ਬਿਨਾਂ ਕਿਸੇ ਨਤੀਜੇ ਦੇ ? ਗਲੀ ਗਲੀ ਭਿਖਿਆ ਮੰਗ ਕੇ .. ਐਨੇ ਕਸ਼ਟ ਸਹਿ ਕੇ, ਕੀ ਜਵਾਬ ਦਿਆਂਗਾ ਘਰ ਜਾ ਕੇ? ਐਨੇ ਸਾਲਾਂ ’ਚ ਕੀ ਖਟਿਆ? ਪਰਿਵਾਰ ਅਤੇ ਸੁੱਖਾਂ ਨੂੰ ਤਿਆਗ ਕੇ ਸਹੇ ਦੁੱਖ ਬਾਅਦ ਨਤੀਜੇ ਨੂੰ ਵੇਖੇ ਬਿਨਾਂ ਵਾਪਿਸ ਮੁੜ ਜਾਵਾਂ? ਗੁਰੂ ਨੇ ਵਾਅਦਾ ਲਿਆ ਸੀ ਕਿ ਪੰਨਾ ਲਾਲ ਨੂੰ ਸਰਵਰੇਣ ਹੋਣਾ ਪਏਗਾ ਸੋਚ ਲੈ? ਅਤੇ ਮੈਂ ਹਾਮੀ ਭਰੀ ਸੀ। ਹੁਣ ਦੌਲਤ ਰਾਮ ਦੇ ਘਰ ਤਾਂ ਸਰਵਰੇਣ ਜਾ ਰਿਹਾ ਏ ਪੰਨਾ ਲਾਲ ਤਾਂ ਉਸੇ ਦਿਨ ਪਿੱਛੇ ਰਹਿ ਗਿਆ ਸੀ। ਜਿਥੇ ਐਨਾ ਕਸ਼ਟ ਸਹਿਆ ਉੱਥੇ ਇਹ ਵੀ ਸਹੀ। ਪਿੱਛੇ ਨਹੀਂ ਮੁੜਾਂਗਾ। ਅੱਜ ਜੋ ਹੋਏਗਾ ਵੇਖਿਆ ਜਾਵੇਗਾ, ਆਪਣੇ ਆਪ ਨੂੰ ਫੂਕ ਕੇ ਤਮਾਸ਼ਾ ਵੇਖਾਂਗਾ। ਆਪਣੇ ਹੀ ਸਿਵੇ ਤੇ ਨੱਚ ਕੇ ਵੇਖਾਂਗਾ, ਅੱਜ ਮੈਂ ਮੱਚ ਕੇ ਵੇਖਾਂਗਾ। ਚੱਲ ਮਨਾ ਭਰ ਪੁਲਾਂਘ ਅੱਗੇ ਅਤੇ ਅੱਗੇ ਵਧ ਪਿੱਛੇ ਨਹੀਂ ਮੁੜਨਾ ਹੁਣ।’ ਅਗਲੇ ਹੀ ਕੁੱਝ ਪਲ ਬਾਅਦ ਉਸਨੇ ਸ਼ੇਰ ਜਿੱਡਾ ਕਲੇਜਾ ਕੱਢ ਕੇ ਆਪਣੇ ਕੱਟੜ ਦੁਸ਼ਮਨ ਦੇ ਦਰ ਤੇ ਜਾ ਭਿਖਿਆ ਮੰਗਣ ਲਈ ਅਲਖ ਜਗਾਈ। ‘ਭਿਖਸ਼ਾ ਦੇਹ’

ਦੌਲਤ ਰਾਮ ਬਾਹਰ ਆਇਆ ਤੇ ਪੰਨਾ ਲਾਲ ਨੂੰ ਸਰਵਰੇਣ ਬਣੇ ਵੇਖ ਕੇ ਸੁੰਨ ਹੋ ਗਿਆ। ਸਰਵਰੇਣ ਦੇ ਚਿਹਰੇ ਤੇ ਰੂਹਾਨੀ ਨੂਰ ਸੀ ਜਲਾਲ ਸੀ। ਦੌਲਤ ਰਾਮ ਦੇ ਕੰਨਾਂ ਤੱਕ ਸਰਵਰੇਣ ਦੀਆਂ ਗੱਲਾਂ ਤੇ ਤਿਆਗ ਦੀਆਂ ਕਹਾਣੀਆਂ ਪਹੁੰਚ ਚੁਕੀਆਂ ਸੀ। ਸਰਵਰੇਣ ਬਹੁਤ ਉੱਚਾ ਉੱਠ ਚੁੱਕਾ ਸੀ, ਜਿਸਦਾ ਉਸਨੂੰ ਵੀ ਪਤਾ ਨਹੀਂ ਸੀ। ਦੌਲਤ ਰਾਮ ਹਾਲੇ ਉੱਥੇ ਹੀ ਮਾਇਆ ਦੇ ਢੇਰ ’ਤੇ ਬੈਠਾ ਸੀ, ਉਹ ਸਾਫ ਸਾਫ ਉਸ ਦੀ ਮਹਾਨਤਾ ਅਤੇ ਉਚਾਈ ਦੇਖ ਪਾ ਰਿਹਾ ਸੀ ਕਿ ਐਨਾ ਵੱਡਾ ਸ਼ਾਹੂਕਾਰ ਅਮੀਰੀ ਨੂੰ ਠੋਕਰ ਮਾਰ ਕੇ, ਸਾਰੇ ਸੁੱਖ ਅਤੇ ਪਰਿਵਾਰ ਨੂੰ ਤਿਆਗ ਕੇ ਸਾਲਾਂ ਤੋਂ ਪ੍ਰਮਾਰਥ ਦਾ ਰਾਹੀ ਬਣ ਗਿਆ ਏ। ਚਿਹਰੇ ਤੇ ਐਨਾ ਨੂਰ, ਐਨਾ ਜਲਾਲ। ਸਰਵਰੇਣ ਨੇ ਜੋ ਸੋਚਿਆ ਸੀ ਕਿ ਦੌਲਤ ਰਾਮ ਬਹੁਤ ਤ੍ਰਿਸਕਾਰ ਕਰੇਗਾ ਪਰ ਇੰਝ ਨਹੀਂ ਹੋਇਆ।

‘ਆਉ ਮਹਾਰਾਜ, ਅੰਦਰ ਆਉ ਘਰ ਨੂੰ ਪਵਿਤਰ ਕਰੋ।’ ਦੌਲਤ ਰਾਮ ਬੋਲਿਆ। ਸਰਵਰੇਣ ਹੈਰਾਨ ਸੀ।

ਦੌਲਤ ਰਾਮ ਨੇ ਉਸ ਦਾ ਹੱਥ ਫੜ ਕੇ ਅੰਦਰ ਲੈ ਆਉਂਦਾ ਅਤੇ ਇਕ ਕੁਰਸੀ ਤੇ ਬਿਠਾਇਆ। ਸਰਵਰੇਣ ਕੁੱਝ ਵੀ ਨਹੀਂ ਸਮਝ ਪਾ ਰਿਹਾ ਸੀ। ਉਸ ਦੀ ਆਉ ਭਗਤ ਵਿੱਚ ਦੌਲਤ ਰਾਮ ਨੇ ਪੂਰਾ ਤਾਣ ਲਾ ਦਿਤਾ। ਆਪ ਵੀ ਝੁੱਕ ਝੁੱਕ ਕੇ ਉਸ ਨੂੰ ਫੱਲ ਖਾਣ ਲਈ ਪਰੋਸਦਾ ਰਿਹਾ।

‘ਮੈਂ ਪਿਛਲੀਆਂ ਸਭ ਗੱਲਾਂ ਲਈ ਮਾਫੀ ਚਾਹੁੰਦਾ, ਕ੍ਰਿਪਾ ਕਰਕੇ ਉਨਾਂ ਨੂੰ ਭੁੱਲ ਜਾਣਾ ਅਤੇ ਹੋ ਸਕੇ ਤਾਂ ਮਾਫ ਕਰ ਦੇਣਾ। ਸਾਡੇ ਲਈ ਵੀ ਪ੍ਰਭੂ ਅੱਗੇ ਅਰਦਾਸ ਕਰਨਾ ਕਿ ਅਸੀਂ ਵੀ ਚੰਗੇ ਰਾਹ ’ਤੇ ਚੱਲ ਸਕੀਏ।’

ਸਰਵਰੇਣ ਨੇ ਅੱਗੋਂ ਮੁਸਕੁਰਾ ਕੇ ਜੱਫੀ ਪਾਈ ਤੇ ਭਿਖਿਆ ਲੈ ਕੇ ਵਾਪਿਸ ਤੁਰ ਪਿਆ।

ਕਦੋਂ ਆਪਣੇ ਰੰਗ ਵਿੱਚ ਰੰਗਿਆ ਆਪਣੇ ਘਰ ਦੇ ਅੱਗਿਉਂ ਲੰਘ ਗਿਆ ਪਤਾ ਹੀ ਨਾ ਲੱਗਾ। ਆਪਣਾ ਘਰ ਵੀ ਹੋਰਾਂ ਘਰਾਂ ਵਿੱਚ ਗੁੰਮ ਗਿਆ ਸੀ। ਇਸੇ ਹੀ ਰੰਗ ਵਿੱਚ ਰੰਗਿਆ ਉਹ ਕਿੱਥੋਂ ਕਿੱਥੋਂ ਅੱਜ ਲੰਘ ਰਿਹਾ ਸੀ ਉਸ ਨੂੰ ਕੋਈ ਧਿਆਨ ਨਹੀਂ ਸੀ ।ਲੋਕ ਵੇਖ ਕੇ ਨਮਸ਼ਕਾਰ ਕਰ ਰਹੇ ਸੀ। ਬਸਤੀ ਦੇ ਅਖੀਰ ਵਿੱਚ ਉਹ ਸਭ ਵੀ ਨਮਸ਼ਕਾਰ ਕਰਦੇ ਅਤੇ ਮੱਥਾ ਟੇਕਦੇ ਮਿਲੇ ਜਿਹਨਾਂ ਨੇ ਕਦੀ ਤ੍ਰਿਸਕਾਰ ਕੀਤਾ ਸੀ। ਅੱਜ ਜਿਵੇਂ ਦੁਨੀਆ ਹੀ ਬਦਲ ਗਈ ਸੀ। ਸਭ ਉਸ ਕਈ ਇੱਕੋ ਜਿਹੇ ਹੋ ਗਏ ਸੀ। ਸਭ ਪਾਸੇ ਇਲਾਹੀ ਜੋਤ ਫੈਲ ਗਈ ਸੀ।

ਕੁਟੀਆ ਦੇ ਦੁਆਰ ਤੇ ਗੁਰੂ ਬਾਹਰ ਖੜੇ ਉਸ ਨੂੰ ਉਡੀਕ ਰਹੇ ਸੀ। ਜਿਵੇਂ ਹੀ ਉਹ ਕੋਲ ਜਾ ਕੇ ਮੱਥਾ ਟੇਕਣ ਲੱਗਾ ਗੁਰਦੇਵ ਨੇ ਗਲੇ ਲਾ ਲਿਆ। ਤੇ ਭਿਖਿਆ ਕਬੂਲ ਕਰ ਲਈ। ਅੱਜ ਸਰਵਰੇਣ ਨੂੰ ਧਿਆਨ ਅਤੇ ਆਸ ਵੀ ਨਹੀਂ ਸੀ ਕਿ ਇੰਝ ਹੋਵੇਗਾ, ਤੇ ਅੱਜ ਉਸ ਤੇ ਗੁਰਦੇਵ ਨਿਛਾਵਰ ਹੋ ਗਏ ਸੀ। ਗੁਰਦੇਵ ਨੇ ਉਸਦੇ ਸਿਰ ਤੇ ਹੱਥ ਫੇਰਿਆ ਤੇ ਫਿਰ ਘੁੱਟ ਕੇ ਗਲੇ ਲਾ ਲਿਆ। ਬਹੁਤ ਦੇਰ ਤੋਂ ਦਬਾ ਕਿ ਰਖਿਆ ਹੰਝੂਆਂ ਦੇ ਦਰਿਆ ਨਾਲ ਉਸਦਾ ਚਿਹਰਾ ਧੋਤਾ ਗਿਆ। ਸਰਵਰੇਣ ਦੀਆਂ ਅੱਖਾਂ ਬੰਦ ਹੋ ਗਈਆਂ। ਉਹ ਦੀਕਸ਼ਿਤ ਹੋ ਚੁੱਕਾ ਸੀ। ਕੁਟੀਆ ਵਿੱਚ ਥੜੇ ਤੇ ਬੈਠਦਿਆਂ ਉਸ ਦੀ ਸਮਾਧੀ ਲੱਗ ਗਈ। ਉਸ ਨੇ ਵੇਖਿਆ ਕਿ ਉਸਦੇ ਲੇਖੇ ਮੁੱਕ ਗਏ ਸੀ। ਉਸਦੇ ਅੰਦਰ ਕਿਸੇ ਲਈ ਵੈਰ ਵਿਰੋਧ ਅਤੇ ਮੋਹ ਬਾਕੀ ਨਹੀਂ ਰਿਹਾ ਸੀ। ਸਮਭਾਵ ਉਸ ਦਾ ਸੁਭਾਅ ਬਣ ਗਿਆ ਸੀ। ਸਰਬਤ ਦੇ ਭਲੇ ’ਚ ਪਹੁੰਚਦਿਆਂ ਹੀ ਉਹ ਬਹੁਤ ਸਾਰੀਆਂ ਬਰਕਤਾਂ ਦਾ ਮਾਲਕ ਹੋ ਗਿਆ ਸੀ। ਕਿੰਨੇ ਲੰਮੇ ਪੈਂਡੇ ਉਸ ਨੇ ਮੁਕਾ ਲਏ ਸੀ ਜੋ ਜਨਮਾਂ ਦਾ ਕੰਮ ਸੀ। ਆਤਮਾ ਦੀ ਉਹ ਆਵਾਜ਼ ਜੋ ਉਸਨੂੰ ਅੱਗੇ ਵਧਣ ਲਈ ਪ੍ਰੇਰਦੀ ਸੀ ਅਸਲ ਵਿੱਚ ਉਹ ਗੁਰੂ ਦੀ ਪ੍ਰਭੂ ਦੀ ਆਵਾਜ਼ ਸੀ, ਜਿਸ ਦੀ ਬਦੌਲਤ ਉਹ ਇੱਥੇ ਪਹੁੰਚ ਸਕਿਆ ਸੀ।

ਹੁਣ ਸਰਵਰੇਣ ਨੂੰ ਭਿਖਿਆ ਲੈਣ ਲਈ ਨਹੀਂ ਭੇਜਿਆ ਜਾਂਦਾ ਸੀ। ਉਹ ਕੁਟੀਆ ਵਿੱਚ ਧਿਆਨ ਸਾਧਨਾ ਵਿੱਚ ਹੀ ਮਗਨ ਰਹਿਣ ਲੱਗ ਪਿਆ ਸੀ। ਕੁੱਝ ਸਾਲ ਡੂੰਘੇ ਧਿਆਨ ਅਭਿਆਸ ਕਰਨ ਤੋਂ ਬਾਅਦ ਇੱਕ ਦਿਨ :

‘ਸਰਵਰੇਣ, ਤੂੰ ਹੁਣ ਵਾਪਿਸ ਘਰ ਚਲਾ ਜਾ।’

‘ਕਿਉਂ ਗੁਰਦੇਵ, ਕੀ ਕੋਈ ਗ਼ਲਤੀ ਹੋ ਗਈ ਮੇਰੇ ਤੋਂ? ਮਾਫ ਕਰ ਦਿਓ।ਤੁਹਾਡੇ ਬਿਨਾਂ ਰਹਿਣਾ ਹੁਣ ਮੁਸ਼ਕਿਲ ਏ।’

‘ਨਹੀਂ ਸਰਵਰੇਣ, ਤੇਰੀ ਦੀਖਿਆ ਪੂਰੀ ਹੋਈ। ਹੁਣ ਤੂੰ ਸੱਚਮੁੱਚ ਸਰਵ ਰੇਣ ਹੋ ਗਿਆ ਏਂ। ਸਰਵ ਰੇਣ ਭਾਵ ਸਭ ਦੇ ਚਰਨਾਂ ਦੀ ਧੂੜ। ਨਿਮਰਤਾ। ਤੂੰ ਹੁਣ ਆਪਣੇ ਘਰ ਰਹਿ ਕੇ ਭਗਤੀ ਕਰ, ਸਮਾਜ ਨੂੰ ਰਾਹ ਦਿਖਾ, ਤੇਰੀ ਉੱਥੇ ਲੋੜ ਏ, ਜਦੋਂ ਅਸੀਂ ਅੰਦਰੋਂ ਆਵਾਜ਼ ਮਾਰੀਏ ਆ ਕੇ ਮਿਲ ਜਾਇਆ ਕਰਨਾ। ਇਹ ਸਾਡਾ ਹੁਕਮ ਏ। ਜਾਉ ਤਿਆਰੀ ਕਰੋ। ਗ੍ਰਹਿਸਤ ਵਿੱਚ ਰਹਿ ਕੇ ਉਦਾਸੀ ਬਣੋ, ਚਿੱਕੜ ਵਿੱਚ ਕਮਲ ਵਾਂਗ ਖਿੜੇ ਰਹੋ, ਰਾਜ ਜੋਗ ਕਮਾਓ; ਹੋਰਾਂ ਦਾ ਭਲਾ ਕਰੋ। ਸਾਡਾ ਆਸ਼ੀਰਵਾਦ ਅਤੇ ਬਰਕਤਾਂ ਤੇਰੇ ਨਾਲ ਰਹਿਣਗੀਆਂ, ਉਨਾਂ ਦਾ ਸਦਉਪਯੋਗ ਕਰਨਾ।’

ਸੱਤ ਸਾਲ ਪਹਿਲਾਂ ਸਰਵਰੇਣ ਜਿਵੇਂ ਸੇਠਾਂ ਵਾਂਗ ਆਇਆ ਸੀ ਅੱਜ ਉਵੇਂ ਹੀ ਹੁਣ ਵਾਪਿਸ ਜਾ ਰਿਹਾ ਸੀ, ਪਰ ਨਿਮਰਤਾ ਨਾਲ ਭਰ ਕੇ ਅਸਲੀ ਦੌਲਤ ਹਾਸਲ ਕਰਕੇ, ਅਸਲੀ ਸੇਠ ਬਣ ਕੇ।

‘ਫਲ ਨੀਵਿਆਂ ਰੱਖਾਂ ਨੂੰ ਲਗਦੇ
ਉੱਚਾ ਹੋ ਕੇ ਮਾਣ ਨਾ ਕਰੀਂ’।

## ਕੋਧਰੇ ਦੀ ਰੋਟੀ...

ਆਟੇ ਵਾਂਗ ਗੁੰਨ ਕੇ, ਵੇਲ ਕੇ, ਪਾਪੜ ਬਣਾ ਕੇ ਸੁਕਾ ਕੇ ਤਲੇ ਜਾ ਸਕਦੇ ਹਨ।

ਇਡਲੀ, ਡੋਸਾ ਵੀ ਕੋਧਰੇ ਤੇ ਕਾਲੇ ਛੋਲਿਆਂ ਦੇ ਆਟੇ ਨੂੰ 3:1 ਦੀ ਮਿਕਦਾਰ ਨਾਲ ਰਲਾ ਕੇ ਮੇਥਰੇ ਤੇ ਲੂਣ ਮਿਲਾ ਕੇ ਰਾਤ ਭਰ ਭਿਉਂ ਕੇ ਬਣਾਏ ਜਾ ਸਕਦੇ ਹਨ।

ਚਕਲੀ ਬਣਾਉਣ ਲਈ ਵੀ ਆਟਾ ਗੁੰਨ ਕੇ ਆਪਣੇ ਸੁਆਦ ਅਨੁਸਾਰ ਲੂਣ ਮਿਰਚ ਪਾ ਕੇ ਤਲਿਆ ਜਾ ਸਕਦਾ ਹੈ। ਕੇਸਰੀ ਬਣਾਉਣ ਲਈ ਦੁੱਧ, ਖੰਡ ਤੇ ਬਦਾਮ ਕੋਧਰੇ ਵਿਚ ਮਿਲਾਏ ਜਾ ਸਕਦੇ ਹਨ। ਹਲਵੇ ਵਾਸਤੇ ਕੋਧਰੇ ਤੇ ਕਣਕ ਦੇ ਆਟੇ (2:1 ਮਿਕਦਾਰ) ਨੂੰ ਮਿਲਾ ਕੇ ਘਿਓ ਵਿਚ ਰਿੰਨ ਲੈਣਾ ਚਾਹੀਦਾ ਹੈ।

ਜਿਨਾਂ ਨੂੰ ਕੋਧਰੇ ਦੀ ਰੋਟੀ ਸਖ਼ਤ ਲੱਗਦੀ ਹੋਵੇ, ਉਹ ਸ਼ੁਰੂ ਵਿਚ ਅੱਧੋ-ਅੱਧ ਕਣਕ ਤੇ ਕੋਧਰੇ ਦੇ ਆਟੇ ਨੂੰ ਮਿਲਾ ਕੇ ਆਟਾ ਗੁੰਨ ਸਕਦੇ ਹਨ। ਖਾਖੜਾ ਬਣਾਉਣ ਲਈ ਕੋਧਰੇ ਦੇ ਆਟੇ ਨੂੰ ਭੁੰਨਿਆ ਜਾ ਸਕਦਾ ਹੈ।

ਸੋਇਆਬੀਨ ਦਾ ਆਟਾ ਤੇ ਕੋਧਰੇ ਨੂੰ (30 : 70) ਮਿਲਾ ਕੇ ਵਧੀਆ ਬਿਸਕੁਟ ਤਿਆਰ ਕੀਤੇ ਜਾ ਸਕਦੇ ਹਨ। ਇੰਜ ਹੀ ਪਾਸਤਾ ਜਾਂ ਕੇਕ ਵੀ ਘਰ ਹੀ ਬਣਾਇਆ ਜਾ ਸਕਦਾ ਹੈ। ਸੇਵੀਆਂ ਬਣਾਉਣ ਲਈ ਕੋਧਰਾ, ਕਣਕ ਤੇ ਸੋਇਆਬੀਨ ਦਾ ਆਟਾ (50 : 40 : 10 ਦੇ ਮੇਲ ਨਾਲ) ਗੁੰਨ ਕੇ ਸੇਵੀਆਂ ਵੱਟੀਆਂ ਜਾ ਸਕਦੀਆਂ ਹਨ।

ਏਨਾ ਕੁੱਝ ਪਤਾ ਲੱਗ ਜਾਣ ਬਾਅਦ ਹੁਣ ਲਵੋ ਰਬ ਦਾ ਨਾਂ ਤੇ ਕੋਧਰਾ ਖਾਣਾ ਸ਼ੁਰੂ ਕਰ ਦਿਓ। ਇਹ ਨਾ ਭੁੱਲਿਓ ਕਿ ਬੱਚੇ ਹੋਣ ਤੇ ਭਾਵੇਂ ਬਜ਼ੁਰਗ, ਕਿਸੇ ਨੂੰ ਵੀ ਕੋਧਰਾ ਹਜ਼ਮ ਕਰਨ ਵਿਚ ਕੋਈ ਦਿੱਕਤ ਨਹੀਂ ਆਉਂਦੀ। ਜੇ ਭੁੱਲ ਜਾਣ ਦੀ ਬੀਮਾਰੀ ਹੋਵੇ ਜਾਂ ਡੀਜੇਨੇਰੇਟਿਵ ਰੋਗ ਹੋਵੇ, ਤਾਂ ਕੋਧਰਾ ਬਹੁਤ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ।

ਪੰਜਾਬੀਆਂ ਲਈ ਤਾਂ ਇਸ ਤੋਂ ਵੱਡੀ ਹੋਰ ਕੀ ਪ੍ਰਾਪਤੀ ਹੋ ਸਕਦੀ ਹੈ-ਜਿੱਥੇ ਕੋਧਰਾ ਖਾਣ ਨਾਲ ਗੁਰੂ ਨਾਨਕ ਸਾਹਿਬ ਨੂੰ ਇਕ ਪਾਸੇ ਯਾਦ ਕੀਤਾ ਜਾਵੇਗਾ, ਉੱਥੇ ਪੰਜਾਬ ਦੀ ਧਰਤੀ ਹੇਠਲਾ ਪਾਣੀ ਬਚੇਗਾ ਤੇ ਨਾਲੋ ਨਾਲ ਪੰਜਾਬੀਆਂ ਦੀ ਸਿਹਤ ਵੀ ਠੀਕ ਠਾਕ ਹੋ ਜਾਵੇਗੀ।

## ਕਿਥੋਂ ਭਾਲਦੇ ਪਹਿਲਾਂ ਵਾਲਾ ਪੰਜਾਬ

ਨਾ ਉਹ ਹੱਸਣਾ ਹਸਾਉਣਾ
ਨਾ ਉਹ ਢੋਲੇ ਮਾਹੀਏ ਗਾਉਣਾ
ਨਾ ਉਹ ਰੁੱਸਣਾ ਮਨਾਉਣਾ
ਕਿਸੇ ਰੋਂਦੇ ਨੂੰ ਵਰਾਉਣਾ
ਦਿਲਾਂ ਵਿੱਚ ਹੈਨੀ ਕੋਈ
ਵਿਰਾਗ ਸੱਜਣਾ
ਰਹਿ ਗਿਆ ਨਾਮ ਹੀ ਨਿਸ਼ਾਨੀ
ਕਿਥੋਂ ਪਹਿਲਾਂ ਵਾਲਾ ਭਾਲਦੈਂ
ਪੰਜਾਬ ਸੱਜਣਾ...।
ਨਾ ਉਹ ਚਾਟੀ ਚ ਮਧਾਣੀ
ਨਾ ਹੀ ਖੂਹਾਂ ਦਾ ਉਹ ਪਾਣੀ
ਨਾ ਉਹ ਅੱਥਰੀ ਜਵਾਨੀ
ਰਾਂਝੇ ਹੀਰਾਂ ਦੀ ਕਹਾਣੀ
ਸੁਭਾ ਲਾ ਕੇ ਸ਼ਾਮ ਨੂੰ
ਜਵਾਬ ਸੱਜਣਾ...।
ਰਹਿ ਗਿਆ ਨਾਮ ਹੀ ਨਿਸ਼ਾਨੀ
ਕਿਤੇ ਪਹਿਲਾਂ ਵਾਲਾ ਦਿਸੇ ਨਾ
ਪੰਜਾਬ ਸੱਜਣਾ...।
ਢਾਹਕੇ ਦਾਨਿਆਂ ਦੀ ਭੱਠੀ
ਖੋਹਲੀ ਨਸ਼ਿਆਂ ਦੀ ਹੱਟੀ
ਜੜ ਚੋਬਰਾਂ ਦੀ ਪੱਟੀ
ਕੀਤੀ ਲੀਡਰਾਂ ਨੇ ਖੱਟੀ
ਵੱਸ ਕੰਡਿਆਂ ਦੇ ਪੈ ਗਿਆ
ਗੁਲਾਬ ਸੱਜਣਾ...।
ਰਹਿ ਗਿਆ ਨਾਮ ਹੀ ਨਿਸ਼ਾਨੀ
ਹੁਣ ਪਹਿਲਾਂ ਵਾਲਾ ਰਿਹਾ ਨਾ
ਪੰਜਾਬ ਸੱਜਣਾ...।
ਉੱਡੀ ਚਿਹਰਿਆਂ ਤੋਂ ਲਾਲੀ
ਜਿੰਦ ਫਿਕਰਾਂ ਨੇ ਖਾਲ਼ੀ
ਬੁਰੀ ਬਲਾ ਜੇ ਨਾ ਟਾਲ਼ੀ
ਰਹਿਜੂ ਹਰਫਾਂ ਤੋ ਖਾਲ਼ੀ
ਇਹਦੇ ਇਤਿਹਾਸ ਦੀ
ਕਿਤਾਬ ਸੱਜਣਾ...,
ਰਹਿ ਗਿਆ ਨਾਮ ਹੀ ਨਿਸ਼ਾਨੀ
ਪਹਿਲਾਂ ਵਾਲਾ ਦੀਂਹਦਾ ਨੀ
ਪੰਜਾਬ ਸੱਜਣਾ....,
ਆਉਣ ਠੰਡੀਆਂ ਹਵਾਵਾਂ
ਜਿਵੇਂ ਲੋਰੀ ਦੇਣ ਮਾਵਾਂ
ਕੁਲਵਿੰਦਰਾ ਇਹ ਚਾਹਵਾਂ
ਦਿਨ ਮੋੜ ਮੈਂ ਲਿਆਵਾਂ
ਮਾਣਾਂ ਜਿੰਦਗੀ ਦਾ ਫੇਰ ਤੋਂ
ਸਵਾਦ ਸੱਜਣਾ...।
ਕਾਸ਼ ਚੰਦ ਵਾਂਗੂੰ ਚਮਕੇ
ਦੁਨੀਆਂ ਦੇ ਅੰਬਰੀਂ
ਪੰਜਾਬ ਸੱਜਣਾ..।

**ਕੁਲਵਿੰਦਰ ਸਿੱਧੂ ਕਾਮੇਕਾ**

## ਰੌਲਾ

ਕੁਝ ਜਾਤਾਂ ਦਾ, ਕੁਝ ਪਾਤਾਂ ਦਾ,
ਰੌਲਾ... ਦਿੱਤੀਆਂ ਕੁਝ ਸੌਗਾਤਾਂ ਦਾ।
ਕੁਝ ਕਿੱਸਿਆਂ ਦਾ, ਕੁਝ ਹਿੱਸਿਆਂ ਦਾ,
ਰੌਲਾ...ਮੈਂ ਮੇਰੀ ਦੀਆਂ ਅਣਖਾਂ ਦਾ।
ਕੁਝ ਗੱਲਾਂ ਦਾ, ਕੁਝ ਰੰਜ਼ਸਾਂ ਦਾ,
ਰੌਲਾ...ਕੁਝ ਮਨ ਦੀ ਹਉਮੇ ਦਾ।
ਕੁਝ ਸਾਥੀਆਂ ਦਾ, ਕੁਝ ਛੱਡ ਗਿਆ ਦਾ,
ਰੌਲਾ...ਸਹੀ ਹੋਣ ਦੇ ਦਾਅਵਿਆਂ ਦਾ।
ਕੁਝ ਬੇਸਮਝੀ ਦਾ, ਕੁਝ ਸਿਆਣਪ ਦਾ,
ਰੌਲਾ...ਕੀਤੇ ਕੁਝ ਵਾਅਦਿਆਂ ਦਾ।
ਦਿਲ ਦੇ ਕੁਝ ਕਰੀਬੀਆਂ ਦਾ,
ਰੌਲਾ...ਯਾਰਾਂ ਬੇਲੀਆਂ ਦਾ।
ਕੁਝ ਲੱਗੀਆ ਮੋਢੇ ਦੀਆਂ ਫੀਤੀਆ ਦਾ,
ਰੌਲਾ...ਹੋਂਦ ਮੇਰੀ ਅਣਦੇਖੀ ਦਾ।
ਕੁਝ ਰੇਤ ਦਾ, ਕੁਝ ਟਿੱਬਿਆਂ ਦਾ
ਰੌਲਾ...ਕੁਝ ਪੱਧਰੇ ਕੀਤੇ ਖੇਤਾਂ ਦਾ।
ਕੁਝ ਕੱਪੜਿਆਂ ਦਾ, ਕੁਝ ਸਿੱਕਿਆਂ ਦਾ,
ਰੌਲਾ...ਰੂਹ ਦੇ ਭੁੱਖਿਆਂ ਦਾ।
ਕੁਝ ਅਣਖਾਂ ਦਾ, ਕੁਝ ਕਤਲਾਂ ਦਾ,
ਰੌਲਾ...ਪਿਆਰ ਦੇ ਕਿੱਸਿਆਂ ਦਾ।
ਛੱਡ ਰੌਲਾ ‘ਸਿੱਧੂ’ ਸਮਝ ਦਿਲ ਦੀਆਂ ਬਾਤਾਂ ਨੂੰ,
ਮਾਣ ਕਰ ਨਾਲ ਖਲੋਤਿਆਂ ਦਾ।

**ਪਰਵੀਨ ਕੌਰ ਸਿੱਧੂ**
**੮੧੪੬੫੩੬੨੦੦**

## ਕੰਜ਼ਿਊਮਰਿਜ਼ਮ ਅਤੇ..

ਖਾਣਾਂ ਵਿੱਚੋਂ ਧਾਤਾਂ ਕੱਢਣ ਦਾ ਕਾਰਜ ਵਾਤਾਵਰਨ ਨੂੰ ਕਈ ਤਰਾਂ ਨੁਕਸਾਨ ਪਹੁੰਚਾਉਂਦਾ ਹੈ। ਉਦਾਹਰਨ ਲਈ ਖਾਣਾਂ ਵਿੱਚੋਂ ਧਾਤ ਕੱਢਣ ਲਈ ਬਹੁਤ ਸਾਰੀ ਧਰਤੀ ਨੂੰ ਪੁੱਟਣਾ ਪੈਂਦਾ ਹੈ, ਮੈਟਾਲਿਕ ਸਲਫਾਈਡਜ਼ ਦੀ ਔਕਸੀਡੇਸ਼ਨ ਕਾਰਨ ਤੇਜ਼ਾਬੀ ਮਾਦਾ ਪੈਦਾ ਹੁੰਦਾ ਹੈ ਜਿਹੜਾ ਧਰਤੀ ਹੇਠਲੇ ਅਤੇ ਧਰਤੀ ਉੱਪਰਲੇ ਪਾਣੀ ਨੂੰ ਪ੍ਰਦੂਸ਼ਤ ਕਰ ਸਕਦਾ ਹੈ, ਧਰਤੀ ਨੂੰ ਖੋਰਾ ਲੱਗ ਸਕਦਾ ਹੈ ਅਤੇ ਇਸ ਨਾਲ ਧਰਤੀ ਉੱਪਰਲੇ ਪਾਣੀ ਪ੍ਰਦੂਸ਼ਤ ਹੋ ਸਕਦਾ ਹੈ। ਧਰਤੀ ਨੂੰ ਖੋਰਾ ਲੱਗਣ ਕਾਰਨ ਧਰਤੀ ਦੀ ਉਪਰਲੀ ਤਹਿ (ਟੌਪ ਸੌਇਲ) ਅਤੇ ਉਸ ਵਿਚਲੇ ਤੱਤਾਂ ਦੇ ਇਕ ਥਾਂ ਤੋਂ ਦੂਜੀ ਥਾਂ ਨੂੰ ਤਬਦੀਲ ਹੋਣ ਕਾਰਨ ਮਿੱਟੀ ਦੀ ਬਣਤਰ, ਬਨਸਪਤੀ ਅਤੇ ਬਨਸਪਤੀ ਨੂੰ ਦੁਬਾਰਾ ਉਗਾਉਣ ਦੇ ਕਾਰਜ ਉੱਪਰ ਮਾੜੇ ਅਸਰ ਪੈ ਸਕਦੇ ਹਨ। ਇਸ ਦੇ ਨਾਲ ਨਾਲ ਖਾਣਾਂ ਵਿੱਚ ਵਰਤੇ ਜਾਂਦੇ ਕਈ ਤਰਾਂ ਦੇ ਰਸਾਇਣਕ ਪਦਾਰਥ ਆਲੇ ਦੁਆਲੇ ਦੇ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਇਸ ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਨਿਊ ਯੌਰਕ ਟਾਈਮਜ਼ ਵਿੱਚ 14 ਜੂਨ 2010 ਨੂੰ ਸੋਨੇ ਦੀਆਂ ਖਾਣਾਂ ਬਾਰੇ ਛਪੀ ਇਕ ਵਿਸਤ੍ਰਿਤ ਰਿਪੋਰਟ ਵਿੱਚੋਂ ਕੁਝ ਜਾਣਕਾਰੀ ਪੇਸ਼ ਕਰਾਂਗੇ। ਇਸ ਰਿਪੋਰਟ ਅਨੁਸਾਰ ਇਕ ਔਂਸ ਸੋਨਾ ਕੱਢਣ ਲਈ ਤਕਰੀਬਨ 30 ਟਨ ਕੱਚੀ ਧਾਤ ਪੁੱਟੀ ਜਾਂਦੀ ਹੈ ਅਤੇ ਕਈ ਖਾਣਾਂ ਵਿੱਚ ਇਹ ਮਾਤਰਾ 100 ਟਨ ਤੱਕ ਦੱਸੀ ਜਾਂਦੀ ਹੈ। ਕਈ ਵੱਡੀਆਂ ਖਾਣਾਂ ਵਿੱਚ ਹਰ ਰੋਜ਼ ਤਕਰੀਬਨ 5 ਲੱਖ ਟਨ ਮਿੱਟੀ ਉਲੱਦੀ/ਪਲੱਦੀ ਜਾਂਦੀ ਹੈ। ਫਿਰ ਕੱਚੀ ਧਾਤ ਵਿੱਚੋਂ ਸੋਨਾ ਵੱਖ ਕਰਨ ਲਈ ਉਸ ਉੱਪਰ ਪਤਲੇ ਸਾਈਨਾਈਡ ਦਾ ਛਿੜਕਾਅ ਕੀਤਾ ਜਾਂਦਾ ਹੈ। ਬਹੁਤੇ ਵਿਗਿਆਨੀਆਂ ਦਾ ਇਹ ਮੱਤ ਹੈ ਕਿ ਧੁੱਪ ਵਿੱਚ ਸਾਈਨਾਈਡ ਨਸ਼ਟ ਹੋ ਜਾਂਦਾ ਹੈ ਅਤੇ ਜੇ ਸਾਈਨਾਈਡ ਦਾ ਘੋਲ ਬਹੁਤ ਜ਼ਿਆਦਾ ਹਲਕਾ ਹੋਵੇ ਤਾਂ ਇਹ ਹਾਨੀਕਾਰਨ ਨਹੀਂ ਹੁੰਦਾ। ਪਰ ਅਮਰੀਕਾ ਦੇ ਜੀਓਲੌਜੀਕਲ ਸਰਵੇ ਵਲੋਂ ਸੰਨ 2000 ਵਿੱਚ ਕੀਤੇ ਇਕ ਅਧਿਅਨ ਵਿੱਚ ਇਹ ਦਾਅਵਾ ਕੀਤਾ ਗਿਆ ਸੀ ਕਿ ਸਾਈਨਾਈਡ ਹੋਰ ਜ਼ਹਿਰੀਲੇ ਰੂਪਾਂ ਵਿੱਚ ਬਦਲ ਸਕਦਾ ਹੈ ਅਤੇ ਕਈ ਚਿਰ ਤੱਕ ਮੌਜੂਦ ਰਹਿ ਸਕਦਾ ਹੈ ਖਾਸ ਕਰਕੇ ਠੰਢੇ ਵਾਤਾਵਰਨ ਵਿੱਚ। ਕੱਚੀ ਧਾਤ ਵਿੱਚੋਂ ਸੋਨਾ ਕੱਢਣ ਬਾਅਦ ਜਿਹੜੀ ਰਹਿੰਦ ਖੂਹੰਦ ਬੱਚਦੀ ਹੈ ਉਹ ਕਈ ਤਰਾਂ ਨਾਲ ਵਾਤਾਵਰਨ ਲਈ ਨੁਕਸਾਨਦੇਹ ਹੋ ਸਕਦੀ ਹੈ। ਇਸ ਰਿਪੋਰਟ ਵਿੱਚ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਦੇ ਹਵਾਲੇ ਨਾਲ ਕਿਹਾ ਗਿਆ ਹੈ, 'ਸੋਨੇ ਦੀਆਂ ਖਾਣਾਂ ਸਮੇਤ, ਧਾਤਾਂ ਦੀਆਂ ਕੁਝ ਖਾਣਾਂ ਪਰਮਾਣੂ ਰਹਿੰਦ-ਖੂਹੰਦ ਦੇ ਭੰਡਾਰਾਂ ਦੇ ਬਰਾਬਰ ਹਨ ਅਤੇ ਜਿਨਾਂ ਦੀ ਦੇਖਭਾਲ ਕਰਨ ਦੀ ਲੋੜ ਹਮੇਸ਼ਾਂ ਦੀ ਸਮੱਸਿਆ ਬਣ ਗਈ ਹੈ। ਹਾਰਡ-ਰੌਕ ਮਾਈਨਿੰਗ ਅਮਰੀਕਾ ਦੀ ਕਿਸੇ ਵੀ ਹੋਰ ਸਨਅਤ ਨਾਲੋਂ ਵੱਧ ਜ਼ਹਿਰੀਲੀ ਰਹਿੰਦ ਖੂਹਦ ਪੈਦਾ ਕਰਦੀ ਹੈ। ਏਜੰਸੀ ਨੇ ਪਿਛਲੇ ਸਾਲ ਅੰਦਾਜ਼ਾ ਲਾਇਆ ਸੀ ਕਿ ਧਾਤਾਂ ਦੀਆਂ ਖਾਣਾਂ ਦੀ ਸਫਾਈ ਕਰਨ ਦੀ ਲਾਗਤ 54 ਅਰਬ (ਬਿਲੀਅਨ) ਡਾਲਰ ਤੱਕ ਪਹੁੰਚ ਸਕਦੀ ਹੈ।'

ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇਸ ਸਮੇਂ ਦੁਨੀਆ ਦਾ 70 ਫੀਸਦੀ ਸੋਨਾ ਵਿਕਾਸਸ਼ੀਲ ਦੇਸ਼ਾਂ ਵਿੱਚ ਕੱਢਿਆ ਜਾਂਦਾ ਹੈ। ਆਲੋਚਕਾਂ ਦਾ ਦਾਅਵਾ ਹੈ ਕਿ ਇਹਨਾਂ ਦੇਸ਼ਾਂ ਵਿੱਚ ਸੋਨੇ ਦੀਆਂ ਖਾਣਾਂ ਦੀਆਂ ਮਾਲਕ ਕੰਪਨੀਆਂ ਅਜਿਹੇ ਢੰਗ ਵਰਤ ਰਹੀਆਂ ਹਨ ਜਿਹੜੇ ਉਹ ਅਮੀਰ ਦੇਸ਼ਾਂ ਵਿੱਚ ਨਹੀਂ ਵਰਤ ਸਕਦੀਆਂ। ਜਿਵੇਂ ਕਿ ਖਾਣਾਂ ਤੋਂ ਪੈਦਾ ਹੋਣ ਵਾਲੀ ਰਹਿੰਦ-ਖੂਹੰਦ ਨੂੰ ਦਰਿਆਵਾਂ, ਖਾੜੀਆਂ ਅਤੇ ਸਮੁੰਦਰਾਂ ਵਿੱਚ ਸੁੱਟਣਾ। ਇਸ ਰਿਪੋਰਟ ਵਿੱਚੋਂ ਵਿਕਾਸਸ਼ੀਲ ਦੇਸ਼ਾਂ ਵਿੱਚ ਸੋਨੇ ਦੀਆਂ ਖਾਣਾਂ ਨਾਲ ਸੰਬੰਧਤ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੁਝ ਘਟਨਾਵਾਂ ਸੰਖੇਪ ਵਿੱਚ ਪੇਸ਼ ਹਨ : ਜੂਨ 2010 ਵਿੱਚ ਫਿਲਪੀਨ ਦੇ ਇਕ ਸੂਬੇ ਨੇ ਦੁਨੀਆ ਵਿੱਚ ਪੰਜਵੇਂ ਨੰਬਰ 'ਤੇ ਆਉਂਦੀ ਕੈਨੇਡਾ ਆਧਾਰਿਤ ਕੰਪਨੀ ਪਲੇਸਰ ਡੋਮ ਉੱਪਰ ਮੁਕੱਦਮਾ ਕੀਤਾ ਸੀ ਕਿ ਇਸ ਕੰਪਨੀ ਨੇ ਸੋਨੇ ਦੀ ਖਾਣ ਵਿੱਚੋਂ ਪੈਦਾ ਹੋਣ ਵਾਲੀ ਰਹਿੰਦ-ਖੂੰਹਦ ਸੁੱਟ ਕੇ ਇਕ ਦਰਿਆ, ਖਾੜੀ ਅਤੇ ਮੂੰਗੇ ਦੀ ਚਟਾਨ (ਕੋਰਲ ਰੀਫ) ਨੂੰ ਨਸ਼ਟ ਕੀਤਾ ਸੀ। ਇਸ ਦੇ ਜੁਆਬ ਵਿੱਚ ਪਲੇਸਰ ਡੋਮ ਦਾ ਕਹਿਣਾ ਸੀ ਕਿ ਉਨਾਂ ਨੇ ਇਸ ਸਮੱਸਿਆ 'ਤੇ ਕਾਬੂ ਪਾ ਲਿਆ ਸੀ ਅਤੇ ਇਸ ਦੇ ਹੱਲ ਲਈ 7 ਕ੍ਰੋੜ (70 ਮਿਲੀਅਨ) ਡਾਲਰ ਖਰਚ ਕੀਤੇ ਸਨ ਅਤੇ 15 ਲੱਖ ਡਾਲਰ ਮੁਆਵਜ਼ੇ ਦੇ ਦਿੱਤੇ ਸਨ। ਸੰਨ 2001 ਵਿੱਚ ਆਸਟ੍ਰੇਲੀਆ ਦੀ ਕੰਪਨੀ ਬੀ ਐਚ ਪੀ ਬਿਲੀਟਨ ਕੰਪਨੀ ਨੇ ਪਾਪਾ ਨਿਊ ਗਿੰਨੀ ਵਿੱਚ 2400 ਏਕੜ ਰੇਨ ਫੋਰੈਸਟ ਨੂੰ ਨਸ਼ਟ ਕਰਨ ਬਾਅਦ ਓਕੇ ਟੈਡੀ ਨਾਮੀ ਖਾਣ ਵੇਚ ਦਿੱਤੀ ਸੀ।ਨਿਊਮੌਂਟ ਕੰਪਨੀ ਵਲੋਂ ਉੱਤਰੀ ਪੀਰੂ ਦੇ ਯਾਨਾਕੋਚਾ ਇਲਾਕੇ ਵਿੱਚ ਚਲਾਈ ਜਾਂਦੀ ਖਾਣ ਨੇ ਚਾਰਗਾਹਾਂ ਅਤੇ ਸੁੰਦਰ ਢਲਾਣਾਂ ਦੀ ਧਰਤੀ ਨੂੰ ਰੇਤੇ ਰੰਗੀਆਂ ਪਹਾੜੀਆਂ ਵਿੱਚ ਤਬਦੀਲ ਕਰ ਦਿੱਤਾ ਹੈ। ਇਹਨਾਂ ਰੇਤੇ ਰੰਗੀਆਂ ਪਹਾੜੀਆਂ ਉੱਪਰ ਪਾਈਪ ਵਿਛਾਏ ਗਏ ਹਨ ਤਾਂ ਕਿ ਇਸ ਮਿੱਟੀ 'ਚੋਂ ਸੋਨਾ ਵੱਖ ਕਰਨ ਲਈ ਇਸ ਉੱਪਰ ਸਾਈਨਾਈਡ ਦਾ ਲੱਖਾਂ ਟਨ ਘੋਲ ਛਿੜਕਾਇਆ ਜਾ ਸਕੇ।

ਯੂਨਾਈਟਡ ਨੇਸ਼ਨਜ਼ ਇਨਵਾਇਰਮੈਂਟ ਪ੍ਰੋਗਰਾਮ ਅਨੁਸਾਰ 1985-2000 ਦੇ ਵਿਚਕਾਰ ਸਾਈਨਾਈਡ ਵਾਲੀ ਰਹਿੰਦ ਖੂਹੰਦ ਦੇ ਦਰਜਨ ਤੋਂ ਵੱਧ ਭੰਡਾਰ ਢੱਠ ਗਏ ਸਨ। ਇਹਨਾਂ ਵਿੱਚ ਸਭ ਤੋਂ ਵੱਡੀ ਦੁਰਘਟਨਾ ਸੰਨ 2000 ਵਿੱਚ ਰੁਮਾਨੀਆ ਵਿੱਚ ਵਾਪਰੀ ਸੀ ਜਦੋਂ ਖਾਣ ਦੀ ਰਹਿੰਦ ਖੂੰਹਦ ਡਾਨੂਬੇ ਨਦੀ ਦੀ ਇਕ ਸਹਾਇਕ ਨਦੀ ਵਿੱਚ ਡਿਗ ਪਈ ਸੀ ਜਿਸ ਕਾਰਨ 1000 ਟਨ ਤੋਂ ਵੱਧ ਮੱਛੀਆਂ ਮਾਰੀਆਂ ਗਈਆਂ ਸਨ ਅਤੇ ਇਸ ਕਾਰਨ ਪੈਦਾ ਹੋਈ ਸਾਈਨਾਈਡ ਦੀ ਤਰੰਗ (ਪਲੂਮ) 1600 ਮੀਲ ਦਾ ਸਫਰ ਕਰਕੇ ਕਾਲੇ ਸਾਗਰ (ਬਲੈਕ ਸੀਅ) ਤੱਕ ਪਹੁੰਚ ਗਈ ਸੀ।

5 ਸੰਨ 1995 ਵਿੱਚ ਗਿੰਨੀ ਦੀ ਇਕ ਖਾਣ ਤੋਂ ਸਾਈਨਾਈਡ ਵਾਲੀ 7 ਲੱਖ 90 ਹਜ਼ਾਰ ਗੈਲਨ ਰਹਿੰਦ ਖੂਹੰਦ ਐਸਕੀਬੋ ਨਦੀ ਦੀ ਇਕ ਸਹਾਇਕ ਨਦੀ ਵਿੱਚ ਡਿੱਗ ਪਈ ਸੀ।

ਪਿਛਲੇ ਕੁਝ ਸਮੇਂ ਵਿੱਚ ਮਨੁੱਖ ਵਲੋਂ ਧਰਤੀ ਉੱਪਰ ਕੀਤੀ ਜਾਂਦੀ ਖੇਤੀਬਾੜੀ ਵਿੱਚ ਇਕ ਨਾਟਕੀ ਤਬਦੀਲੀ ਆਈ ਹੈ। ਅੱਜ ਦੀ ਖੇਤੀ ਵਿੱਚ ਖਾਦਾਂ, ਕੀਟਨਾਸ਼ਕ ਅਤੇ ਬੂਟੀਨਾਸ਼ਕ ਦਵਾਈਆਂ, ਪਾਣੀ ਆਦਿ ਦੀ ਵਰਤੋਂ ਬਹੁਤ ਵਧ ਗਈ ਹੈ। ਪਹਿਲਾਂ ਦੇ ਮੁਕਾਬਲੇ ਅੱਜ ਜ਼ਮੀਨ ਵਿੱਚ ਸਾਲ ਵਿੱਚ ਵੱਧ ਤੋਂ ਵੱਧ ਫਸਲਾਂ ਉਗਾਈਆਂ ਜਾ ਰਹੀਆਂ ਹਨ। ਭਾਂਤ-ਸੁਭਾਂਤੀ ਫਸਲਾਂ ਦੀ ਖੇਤੀ ਕਰਨ ਦੀ ਥਾਂ ਇਕ ਹੀ ਫਸਲ ਉਗਾਉਣ ਦਾ ਰੁਝਾਣ ਜ਼ੋਰ ਫੜ ਗਿਆ ਹੈ, ਜਿਸ ਨੂੰ ਮਾਹਰਾਂ ਨੇ ਮੋਨੋਕਲਚਰ ਦਾ ਨਾਂ ਦਿੱਤਾ ਹੈ। ਹੁਣ ਖੇਤੀ ਕਿਸਾਨ ਵਲੋਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਨਹੀਂ ਸਗੋਂ ਮੰਡੀ ਲਈ ਕੀਤੀ ਜਾਂਦੀ ਹੈ। ਖੇਤੀਬਾੜੀ ਵਾਲੀ ਜ਼ਮੀਨ ਦੇ ਬਹੁਤ ਸਾਰੇ ਹਿੱਸੇ ਦੀ ਮਾਲਕੀ ਲੋਕਾਂ ਦੀ ਥਾਂ ਵੱਡੀਆਂ ਕਾਰਪੋਰੇਸ਼ਨਾਂ ਕੋਲ ਆ ਗਈ ਹੈ ਅਤੇ ਕਾਰਪੋਰੇਸ਼ਨਾਂ ਖੇਤੀਬਾੜੀ ਆਪਣੀ ਨਿੱਜੀ ਲੋੜ ਦੀ ਪੂਰਤੀ ਲਈ ਨਹੀਂ ਸਗੋਂ ਮੁਨਾਫਾ ਕਮਾਉਣ ਲਈ ਕਰ ਰਹੀਆਂ ਹਨ। ਕਈ ਥਾਵਾਂ 'ਤੇ ਬੇਸ਼ੱਕ ਜ਼ਮੀਨ ਦੀ ਮਾਲਕੀ ਲੋਕਾਂ ਕੋਲ ਹੈ ਪਰ ਉਹ ਜ਼ਮੀਨ 'ਤੇ ਫਸਲਾਂ ਵੱਡੀਆਂ ਕਾਰਪੋਰੇਸ਼ਨਾਂ ਲਈ ਉਗਾਉਂਦੇ ਹਨ। ਨਤੀਜੇ ਵਜੋਂ ਖੇਤਾਂ ਵਿੱਚੋਂ ਉਗਾਈ ਜਾਣ ਵਾਲੀ ਪੈਦਾਵਾਰ ਬਾਰੇ ਫੈਸਲੇ ਵੱਡੀਆਂ ਕਾਰਪੋਰੇਸ਼ਨਾਂ ਹੀ ਕਰਦੀਆਂ ਹਨ। ਖੇਤੀਬਾੜੀ ਵਿੱਚ ਆਈਆਂ ਇਸ ਤਰਾਂ ਦੀਆਂ ਤਬਦੀਲੀਆਂ ਨੇ ਖੇਤੀਬਾੜੀ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਵਿੱਚ ਤਿੱਖਾ ਵਾਧਾ ਕੀਤਾ ਹੈ। ਇਸ ਸੰਬੰਧ ਵਿੱਚ ਏਥੇ ਬਹੁਤ ਸਾਰੇ ਅੰਕੜੇ ਦੇਣ ਦੀ ਲੋੜ ਨਹੀਂ। ਪੰਜਾਬੀ ਪੜਨ ਵਾਲਾ ਤਕਰੀਬਨ ਹਰ ਪਾਠਕ ਜਾਣਦਾ ਹੈ ਕਿ ਅੱਧੀ ਸਦੀ ਪਹਿਲਾਂ ਪੰਜਾਬ ਵਿੱਚ ਸ਼ੁਰੂ ਹੋਏ ਹਰੇ ਇਨਕਲਾਬ ਦੇ ਤਜਰਬੇ ਨੇ ਪੰਜਾਬ ਦੇ ਵਾਤਾਵਰਨ ਦਾ ਕਿਸ ਤਰਾਂ ਨੁਕਸਾਨ ਕੀਤਾ ਹੈ। ਇਸ ਤਜਰਬੇ ਕਾਰਨ ਪੰਜਾਬ ਦੀ ਧਰਤੀ ਖਾਦਾਂ ਦੀ ਅਮਲੀ ਹੋ ਗਈ ਹੈ; ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਪੱਧਰ ਹਰ ਸਾਲ ਹੇਠਾਂ ਜਾ ਰਹੀ ਹੈ ; ਫਸਲਾਂ 'ਤੇ ਵਰਤੀਆਂ ਜਾਂਦੀਆਂ ਕੀਟਨਾਸ਼ਕ ਅਤੇ ਬੂਟੀਨਾਸ਼ਕ ਦਵਾਈਆਂ ਨੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਕਰ ਦਿੱਤਾ ਹੈ ਅਤੇ ਪੰਜਾਬ ਦਾ ਨਰਮਾ ਉਗਾਉਣ ਵਾਲਾ ਖੇਤਰ ਕੈਂਸਰ ਵਾਲੇ ਖੇਤਰ ਵਜੋਂ ਜਾਣਿਆ ਜਾਂਦਾ ਹੈ।

ਖਾਣ ਵਾਲੀਆਂ ਵਸਤਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਧਰਤੀ ਦੇ ਅਤਿ ਜ਼ਰੂਰੀ ਜੰਗਲਾਂ ਦਾ ਸਫਾਇਆ ਕਰ ਨਵੀਂ ਧਰਤੀ ਖੇਤੀਬਾੜੀ ਅਧੀਨ ਲਿਆਂਦੀ ਜਾ ਰਹੀ ਹੈ। ਇਸ ਸੰਬੰਧ ਵਿੱਚ ਪਾਲਮ ਓਇਲ ਦੇ ਉਤਪਾਦਨ ਨਾਲ ਸੰਬੰਧਤ ਕੁਝ ਅੰਕੜੇ ਹੈਰਾਨ ਕਰਨ ਵਾਲੇ ਹਨ। ਪਾਲਮ ਓਇਲ ਦੀ ਵਰਤੋਂ ਕਈ ਤਰਾਂ ਦੀਆਂ ਕੰਜ਼ਿਊਮਰ ਵਸਤਾਂ ਵਿੱਚ ਕੀਤੀ ਜਾਂਦੀ ਹੈ ਜਿਵੇਂ ਕਿ ਚਾਕਲੇਟ, ਬ੍ਰੇਕਫਾਸਟ ਸੀਰੀਅਲ, ਮਾਰਜਰੀਨ, ਕ੍ਰੀਮ ਚੀਜ਼, ਓਵਨ ਚਿਪਸ, ਹੋਰ ਕਈ ਤਰਾਂ ਦੀ ਮਠਿਆਈਆਂ ਅਤੇ ਖਾਣੇ, ਸਾਬਣ, ਡਿਟੈਰਜੈਂਟ, ਅਤੇ ਬਾਇਓਫਿਊਲ। ਨਤੀਜੇ ਵਜੋਂ ਹਰ ਸਾਲ 4 ਕ੍ਰੋੜ ਟਨ ਪਾਲਮ ਓਇਲ ਪੈਦਾ ਹੁੰਦਾ ਹੈ ਜਿਸ ਦੀ ਕੀਮਤ 20 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਬਣਦੀ ਹੈ। (37) ਇੰਡੋਨੇਸ਼ੀਆ ਅਤੇ ਮਲੇਸ਼ੀਆ ਦੁਨੀਆ ਵਿੱਚ ਸਭ ਤੋਂ ਵੱਧ ਪਾਲਮ ਓਇਲ ਪੈਦਾ ਕਰਨ ਵਾਲੇ ਦੇਸ਼ ਹਨ। 1980ਵਿਆਂ ਤੋਂ ਲੈ ਕੇ ਪਾਲਮ ਓਇਲ ਦੀ ਖੇਤੀ ਹੇਠ ਆਉਣ ਵਾਲੀ ਜ਼ਮੀਨ ਦੇ ਰਕਬੇ ਵਿੱਚ ਤਿੰਨ ਗੁਣਾਂ ਦਾ ਵਾਧਾ ਹੋਇਆ ਹੈ ਅਤੇ ਸੰਨ 2005 ਤੱਕ ਇਹ ਰਕਬਾ 1.4 ਕ੍ਰੋੜ (14 ਮਿਲੀਅਨ) ਹੈਕਟੇਅਰ ਦੇ ਬਰਾਬਰ ਸੀ। (38) ਸੰਨ 2004 ਵਿੱਚ ਛਪੀ ਗਰੀਨ ਪੀਸ ਦੀ ਇਕ ਰਿਪੋਰਟ ਅਨੁਸਾਰ ਸੰਨ 1995 ਅਤੇ 2005 ਵਿੱਚਕਾਰ ਇਕੱਲੇ ਇੰਡੋਨੇਸ਼ੀਆ ਵਿੱਚ ਪਾਲਮ ਓਇਲ ਦੀ ਖੇਤੀ ਅਧੀਨ ਆਉਣ ਵਾਲੀ ਜ਼ਮੀਨ ਵਿੱਚ ਤਿੰਨ ਗੁਣਾਂ ਵਾਧਾ ਹੋਇਆ ਸੀ ਅਤੇ ਸੰਨ 2007 ਤੱਕ ਉੱਥੇ 60 ਲੱਖ ਹੈਕਟੇਅਰ ਦੇ ਕਰੀਬ ਧਰਤੀ ਪਾਲਮ ਓਇਲ ਦੀ ਖੇਤੀ ਅਧੀਨ ਆ ਚੁੱਕੀ ਸੀ ਅਤੇ ਲੱਖਾਂ ਹੈਕਟੇਅਰ ਹੋਰ ਧਰਤੀ ਨੂੰ ਇਸ ਖੇਤੀ ਅਧੀਨ ਲਿਆਉਣ ਦੀ ਯੋਜਨਾ ਸੀ।

ਪਾਲਮ ਓਇਲ ਦੀ ਖੇਤੀ ਲਈ ਇਹ ਸਾਰੀ ਜ਼ਮੀਨ ਇੰਡੋਨੇਸ਼ੀਆ ਦੇ ਜੰਗਲਾਂ ਦਾ ਸਫਾਇਆ ਕਰਕੇ ਤਿਆਰ ਕੀਤੀ ਜਾ ਰਹੀ ਹੈ। ਇਹਨਾਂ ਜੰਗਲਾਂ ਦੀ ਧਰਤੀ ਦੇ ਈਕੋਸਿਸਟਮ ਵਿੱਚ ਬਹੁਤ ਮਹੱਤਵਪੂਰਨ ਥਾਂ ਹੈ। ਇਹ ਜੰਗਲ ਬਹੁਤ ਸਾਰੇ ਜੀਵ-ਜੰਤੂਆਂ ਅਤੇ ਪੌਦਿਆਂ ਦੇ ਘਰ ਹਨ। ਲੱਖਾਂ ਲੋਕ ਖਾਣੇ, ਪਾਣੀ, ਦਵਾਈਆਂ ਅਤੇ ਆਪਣੀਆਂ ਹੋਰ ਮੁਢਲੀਆਂ ਲੋੜਾਂ ਲਈ ਇਹਨਾਂ ਜੰਗਲਾਂ ਉੱਪਰ ਨਿਰਭਰ ਕਰਦੇ ਹਨ। ਧਰਤੀ 'ਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਨੂੰ ਨਿਯੰਤਰਣ ਕਰਨ ਵਿੱਚ ਇਹਨਾਂ ਜੰਗਲਾਂ ਦੀ ਵੱਡੀ ਭੂਮਿਕਾ ਹੈ। ਇਸ ਦੇ ਨਾਲ ਨਾਲ ਜੰਗਲ ਬਹੁਤ ਸਾਰੀ ਕਾਰਬਨ ਨੂੰ ਆਪਣੇ ਅੰਦਰ ਸਮੇਟੀ ਰੱਖਦੇ ਹਨ। ਜਦੋਂ ਜੰਗਲ ਨਸ਼ਟ ਕੀਤੇ ਜਾਂਦੇ ਹਨ ਤਾਂ ਬਹੁਤ ਸਾਰੀਆਂ ਗਰੀਨ ਹਾਊਸ ਗੈਸਾਂ ਵਾਤਾਵਰਨ ਵਿੱਚ ਛੱਡੀਆਂ ਜਾਂਦੀਆਂ ਹਨ। ਸੰਨ 2007 ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਗਰੀਨਹਾਊਸ ਗੈਸਾਂ ਛੱਡਣ ਵਾਲੇ ਦੇਸ਼ਾਂ ਵਿੱਚੋਂ ਇੰਡੋਨੇਸ਼ੀਆ ਦਾ ਨੰਬਰ ਤੀਜਾ ਸੀ। ਅਜਿਹਾ ਇਸ ਕਰਕੇ ਸੀ ਕਿਉਂਕਿ ਇੰਡੋਨੇਸ਼ੀਆ ਆਪਣੀਆਂ ਪੀਟਲੈਂਡਜ਼ ਅਤੇ ਤਪਤ-ਖੰਡੀ ਜੰਗਲਾਂ ਦਾ ਸਫਾਇਆ ਕਰਕੇ ਨਵੀਂ ਧਰਤੀ ਪਾਲਮ ਓਇਲ ਦੀ ਖੇਤੀ ਅਧੀਨ ਲਿਆ ਰਿਹਾ ਹੈ।

ਦੁਨੀਆ ਵਿੱਚ ਮੀਟ ਦੀ ਵੱਧ ਰਹੀ ਖਪਤ ਵੀ ਜੰਗਲਾਂ ਦੇ ਵਿਨਾਸ਼ ਦਾ ਵੱਡਾ ਕਾਰਨ ਮੰਨੀ ਜਾ ਰਹੀ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਬਰਾਜ਼ੀਲ ਦੁਨੀਆਂ ਵਿੱਚ ਗਾਂ ਦੇ ਮੀਟ ਦੇ ਉਤਪਾਦਨ ਵਾਲੇ ਇਕ ਮੁੱਖ ਦੇਸ਼ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਸੰਨ 2003 ਵਿੱਚ ਬਰਾਜ਼ੀਲ ਨੇ 12 ਲੱਖ (1.2 ਮਿਲੀਅਨ) ਮੀਟਰਿਕ ਟਨ ਗਾਂ ਦਾ ਮੀਟ ਨਿਰਯਾਤ ਕੀਤਾ ਜਦੋਂ ਕਿ ਸੰਨ 1997 ਵਿੱਚ ਇਹ ਮਾਤਰਾ 2 ਲੱਖ 32 ਹਜ਼ਾਰ ਮੀਟਰਕ ਟਨ ਸੀ। ਮੀਟ ਦੇ ਉਤਪਾਦਨ ਵਿੱਚ ਹੋਏ ਇਸ ਵਾਧੇ ਦਾ 80 ਫੀਸਦੀ ਹਿੱਸਾ ਬਰਾਜ਼ੀਲ ਦੇ ਐਮਾਜ਼ਾਨ ਖੇਤਰ ਵਿੱਚ ਪੈਦਾ ਕੀਤਾ ਗਿਆ ਸੀ। ਉਸ ਸਮੇਂ ਐਮਾਜ਼ਾਨ ਦੇ ਖੇਤਰ ਵਿੱਚ ਹਰ ਸਾਲ 25 ਲੱਖ (2.5 ਮਿਲੀਅਨ) ਹੈਕਟੇਅਰ ਜਾਂ 9500 ਵਰਗ ਮੀਲ ਦੇ ਬਰਾਬਰ ਜੰਗਲਾਂ ਦਾ ਸਫਾਇਆ ਹੋ ਰਿਹਾ ਸੀ। ਜੰਗਲਾਂ ਦੇ ਇਸ ਤਰਾਂ ਦੇ ਖਾਤਮੇ ਵਿੱਚ ਜੰਗਲ ਕੱਟ ਕੇ ਗਾਂਵਾਂ ਪਾਲਣ ਲਈ ਚਾਰਗਾਹਾਂ ਬਣਾਉਣ ਅਤੇ ਪਸ਼ੂਆਂ ਦੀ ਖੁਰਾਕ ਲਈ ਅਨਾਜ ਪੈਦਾ ਕਰਨ ਲਈ ਧਰਤੀ ਨੂੰ ਖੇਤੀਯੋਗ ਬਣਾਉਣ ਦੀ ਅਹਿਮ ਭੂਮਿਕਾ ਸੀ। ਸੈਂਟਰ ਫਾਰ ਇੰਟਰਨੈਸ਼ਨਲ ਫੌਰਸਟਰੀ ਰਿਸਰਚ ਦੇ ਡਾਇਰੈਕਟਰ ਜਨਰਲ ਦੇ ਸ਼ਬਦਾਂ ਵਿੱਚ 'ਬਰਾਜ਼ੀਲ ਵਿੱਚ ਜੰਗਲਾਂ ਦੇ ਖਾਤਮੇ ਦੀ ਦਰ ਅਸਮਾਨ ਨੂੰ ਛੂਹ ਰਹੀ ਹੈ ਅਤੇ ਗਾਂ ਦੇ ਮੀਟ ਦਾ ਨਿਰਯਾਤ ਕਰਨ ਲਈ ਕੀਤਾ ਜਾਂਦਾ ਉਤਪਾਦਨ ਇਸ ਲਈ ਜ਼ਿੰਮੇਵਾਰ ਹੈ।'

ਦੁਨੀਆ ਵਿੱਚ ਵੱਧ ਰਹੀ ਮੀਟ ਦੀ ਮੰਗ ਜੰਗਲਾਂ ਦਾ ਸਫਾਇਆ ਕਰਨ ਵਿੱਚ ਹੀ ਆਪਣਾ ਹਿੱਸਾ ਨਹੀਂ ਪਾ ਰਹੀ ਸਗੋਂ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਫੈਲਾਉਣ ਵਿੱਚ ਵੀ ਇਸ ਦੀ ਮਹੱਤਵਪੂਰਨ ਭੂਮਿਕਾ ਹੈ। ਯੂਨਾਈਟਡ ਨੇਸ਼ਨਜ਼ ਦੀ ਫੂਡ ਐਂਡ ਐਗਰੀਕਲਚਰਲ ਸੰਸਥਾ ਵਲੋਂ 2006 ਵਿੱਚ ਛਾਪੀ ਗਈ ਇਕ ਰਿਪੋਰਟ ਅਨੁਸਾਰ ਲਾਈਵਸਟੌਕ (ਪਸ਼ੂਆਂ ਦੇ ਉਤਪਾਦਨ ਦਾ) ਸੈਕਟਰ ਵਾਤਾਵਰਨ ਵਿੱਚ 18 ਫੀਸਦੀ ਦੇ ਬਰਾਬਰ ਗਰੀਨਹਾਊਸ ਗੈਸਾਂ ਫੈਲਾਉਣ ਲਈ ਜ਼ਿੰਮੇਵਾਰ ਹੈ।

ਇਕ ਹੋਰ ਰਿਪੋਰਟ ਅਨੁਸਾਰ ਜਿੰਨੀਆਂ ਗਰੀਨਹਾਊਸ ਗੈਸਾਂ 1 ਕਿਲੋਗ੍ਰਾਮ ਗਾਂ ਦੇ ਮੀਟ ਦੇ ਉਤਪਾਦਨ ਕਾਰਨ ਵਾਤਾਵਰਨ ਵਿੱਚ ਫੈਲਾਈਆਂ ਜਾਂਦੀਆਂ ਹਨ, ਉਨੀਆਂ ਗਰੀਨਹਾਊਸ ਗੈਸਾਂ ਯੂਰਪ ਵਿੱਚ ਇਕ ਔਸਤ ਕਾਰ 155 ਮੀਲ ਚੱਲਣ ਤੋਂ ਬਾਅਦ ਫੈਲਾਉਂਦੀ ਹੈ ਅਤੇ ਜਿੰਨੀ ਊਰਜਾ (ਐਨਰਜੀ) 1 ਕਿਲੋਗ੍ਰਾਮ ਗਾਂ ਦਾ ਮੀਟ ਪੈਦਾ ਕਰਨ 'ਤੇ ਲੱਗਦੀ ਹੈ, ਉਨੀ ਊਰਜਾ ਨਾਲ 100 ਵਾਟ ਦੇ ਇਕ ਬਲਬ ਨੂੰ 20 ਦਿਨਾਂ ਤੱਕ ਜਗਦਾ ਰੱਖਿਆ ਜਾ ਸਕਦਾ ਹੈ।

ਵਸਤਾਂ ਨੂੰ ਬਣਾਉਣ ਜਾਂ ਪੈਦਾਵਾਰ ਕਰਨ 'ਤੇ ਲੱਗਣ ਵਾਲਾ ਮਾਲ ਹੀ ਧਰਤੀ ਦੇ ਵਸੀਲਿਆਂ ਦੀ ਖਪਤ ਅਤੇ ਵਾਤਾਵਰਨ ਦੇ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਦੀ ਵਰਤੋਂ ਵੀ ਧਰਤੀ ਦੇ ਵਸੀਲਿਆਂ ਦੀ ਖਪਤ ਲਈ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਹੈ। ਇਸ ਸਬੰਧ ਵਿੱਚ ਕਾਰਾਂ ਦੀ ਉਦਾਹਰਨ ਲਈ ਜਾ ਸਕਦੀ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਦੁਨੀਆ ਵਿੱਚ ਖਪਤ ਹੋਣ ਵਾਲੀ ਕੁੱਲ ਰਬੜ ਦਾ ਅੱਧਾ ਹਿੱਸਾ, ਕੁੱਲ ਸ਼ੀਸ਼ੇ ਦਾ ਚੌਥਾ ਹਿੱਸਾ ਅਤੇ ਕੁੱਲ ਸਟੀਲ ਦਾ 15 ਫੀਸਦੀ ਹਿੱਸਾ ਕਾਰਾਂ ਦੇ ਉਤਪਾਦਨ ਲਈ ਵਰਤਿਆ ਗਿਆ ਹੈ। ਇਸ ਦੇ ਨਾਲ ਨਾਲ ਇਕੱਲੀਆਂ ਪੈਸੰਜਰ ਕਾਰਾਂ ਹੀ ਹਰ ਸਾਲ ਦੁਨੀਆ ਵਿੱਚ ਵਰਤੀ ਜਾਂਦੀ ਕੁੱਲ ਊਰਜਾ (ਐਨਰਜੀ) ਦਾ 15 ਫੀਸਦੀ ਹਿੱਸਾ ਵਰਤਦੀਆਂ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਾਰਾਂ ਲਈ ਸੜਕਾਂ ਬਣਾਉਣ ਅਤੇ ਸੜਕਾਂ ਦੀ ਦੇਖਭਾਲ ਉੱਪਰ ਖਰਚ ਆਉਣ ਵਾਲੀ ਊਰਜਾ ਇਸ 15 ਫੀਸਦੀ ਵਿੱਚ ਜਮਾਂ ਨਹੀਂ ਕੀਤੀ ਗਈ।

ਇਹ ਗੱਲ ਵੀ ਅਸੀਂ ਸਾਰੇ ਜਾਣਦੇ ਹਾਂ ਕਿ ਤੇਲ-ਪੈਟਰੋਲ ਆਦਿ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਵਾਤਾਵਰਨ ਵਿੱਚ ਗਰੀਨਹਾਊਸਾਂ ਗੈਸਾਂ ਫੈਲਾਉਣ ਵਿੱਚ ਅਹਿਮ ਭੂਮਿਕਾ ਹੈ। ਇਸ ਸਮੇਂ ਦੁਨੀਆ ਵਿੱਚ ਊਰਜਾ ਦੀ ਵਰਤੋਂ ਕਾਰਨ ਵਾਤਾਵਰਨ ਵਿੱਚ ਫੈਲਣ ਵਾਲੀ ਕਾਰਬਨ ਡਾਇਔਕਸਾਈਡ ਦਾ ਤਕਰੀਬਨ ਪੰਜਵਾਂ ਹਿੱਸਾ ਮੋਟਰ-ਕਾਰਾਂ ਦੀ ਵਰਤੋਂ ਕਾਰਨ ਪੈਦਾ ਹੁੰਦਾ ਹੈ।

ਇਕ ਕਾਰ ਵਲੋਂ ਸਾਲ ਵਿੱਚ ਔਸਤਨ ਕਿੰਨੀ ਕੁ ਕਾਰਬਨ ਡਾਇਔਕਸਾਈਡ ਛੱਡੀ ਜਾਂਦੀ ਹੈ ? ਇਹ ਦਰ ਹਾਲਤਾਂ ਦੇ ਵੱਖਰੇਵਿੰਆਂ ਕਾਰਨ ਵੱਖ ਵੱਖ ਦੇਸ਼ਾਂ ਵਿੱਚ ਵੱਖਰੀ ਹੈ। ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਅਮਰੀਕਾ ਵਿੱਚ ਸਾਲ ਵਿੱਚ ਇਕ ਕਾਰ ਔਸਤਨ 500 ਗੈਲਨ ਤੇਲ ਖਾਂਦੀ ਹੈ ਅਤੇ ਗੱਡੀ ਵਿੱਚ ਬਲੇ ਪੈਟਰੋਲ ਦੀ ਇਕ ਗੈਲਨ ਵਾਤਾਵਰਨ ਵਿੱਚ 8.8 ਕਿਲੋਗ੍ਰਾਮ ਜਾਂ 19.4 ਪੌਂਡ ਕਾਰਬਨ ਡਾਇਔਕਸਾਈਡ ਫੈਲਾਉਂਦੀ ਹੈ ਅਤੇ ਡੀਜ਼ਲ ਦੀ ਇਕ ਗੈਲਨ ਵਾਤਾਵਰਨ ਵਿੱਚ 10.1 ਕਿਲੋਗ੍ਰਾਮ ਜਾਂ 22.2 ਪੌਂਡ ਕਾਰਬਨ ਡਾਇਔਕਸਾਈਡ ਫੈਲਾਉਂਦੀ ਹੈ।

ਇਸ ਸਮੇਂ ਇਕੱਲੇ ਅਮਰੀਕਾ ਵਿੱਚ ਕਾਰਾਂ ਦੀ ਗਿਣਤੀ 25 ਕਰੋੜ (250 ਮਿਲੀਅਨ) ਦੇ ਕਰੀਬ ਦੱਸੀ ਜਾਂਦੀ ਹੈ। (47) ਇਹ ਕਾਰਾਂ ਸਾਲ ਵਿੱਚ ਕਿੰਨੀ ਕਾਰਬਨ ਡਾਇਔਕਸਾਈਡ ਵਾਤਾਵਰਨ ਵਿੱਚ ਫੈਲਾਉਂਦੀਆਂ ਹੋਣਗੀਆਂ ਉਸ ਦਾ ਹਿਸਾਬ ਤੁਸੀਂ ਆਪ ਲਾ ਸਕਦੇ ਹੋ।

ਵਸਤਾਂ ਦੇ ਇਸਤੇਮਾਲ ਦੌਰਾਨ ਵਰਤੇ ਜਾਂਦੇ ਵਸੀਲਿਆਂ ਅਤੇ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਸੰਬੰਧ ਵਿੱਚ ਅਸੀਂ ਮੋਬਾਈਲ ਜਾਂ ਸੈੱਲ ਫੋਨਾਂ ਦੇ ਸਬੰਧ ਵਿੱਚ ਕੁਝ ਤੱਥ ਹਿੰਦੁਸਤਾਨ ਬਾਰੇ ਪੇਸ਼ ਕਰਾਂਗੇ। ਪਿਛਲੇ ਕੁਝ ਸਮੇਂ ਵਿੱਚ ਹਿੰਦੁਸਤਾਨ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ਦਾ ਵੱਡੀ ਪੱਧਰ 'ਤੇ ਪਸਾਰ ਹੋਇਆ ਹੈ। ਮਾਰਚ 2011 ਤੱਕ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਮੋਬਾਈਲ ਫੋਨ ਰੱਖਣ ਵਾਲਿਆਂ (ਸਬਸਕਰਾਈਬਰਜ਼) ਦੀ ਗਿਣਤੀ 81 ਕਰੋੜ 16 ਲੱਖ (811.59 ਮਿਲੀਅਨ) ਸੀ ਅਤੇ ਸੰਨ 2013 ਤੱਕ ਇਸ ਗਿਣਤੀ ਦੇ 1.159 ਅਰਬ (ਬਿਲੀਅਨ) ਤੱਕ ਪਹੁੰਚ ਜਾਣ ਦਾ ਅਨੁਮਾਨ ਹੈ।

ਮੋਬਾਈਲ ਫੋਨਾਂ ਦੇ ਇਹਨਾਂ ਸਾਰੇ ਗਾਹਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਰਵਿਸ ਮੁਹੱਈਆ ਕਰਨ ਲਈ ਸਰਵਿਸ ਦੇਣ ਵਾਲੀਆਂ ਕੰਪਨੀਆਂ ਨੂੰ ਬਹੁਤ ਵੱਡੀ ਮਾਤਰਾ ਵਿੱਚ ਬਿਜਲੀ ਦੀ ਲੋੜ ਪੈਂਦੀ ਹੈ ਜੋ ਕਿ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਫੈਲਾਉਣ ਦਾ ਕਾਰਨ ਬਣਦੀ ਹੈ। ਮਈ 2011 ਨੂੰ ਗਰੀਨ ਪੀਸ ਵਲੋਂ ਪੇਸ਼ ਕੀਤੀ ਇਕ ਰਿਪੋਰਟ ਅਨੁਸਾਰ ਇਸ ਸਮੇਂ ਹਿੰਦੁਸਤਾਨ ਦੇ ਟੈਲੀਕੋਮ ਸੈਕਟਰ ਨੂੰ ਆਪਣੇ ਬੁਨਿਆਦੀ ਢਾਂਚੇ ਦੇ ਨੈੱਟਵਰਕ (ਨੈੱਟਵਰਕ ਇਨਫਰਾਸਟਰਕਚਰ) ਲਈ ਸਾਲਾਨਾ ਬਿਜਲੀ ਦੀਆਂ 14 ਅਰਬ (ਬਿਲੀਅਨ) ਯੂਨਿਟਾਂ ਦੀ ਲੋੜ ਹੈ ਅਤੇ 20 12 ਤੱਕ ਇਹ ਲੋੜ 26 ਅਰਬ (ਬਿਲੀਅਨ) ਯੂਨਿਟਾਂ ਤੱਕ ਪਹੁੰਚ ਜਾਏਗੀ। ਇਸ ਸੈਕਟਰ ਦੇ ਬੁਨਿਆਦੀ ਢਾਂਚੇ ਵਿੱਚ ਸ਼ਾਮਲ 4 ਲੱਖ ਮੋਬਾਈਲ ਟਾਵਰਾਂ ਦਾ ਇਕ ਹਿੱਸਾ ਅਜਿਹੀਆਂ ਥਾਂਵਾਂ 'ਤੇ ਸਥਿਤ ਹੈ ਜਿੱਥੇ ਉਨਾਂ ਦੇ ਗਰਿੱਡ ਤੋਂ ਮਿਲਣ ਵਾਲੀ ਬਿਜਲੀ ਨਾਲ ਕੁਨੈਕਸ਼ਨ ਨਹੀਂ ਹਨ। ਇਸ ਕਰਕੇ ਉਹ ਆਪਣੀਆਂ ਬਿਜਲੀ ਲੋੜਾਂ ਲਈ ਡੀਜ਼ਲ ਜਨਰੇਟਰਾਂ 'ਤੇ ਨਿਰਭਰ ਹਨ। ਇਨਾਂ ਟਾਵਰਾਂ ਵਿੱਚ ਇਕ ਹਿੱਸਾ ਟਾਵਰ ਉਹ ਹਨ ਜਿਨਾਂ ਦੇ ਗਰਿੱਡ ਤੋਂ ਮਿਲਣ ਵਾਲੀ ਬਿਜਲੀ ਨਾਲ ਕੁਨੈਕਸ਼ਨ ਤਾਂ ਹਨ ਪਰ ਉਨਾਂ ਨੂੰ ਗਰਿੱਡ ਤੋਂ ਮਿਲਣ ਵਾਲੀ ਬਿਜਲੀ ਹਮੇਸ਼ਾ ਪ੍ਰਾਪਤ ਨਹੀਂ ਹੁੰਦੀ। ਨਤੀਜੇ ਵਜੋਂ ਉਨਾਂ ਨੂੰ ਵੀ ਆਪਣੀਆਂ ਬਿਜਲੀ ਲੋੜਾਂ ਦੇ ਕੁਝ ਹਿੱਸੇ ਲਈ ਡੀਜ਼ਲ ਜਨਰੇਟਰਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਗਰੀਨਪੀਸ ਦੀ ਰਿਪੋਰਟ ਮੁਤਾਬਕ ਹਿੰਦੁਸਤਾਨ ਦਾ ਟੈਲੀਕੌਮ ਸੈਕਟਰ ਆਪਣੀਆਂ ਬਿਜਲੀ ਲੋੜਾਂ ਦੀ ਪੂਰਤੀ ਲਈ ਸਾਲਾਨਾ 3 ਅਰਬ (ਬਿਲੀਅਨ) ਲੀਟਰ ਡੀਜ਼ਲ ਦੀ ਵਰਤੋਂ ਕਰਦਾ ਹੈ।

ਜਦੋਂ ਡੀਜ਼ਲ ਦਾ 1 ਲੀਟਰ ਬਲਦਾ ਹੈ ਤਾਂ ਇਹ ਵਾਤਾਵਰਨ ਵਿੱਚ 2.7 ਕਿਲੋਗ੍ਰਾਮ ਕਾਰਬਨ ਡਾਇਔਕਸਾਈਡ ਛੱਡਦਾ ਹੈ। ਇਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਸਿਰਫ ਮੋਬਾਈਲ ਫੋਨਾਂ ਦੀ ਵਰਤੋਂ ਨਾਲ ਹੀ ਹਿੰਦੁਸਤਾਨ ਵਿੱਚ ਇਕ ਸਾਲ ਵਿੱਚ ਕਿੰਨੀ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਛੱਡੀ ਜਾਂਦੀ ਹੈ।

(ਚਲਦਾ...)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਭਾਗ 2

# ਗ਼ਫ਼ੂਰ ਸੀ ਉਸਦਾ ਨਾਓਂ



ਦਲੀਪ ਕੌਰ ਟਿਵਾਣਾ

ਇੱਕ ਦਿਨ ਸਾਈਂ ਨੇ ਕਿਸੇ ਦੇ ਖੇਤ ਵਿੱਚੋਂ ਛੱਲੀਆਂ ਤੋੜ ਕੇ ਖੇਤ ਵਿੱਚ ਹੀ ਭੁੰਨ ਕੇ ਖਾ ਲਈਆਂ। ਖੂਹ ਉਪਰ ਬੈਠੇ ਜਿਸ ਬੁੜੇ ਦੇ ਹੁੱਕੇ ਵਿੱਚੋਂ ਅੱਗ ਲੈ ਕੇ ਉਸਨੇ ਕੱਠੇ ਕੀਤੇ ਡੱਕਿਆਂ ਨੂੰ ਅੱਗ ਲਾ ਕੇ ਛੱਲੀਆਂ ਭੁੰਨੀਆਂ ਸੀ ਉਸੇ ਬੁੜੇ ਨੇ ਖੇਤ ਦੇ ਮਾਲਕ ਨੂੰ ਦੱਸ ਦਿੱਤਾ। ਉਸ ਨੇ ਇਸ ਨੂੰ ਬੜਾ ਕੁੱਟਿਆ। ਬਾਬਾ ਜੀ ਕਿਤੇ ਉਧਰੋਂ ਲੰਘ ਰਹੇ ਸੀ। ਉਹ ਉਸ ਨੂੰ ਆਪਣੇ ਨਾਲ ਆਪਣੇ ਘਰ ਲਿਆਏ ਤੇ ਕਹਿਣ ਲੱਗੇ ਕਿ ਇਸ ਮਛੋਹਰ ਦਾ ਦੁਨੀਆਂ ਵਿੱਚ ਕੌਣ ਐ। ਮਾਂ ਪਿਓ ਮਰ ਗਏ ਨੇ। ਖਾਲੀ ਇੱਕ ਕੋਠੜੀ ਐ ਜਿੱਥੇ ਸੌਂ ਜਾਂਦੈ। ਗੁਰਦੁਆਰੇ ਵਾਲਾ ਭਾਈ ਵੀ ਹਰ ਰੋਜ਼ ਰੋਟੀ ਨਹੀਂ ਦਿੰਦਾ। ਬਾਬਾ ਜੀ ਆਖਣ ਲੱਗੇ ਕਿ ਸਾਡੇ ਇੱਥੇ ਰਹਿ ਕੇ ਥੋੜਾ ਬਹੁਤਾ ਕੰਮ ਕਰ ਲਿਆ ਕਰੇਗਾ ਤੇ ਰੋਟੀ ਖਾ ਲਿਆ ਕਰੇਗਾ।

'ਕਿੰਨੇ ਵਰ੍ਹੇ ਹੋ ਗਏ ਸਨ ਸਾਈਂ ਨੂੰ ਸਾਡੇ ਘਰੇ ਰਹਿੰਦੇ। ਹੁਣ ਕੋਈ ਵੀ ਕੰਮ ਦੱਸਣਾ ਨਹੀਂ ਪੈਂਦਾ। ਘੋੜੀ ਨੂੰ ਪਾਣੀ ਪਿਲਾਉਣਾ ਜਾਂ ਮੱਝਾਂ ਨੂੰ ਸੰਨੀ ਰਲਾਉਣੀ ਹੋਵੇ ਜਾਂ ਮੀਂਹ-ਕਣੀ ਵੇਲੇ ਕੋਠੇ 'ਤੋਂ ਮੰਜੇ ਲਾਹੁਣੇ ਹੋਣ ਜਾਂ ਕਣਕ ਪਿਹਾ ਕੇ ਲਿਆਉਣੀ ਹੋਵੇ ਨਿੱਕੇ-ਮੋਟੇ ਸਾਰੇ ਕੰਮ ਕਰ ਦਿੰਦਾ। ਹੁਣ ਤਾਂ ਵਿਚਾਰਾ ਬੁੱਢਾ ਹੋ ਚੱਲਿਐ।' ਬੇਜੀ ਦੱਸ ਰਹੇ ਸਨ।

ਸਾਈਂ ਨੂੰ ਲੱਗਿਆ ਜਿਵੇਂ ਮਾਂ ਜੀ ਕਿਸੇ ਹੋਰ ਦੀ ਗੱਲ ਕਰ ਰਹੇ ਨੇ। ਉਸ ਦੇ ਨਾ ਕੋਈ ਅੱਬਾ ਸੀ ਨਾ ਅੰਮਾ ਸੀ, ਉਹ ਤਾਂ ਹਮੇਸ਼ਾ ਤੋਂ ਇੱਥੇ ਹੀ ਰਹਿ ਰਿਹਾ ਸੀ। ਇਉਂ ਹੀ ਰਹਿ ਰਿਹਾ ਸੀ। ਰੋਟੀ ਮਾਂ ਜੀ ਦੇ ਦਿੰਦੇ ਸਨ। ਹੋਰ ਉਸ ਦੀ ਕੋਈ ਲੋੜ ਹੀ ਨਹੀਂ ਸੀ।

ਰਾਤ ਹੋਣ ਤੋਂ ਪਹਿਲਾਂ ਗ਼ਫ਼ੂਰ ਮੇਲੇ ਤੋਂ ਮੁੜ ਆਇਆ। ਉਹ ਖੁਸ਼ ਸੀ। ਉਸ ਨੇ ਮਾਂ ਜੀ ਨੂੰ ਚੀਜ਼ਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਮੰਗੂ ਕੱਟੀ ਲਈ ਮਣਕਿਆਂ ਦੀ ਗਾਨੀ ਲੈ ਕੇ ਆਇਆ ਸੀ ਇੱਕ ਆਨੇ ਦੀ। ਚਾਰ ਆਨਿਆਂ ਦੇ ਪੰਜਾਹ ਬੰਟੇ। ਇੱਕ ਮਾਂ ਜੀ ਲਈ ਜੂੰਆਂ ਵਾਲੀ ਲੱਕੜ ਦੀ ਕੰਘੀ ਜਦੋਂ ਮਾਂ ਜੀ ਨੂੰ ਦੇਣ ਲੱਗਿਆ ਤਾਂ ਉਨਾਂ ਨੇ ਕਿਹਾ, 'ਦੁਰ ਫਿੱਟੇ ਮੂੰਹ। ਮੇਰੇ ਜੂੰਆਂ ਕਦੋਂ ਪੈਂਦੀਆਂ ਨੇ।'

'ਪੈਂਦੀਆਂ ਤਾਂ ਨਹੀਂ। ਜੇ ਕਦੇ ਪੈ ਗਈਆਂ ਤਾਂ ਤੁਸੀਂ ਜੂੰਆਂ ਕਢਾਉਣ ਪਟਿਆਲੇ ਥੋੜਾ ਜਾਓਗੇ।' ਗ਼ਫ਼ੂਰ ਦੇ ਇਹ ਕਹਿਣ 'ਤੇ ਸਾਰੇ ਹੱਸ ਪਏ।

ਮਾਂ ਜੀ ਨੇ ਕੰਘੀ ਰੱਖ ਲਈ। ਫਿਰ ਉਸ ਨੇ ਰੰਗ-ਬਿਰੰਗਾ ਲੱਕੜ ਦਾ ਲਾਟੂ ਤੇ ਉਸ ਦੀ ਡੋਰ ਦਿਖਾਏ। ਮੇਰੇ ਲਈ ਉਹ ਨਿੱਕੀ ਜਿਹੀ ਗੁੱਡੀ ਲਿਆਇਆ ਸੀ ਜਿਸ ਨੇ ਕਾਲਾ ਘੱਗਰਾ ਤੇ ਲਾਲ ਕੁੜਤੀ ਪਾਈ ਹੋਈ ਸੀ। ਲੀਰਾਂ ਦੀ ਬਣੀ ਉਹ ਗੁੱਡੀ ਸੀ ਜਿਸ ਨੇ ਉਪਰ ਸਿਤਾਰਿਆਂ ਵਾਲੀ ਚੁੰਨੀ ਲਈ ਹੋਈ ਸੀ। ਮੋਤੀਆਂ ਦੇ ਗਹਿਣੇ ਪਾਏ ਹੋਏ ਸਨ। ਮੈਨੂੰ ਗੁੱਡੀ ਬੜੀ ਚੰਗੀ ਲੱਗੀ।

ਮੈਂ ਗ਼ਫ਼ੂਰ ਨੂੰ ਪੁੱਛਿਆ, 'ਗ਼ਫ਼ੂਰ, ਇਹ ਕਿੰਨੇ ਦੀ ਆਈ ਐ?' 'ਉਹ ਤਾਂ ਛੇ ਆਨੇ ਮੰਗਦਾ ਸੀ ਮਸਾਂ ਕਿਤੇ ਪੰਜ ਆਨਿਆਂ 'ਤੇ ਮੰਨਿਆ। ਉਹ ਆਪਣੇ ਛੀਂਬਿਆ ਦਾ ਬੁੜਾ ਸੀ। ਲੋਕਾਂ ਦੇ ਕੱਪੜਿਆਂ ਵਿੱਚੋਂ ਲੀਰਾਂ ਬਚਾ ਕੇ ਉਸਨੇ ਗੁੱਡੀਆਂ ਬਣਾ ਲਈਆਂ। ਮੈਨੂੰ ਆਖਦਾ ਸੀ ਕਿ ਚੌਧਰੀ ਨੂੰ ਨਾ ਦੱਸੀ ਨਹੀਂ ਤਾਂ ਕੱਲ ਹੀ ਸੱਦ ਕੇ ਆਖ ਦਊਗਾ ਬਈ ਮੇਰੀ ਪੋਤੀ ਲਈ ਦੋ ਗੁੱਡੀਆਂ ਬਣਾ ਦੇ। ਪੈਸੇ ਦੇਣ ਵੇਲੇ ਆਖੂਗਾ ਜਾਹ ਅੰਦਰੋਂ ਆਪਣੀ ਅੰਮਾ ਤੋਂ ਦੋ ਧੜੀਆਂ ਦਾਣੇ ਪਵਾ ਲੈ। ਗੁੱਡੀਆਂ ਕੋਈ ਦੋ ਧੜੀਆਂ 'ਚ ਬਣਦੀਆਂ ਨੇ ਭਲਾ। ਅੱਧਾ ਦਿਨ ਲੱਗ ਜਾਂਦੇ ਇੱਕ ਗੁੱਡੀ ਬਣਾਉਣ ਨੂੰ।'

'ਗ਼ਫ਼ੂਰ ਤੂੰ ਕੁਝ ਖਾਧਾ ਪੀਤਾ ਵੀ ਸੀ ਜਾਂ ਚੀਜ਼ਾਂ ਹੀ ਖਰੀਦਦਾ ਰਿਹਾ?' ਮਾਂ ਜੀ ਨੇ ਪੁੱਛਿਆ।

'ਲੈ ਇੱਕ ਆਨੇ ਦੀਆਂ ਜਲੇਬੀਆਂ ਖਾਧੀਆਂ। ਇੱਕ ਆਨੇ ਵਿੱਚ ਮੈਂ ਝੂਲੇ 'ਚ ਝੂਟੇ ਲਏ। ਪੀੜੀ ਜਿਹੀ 'ਤੇ ਬਿਠਾ ਕੇ ਝੂਲਾ ਕਦੇ ਅਸਮਾਨ ਵੱਲ ਲੈ ਜਾਂਦਾ ਸੀ, ਕਦੇ ਹੇਠਾਂ ਆ ਜਾਂਦਾ ਸੀ। ਇੱਕ ਵਾਰੀ ਤਾਂ ਮੈਨੂੰ ਡਰ ਵੀ ਲੱਗਿਆ ਕਿ ਜੇ ਝੂਲਾ ਟੁੱਟ ਜਾਵੇ ਤਾਂ ਅਸੀਂ ਸਾਰੇ ਧੜਾਮ ਡਿੱਗ ਜਾਵਾਂਗੇ। ਇੱਕ ਆਨੇ ਦੀ ਮਲਾਈ ਵਾਲੀ ਬਰਫ਼ ਖਾਧੀ। ਦੋ ਪੈਸੇ ਰਿੱਛ ਦੇ ਤਮਾਸ਼ੇ ਦਿਖਾਉਣ ਵਾਲੇ ਨੂੰ ਦਿੱਤੇ। ਦੋ ਆਨੇ ਦੇ ਖੰਡ ਖੇਲਣੇ ਘਰ ਲਈ ਖਰੀਦੇ। ਇੱਕ ਆਨੇ ਦਾ ਛੋਟਾ ਜਿਹਾ ਸ਼ੀਸ਼ਾ। ਬਾਕੀ ਪੈਸੇ ਬਚ ਗਏ।'

ਸਾਰੀਆਂ ਚੀਜ਼ਾਂ ਝੋਲੇ ਵਿੱਚੋਂ ਕੱਢ ਕੇ ਮਾਂ ਜੀ ਨੂੰ ਫੜਾਉਂਦਿਆਂ ਕਿਹਾ, 'ਇਹ ਰੱਖ ਲੋ। ਬਾਬਾ ਜੀ ਨੂੰ ਨਾ ਦੱਸਿਓ। ਹੱਟੀਓਂ ਸੀਖਾਂ ਦੀ ਡੱਬੀ ਲਿਆਉਣ ਲਈ ਆਪਾਂ ਨੂੰ ਬਾਬਾ ਜੀ ਤੋਂ ਪੈਸੇ ਨਹੀਂ ਮੰਗਣੇ ਪੈਣਗੇ।'

'ਗ਼ਫ਼ੂਰ ਮੇਰਾ ਪੁੱਤ ਤਾਂ ਬੜਾ ਹੀ ਸਿਆਣਾ ਹੋ ਗਿਐ।' ਪੈਸੇ ਫੜਦਿਆਂ ਮਾਂ ਜੀ ਨੇ ਕਿਹਾ।

ਅਗਲੇ ਦਿਨ ਹਾਜਰੀ ਵੇਲੇ ਮਾਂ ਜੀ ਜਦੋਂ ਬੇਸਨੀ ਰੋਟੀ ਉਪਰ ਮੱਖਣੀ ਧਰ ਕੇ ਗ਼ਫ਼ੂਰ ਨੂੰ ਫੜਾਉਣ ਲੱਗੇ ਤਾਂ ਉਹ ਮਾਂ ਜੀ ਨੂੰ ਪੁੱਛਣ ਲੱਗਾ, 'ਮਾਂ ਜੀ, ਪਟਿਆਲੇ ਆਲੇ ਵਾਪਸ ਕਦੋਂ ਜਾਣਗੇ?'

'ਵੇ ਫਿੱਟੇ ਮੂੰਹ ਤੇਰੇ। ਮਸਾਂ ਤਾਂ ਮੇਰੇ ਜੁਆਕ ਆਏ ਨੇ। ਤੈਨੂੰ ਅੱਜ ਜੇ ਮੱਖਣੀ ਭੋਰਾ ਘੱਟ ਪਾਤੀ ਤਾਂ ਤੂੰ ਪੁੱਛਣ ਲੱਗ ਪਿਆ ਕਿ ਇਹ ਕਦੋਂ ਜਾਣਗੇ।' ਮਾਂ ਜੀ ਨੇ ਕਿਹਾ। ਇਹ ਸੁਣ ਕੇ ਗ਼ਫ਼ੂਰ ਚੁੱਪ ਕਰ ਗਿਆ ਜਿਵੇਂ ਉਸਦੀ ਚੋਰੀ ਫੜੀ ਗਈ ਹੋਵੇ।

ਦੂਰੋਂ ਦਰਵਾਜ਼ੇ ਵੱਲੋਂ ਸਾਈਂ ਨੂੰ ਆਉਂਦਾ ਦੇਖ ਕੇ ਗ਼ਫ਼ੂਰ ਬੋਲਿਆ, 'ਆ ਗਿਐ ਮਣ ਰੋਟੀਆਂ ਖਾਣ।'

'ਚੁੱਪ ਕਰ ਜਾ ਹਰਾਮੀ। ਰੋਟੀਆਂ ਤੇਰੇ ਪਿਓ ਦੀਆਂ ਖਾਂਦਾ। ਗ਼ਰੀਬ ਬੰਦਾ ਢਿੱਡ ਵੀ ਨਾ ਭਰੇ।' ਸਾਈਂ ਨੇ ਕਿਹਾ।

'ਕੀ ਦੱਸਾਂ ਮਾਂ ਜੀ, ਇੱਕ ਦਿਨ ਮੇਰੇ ਨਾਲ ਇਹ ਘੁਲਾੜੀ 'ਤੇ ਚਲਿਆ ਗਿਆ। ਭਗਤੂ ਚਾਚੇ ਨੇ ਹਾਕ ਮਾਰ ਲਈ ਕਿ ਵੇ ਆਜੋ ਤੱਤਾ ਗੁੜ ਖਾ ਲਵੋ। ਤੈਨੂੰ ਕੀ ਦੱਸਾਂ ਮਾਂ ਜੀ, ਮੰਡ ਗਿਆ ਗੁੜ ਖਾਣ। ਮੈਨੂੰ ਲੱਗਦੈ ਅੱਧੀ ਭੇਲੀ ਖਾ ਗਿਆ ਹੋਣੈ। ਉਹ ਤਾਂ ਭਗਤੂ ਚਾਚੇ ਨੇ ਕਿਹਾ ਕਿ ਸਾਈਂ ਰਸ ਵੀ ਪੀ ਲੈ। ਫੇਰ ਲੱਗ ਪਿਆ ਰਸ ਪੀਣ। ਬਾਟੇ 'ਚ ਪਾ ਪਾ ਅੱਧਾ ਪੀਪਾ ਰਸ ਦਾ ਪੀ ਗਿਆ। ਮੈਨੂੰ ਸੰਗ ਲੱਗੀ ਜਾਵੇ ਬਈ ਭਗਤੂ ਚਾਚਾ ਆਖੂਗਾ ਬਈ ਇਨਾਂ ਨੇ ਕਦੇ ਗੁੜ ਨੀ ਦੇਖਿਆ, ਰਸ ਨੀ ਦੇਖਿਆ।' ਗ਼ਫ਼ੂਰ ਨੇ ਕਿਹਾ।

ਫਿਰ ਗ਼ਫ਼ੂਰ ਨੇ ਮੰਗੋ ਕੱਟੀ ਲਈ ਲਿਆਂਦੀ ਗਾਨੀ ਸਾਈਂ ਨੂੰ ਦਿਖਾਈ। ਸਾਈਂ ਨੇ ਉਹ ਕੱਟੀ ਦੇ ਗਲ ਪਾ ਦਿੱਤੀ ਤੇ ਗ਼ਫ਼ੂਰ ਮੰਗੋ ਕੱਟੀ ਦੇ ਗਲ ਨਾਲ ਚੰਬੜ ਕੇ ਆਖਣ ਲੱਗਿਆ, 'ਇਹ ਮੇਰੀ ਮੰਗੂ ਕੱਟੀ ਐ। ਤੂੰ ਦੇਖਦਾ ਜਾਈਂ ਸਾਈਂ ਇੱਕ ਦਿਨ ਮੂਨ ਵਰਗੀ ਝੋਟੀ ਬਣਜੂਗੀ। ਅਸੀਂ ਇਹ ਬੇਚਣੀ ਨੀ ਅਸੀਂ ਤਾਂ ਘਰ ਹੀ ਰੱਖਾਂਗੇ।'

ਅੱਜ ਮੈਂ ਸੋਚਦੀ ਆਂ ਕਿ ਉਹ ਵੀ ਇੱਕ ਜ਼ਿੰਦਗੀ ਸੀ। ਅਗਲੇ ਦਿਨ ਅਸੀਂ ਪਟਿਆਲੇ ਨੂੰ ਆ ਗਏ। ਕਿੰਨੀ ਦੂਰ ਤੱਕ ਬਾਕੀ ਨਿਆਣਿਆਂ ਦੇ ਨਾਲ ਗ਼ਫ਼ੂਰ ਕਾਰ ਦੇ ਮਗਰ ਮਗਰ ਭੱਜਦਾ ਆਇਆ। ਨਹਿਰ ਦਾ ਪੁੱਲ ਚੜਨ ਤੋਂ ਪਹਿਲਾਂ ਕਾਰ ਰੋਕ ਕੇ ਬਾਪੂ ਜੀ ਨੇ ਸਾਰੇ ਬੱਚਿਆਂ ਨੂੰ ਮੁੜ ਜਾਣ ਲਈ ਆਖਿਆ।

ਬੁੱਢਾ ਸਾਈਂ ਅਤੇ ਗ਼ਫ਼ੂਰ ਪਿੰਡ ਸਾਡੇ ਘਰ ਰਹਿੰਦੇ ਸਨ। ਜਦੋਂ ਅਸੀਂ ਪਿੰਡ ਜਾਂਦੇ ਗ਼ਫ਼ੂਰ ਲਈ ਕੁਝ ਨਾ ਕੁਝ ਜ਼ਰੂਰ ਲਿਜਾਂਦੇ। ਫਿਰ ਇੱਕ ਦਿਨ ਉਹ ਮੇਲੇ ਗਿਆ ਅਤੇ ਦੇਰ ਨਾਲ ਘਰ ਪਰਤਿਆ। ਹੁਣ ਅੱਗੋਂ :

ਸਾਰੀਆਂ ਚੀਜ਼ਾਂ ਝੋਲੇ ਵਿੱਚੋਂ ਕੱਢ ਕੇ ਗ਼ਫ਼ੂਰ ਨੇ ਮਾਂ ਜੀ ਨੂੰ ਫੜਾਉਂਦਿਆਂ ਕਿਹਾ, 'ਇਹ ਰੱਖ ਲੋ। ਬਾਬਾ ਜੀ ਨੂੰ ਨਾ ਦੱਸਿਓ। ਹੱਟੀਓ ਸੀਖਾਂ ਦੀ ਡੱਬੀ ਲਿਆਉਣ ਲਈ ਆਪਾਂ ਨੂੰ ਬਾਬਾ ਜੀ ਤੋਂ ਪੈਸੇ ਨਹੀਂ ਮੰਗਣੇ ਪੈਣਗੇ।'

'ਗ਼ਫ਼ੂਰ ਮੇਰਾ ਪੁੱਤ ਤਾਂ ਬੜਾ ਹੀ ਸਿਆਣਾ ਹੋ ਗਿਐ।' ਪੈਸੇ ਫੜਦਿਆਂ ਮਾਂ ਜੀ ਨੇ ਕਿਹਾ।

ਅਗਲੇ ਦਿਨ ਹਾਜਰੀ ਵੇਲੇ ਮਾਂ ਜੀ ਜਦੋਂ ਬੇਸਨੀ ਰੋਟੀ ਉਪਰ ਮੱਖਣੀ ਧਰ ਕੇ ਗ਼ਫ਼ੂਰ ਨੂੰ ਫੜਾਉਣ ਲੱਗੇ ਤਾਂ ਉਹ ਮਾਂ ਜੀ ਨੂੰ ਪੁੱਛਣ ਲੱਗਾ, 'ਮਾਂ ਜੀ, ਪਟਿਆਲੇ ਆਲੇ ਵਾਪਸ ਕਦੋਂ ਜਾਣਗੇ?' 'ਵੇ ਫਿੱਟੇ ਮੂੰਹ ਤੇਰੇ। ਮਸਾਂ ਤਾਂ ਮੇਰੇ ਜੁਆਕ ਆਏ ਨੇ। ਤੈਨੂੰ ਅੱਜ ਜੇ ਮੱਖਣੀ ਭੋਰਾ ਘੱਟ ਪਾਤੀ ਤਾਂ ਤੂੰ ਪੁੱਛਣ ਲੱਗ ਪਿਆ ਕਿ ਇਹ ਕਦੋਂ ਜਾਣਗੇ।' ਮਾਂ ਜੀ ਨੇ ਕਿਹਾ। ਇਹ ਸੁਣ ਕੇ ਗ਼ਫ਼ੂਰ ਚੁੱਪ ਕਰ ਗਿਆ ਜਿਵੇਂ ਉਸਦੀ ਚੋਰੀ ਫੜੀ ਗਈ ਹੋਵੇ।

ਦੂਰੋਂ ਦਰਵਾਜ਼ੇ ਵੱਲੋਂ ਸਾਈਂ ਨੂੰ ਆਉਂਦਾ ਦੇਖ ਕੇ ਗ਼ਫ਼ੂਰ ਬੋਲਿਆ, 'ਆ ਗਿਐ ਮਣ ਰੋਟੀਆਂ ਖਾਣ।'

'ਚੁੱਪ ਕਰ ਜਾ। ਰੋਟੀਆਂ ਤੇਰੇ ਪਿਓ ਦੀਆਂ ਖਾਂਦਾ। ਗ਼ਰੀਬ ਬੰਦਾ ਢਿੱਡ ਵੀ ਨਾ ਭਰੇ।' ਸਾਈਂ ਨੇ ਕਿਹਾ। 'ਕੀ ਦੱਸਾਂ ਮਾਂ ਜੀ, ਇੱਕ ਦਿਨ ਮੇਰੇ ਨਾਲ ਇਹ ਘੁਲਾੜੀ 'ਤੇ ਚਲਿਆ ਗਿਆ। ਭਗਤੂ ਚਾਚੇ ਨੇ ਹਾਕ ਮਾਰ ਲਈ ਕਿ ਵੇ ਆਜੋ ਤੱਤਾ ਗੁੜ ਖਾ ਲਵੋ। ਤੈਨੂੰ ਕੀ ਦੱਸਾਂ ਮਾਂ ਜੀ, ਮੰਡ ਗਿਆ ਗੁੜ ਖਾਣ। ਮੈਨੂੰ ਲੱਗਦੈ ਅੱਧੀ ਭੇਲੀ ਖਾ ਗਿਆ ਹੋਣੈ। ਉਹ ਤਾਂ ਭਗਤੂ ਚਾਚੇ ਨੇ ਕਿਹਾ ਕਿ ਸਾਈਂ ਰਸ ਵੀ ਪੀ ਲੈ। ਫੇਰ ਲੱਗ ਪਿਆ ਰਸ ਪੀਣ। ਬਾਟੇ 'ਚ ਪਾ ਪਾ ਅੱਧਾ ਪੀਪਾ ਰਸ ਦਾ ਪੀ ਗਿਆ। ਮੈਨੂੰ ਸੰਗ ਲੱਗੀ ਜਾਵੇ ਬਈ ਭਗਤੂ ਚਾਚਾ ਆਖੂਗਾ ਬਈ ਇਨਾਂ ਨੇ ਕਦੇ ਗੁੜ ਨੀ ਦੇਖਿਆ, ਰਸ ਨੀ ਦੇਖਿਆ।' ਗ਼ਫ਼ੂਰ ਨੇ ਕਿਹਾ।

ਫਿਰ ਗ਼ਫ਼ੂਰ ਨੇ ਮੰਗੋ ਕੱਟੀ ਲਈ ਲਿਆਂਦੀ ਗਾਨੀ ਸਾਈਂ ਨੂੰ ਦਿਖਾਈ। ਸਾਈਂ ਨੇ ਉਹ ਕੱਟੀ ਦੇ ਗਲ ਪਾ ਦਿੱਤੀ ਤੇ ਗ਼ਫ਼ੂਰ ਮੰਗੋ ਕੱਟੀ ਦੇ ਗਲ ਨਾਲ ਚੰਬੜ ਕੇ ਆਖਣ ਲੱਗਿਆ, 'ਇਹ ਮੇਰੀ ਮੰਗੂ ਕੱਟੀ ਐ। ਤੂੰ ਦੇਖਦਾ ਜਾਈਂ ਸਾਈਂ ਇੱਕ ਦਿਨ ਮੂਨ ਵਰਗੀ ਝੋਟੀ ਬਣਜੂਗੀ। ਅਸੀਂ ਇਹ ਬੇਚਣੀ ਨੀ ਅਸੀਂ ਤਾਂ ਘਰ ਹੀ ਰੱਖਾਂਗੇ।'

ਅੱਜ ਮੈਂ ਸੋਚਦੀ ਆਂ ਕਿ ਉਹ ਵੀ ਇੱਕ ਜ਼ਿੰਦਗੀ ਸੀ। ਅਗਲੇ ਦਿਨ ਅਸੀਂ ਪਟਿਆਲੇ ਨੂੰ ਆ ਗਏ। ਕਿੰਨੀ ਦੂਰ ਤਕ ਬਾਕੀ ਨਿਆਣਿਆਂ ਦੇ ਨਾਲ ਗ਼ਫ਼ੂਰ ਕਾਰ ਦੇ ਮਗਰ ਮਗਰ ਭੱਜਦਾ ਆਇਆ। ਨਹਿਰ ਦਾ ਪੁੱਲ ਚੜਨ ਤੋਂ ਪਹਿਲਾਂ ਕਾਰ ਰੋਕ ਕੇ ਬਾਪੂ ਜੀ ਨੇ ਸਾਰੇ ਬੱਚਿਆਂ ਨੂੰ ਮੁੜ ਜਾਣ ਲਈ ਆਖਿਆ।

ਫੇਰ ਇੱਕ ਦਿਨ ਸੁਣਿਆ ਕਿ ਦੇਸ਼ ਅਜ਼ਾਦ ਹੋ ਗਿਆ। ਅੰਗਰੇਜ਼ ਆਪਣੇ ਦੇਸ਼ ਨੂੰ ਮੁੜ ਰਹੇ ਨੇ, ਪਰ ਜਾਣ ਤੋਂ ਪਹਿਲਾਂ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਗਏ। ਇੱਕ ਹਿੱਸੇ ਦਾ ਨਾਂ ਪਾਕਿਸਤਾਨ ਜਿੱਥੇ ਮੁਸਲਮਾਨ ਬਹੁਤੇ ਸਨ। ਦੂਜੇ ਪਾਸੇ ਦਾ ਨਾਂ ਹਿੰਦੁਸਤਾਨ ਸੀ ਜਿੱਥੇ ਵਧੇਰੇ ਕਰਕੇ ਹਿੰਦੂ ਸਨ।

ਪਟਿਆਲੇ ਸਾਡੀ ਕੋਠੀ ਸ਼ਹਿਰ ਦੇ ਬਾਹਰ ਸੀ। ਉਸਦੇ ਆਲੇ-ਦੁਆਲੇ ਪਹਿਰੇ ਸਨ। ਹੁਣ ਵੀ ਕੋਠੀ ਵੱਡੇ ਸਾਰੇ ਬਾਗ਼ ਵਿੱਚ ਸੀ। ਸਾਡੇ ਤੱਕ ਇਹ ਖ਼ਬਰਾਂ ਪਹੁੰਚਦੀਆਂ ਸਨ ਕਿ ਪਾਕਿਸਤਾਨ ਵੱਲੋਂ ਹਿੰਦੂ ਸਿੱਖ ਕੱਢੇ ਮਾਰੇ ਤੇ ਭਜਾਏ ਜਾ ਰਹੇ ਸਨ ਕਿ ਜਾਓ ਆਪਣੇ ਹਿੰਦੁਸਤਾਨ ਵਿੱਚ। ਘਰਾਂ ਅਤੇ ਦੁਕਾਨਾਂ ਦੀ ਲੁੱਟ-ਖਸੁੱਟ ਤੋਂ ਬਿਨਾਂ ਧੀਆਂ-ਭੈਣਾਂ ਦੀ ਇੱਜ਼ਤ ਵੀ ਲੁੱਟੀ ਜਾ ਰਹੀ ਸੀ। ਬਥੇਰੀਆਂ ਨੇ ਨਹਿਰਾਂ, ਨਦੀਆਂ, ਖੂਹਾਂ ਵਿੱਚ ਛਾਲਾਂ ਮਾਰ ਦਿੱਤੀਆਂ ਸਨ। ਕਈ ਮਾਪਿਆਂ ਭਰਾਵਾਂ ਨੇ ਆਪ ਹੀ ਮਾਰ ਦਿੱਤੀਆਂ ਸਨ। ਉਸੇ ਤਰਾਂ ਹਿੰਦੁਸਤਾਨ ਵਿੱਚੋਂ ਮੁਸਲਮਾਨਾਂ ਨਾਲ ਉਹੋ ਜਿਹਾ ਵਰਤਾਰਾ ਕਰਕੇ ਉਨਾਂ ਨੂੰ ਪਾਕਿਸਤਾਨ ਭੇਜਿਆ ਜਾ ਰਿਹਾ ਸੀ।

ਇਨਾਂ ਦਿਨਾਂ ਵਿੱਚ ਹੀ ਸਾਡਾ ਡਰਾਈਵਰ ਰਣਜੀਤ ਬਾਹਰੋਂ ਗਿਆਰਾਂ-ਬਾਰਾਂ ਸਾਲਾਂ ਦੀ ਇੱਕ ਮਲੂਕ ਜਿਹੀ ਕੁੜੀ ਨੂੰ ਬਾਂਹ ਤੋਂ ਫੜ ਕੇ ਅੰਦਰ ਲਿਆਇਆ। ਅੰਦਰ ਆ ਕੇ ਬੇਜੀ ਕੋਲ ਆ ਕੇ ਉਹ ਬੋਲਿਆ, 'ਬੇਜੀ, ਰਾਤ ਆਪਣੀ ਕੋਠੀ ਦੇ ਮਗਰ ਹੀ ਸਰਕੜੇ ਵਿੱਚੋਂ ਦੀ ਮੁਸਲਮਾਨਾਂ ਦਾ ਕਾਫ਼ਲਾ ਲੰਘਿਆ ਸੀ। ਸ਼ਾਇਦ ਮਲੇਰਕੋਟਲੇ ਵੱਲ ਭੱਜੇ ਜਾ ਰਹੇ ਸਨ। ਉੱਥੇ ਮੁਸਲਮਾਨ ਰਾਜਾ ਹੋਣ ਕਰਕੇ ਵੱਢ ਟੁੱਕ ਨਹੀਂ ਸੀ ਹੋਈ। ਰੌਲਾ ਸੁਣ ਕੇ ਮੈਨੂੰ ਉਦੋਂ ਜਾਗ ਆ ਗਈ ਜਦੋਂ ਸ਼ਹਿਰ ਕਾਫ਼ਲੇ 'ਤੇ ਧਾੜਵੀ ਟੁੱਟ ਪਏ। ਚੀਕ ਚਿਹਾੜਾ ਪੈ ਗਿਆ। ਹਵਾ ਵਿੱਚ ਫਾਇਰ ਹੋਏ। ਸ਼ਾਇਦ ਪੁਲੀਸ ਆ ਗਈ। ਉਹ ਪਿਛਾਂਹ ਪਰਤ ਗਏ। ਹਨੇਰੇ ਵਿੱਚ ਹੀ ਕੁੜੀਆਂ ਬੁੜੀਆਂ ਸਾਰੀਆਂ ਅਗਾਂਹ ਲੰਘ ਗਈਆਂ। ਫੇਰ ਚੁੱਪ-ਚਾਂਅ ਹੋ ਗਈ। ਸਵੇਰੇ ਜਦੋਂ ਮੈਂ ਉਧਰ ਗੇੜਾ ਮਾਰਨ ਗਿਆ ਤਾਂ ਕਈ ਲੋਕ ਵਿੱਚੋਂ ਵੱਢੇ ਟੁੱਕੇ ਹੋਏ ਸਨ। ਬੜਾ ਜੀਅ ਖ਼ਰਾਬ ਹੋਇਆ ਦੇਖ ਕੇ। ਉਨਾਂ ਵਿੱਚ ਹੀ ਇਹ ਕੁੜੀ ਡਿੱਗੀ ਪਈ ਦੇਖੀ। ਇਸ ਦੇ ਫੱਟ ਤਾਂ ਕੋਈ ਨਹੀਂ ਸੀ ਸ਼ਾਇਦ ਡਰ ਕੇ ਬੇਹੋਸ਼ ਹੋ ਕੇ ਡਿੱਗ ਪਈ ਸੀ। ਮੈਂ ਬਾਂਹ ਫੜ ਕੇ ਉਠਾਇਆ। ਮੈਨੂੰ ਦੇਖ ਕੇ ਚੀਕਾਂ ਮਾਰਨ ਲੱਗ ਪਈ। ਮੈਂ ਆਖਿਆ ਕਮਲੀਏ ਚੱਲ ਤੈਨੂੰ ਬੇਜੀ ਕੋਲ ਲੈ ਕੇ ਚੱਲਾਂ।'

ਗੋਰੀ ਚਿੱਟੀ ਮਾੜਕੂ ਜਿਹੀ ਕੁੜੀ ਡਰੀ ਘਬਰਾਈ ਬਿਟਰ ਬਿਟਰ ਝਾਕਦੀ ਰਹੀ। 'ਬੈਠ ਜਾ ਪੁੱਤ ਕੁਰਸੀ 'ਤੇ। ਰਣਜੀਤ ਮਾਇਆ ਨੂੰ ਕਹਿ ਕੁਛ ਇਸ ਨੂੰ ਖਾਣ ਨੂੰ ਦੇਵੇ,' ਬੇਜੀ ਨੇ ਕਿਹਾ। ਬੇਜੀ ਨੇ ਉਸ ਨੂੰ ਪੁੱਛਿਆ, 'ਕੀ ਨਾਂ ਐ ਤੇਰਾ?' ਉਸ ਨੂੰ ਜਿਵੇਂ ਆਪਣਾ ਨਾਂ ਹੀ ਭੁੱਲ ਗਿਆ ਸੀ। 'ਡਰ ਨਾ। ਮਜਾਲ ਐ ਇੱਥੇ ਤੈਨੂੰ ਕੋਈ ਹੱਥ ਲਾ ਜੇ। ਕੀ ਨਾਂ ਐ ਤੇਰਾ?' ਬੇਜੀ ਨੇ ਉਸ ਦੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ। 'ਜ਼ੀਨਤ,' ਉਸ ਨੇ ਸਾਹ ਸਤਹੀਣ ਆਵਾਜ਼ 'ਚ ਦੱਸਿਆ।

'ਤੇਰੇ ਅੱਬਾ ਦਾ ਕੀ ਨਾਂ ਐ?' ਉਹ ਸਿਰਫ਼ ਬੌਂਦਲਿਆਂ ਵਾਂਗ ਇਧਰ ਉਧਰ ਝਾਕ ਰਹੀ ਸੀ। ਇੰਨੇ ਨੂੰ ਮਾਇਆ ਦੁੱਧ ਦੇ ਗਿਲਾਸ ਨਾਲ ਪਲੇਟ 'ਚ ਬਿਸਕੁਟ ਰੱਖ ਕੇ ਲੈ ਕੇ ਆ ਗਈ। ਬੇਜੀ ਨੇ ਜ਼ੀਨਤ ਨੂੰ ਕਿਹਾ, 'ਦੁੱਧ ਪੀ ਲੈ ਤੇ ਬਿਸਕੁਟ ਖਾ ਲੈ।' ਉਸ ਨੇ ਨਾ ਗਿਲਾਸ ਫੜਿਆ ਤੇ ਨਾ ਹੀ ਬਿਸਕੁਟ ਛੂਹੇ।

ਬੇਜੀ ਨੇ ਪੁੱਛਿਆ, 'ਤੁਸੀਂ ਕਿੱਥੇ ਰਹਿੰਦੇ ਸੀ?'

'ਸ਼ਾਹੀ ਸਮਾਧਾਂ ਕੋਲ,' ਉਸ ਨੇ ਮਰੀਅਲ ਆਵਾਜ਼ 'ਚ ਕਿਹਾ। 'ਤੂੰ ਡਰ ਨਾ ਕੁਝ ਖਾ ਲੈ। ਤੇਰੇ ਅੱਬਾ ਤੇ ਅੰਮੀ ਦਾ ਪਤਾ ਕਰਕੇ ਤੈਨੂੰ ਮਲੇਰਕੋਟਲੇ ਪਹੁੰਚ ਦੇਵਾਂਗੇ,' ਬੇਜੀ ਨੇ ਕਿਹਾ। 'ਅੱਬਾ ਤੇ ਅੰਮੀ ਤਾਂ ਵੱਢ ਦਿੱਤੇ ਸੀ,' ਉਸ ਨੇ ਰੋ ਕੇ ਬੌਂਦਲਿਆਂ ਵਾਂਗ ਦੱਸਿਆ।

ਰਣਜੀਤ ਨੇ ਕਿਹਾ, 'ਬੇਜੀ, ਮਲੇਰਕੋਟਲੇ ਵੀ ਇਹਦਾ ਕੌਣ ਹੋਣਾ? ਮੈਂ ਇਹਨੂੰ ਆਪਣੀ ਮਾਂ ਕੋਲ ਪਿੰਡ ਛੱਡ ਆਊਂਗਾ।'

ਦੋ ਤਿੰਨ ਦਿਨ ਸਾਡੇ ਘਰ ਰਹੀ। ਇੱਕ ਦਿਨ ਜਦੋਂ ਮੈਂ ਸਕੂਲੋਂ ਵਾਪਸ ਆਈ ਤਾਂ ਜ਼ੀਨਤ ਘਰ ਨਹੀਂ ਸੀ। ਪੁੱਛਣ 'ਤੇ ਬੇਜੀ ਨੇ ਮੈਨੂੰ ਦੱਸਿਆ ਕਿ ਤੇਰੇ ਬਾਪੂ ਜੀ ਨੇ ਮਲੇਰਕੋਟਲੇ ਕੋਈ ਰਿਸ਼ਤੇਦਾਰ ਪਤਾ ਕਰਕੇ ਉਸ ਕੋਲ ਭੇਜ ਦਿੱਤੀ ਐ।

ਮੈਂ ਪੁੱਛਿਆ, 'ਕਿਉਂ ਭੇਜੀ?' 'ਮੁਸਲਮਾਨਾਂ ਦੀ ਕੁੜੀ ਨੂੰ ਲੁਕੋ ਕੇ ਨਹੀਂ ਰੱਖ ਸਕਦੇ,' ਬੇਜੀ ਨੇ ਦੱਸਿਆ।

ਜ਼ੀਨਤ ਦੇ ਜਾਣ ਮਗਰੋਂ ਬੇਜੀ ਔਖਾ ਔਖਾ ਮਹਿਸੂਸ ਕਰ ਰਹੇ ਸਨ। ਉਹ ਅੰਗਰੇਜ਼ਾਂ ਨੂੰ ਗਾਲਾਂ ਦੇਣ ਲੱਗਦੇ ਬਈ ਸਾਡੇ ਮੁਲਕ 'ਚ ਤਬਾਹੀ ਮਚਾ ਕੇ ਉਨਾਂ ਨੂੰ ਕੀ ਥਿਆ ਗਿਆ। ਕਦੇ ਜਿਨਾਹ ਤੇ ਕਦੇ ਨਹਿਰੂ ਨੂੰ ਆਖਦੇ ਕਿ ਬਈ ਇਨਾਂ ਦੀਆਂ ਅੱਖਾਂ ਫੁੱਟੀਆਂ ਸਨ। ਕਦੇ ਕਦੇ ਆਖਦੇ ਕਿ ਰੁੜ ਜਾਣੇ ਗਾਂਧੀ ਨੇ ਕਿਉਂ ਨਾ ਇਹ ਸਭ ਕੁਝ ਰੋਕਿਆ। ਕਦੇ ਕਦੇ ਕਿੰਨਾ ਕਿੰਨਾ ਚਿਰ ਪਾਠ ਕਰਦੇ ਰਹਿੰਦੇ। ਜ਼ੀਨਤ ਦਾ ਕੁਮਲਾਇਆ ਜਿਹਾ ਮੂੰਹ ਕਈ ਵਾਰੀ ਮੇਰੀਆਂ ਅੱਖਾਂ ਅੱਗੇ ਘੁੰਮ ਜਾਂਦਾ। ਉਹ ਬੜੀ ਵਾਰੀ ਯਾਦ ਆਉਂਦੀ।

ਫੇਰ ਮਹੀਨੇ ਮਗਰੋਂ ਸਾਡਾ ਅਹਿਮਦ ਟਾਂਗੇ ਵਾਲਾ ਜਿਹੜਾ ਮੈਨੂੰ ਪਰਦੇ ਵਾਲੇ ਟਾਂਗੇ ਵਿੱਚ ਸਕੂਲ ਛੱਡਣ ਜਾਂਦਾ ਸੀ, ਇੱਕ ਦਿਨ ਸਾਡੇ ਘਰ ਆਇਆ ਤੇ ਬੇਜੀ ਦੇ ਪੈਰੀਂ ਹੱਥ ਲਾ ਕੇ ਭੁੱਬਾਂ ਮਾਰ ਕੇ ਰੋ ਪਿਆ।

'ਬੀਬਾ ਦੇ ਬਾਪੂ ਜੀ ਨੇ ਤੇਰਾ ਬਥੇਰਾ ਪਤਾ ਕਰਵਾਇਆ ਸੀ। ਇਹੀ ਪਤਾ ਲੱਗਿਆ ਕਿ ਬਈ ਗੁੱਜਰਾਂ ਦੇ ਵਿਹੜੇ ਦੇ ਸਾਰੇ ਲੋਕ ਮਾਰ ਦਿੱਤੇ ਗਏ ਨੇ,' ਬੇਜੀ ਕਹਿ ਰਹੇ ਸਨ। 'ਹਾਂ ਬੇਜੀ ਹਾਂ, ਮੇਰੀ ਅੰਮੀ, ਮੇਰੇ ਬੱਚੇ, ਤੁਹਾਡੀ ਨੂੰਹ ਸਾਰੇ ਮਾਰ ਦਿੱਤੇ ਗਏ ਹਨ। ਮੈਂ ਤਾਂ ਉੱਥੋਂ ਭੱਜ ਨਿਕਲਿਆ ਸੀ। ਖੇਤਾਂ ਵਿੱਚੋਂ ਦੀ ਲੰਘਦਾ ਹੋਇਆ ਰਾਤੋ ਰਾਤ ਮਲੇਰਕੋਟਲਾ ਪਹੁੰਚ ਗਿਆ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com